ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 29 | 29 July 2020 to 04 August 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

## ਭਾਰਤ ਸਮੇਤ ਵਿਸ਼ਵ ਭਰ ਵਿਚੋਂ ਨਵੇਂ ਵਿਦਿਆਰਥੀ ਨਹੀਂ ਜਾ ਸਕਣਗੇ ਅਮਰੀਕਾ-ਟਰੰਪ ਪ੍ਰਸ਼ਾਸ਼ਨ ਦਾ ਨਵਾਂ ਨਿਰਦੇਸ਼

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਅਮਰੀਕਾ ਨੇ ਇਕ ਵਾਰ ਫਿਰ ਵਿਸ਼ਵ ਭਰ ਵਿਚੋਂ ਆਉਣ ਵਾਲੇ ਨਵੇਂ ਵਿਦਿਆਰਥੀਆਂ ਉਪਰ ਰੋਕ ਲਾ ਦਿੱਤੀ ਹੈ ਜਿਸ ਨਾਲ ਪੰਜਾਬ ਸਮੇਤ ਭਾਰਤ ਦੇ ਹਜਾਰਾਂ ਵਿਦਿਆਰਥੀ ਪ੍ਰਭਾਵਿਤ ਹੋਣਗੇ। ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸ਼ਨ ਵੱਲੋਂ ਜਾਰੀ ਨਿਰਦੇਸ਼ਾਂ ਵਿਚ ਕਿਹਾ ਗਿਆ ਹੈ ਕਿ ਨਵੇਂ ਕੌਮਾਂਤਰੀ ਵਿਦਿਆਰਥੀਆਂ ਜੋ ਪਹਿਲਾ ਸਾਲ ਅੰਡਰ ਗਰੈਜੂਏਟ , ਗਰੈਜੂਏਟ ਜਾਂ ਇਸ ਤਰਾਂ ਦੀਆਂ ਹੋਰ ਕਲਾਸਾਂ ਵਿਚ ਪੜਨ ਲਈ ਆ ਰਹੇ ਹਨ ਜਿਨਾਂ ਦੀ ਪੜਾਈ ਆਨ ਲਾਈਨ ਹੈ, ਨੂੰ ਅਮਰੀਕਾ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਨਾਂ ਦਿਸ਼ਾ ਨਿਰਦੇਸ਼ਾਂ ਵਿਚ ਹੋਰ ਕਿਹਾ ਗਿਆ ਹੈ ਕਿ ਉਹ ਵਿਦਿਆਰਥੀ ਜੋ ਪਹਿਲਾਂ ਹੀ ਕਲਾਸਾਂ ਵਿਚ ਦਾਖਲਾ ਲੈ ਚੁੱਕੇ ਹਨ ਤੇ ਉਨਾਂ ਕੋਲ ਪਹਿਲਾਂ ਹੀ ਵੀਜ਼ਾ ਹੈ, ਉਹ ਅਮਰੀਕਾ ਵਿਚ ਰਹਿ ਸਕਦੇ ਹਨ ਜਾਂ ਗਰਮੀਆਂ ਦੀਆਂ ਛੁੱਟੀਆਂ ਉਪਰੰਤ ਵਾਪਿਸ ਅਮਰੀਕਾ ਆ ਸਕਦੇ ਹਨ ਭਾਵੇਂ ਉਨਾਂ ਦੀ ਯੁਨੀਵਰਸਿਟੀ ਆਨ ਲਾਈਨ ਪੜਾਈ ਦੀ ਪੇਸ਼ਕਸ਼ ਕਰ ਰਹੀ ਹੋਵੇ। ਕਾਲਜਾਂ ਤੇ ਸੰਘੀ ਸਰਕਾਰ ਵਿਚਾਲੇ ਕੌਮਾਂਤਰੀ ਵਿਦਿਆਰਥੀਆਂ ਦੇ ਮੁੱਦੇ 'ਤੇ ਪਏ ਰਫੜ ਤੋਂ ਬਾਅਦ ਟਰੰਪ ਪ੍ਰਸ਼ਾਸ਼ਨ ਨੇ ਆਪਣੇ ਪਹਿਲੇ ਦਿਸ਼ਾ ਨਿਰਦੇਸ਼ਾਂ ਸਬੰਧੀ ਇਹ ਇਕ ਤਰਾਂ ਸਪੱਸ਼ਟੀਕਰਨ ਹੀ ਦਿੱਤਾ ਹੈ। ਪਹਿਲਾਂ ਟਰੰਪ ਪ੍ਰਸ਼ਾਸ਼ਨ ਨੇ ਕੋਰੋਨਾ ਵਾਇਰਸ ਕਾਰਨ ਉਨਾਂ ਸਾਰੇ ਕੌਮਾਂਤਰੀ ਵਿਦਿਆਰਥੀਆਂ ਦੇ ਅਮਰੀਕਾ ਆਉਣ ਉਪਰ ਰੋਕ ਲਾ ਦਿੱਤੀ ਸੀ ਜਿਨਾਂ ਦੀਆਂ ਯੁਨੀਵਰਸਿਟੀਆਂ ਆਨ ਲਾਈਨ ਪੜਾਈ ਕਰਵਾ ਰਹੀਆਂ ਹਨ ਪਰੰਤੂ ਯੁਨੀਵਰਸਿਟੀਆਂ ਇਸ ਫੈਸਲੇ ਵਿਰੁੱਧ ਅਦਾਲਤ ਵਿਚ ਚਲੀਆਂ ਗਈਆਂ ਸਨ। ਉਪਰੰਤ ਟਰੰਪ ਪ੍ਰਸ਼ਾਸ਼ਨ ਨੇ ਇਹ ਆਦੇਸ਼ ਵਾਪਿਸ ਲੈ ਲਿਆ ਸੀ। ਨਵੇਂ ਨਿਰਦੇਸ਼ਾਂ ਵਿਚ ਸਾਫ ਕੀਤਾ ਹੈ ਕਿ ਨਵੇਂ ਵਿਦਿਆਰਥੀਆਂ ਨੂੰ ਅਮਰੀਕਾ ਆਉਣ ਲਈ ਅਜਿਹੀਆਂ ਸੰਸਥਾਵਾਂ ਵਿਚ ਦਾਖਲਾ ਲੈਣਾ ਪਵੇਗਾ ਜੋ ਆਨ ਲਾਈਨ ਪੜਾਈ ਦੇ ਨਾਲ ਨਾਲ ਕਲਾਸਾਂ ਵੀ ਲਾਉਂਦੀਆਂ ਹੋਣ।

## ਅਮਰੀਕਾ ਹੁਣ 33593 ਹੋਰ ਭਾਰਤੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਵਿੱਚ ਲੱਗਾ-ਸਤਨਾਮ ਸਿੰਘ ਚਾਹਲ



ਨਿਊਯਾਰਕ, (ਰਾਜ ਗੋਗਨਾ)- ਅਮਰੀਕਾ ਵੱਲੋਂ ਹੁਣ 33593 ਭਾਰਤੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਉਥੋਂ ਵਾਪਸ ਭੇਜੇ ਜਾਣ ਵਾਲੇ ਭਾਰਤੀਆਂ ਵਿੱਚ ਬਹੁਤੇ ਪੰਜਾਬੀ ਹੀ ਹਨ। ਅਮਰੀਕਾ ਪ੍ਰਸ਼ਾਸਨ ਕੋਲੋਂ ਇਹ ਜਾਣਕਾਰੀ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ)ਦੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਵੱਲੋਂ 'ਫਰੀਡਮ ਆਫ਼ ਇਨਫਰਮੇਸ਼ਨ ਐਕਟ' ਦੇ ਤਹਿਤ ਮੰਗੀ ਗਈ ਸੀ। ਇਸ ਜਾਣਕਾਰੀ ਦਾ ਜਵਾਬ ਸਬੰਧਤ ਵਿਭਾਗ ਵੱਲੋਂ ਦਿੱਤਾ ਗਿਆ ਹੈ। ਇਸ ਨਾਲ ਤਿੰਨ ਸਫ਼ਿਆਂ ਦੀ ਉਹ ਸੂਚੀ ਵੀ ਦਿੱਤੀ ਗਈ ਹੈ, ਜਿਨ੍ਹਾਂ ਜੇਲ੍ਹਾਂ ਜਾਂ ਹੋਰ ਕੈਂਪਾਂ ਵਿੱਚ ਇਨ੍ਹਾਂ ਭਾਰਤੀਆਂ ਨੂੰ ਬੰਦ ਰੱਖਿਆ ਹੋਇਆ ਹੈ। ਅਮਰੀਕੀ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਜਿਹੜੇ ਭਾਰਤੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਇਹਨਾਂ ਡਿਪੋਰਟ ਕੀਤੇ ਜਾਣ ਵਾਲੇ ਭਾਰਤੀਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਜਿਹੇ ਭਾਰਤੀ ਮੂਲ ਦੇ ਲੋਕ ਹਨ ਜਿਹੜੇ ਅਮਰੀਕਾ ਦੀਆਂ ਜੇਲਾਂ ਵਿੱਚ ਨਜਰਬੰਦ ਹਨ।ਉਨ੍ਹਾਂ ਬਾਰੇ ਵੀ 6 ਜੂਨ 2020 ਤੋਂ ਡਿਪੋਰਟ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇ ਇਹ ਜਾਣਕਾਰੀ ਜੁਲਾਈ 2019 ਵਿੱਚ ਮੰਗੀ ਸੀ। ਕਾਉਂਟੀ ਡਿਟੈਂਸ਼ਨ ਸੈਂਟਰ ਵਿੱਚ 121 ਭਾਰਤੀਆਂ ਨੂੰ ਬੰਦ ਕੀਤਾ ਹੋਇਆ ਹੈ, ਜਦ ਕਿ ਜੈਕਸਨ ਪਾਰਿਸ਼ ਕੋਰੈਕਸ਼ਨਲ ਸੈਂਟਰ ਵਿੱਚ 38, ਕਾਰਨਿਸ ਕਾਉਂਟੀ ਰੈਜ਼ੀਡੈਂਸ਼ਲ ਸੈਂਟਰ ਵਿੱਚ 41, ਲਾਸਿਲੇ ਕੋਰੈਕਸ਼ਨ ਸੈਂਟਰ ਵਿੱਚ 40, ਵੀਨ ਇੰਸਟੀਚਿਊਟ ਵਿੱਚ 66 ਤੇ ਬਾਕੀਆਂ ਅਮਰੀਕਾ ਦੀਆਂ ਹੋਰ ਵੱਖ-ਵੱਖ ਜੇਲਾਂ ਵਿੱਚ ਬੰਦ ਕੀਤਾ ਹੋਇਆ ਹੈ। ਜਾਣਕਾਰੀ ਅਨੁਸਾਰ ਇਸ ਸੂਚੀ 'ਚ ਉਨ੍ਹਾਂ ਪੰਜਾਬੀਆਂ ਦੀ ਗਿਣਤੀ ਵੀ ਕਾਫ਼ੀ ਦੱਸੀ ਜਾ ਰਹੀ ਹੈ, ਜਿਹੜੇ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਏ ਸਨ। ਮੈਕਸੀਕੋ ਦੀ ਵੱਡੀ ਸਰਹੱਦ ਅਮਰੀਕਾ ਨਾਲ ਲੱਗਦੀ ਹੈ, ਉਥੋਂ ਵੀ ਆਪਣੀਆਂ ਜ਼ਿੰਦਗੀਆਂ ਦਾਅ 'ਤੇ ਲਾ ਕੇ ਪੰਜਾਬੀ ਸਰਹੱਦ ਪਾਰ ਕਰਦੇ ਹਨ।ਸ: ਚਾਹਲ ਨੇ ਦਸਿਆ ਕਿ ਦਸੂਹਾ-ਮੁਕੇਰੀਆਂ ਇਲਾਕੇ ਵਿੱਚ ਤਿੰਨ ਨੌਜਵਾਨ, ਕਪੂਰਥਲਾ ਤੇ ਅੰਮ੍ਰਿਤਸਰ 'ਚੋਂ ਵੀ ਕੁਝ ਨੌਜਵਾਨ ਅਮਰੀਕਾ ਜਾਣ ਲਈ ਰਸਤੇ ਵਿੱਚ ਹੀ ਕਿਧਰੇ ਲਾਪਤਾ ਹੋ ਗਏ ਸਨ। ਦੋ ਸਾਲ ਬਾਅਦ ਵੀ ਇਨ੍ਹਾਂ ਦੇ ਮਾਪਿਆਂ ਨੂੰ ਆਪਣੇ ਪੁੱਤਾਂ ਦਾ ਅਜੇ ਤੱਕ ਕੋਈ ਥਹੁ ਪਤਾ ਨਹੀਂ ਲੱਗਾ।

## ਯੂ.ਏ.ਪੀ.ਏ. ਅਤੇ ਦੇਸ਼ ਧ੍ਰੋਹ ਕਨੂੰਨ ਹੁਕਮਰਾਨਾਂ ਦੇ ਹੱਥ ਵਿੱਚ ਜ਼ੁਲਮ ਕਰਨ ਦਾ ਸੰਦ, ਕਾਲੇ ਕਨੂੰਨ ਰੱਦ ਕੀਤੇ ਜਾਣ : ਦਲ ਖ਼ਾਲਸਾ



ਅੰਮ੍ਰਿਤਸਰ :ਏ.ਟੀ.ਨਿਊਜ਼ : ਯੂ.ਏ.ਪੀ.ਏ. ਨੂੰ ਹੁਕਮਰਾਨਾਂ ਦੇ ਹੱਥ ਵਿੱਚ ਜ਼ੁਲਮ ਕਰਨ ਦਾ ਸੰਦ ਦੱਸਦਿਆਂ ਦਲ ਖ਼ਾਲਸਾ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਉਹ ਭਾਰਤ ਦੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਨੂੰ ਬਤੌਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਖ਼ਤ ਲਿਖ ਕੇ ਭਾਰਤ ਸਰਕਾਰ ਵੱਲੋਂ ਘੱਟ ਗਿਣਤੀਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਦਾ ਸ਼ੀਸ਼ਾ ਵਿਖਾਉਣ। ਜਥੇਬੰਦੀ ਦਾ ਮੰਨਣਾ ਹੈ ਕਿ ਜਿਵੇਂ ਇੱਕ ਤਖ਼ਤ ਦੇ ਮੁਖੀ ਵੱਲੋਂ ਦੂਜੇ ਤਖ਼ਤ ਦੇ ਮੁਖੀ ਨੂੰ ਲਿਖਣ ਦੀ ਰਵਾਇਤ ਹੈ ਓਵੇਂ ਹੀ ਅਕਾਲ ਤਖ਼ਤ ਦਿੱਲੀ ਤਖ਼ਤ ਨੂੰ ਵੀ ਲਿਖੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਕੰਵਰਪਾਲ ਸਿੰਘ ਨੇ ਜਥੇਦਾਰ ਦੇ ਉਸ ਬਿਆਨ ਕਿ ਮੋਦੀ ਸਰਕਾਰ ਦੇ ਜ਼ੁਲਮ ਮੁਗਲ ਰਾਜ ਨੂੰ ਵੀ ਮਾਤ ਪਾ ਗਏ ਹਨ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਇਹਨਾਂ ਜ਼ੁਲਮਾਂ ਦਾ ਟਾਕਰਾ ਕਰਨ ਲਈ ਉਹ ਸਿੱਖਾਂ, ਦਲਿਤਾਂ ਨੂੰ ਲਾਮਬੰਦ ਕਰਨ ਅਤੇ ਪੰਜਾਬ ਸਰਕਾਰ ਵੱਲੋਂ ਰੈਫਰੰਡਮ ੨੦੨੦ ਮੁਹਿੰਮ ਦੀ ਆੜ ਹੇਠ ਸਿੱਖ ਨੌਜਵਾਨਾਂ ਦੀ ਕੀਤੀ ਜਾ ਰਹੀ ਖੱਜਲ-ਖੁਆਰੀ ਨੂੰ ਰੋਕਣ ਲਈ ਅਮਲੀ ਕਦਮ ਚੁੱਕਣ। ਉਹਨਾਂ ਕਿਹਾ ਕਿ ਯੂ.ਏ.ਪੀ.ਏ.ਵਰਗੇ ਕਾਲੇ ਕਨੂੰਨਾਂ ਦੀ ਭਾਰਤ ਅਤੇ ਪੰਜਾਬ ਅੰਦਰ ਘੋਰ ਦੁਰਵਰਤੋਂ ਹੋ ਰਹੀ ਹੈ ਅਤੇ ਸਿੱਖ ਨੌਜਵਾਨਾਂ ਨੂੰ ਸ਼ਿਕਾਰ ਬਣਾਇਆਂ ਜਾ ਰਿਹਾ ਹੈ। ਉਹਨਾਂ ਕਿਹਾ ਕਿ ਯੂ.ਏ.ਪੀ.ਏ ਅਤੇ ਦੇਸ਼ ਧ੍ਰੋਹ ਵਰਗੇ ਕਾਲੇ ਕਨੂੰਨ ਰੱਦ ਕੀਤੇ ਜਾਣ।

ਕੰਵਰਪਾਲ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਸੁਝਾਅ ਦਿੱਤਾ ਕਿ ਉਹ ਇੱਕ ਪੈਨਲ ਗਠਿਤ ਕਰਨ ਜਿਸ ਵਿੱਚ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ, ਵਕੀਲ ਜੋ ਪਿਛਲੇ ਲੰਮੇ ਸਮੇਂ ਤੋ ਕਾਲੇ ਕਾਨੂੰਨਾਂ ਵਿਰੁੱਧ ਲੜਦੇ ਆ ਰਹੇ ਹਨ ਨੂੰ ਸ਼ਾਮਲ ਕੀਤਾ ਜਾਵੇ ਅਤੇ ਜਥੇਦਾਰ ਖੁਦ ਸਿੱਖ ਨੌਜਵਾਨਾਂ ਨੂੰ ਸੁਨੇਹਾ ਦੇਣ ਕਿ ਜਿਸ ਨੌਜਵਾਨ ਨੂੰ ਵੀ ਸਰਕਾਰ ਮਾਨਸਿਕ ਜਾਂ ਸਰੀਰਕ ਤੰਗ-ਪ੍ਰੇਸ਼ਾਨ ਕਰਦੀ ਹੈ ਉਹ ਅਕਾਲ ਤਖ਼ਤ ਨੂੰ ਲਿਖਤੀ ਸ਼ਿਕਾਇਤ ਭੇਜਣ।

ਉਹਨਾਂ ਕਿਹਾ ਕਿ ਯੂ.ਏ.ਪੀ.ਏ.

ਬਾਕੀ ਸਫਾ 32 'ਤੇ

## ਸੁਪਰੀਮ ਕੋਰਟ ਦੀ ਕੈਪਟਨ ਤੇ ਖੱਟਰ ਨੂੰ ਹਦਾਇਤ ਨਹਿਰ ਮੁੱਦਾ ਮਿਲ ਬੈਠ ਕੇ ਨਿਬੇੜੋ

### ਸਤਲੁਜ ਯਮੁਨਾ ਲਿੰਕ ਨਹਿਰ 'ਤੇ ਪੰਜਾਬ ਤੇ ਹਰਿਆਣਾ ਨੂੰ ਇਕੱਠੇ ਬਿਠਾਉਣ ਦੀ ਇਕ ਹੋਰ ਕੋਸ਼ਿਸ਼ ਕਰੇਗਾ ਕੇਂਦਰ

ਨਵੀਂ ਦਿੱਲੀ/ਏ.ਟੀ.ਨਿਊਜ਼- ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਕਿਹਾ ਕਿ ਉਹ ਸਤਲੁਜ-ਯਮੁਨਾ ਲਿੰਕ (ਐੱਸ ਵਾਈ ਐੱਲ) ਨਹਿਰ ਮੁੱਦੇ ਦਾ ਗੱਲਬਾਤ ਨਾਲ ਹੱਲ ਕੱਢਣ ਦਾ ਯਤਨ ਕਰਨ। ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ ਕਿ ਗੱਲਬਾਤ ਸਿਖਰਲੇ ਸਿਆਸੀ ਪੱਧਰ 'ਤੇ ਹੋਣੀ ਚਾਹੀਦੀ ਹੈ। ਬੈਂਚ ਚਾਹੁੰਦੀ ਹੈ ਕਿ ਦੋਨੋਂ ਸੂਬੇ ਸਾਫ ਦੱਸਣ ਕਿ ਕੀ ਉਹ ਗੱਲਬਾਤ ਨਾਲ ਮਸਲਾ ਹੱਲ ਕਰ ਸਕਦੇ ਹਨ ਜਾਂ ਨਹੀਂ। ਮਾਮਲੇ ਵਿਚ ਅਗਲੀ ਸੁਣਵਾਈ ਅਗਸਤ ਦੇ ਤੀਜੇ ਹਫਤੇ ਹੋਣ ਦੀ ਸੰਭਾਵਨਾ ਹੈ।ਪੰਜਾਬ ਤੇ ਹਰਿਆਣਾ ਵਿਚਾਲੇ 45 ਸਾਲ ਪੁਰਾਣੇ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਨਿਰਮਾਣ ਦੇ ਪੰਜਾਬ ਤੇ ਹਰਿਆਣਾ ਵਿਚਾਲੇ 45 ਸਾਲ ਪੁਰਾਣੇ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਨਿਰਮਾਣ ਦੇ ਵਿਵਾਦਤ ਮਾਮਲੇ 'ਚ ਸੁਪਰੀਮ ਕੋਰਟ ਦੇ ਆਦੇਸ਼ 'ਤੇ ਕੇਂਦਰ ਸਰਕਾਰ ਇਕ ਹੋਰ ਸਾਰਥਕ ਪਹਿਲ ਕਰੇਗਾ। ਮੰਗਲਵਾਰ ਨੂੰ ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਕੇਂਦਰ ਸਰਕਾਰ ਅਗਸਤ ਮਹੀਨੇ 'ਚ ਹੀ ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਵਿਚਾਲੇ ਮੀਟਿੰਗ ਕਰਾਏਗਾ। ਕੇਂਦਰ ਸਰਕਾਰ ਨੇ ਇਸ ਬਾਰੇ ਸੁਪਰੀਮ ਕੋਰਟ 'ਚ ਆਪਣਾ ਜਵਾਬ ਵੀ ਦਿੱਤਾ ਹੈ।

ਐੱਸਵਾਈਐੱਲ ਨਾਲ ਜੁੜੀਆਂ ਕੁਝ ਅਹਿਮ ਤਰੀਕਾਂ

-1976 'ਚ ਕੇਂਦਰ ਸਰਕਾਰ ਨੇ ਪੰਜਾਬ ਦੇ 7.2 ਐੱਮਏਐੱਫ ਯਾਨੀ (ਮਿਲੀਅਨ ਏਕੜ ਫੁੱਟ) ਪਾਣੀ 'ਚੋਂ 3.5 ਐੱਮਏਐੱਫ ਹਿੱਸਾ ਹਰਿਆਣਾ ਨੂੰ ਦੇਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ। ਪੰਜਾਬ ਤੋਂ ਹਰਿਆਣਾ ਦੇ ਹਿੱਸੇ ਦਾ ਪਾਣੀ ਲਿਆਉਣ ਲਈ ਸਤਲੁਜ ਨਦੀ ਤੋਂ ਯਮੁਨਾ ਨੂੰ ਜੋੜਨ ਵਾਲੀ ਇਕ ਨਹਿਰ ਦੀ ਯੋਜਨਾ ਬਣਾਈ ਗਈ, ਜਿਸਨੂੰ ਐੱਸਵਾਈਐੱਲ ਯਾਨੀ ਸਤਲੁਜ ਯਮੁਨਾ ਲਿੰਕ ਨਹਿਰ ਦਾ ਨਾਂ ਦਿੱਤਾ ਗਿਆ।

-1981 'ਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਮਿਲ ਕੇ ਇਕ ਸਮਝੌਤੇ ਦੇ ਦਸਤਖ਼ਤ ਕੀਤੇ।

-8 ਅਪ੍ਰੈਲ 1982 ਨੂੰ ਇੰਦਰਾ ਗਾਂਧੀ ਨੇ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ 'ਚ ਖੁਦ ਜਾ ਕੇ ਐੱਸਵਾਈਐੱਲ ਦੀ ਖੁਦਾਈ ਦੀ ਸ਼ੁਰੂਆਤ ਕੀਤੀ। 12 ਜੁਲਾਈ 2004 ਨੂੰ ਪੰਜਾਬ ਵਿਧਾਨ ਸਭਾ

ਬਾਕੀ ਸਫਾ 32 'ਤੇ

### ਅਨਮੋਲ ਕਥਨ



"ਪਰਮਾਰਥ ਦੇ ਤਰੀਕੇ, ਸਾਧਨ ਅਨੇਕ ਹਨ, ਪਰ ਜਨਮ ਸਫਲਾ ਤਾਂ ਹੀ ਹੁੰਦਾ ਹੈ ਜੇ ਵਾਹਿਗੁਰੂ ਦਾ "ਭੈਅ ਤੇ ਪ੍ਰੇਮ" ਸਾਧਨ ਵਿਚ ਸ਼ਾਮਲ ਹੋਵੇ। ਮੂਲ ਵਸਤੂ ਤਰਨ ਤਾਰਨਹਾਰ ਭੈਅ ਤੇ ਪ੍ਰੇਮ ਹੈ...."

-ਭਾਈ ਸਾਹਿਬ ਭਾਈ ਵੀਰ ਸਿੰਘ ਜੀ














ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ

ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ

ਹਰ ਕੋਈ ਗਿਣਦਾ ਹੈ

ਮਰਦਮਸ਼ੁਮਾਰੀ CALIFORNIA ALL 2020

CaliforniaCensus.org

# ਅਮਰੀਕਾ ਦੇ ਸੂਬੇ ਜਾਰਜੀਆ ਦਾ ਇੱਕ ਨਬਾਲ.ਗ ਤੈਰਾਕ ਦੁਰਘਟਨਾ 'ਚ ਡੁੱਬਿਆ



ਵਾਸ਼ਿੰਗਟਨ, (ਰਾਜ ਗੋਗਨਾ)- ਬੀਤੇ ਦਿਨੀਂ ਜਾਰਜੀਆ ਝੀਲ 'ਤੇ ਡੁੱਬਣ ਦੇ ਹਾਦਸੇ ਵਿੱਚ ਇਕ ਹੋਰ 17 ਸਾਲਾ ਦੇ ਨਬਾਲਗ ਨੌਜਵਾਨ ਦੀ ਮੌਤ ਹੋ ਗਈ ਹੈ। ਇਸ ਮਹੀਨੇ ਵਿੱਚ ਮਰਨ ਵਾਕਿਆ 'ਚ ਇਹ ਚੌਥਾ ਵਿਅਕਤੀ ਝੀਲ ਵਿੱਚ ਡੁੱਬਣ ਨਾਲ ਮਰਿਆ ਹੈ। ਇਕ ਨਿਊਜ਼ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਗੈਨਿਸਵਿੱਲੇ, ਗਾਓ ਦਾ ਕ੍ਰਿਸਟੋਫਰ ਐਕੋਸਟਾ ਫਾਰਿਆਸ ਲੰਘੇ ਸ਼ੁੱਕਰਵਾਰ ਦੁਪਹਿਰ ਨੂੰ ਲੇਨੀਅਰ ਝੀਲ ਵਿਚ ਤੈਰ ਰਿਹਾ ਸੀ, ਜਦੋਂ ਕਿ ਦੇਖਦੇ ਦੇਖਦੇ ਹੀ ਉਹ ਗਾਇਬ ਹੋ ਗਿਆ।ਫਾਇਰ ਕਰਮਚਾਰੀਆਂ ਨੂੰ ਝੀਲ ਦੇ ਬਾਲਸ ਕ੍ਰੀਕ ਪਾਰਕ ਵਿੱਚ ਲੜਕੇ ਦੀ ਲਾਸ਼ , ਜੋ ਕਿ 27 ਫੁੱਟ ਡੂੰਘੇ ਪਾਣੀ ਵਿੱਚ ਜਾ ਚੁੱਕੀ ਸੀ ਮਿਲੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਕਿਹਾ ਗਿਆ ਹੈ ਕਿ ਉਹ ਸੇਫਟੀ ਯੰਤਰ ਨਾਲ ਤੈਰਾਕੀ ਕਰਿਆ ਕਰਨ। ਪਰ ਉਹ ਆਪਣੇ ਆਪ ਨੂੰ ਮਾਹਿਰ ਤੈਰਾਕ ਗਿਣਦੇ ਹਨ। ਜਿਸ ਕਰਕੇ ਅਜਿਹੇ ਹਾਦਸੇ ਇਸ ਥਾਂ ਤੇ ਵਾਪਰ ਰਹੇ ਹਨ।

# ਅਮਰੀਕਾ 'ਚ ਇਕ ਭਾਰਤੀ-ਅਮਰੀਕੀ ਮਾਈਕ੍ਰੋਸਾਫਟ ਦਾ ਸਾਬਕਾ ਡਾਇਰੈਕਟਰ ਮੁਕੰਦ ਮੋਹਨ 5.5 ਮਿਲੀਅਨ ਡਾਲਰ ਦੀ ਧੋਖਾਧੜੀ ਦੇ ਦੋਸ਼ ਹੇਠ ਗ੍ਰਿਫਤਾਰ



ਵਾਸ਼ਿੰਗਟਨ, (ਰਾਜ ਗੋਗਨਾ)- ਕੰਪਿਊਟਰ ਸਾਇੰਸ ਗ੍ਰੈਜੂਏਟ ਅਤੇ ਮਾਈਕ੍ਰੋਸਾੱਫਟ ਦੇ ਸਾਬਕਾ ਡਾਇਰੈਕਟਰ ਭਾਰਤੀ ਮੂਲ ਦੇ ਮੁਕੰਦ ਮੋਹਨ ਨੂੰ ਕਾਰੋਬਾਰ ਵਾਇਰਸ ਰਾਹਤ ਫੰਡ ਦੀ ਧੋਖਾਧੜੀ ਦੇ ਨਾਲ 5.5 ਮਿਲੀਅਨ ਡਾਲਰ ਤੋਂ ਵੱਧ ਦੀ ਅਰਜ਼ੀਆਂ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ। ਉਸ 'ਤੇ ਇਹ ਰਕਮ ਆਪਣੇ ਨਿੱਜੀ ਰਾਬਿਨਹੁੱਡ ਬ੍ਰੋਕਰੇਜ ਦੇ ਖਾਤੇ 'ਚ ਪਾਉਣ ਦਾ ਦੋਸ਼ ਲੱਗਾ ਹੈ। ਜਿਕਰਯੋਗ ਹੈ ਕਿ ਮੁਕੰਦ ਮੋਹਨ ਨੇ ਪੇਚੈਕ ਪ੍ਰੋਟੈਕਸ਼ਨ ਪ੍ਰੋਗਰਾਮ (ਪੀਪੀਪੀ) ਦੇ ਤਹਿਤ 6 ਦੇ ਕਰੀਬ ਕੰਪਨੀਆਂ ਨੂੰ 8 ਕਰਜ਼ਿਆਂ ਲਈ ਅਰਜ਼ੀ ਦਿੱਤੀ, ਅਤੇ ਇੱਕ ਸੰਘੀ ਪ੍ਰੇਰਣਾ ਜੋ ਕਿ ਛੋਟੇ ਕਾਰੋਬਾਰੀਆਂ ਨੂੰ ਕੋਰੋਨਾਵਾਇਰਸ ਦੀ ਮਹਾਂਮਾਰੀ ਦੇ ਦੌਰਾਨ ਨੌਕਰੀ ਵਿੱਚ ਰੱਖਣ ਲਈ ਉਤਸ਼ਾਹਤ ਕਰਨ ਲਈ ਤਿਆਰ ਕੀਤਾ ਗਿਆ ਸੀ।ਮੁਕੰਦ ਮੋਹਨ, ਅਮਰੀਕਾ ਦੇ ਸੀਏਟਲ ਖੇਤਰ ਵਿੱਚ ਇੱਕ ਟੈਕਨੋਲੋਜੀ ਕਾਰਜਕਾਰੀ ਹੈ ।ਇਸ ਸਮੇਂ ਬਿਲਡ ਡਾਇਰੈਕਟਰ ਹੈ ਡਾਕਟਰ ਮੋਹਨ ਦੇ ਇਸ ਤੋਂ ਪਹਿਲਾਂ ਉਸ ਨੇ ਐਮਾਜ਼ੋਨ ਡਾਟ ਕਾਮ ਅਤੇ ਕਈ ਮਾਈਕਰੋਸਾਫਟ ਕੰਪਨੀਆਂ ਵਿੱਚ ਕੰਮ ਕੀਤਾ ਹੈ। ਵਕੀਲ ਨੇ ਕਿਹਾ ਕਿ ਸੰਘੀ ਕਰਜ਼ਾ ਦਸਤਾਵੇਜ਼ਾਂ ਵਿੱਚ ਬਹੁਤ ਸਾਰੇ ਉਸ ਦੇ ਝੂਠ ਸਨ। ਅਤੇ ਦੋਸ਼ੀ ਦੇ ਅਨੁਸਾਰ, ਉਸ ਨੇ ਕਿਹਾ ਕਿ ਉਸ ਦੀ ਇਕ ਕੰਪਨੀ ਨੇ ਸੰਨ 2019 ਵਿੱਚ ਤਨਖਾਹ ਲਈ 2.3 ਮਿਲੀਅਨ ਡਾਲਰ ਤੋਂ ਵੱਧ ਦਾ ਭੁਗਤਾਨ ਕੀਤਾ ਸੀ ਅਤੇ ਉਸ ਕੰਪਨੀ 'ਚ ਦਰਜਨਾਂ ਕਰਮਚਾਰੀ ਸਨ। ਵਾਸ਼ਿੰਗਟਨ ਵਿੱਚ ਯੂਐਸ ਦੇ ਅਟਾਰਨੀ ਦੇ ਅਨੁਸਾਰ, ਮੋਹਨ ਨੇ ਮਈ ਵਿੱਚ ਕੰਪਨੀ ਦੀ ਮਾਲਕੀ ਹਾਸਲ ਕੀਤੀ ਸੀ, ਅਤੇ ਇਸ ਦਾ ਕੋਈ ਵੀ ਕਰਮਚਾਰੀ ਨਹੀਂ ਸੀ।ਸਰਕਾਰੀ ਵਕੀਲਾਂ ਨੇ ਕਿਹਾ ਕਿ ਰੌਬਿਨਹੁੱਡ ਮਾਰਕਿਟ ਇੰਕ: ਨੇ ਰਿਕਾਰਡ ਮੁਹੱਈਆ ਕਰਵਾਏ ਜਿਸ ਵਿੱਚ ਦਿਖਾਇਆ ਗਿਆ ਸੀ ਕਿ ਮੋਹਨ ਨਾਲ ਸਬੰਧਤ ਇੱਕ ਅਕਾਊਟ ਨੇ ਫੈਡਰਲ ਪੈਸੇ ਵਿੱਚੋਂ 231,000 ਡਾਲਰ ਨੂੰ ਸਟਾਕ-ਟਰੇਡਿੰਗ ਐਪ ਵਿੱਚ ਟਰਾਂਸਫਰ ਕੀਤਾ ਸੀ। ਜਿੱਥੋਂ ਉਸ ਨੂੰ ਸ਼ੱਕੀ ਪਾਇਆ ਗਿਆ। ਉਪਰੰਤ ਪੜਤਾਲ ਕਰਨ ਤੇ ਉਹ ਫਰਾਡੀ ਪਾਇਆ ਗਿਆ। ਅਤੇ ਉਹ ਰਿਕਵਰੀ ਦੇਣ ਨੂੰ ਵੀ ਤਿਆਰ ਹੈ। ਪਰ ਕਾਨੂੰਨ ਮੁਤਾਬਕ ਉਸ ਨੂੰ ਭਾਰੀ ਸਜ਼ਾ ਦੇ ਨਾਲ ਤੇ ਦੇਸ਼ ਨਿਕਾਲਾ ਵੀ ਮਿਲ ਸਕਦਾ ਹੈ। ਕਿਉਕਿ ਧੋਖਾਧੜੀ ਵਾਲ਼ਿਆਂ ਲਈ ਇਸ ਮੁਲਕ ਵਿੱਚ ਕੋਈ ਵੀ ਥਾਂ ਨਹੀਂ ਹੈ।ਬਹੁਤੇ ਲੋਕ ਫਰਾਡ ਕਰਕੇ ਰਿਸ ਮੁਲਕ ਨੂੰ ਛੱਡ ਜਾਂਦੇ ਹਨ । ਉਹਨਾ ਲਈ ਇਕ ਨਵਾਂ ਕਾਨੂੰਨ ਵੀ ਲਿਆਦਾ ਜਾ ਰਿਹਾ ਹੈ। ਜਿਸ ਤਹਿਤ ਸੰਬੰਧਿਤ ਨੂੰ ਫੜ੍ਹ ਕੇ ਅਮਰੀਕਾ ਵਿੱਚ ਕੇਸ ਚਲਾਇਆ ਜਾਵੇਗਾ। ਅਤੇ ਲੰਬੇ ਸਮੇਂ ਲਈ ਜੇਲ੍ਹ ਤੇ ਜੁਰਮਾਨਾ ਦੋਵੇਂ ਭੁਗਤਣੇ ਪੈਣਗੇ।

# ਨਸਲੀ ਅਨਿਆਂ ਵਿਰੁੱਧ ਸ਼ਿਕਾਗੋ ਸਮੇਤ ਹੋਰ ਥਾਵਾਂ 'ਤੇ ਪ੍ਰਦਰਸ਼ਨ

## ਸਿਆਟਲ ਵਿਚ ਪੁਲਿਸ ਨੇ ਪ੍ਰਦਰਸ਼ਨਾਂ ਨੂੰ ਦੰਗਾ ਐਲਾਨਿਆ

## ਲੂਇਸਵਿਲੇ ਵਿਚ ਗੋਲੀਆਂ ਵੱਜਣ ਨਾਲ 3 ਜ਼ਖਮੀ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਨਸਲੀ ਅਨਿਆਂ ਵਿਰੁੱਧ ਅਮਰੀਕਾ ਵਿਚ ਪ੍ਰਦਰਸ਼ਨਾਂ ਦਾ ਸਿਲਸਲਾ ਜਾਰੀ ਹੈ। ਲੰਘੇ ਦਿਨ ਸਿਆਟਲ, ਸ਼ਿਕਾਗੋ, ਲੂਇਸਵਿਲੇ, ਕੈਂਟੱਕੀ ਸਮੇਤ ਹੋਰ ਸ਼ਹਿਰਾਂ ਵਿਚ ਪ੍ਰਦਰਸ਼ਨ ਹੋਏ। ਲੂਇਸਵਿਲੇ ਵਿਚ ਗੋਲੀਆਂ ਲੱਗਣ ਨਾਲ 3 ਵਿਅਕਤੀ ਜ਼ਖਮੀ ਹੋਏ ਹਨ। ਪੁਲਿਸ ਦਾ ਕਹਿਣਾ ਹੈ ਕਿ ਇਹ ਗੋਲੀਆਂ ਪ੍ਰਦਰਸ਼ਨਕਾਰੀਆਂ ਵਿਚੋਂ ਹੀ ਕਿਸੇ ਵੱਲੋਂ ਚਲਾਈਆਂ ਗਈਆਂ ਹਨ। ਇਨਾਂ ਤਿੰਨਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਸਿਆਟਲ ਵਿਚ ਹੋਏ ਇਕ ਧਮਾਕੇ 'ਚ ਇਕ ਪੁਲਿਸ ਅਧਿਕਾਰੀ ਜ਼ਖਮੀ ਹੋ ਗਿਆ। ਪੁਲਿਸ ਨੇ 16 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ। ਪੂਰਾ ਦਿਨ ਸਥਿੱਤੀ ਤਨਾਅ ਪੂਰਨ ਬਣੀ ਰਹੀ। ਸਿਆਟਲ ਵਿਚ ਪੁਲਿਸ ਨੇ ਲੋਕਾਂ ਤੇ ਜਨਤਿਕ ਜਾਇਦਾਦ ਦੀ ਸੁਰੱਖਿਆ ਨੂੰ ਮੁੱਖ ਰਖਦਿਆਂ ਪ੍ਰਦਰਸ਼ਨਾਂ ਨੂੰ 'ਦੰਗਾ' ਐਲਾਨ ਦਿੱਤਾ ਹੈ। ਸ਼ਿਕਾਗੋ ਵਿਚ ਪੁਲਿਸ ਦੇ ਵਿਰੋਧੀਆਂ ਤੇ ਸਮਰਥਕਾਂ ਵਿਚਾਲੇ ਟਕਰਾਅ ਮਸਾਂ ਬਚਿਆ। ਲੋਕਾਂ ਨੇ ਗੰਨ ਹਿੰਸਾ ਵਿਚ ਮਾਰੇ ਗਏ ਲੋਕਾਂ ਨੂੰ ਯਾਦ ਕਰਨ ਲਈ 'ਲਵ ਮਾਰਚ' ਕੱਢਿਆ। ਪ੍ਰਦਰਸ਼ਨਕਾਰੀ ਪੁਲਿਸ ਨੂੰ ਫੰਡ ਨਾ ਦੇਣ ਦੀ ਮੰਗ ਕਰ ਰਹੇ ਸਨ। ਸ਼ਹਿਰ ਵਿਚ ਪੁਲਿਸ ਦੇ ਹੱਕ ਵਿਚ ਵੀ ਪ੍ਰਦਰਸ਼ਨ ਹੋਏ। ਗੰਨ ਹਿੰਸਾ ਉਪਰ ਕਾਬੂ ਪਾਉਣ ਦੇ ਮਕਸਦ ਨਾਲ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵੱਡੇ ਸ਼ਹਿਰਾਂ ਵਿਚ ਸੰਘੀ ਜਵਾਨ ਤਾਇਨਾਤ ਕਰਨ ਦਾ ਵੀ ਵੱਡੀ ਪੱਧਰ ਉਪਰ ਵਿਰੋਧ ਹੋ ਰਿਹਾ ਹੈ।






# ਯੂਏਪੀਏ ਦੇ ਪੀੜਤ ਪਰਿਵਾਰਾਂ ਨੂੰ ਨਾਲ ਲੈ ਕੇ ਅਕਾਲ ਤਖ਼ਤ ਸਾਹਿਬ ਪਹੁੰਚੇ ਸੁਖਪਾਲ ਸਿੰਘ ਖਹਿਰਾ

ਅੰਮ੍ਰਿਤਸਰ ਟਾਈਮਜ਼ ਬਿਊਰੋ- ਭਾਰਤ ਦੇ ਕਾਲੇ ਕਨੂੰਨ ਵਜੋਂ ਜਾਣੇ ਜਾਂਦੇ ਯੂਏਪੀਏ ਅਧੀਨ ਗ੍ਰਿਫਤਾਰ ਕੀਤੇ ਜਾ ਰਹੇ ਸਿੱਖਾਂ ਦੇ ਹੱਕ ਵਿਚ ਲਗਾਤਾਰ ਅਵਾਜ਼ ਚੁੱਕਦੇ ਆ ਰਹੇ ਭੁਲੱਥ ਹਲਕੇ ਤੋਂ ਐਮਐਲਏ ਸੁਖਪਾਲ ਸਿੰਘ ਖਹਿਰਾ ਆਪਣੇ ਸਾਥੀ ਵਿਧਾਇਕਾਂ ਅਤੇ ਯੂਏਪੀਏ ਦੇ ਪੀੜਤ ਪਰਿਵਾਰਾਂ ਸਮੇਤ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚੇ। ਉਹਨਾਂ ਅਕਾਲ ਤਖ਼ਤ ਸਾਹਿਬ ਵਿਖੇ ਇੱਕ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਯੂਏਪੀਏ ਕਾਨੂੰਨ ਤਹਿਤ ਗ੍ਰਿਫਤਾਰ ਕੀਤੇ ਗਏ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਪੈਰਵਾਈ ਸ਼੍ਰੋਮਣੀ ਕਮੇਟੀ ਨੂੰ ਕਰਨ ਲਈ ਆਖਿਆ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਨੌਜਵਾਨਾਂ ਨੂੰ ਨਾਜਾਇਜ਼ ਗ੍ਰਿਫਤਾਰ ਕੀਤਾ ਗਿਆ ਅਤੇ ਪੁਲੀਸ ਆਪਣੀ ਸਾਖ ਬਚਾਉਣ ਲਈ ਅਜਿਹਾ ਕਰ ਰਹੀ ਹੈ।



ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਇਹ ਸਾਰੇ ਨੌਜਵਾਨ ਗਰੀਬ ਪਰਿਵਾਰਾਂ ਨਾਲ ਸਬੰਧਤ ਹਨ ਅਤੇ ਵਧੇਰੇ ਦਿਹਾੜੀਦਾਰ ਹਨ। ਉਹਨਾਂ ਕਾਲੇ ਕਾਨੂੰਨ ਦੇ ਸ਼ਿਕਾਰ ਹੋ ਰਹੇ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਪੰਜ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਦੇਣ ਦੀ ਵੀ ਮੰਗ ਕੀਤੀ। ਇਸ ਮੌਕੇ ਉਨ੍ਹਾਂ ਨਾਲ ਕਈ ਪੀੜਤ ਪਰਿਵਾਰਾਂ ਤੋਂ ਇਲਾਵਾ ਵਿਧਾਇਕ ਜਗਦੇਵ ਸਿੰਘ ਕਮਾਲੂ, ਪਿਰਮਲ ਸਿੰਘ ਖਾਲਸਾ, ਜਗਤਾਰ ਸਿੰਘ ਜੱਗਾ ਤੇ ਹੋਰ ਹਾਜ਼ਰ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਆਖਿਆ ਕਿ ਯੂਏਪੀਏ ਤਹਿਤ ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੇ ਮਾਮਲੇ ਦੀ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ।

# ਕਾਗਹੁ ਹੰਸੁ ਕਰੇਇ ਜੀਵਨੀ ਦੀ ਪੁਸਤਕ ਫਰਿਜ਼ਨੋ ਦੇ ਵਿਖੇ ਰਿਲੀਜ਼ ਕੀਤੀ ਗਈ



ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ)- ਕੋਵਿਡ-19 ਦੇ ਚਲਦਿਆਂ ਸੁਰੱਖਿਆ ਦੇ ਨਿਯਮਾ ਨੂੰ ਧਿਆਨ ਵਿੱਚ ਰੱਖਦੇ ਹੋਏ ਉੱਘੇ ਲੇਖਕ ਪ੍ਰੋ. ਧਰਮਵੀਰ ਸਿੰਘ ਚੱਠਾ ਦੀ ਪੁਸਤਕ ਕਾਗਹੁ ਹੰਸੁ ਕਰੇਇ ਫਰਿਜ਼ਨੋ ਦੇ ਗੁਰਦਵਾਰਾ ਸਭਾ ਵਿਖੇ ਸਾਦੇ ਸਮਾਗਮ ਦੌਰਾਨ ਰਲੀਜ਼ ਕੀਤੀ ਗਈ। ਇਸ ਸਮਾਗਮ ਦਾ ਅਯੋਜਨ ਜਗਤਾਰ ਸਿੰਘ ਬਰਾੜ ਤੇ ਪਿੰਦਾ ਕੋਟਲਾ ਵੱਲੋਂ ਵਿਸ਼ੇਸ਼ ਤੌਰ ਤੇ ਕੀਤਾ ਗਿਆ। ਜਿਸ ਵਿੱਚ ਕੁਝ ਸੀਮਤ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਪੁਸਤਕ ਰਿਲੀਜ਼ ਕੀਤੀ ਗਈ। ਜਦੋਂ ਕੋਈ ਇਨਸਾਨ ਆਪਣੀ ਜ਼ਿੰਦਗੀ ਦੇ ਮਾਰਗ 'ਤੇ ਕੁਰਾਹੇ ਚਲਦਿਆਂ, ਚੰਗੇ ਪਾਸੇ ਵੱਲ ਨੂੰ ਮੁੜਦਾ ਹੈ ਤਾਂ ਦੂਸਰਿਆਂ ਲਈ ਉਦਾਹਰਣ ਬਣਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਕੋਈ ਆਪ ਚੰਗੀ ਲੀਹ ਪਾਉਂਦਾ ਤਾਂ ਸਮਝੋ ਉਹ ਸਮਾਜ ਲਈ ਮਾਰਗ ਦਰਸ਼ਕ ਬਣਦਾ। ਅਜਿਹੇ ਹੀ ਇਕ ਇਨਸਾਨ ਬਠਿੰਡੇ ਵਾਲੇ ਕਾਂ ਤੋਂ ਰਾਜਿੰਦਰਪਾਲ ਸਿੰਘ ਖਾਲਸਾ ਬਣੇ ਨੌਜਵਾਨ ਦੇ ਜੀਵਨ 'ਤੇ ਅਧਾਰਿਤ ਪੁਸਤਕ ਕਾਗਹੁ ਹੰਸੁ ਕਰੇਇ ਲੇਖਕ ਧਰਮਵੀਰ ਸਿੰਘ ਚੱਠਾ ਵੱਲੋਂ ਲਿਖੀ ਗਈ ਹੈ। ਇਸ ਮੌਕੇ ਪਤਵੰਤੇ ਸੱਜਣ ਜਿੰਨਾ ਵਿੱਚ ਨਾਜ਼ਰ ਸਿੰਘ ਸਹੋਤਾ, ਹਾਕਮ ਸਿੰਘ ਢਿਲੋਂ, ਅਮਰਜੀਤ ਦੌਧਰ, ਅਵਤਾਰ ਗਰੇਵਾਲ, ਜੈਲਾ ਧੂੜਕੋਟ, ਗੁਰਇਕਬਾਲ ਸਿੰਘ, ਭਰਪੂਰ ਸਿੰਘ ਬਰਾੜ ਆਦਿ ਮੌਜੂਦ ਰਹੇ। ਇਸ ਮੌਕੇ ਵਾਈਸਾਲੀਆ ਗੁਰੂ-ਘਰ ਦੇ ਸੇਵਾਦਾਰ ਬੂਟਾ ਸਿੰਘ ਜੀ ਅਤੇ ਪੱਤਰਕਾਰ ਨੀਟਾ ਮਾਛੀਕੇ ਵੱਲੋਂ ਲੇਖਕ ਧਰਮਵੀਰ ਸਿੰਘ ਚੱਠਾ ਅਤੇ ਪੂਰੀ ਟੀਮ ਨੂੰ ਇਸ ਚੰਗੇ ਕਾਰਜ ਲਈ ਵਧਾਈ ਦਿੱਤੀ ਗਈ।



ਪੁਸਤਕ ਰਿਲੀਜ਼ ਕਰਨ ਸਮੇਂ ਪੱਤਵੰਤੇ।

# ਵੱਡੀ ਪੱਧਰ 'ਤੇ ਹੋ ਰਹੀ ਏ ਪੰਜਾਬ ਵਿਚ ਡਰੱਗ ਤਸਕਰੀ

## ਆਗਰਾ ਗੈਂਗ ਦਾ 11 ਸੂਬਿਆਂ 'ਚ ਜਾਲ, ਰੋਜ਼ਾਨਾ 10 ਕਰੋੜ ਦੀ ਡਰੱਗ ਕਰਦੇ ਸਪਲਾਈ



ਕ੍ਰਾਈਮ ਰਿਪੋਰਟ: -ਬਲਵਿੰਦਰ ਪਾਲ

ਜਲੰਧਰ/ਏ.ਟੀ.ਨਿਊਜ਼- ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਇਕ ਅੰਤਰਰਾਜੀ ਗਰੋਹ ਦਾ ਪਰਦਾਫ਼ਾਸ਼ ਹੋਣ ਦੀ ਵੱਡੀ ਘਟਨਾ ਜਿਥੇ ਨਸ਼ੇ ਦੀ ਦਲਦਲ ਵਿਚ ਸੂਬੇ ਦੇ ਪੈਰ ਡੂੰਘਾਈ ਵਿਚ ਫਸਦੇ ਜਾਣ ਦਾ ਸੰਕੇਤ ਦਿੰਦੀ ਹੈ, ਉਥੇ ਇਸ ਨਾਲ ਸਰਕਾਰਾਂ ਦੇ ਇਨ੍ਹਾਂ ਦਾਅਵਿਆਂ ਦਾ ਵੀ ਖੰਡਨ ਹੁੰਦਾ ਹੈ ਕਿ ਪੰਜਾਬ ਵਿਚ ਨਸ਼ੇ ਦੇ ਪ੍ਰਸਾਰ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਤੇ ਰੋਕ ਲੱਗੀ ਹੈ। ਪੰਜਾਬ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਨਸ਼ਾ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਇਕ ਵੱਡਾ ਮੁੱਦਾ ਸੀ ਅਤੇ ਮੌਜੂਦਾ ਸਰਕਾਰ ਦੇ ਗਠਨ ਲਈ ਇਹੀ ਮੁੱਦਾ ਵੱਡਾ ਦਾਅਵੇਦਾਰ ਬਣਿਆ ਸੀ। ਪੰਜਾਬ 'ਚ ਫੜ੍ਹੇ ਗਏ ਨਸ਼ਾ ਤਸਕਰਾਂ ਦਾ ਗੈਂਗ 11 ਸੂਬਿਆਂ ਦੇ 52 ਜ਼ਿਲ੍ਹਿਆਂ 'ਚ ਆਪਣਾ ਜਾਲ ਵਿਛਾਈ ਬੈਠਾ ਸੀ। ਮੈਡੀਕਲ ਰਿਪ੍ਰਜ਼ੈਂਟੇਟਿਵ ਬਣ ਕੇ ਗੈਂਗ ਦੇ ਮੈਂਬਰ ਰੋਜ਼ 10 ਤੋਂ 12 ਕਰੋੜ ਰੁਪਏ ਦੀਆਂ ਪਾਬੰਦੀਸ਼ੁਦਾ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਕਰਦੇ ਸਨ।ਇਨ੍ਹਾਂ ਦਵਾਈਆਂ ਦੀ ਤਸਕਰੀ ਦਿੱਲੀ, ਉੱਤਰ ਪ੍ਰਦੇਸ਼, ਰਾਜਸਥਾਨ, ਪੰਜਾਬ ਤੇ ਹਰਿਆਣਾ ਸਮੇਤ ਮੱਧ ਪ੍ਰਦੇਸ਼ ਤੇ ਹੋਰ ਕਈ ਸੂਬਿਆਂ 'ਚ ਸਪਲਾਈ ਕੀਤੀ ਜਾਂਦੀ ਸੀ। ਬਰਨਾਲਾ ਪੁਲਿਸ ਦੀ ASP ਡਾ. ਪ੍ਰੱਗਿਆ ਜੈਨ ਨੇ ਦੱਸਿਆ ਕਿ ਮਾਸਟਰਮਾਈਂਡ ਜਤਿੰਦਰ ਅਰੋੜਾ ਉਰਫ ਵਿੱਕੀ ਦਾ ਗੋਦਾਮ ਵੀ ਖੰਗਾਲਿਆ ਜਾ ਰਿਹਾ ਹੈ ਕਿਉਂਕਿ ਉੱਥੇ ਹੋਰ ਨਸ਼ੀਲੇ ਪਦਾਰਸ਼ ਲੁਕਾਏ ਹੋਣ ਦਾ ਖਦਸ਼ਾ ਹੈ।

ਟੀਮ ਦੇ ਹੋਰ ਮੈਂਬਰਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉੱਥੇ ਹੀ ਆਗਰਾ ਤੋਂ ਗ੍ਰਿਫਤਾਰ ਮਾਸਟਰਮਾਈਂਡ ਜਤਿੰਦਰ ਅਰੋੜਾ ਤੇ ਉਸ ਦੇ ਭਰਾ ਕਪਿਲ ਅਰੋੜਾ ਨੂੰ ਬਰਨਾਲਾ ਪੁਲਿਸ ਐਤਵਾਰ ਪੰਜਾਬ ਲੈ ਆਈ। ਦੋਵਾਂ ਨੂੰ ਵੀਡੀਓ ਕਾਨਫਰੰਸਿੰਗ ਜ਼ਰੀਏ ਜ਼ਿਲ੍ਹਾ ਕੋਰਟ ਬਰਨਾਲਾ ਦੀ ਜੱਜ ਬਬਲਜੀਤ ਕੌਰ ਸਾਹਮਣੇ ਪੇਸ਼ ਕੀਤਾ ਗਿਆ। ਕੋਰਟ ਨੇ ਮੁਲਜ਼ਮਾਂ ਨੂੰ ਚਾਰ ਦਿਨਾਂ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ।ਫੜ੍ਹੇ ਗਏ ਮੁਲਜ਼ਮਾਂ 'ਚ ਸੱਤ ਬਰਨਾਲਾ ਦੇ, ਸੱਤ ਅੰਮ੍ਰਿਤਸਰ ਤੋਂ, ਇਕ ਦਿੱਲੀ ਤੇ ਇੱਕ ਸੰਗਰੂਰ ਤੋਂ ਹੈ। 23 ਮਈ ਨੂੰ ਬਰਨਾਲਾ ਦੇ ਥਾਣੇ ਮਹਿਲਕਲਾਂ ਦੀ ਪੁਲਿਸ ਨੇ ਬਲਵਿੰਦਰ ਸਿੰਘ ਉਰਫ ਨਿੱਕਾ ਸਮੇਤ ਚਾਰ ਮੁਲਜ਼ਮਾਂ ਨੂੰ 2,85,000 ਪਾਂਬਦੀਸ਼ੁਦਾ ਗੋਲ਼ੀਆਂ ਤੇ ਇੱਕ ਹੋਰ ਮੁਲਜ਼ਮ ਜ਼ੁਲਫੀਕਾਰ ਅਲੀ ਨੂੰ 12,000 ਪਾਬੰਦੀਸ਼ੁਦਾ ਗੋਲ਼ੀਆਂ ਨਾਲ ਗ੍ਰਿਫਤਾਰ ਕੀਤਾ ਸੀ।

ਪੁੱਛਗਿਛ ਦੌਰਾਨ ਜ਼ੁਲਫੀਕਾਰ ਨੇ ਆਗਰਾ ਗੈਂਗ ਦੇ ਹਰੀਸ਼ ਕੁਮਾਰ ਦੀ ਜਾਣਕਾਰੀ ਦਿੱਤੀ ਸੀ। 24 ਜੁਲਾਈ ਨੂੰ ਬਰਨਾਲਾ ਪੁਲਿਸ ਨੇ ਹਰੀਸ਼ ਕੁਮਾਰ ਨੂੰ ਆਗਰਾ ਤੋਂ ਗ੍ਰਿਫਤਾਰ ਕੀਤਾ ਸੀ। ਇਸੇ ਦਿਨ ਸਚਿਨ ਸ਼ਰਮਾ, ਗੌਰਵ ਅਗਰਵਾਲ ਸਮੇਤ 16 ਹੋਰ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ।

ਇਨ੍ਹਾਂ ਕੋਲੋਂ 27,62,137 ਪਾਬੰਦੀਸ਼ੁਦਾ ਗੋਲ਼ੀਆਂ ਤੇ 70,38,000 ਡਰੱਗ ਮਨੀ ਬਰਾਮਦ ਕੀਤੀ ਗਈ। 25 ਜੁਲਾਈ ਨੂੰ ਨਿਊ ਆਗਰਾ ਦੇ ਕਮਲਾ ਨਗਰ ਤੋਂ ਮੈਡੀਕਲ ਕਾਰੋਬਾਰੀ ਜਤਿੰਦਰ ਅਰੋੜਾ ਤੇ ਉਸ ਦੇ ਭਰਾ ਕਪਿਲ ਅਰੋੜਾ ਨੂ ਗ੍ਰਿਫਤਾਰ ਕੀਤਾ ਗਿਆ ਸੀ।

ਸੱਤਾਧਾਰੀ ਕਾਂਗਰਸ ਪਾਰਟੀ ਵਲੋਂ ਚੋਣਾਂ ਤੋਂ ਪਹਿਲਾਂ ਇਹ ਵਾਅਦਾ ਵੀ ਕੀਤਾ ਗਿਆ ਸੀ ਕਿ ਸੂਬੇ ਨੂੰ ਇਕ ਸਾਲ ਦੇ ਅੰਦਰ-ਅੰਦਰ ਨਸ਼ੀਲੇ ਪਦਾਰਥਾਂ ਦੀ ਖ਼ਤਰਨਾਕ ਬਿਮਾਰੀ ਤੋਂ ਮੁਕਤੀ ਦਿਵਾਈ ਜਾਵੇਗੀ ਅਤੇ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਕੀਤਾ ਜਾਵੇਗਾ। ਪਰ ਹੁਣ ਸਥਿਤੀ ਇਹ ਹੈ ਕਿ ਨਾ ਸਿਰਫ਼ ਇਹ ਸਾਰੇ ਦਾਅਵੇ ਅਤੇ ਵਾਅਦੇ ਗ਼ਲਤ ਸਾਬਤ ਹੋਏ ਹਨ ਸਗੋਂ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਪਹਿਲਾਂ ਨਾਲੋਂ ਵੀ ਜ਼ਿਆਦਾ ਮੁਸਤੈਦੀ ਨਾਲ ਹੋਣ ਲੱਗਾ ਹੈ। ਇਸ ਗ਼ੈਰ-ਕਾਨੂੰਨੀ ਕਾਰੋਬਾਰ ਵਿਚ ਬਿਨਾਂ ਸ਼ੱਕ ਸੱਤਾ ਵਿਵਸਥਾ, ਰਾਜਨੀਤੀ ਅਤੇ ਪ੍ਰਸ਼ਾਸਨ, ਖ਼ਾਸ ਤੌਰ 'ਤੇ ਪੁਲਿਸ ਪ੍ਰਸ਼ਾਸਨ ਬਰਾਬਰ ਦਾ ਸ਼ਰੀਕ ਹੈ, ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਇਸ ਤੱਥ ਦਾ ਪ੍ਰਮਾਣ ਪਿਛਲੇ ਕੁਝ ਸਮੇਂ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਿਲ ਪੁਲਿਸ ਅਤੇ ਸੈਨਿਕ ਬਲਾਂ ਦੇ ਕੁਝ ਲੋਕਾਂ ਦੀ ਗ੍ਰਿਫ਼ਤਾਰੀ ਨਾਲ ਮਿਲ ਜਾਂਦਾ ਹੈ। ਇਸ ਸੰਪੂਰਨ ਘਨਟਾਕ੍ਰਮ ਦਾ ਇਕ ਤ੍ਰਾਸਦੀ ਭਰਿਆ ਪੱਖ ਇਹ ਹੈ ਕਿ ਪਿਛਲੇ ਕੁਝ ਸਮੇਂ ਵਿਚ ਅਜਿਹੇ ਤਸਕਰਾਂ ਤੋਂ ਹਥਿਆਰਾਂ ਦੀ ਬਰਾਮਦਗੀ ਹੋਣਾ ਵੀ ਚਿੰਤਾਜਨਕ ਬਣਿਆ ਹੈ।

ਮੌਜੂਦਾ ਤਸਕਰ ਗਰੋਹ ਦਾ ਨੈੱਟਵਰਕ ਪੰਜਾਬ, ਹਿਮਾਚਲ, ਹਰਿਆਣਾ, ਉੱਤਰ ਪ੍ਰਦੇਸ਼, ਜੰਮੂ-ਕਸ਼ਮੀਰ ਸਣੇ 11 ਰਾਜਾਂ ਤੱਕ ਫੈਲਿਆ ਹੋਇਆ ਹੈ। ਇਸ ਗਰੋਹ ਦਾ ਮੁੱਖ ਕਾਰੋਬਾਰ ਨਸ਼ੀਲੇ ਮੈਡੀਕਲ ਪਦਾਰਥਾਂ ਅਤੇ ਖ਼ਾਸ ਤੌਰ 'ਤੇ ਨਸ਼ਿਆਂ ਦੀਆਂ ਗੋਲੀਆਂ ਨਾਲ ਜੁੜਿਆ ਹੈ। ਇਸ ਗਰੋਹ ਦੇ ਗ੍ਰਿਫ਼ਤਾਰ ਹੋਏ 20 ਮੈਂਬਰਾਂ ਤੋਂ ਲੱਖਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦੇ ਨਾਲ 70 ਲੱਖ ਰੁਪਏ ਨਕਦੀ ਬਰਾਮਦ ਕੀਤਾ ਜਾਣਾ ਇਸ ਮਾਮਲੇ ਦੀ ਗੰਭੀਰਤਾ ਨੂੰ ਵੀ ਦਰਸਾਉਂਦਾ ਹੈ। ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਗੰਭੀਰਤਾ ਨੂੰ ਇਸ ਗੱਲ ਨਾਲ ਵੀ ਸਮਝਿਆ ਜਾ ਸਕਦਾ ਹੈ ਕਿ ਦੋ ਹੀ ਦਿਨ ਪਹਿਲਾਂ ਅਟਾਰੀ ਸਰਹੱਦ ਪਾਰ ਤੋਂ ਸਰਗਰਮ ਇਕ ਤਸਕਰ ਦੀ ਕਰੋੜਾਂ ਰੁਪਏ ਦੀ ਜ਼ਮੀਨ-ਜਾਇਦਾਦ ਨੂੰ ਪ੍ਰਸ਼ਾਸਨ ਨੇ ਜ਼ਬਤ ਕਰ ਲਿਆ ਹੈ। ਦੇਸ਼ ਵਿਚ ਹੁਣ ਤੱਕ 6 ਹਜ਼ਾਰ ਕਰੋੜ ਰੁਪਏ ਦੀ ਸਭ ਤੋਂ ਵੱਡੀ ਹੈਰੋਇਨ ਤਸਕਰੀ ਦਾ ਸੌਦਾਗਰ ਪੰਜਾਬ ਪੁਲਿਸ ਵਿਚ ਡੀ. ਐਸ. ਪੀ. ਸੀ ਅਤੇ ਉਹ ਅੱਜ ਵੀ ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਆਪਣੇ ਕਾਰੋਬਾਰ ਨੂੰ ਚਲਾ ਰਿਹਾ ਹੈ। ਬਿਨਾਂ ਸ਼ੱਕ ਇਸ ਪਿੱਛੇ ਰਾਜਨੀਤੀ, ਸੱਤਾ ਵਿਵਸਥਾ ਅਤੇ ਪ੍ਰਸ਼ਾਸਨਿਕ ਤੰਤਰ ਦੀ ਤਿਕੜੀ ਜ਼ਿੰਮੇਵਾਰ ਹੈ।

ਬਠਿੰਡਾ ਵਿਚ ਇਕ ਸਹਾਇਕ ਪੁਲਿਸ ਥਾਣੇਦਾਰ ਦਾ ਪਰਿਵਾਰ ਸਣੇ ਹੈਰੋਇਨ ਦਾ ਤਸਕਰੀ ਵਿਚ ਪਾਇਆ ਜਾਣਾ ਇਸ ਚਿੰਤਾ ਨੂੰ ਵਧਾਉਂਦਾ ਹੈ। ਪਿਛਲੇ ਦਿਨੀਂ ਗੁਰਦਾਸਪੁਰ ਤੋਂ ਸਰਹੱਦ ਪਾਰ ਨਸ਼ਾ ਤਸਕਰੀ ਦੇ ਇਕ ਵੱਡੇ ਗਰੋਹ ਦੇ ਗ੍ਰਿਫ਼ਤਾਰ ਮੈਂਬਰਾਂ ਵਿਚੋਂ ਇਕ ਬੀ. ਐਸ. ਐਫ. ਦਾ ਇਕ ਜਵਾਨ ਹੈ ਅਤੇ ਇਕ ਫ਼ੌਜੀ ਜਵਾਨ ਵੀ ਸ਼ਾਮਿਲ ਪਾਇਆ ਗਿਆ ਹੈ। ਇਨ੍ਹਾਂ 'ਤੇ ਜਾਸੂਸੀ ਦਾ ਵੀ ਸ਼ੱਕ ਹੈ। ਇਸ ਨਾਲ ਸਪੱਸ਼ਟ ਹੁੰਦਾ ਹੈ ਕਿ ਨਸ਼ੀਲੇ ਪਦਾਰਥਾਂ ਤੇ ਹਥਿਆਰਾਂ ਦੀ ਤਸਕਰੀ ਦੇਸ਼ ਦੀ ਸੁਰੱਖਿਆ ਵੀ ਖ਼ਤਰਾ ਬਣ ਸਕਦੀ ਹੈ। ਇਸ ਤੋਂ ਇਕ ਦਿਨ ਪਹਿਲਾਂ ਹੀ ਰਾਵੀ ਨਦੀ ਦੇ ਵਹਾਅ ਰਾਹੀਂ ਲਿਆਂਦੀ ਜਾ ਰਹੀ ਸਵਾ ਤਿੰਨ ਅਰਬ ਰੁਪਏ ਦੀ ਹੈਰੋਇਨ ਦੀ ਖੇਪ ਬਰਾਮਦ ਕੀਤੀ ਗਈ ਸੀ।

ਜਿਥੋਂ ਤੱਕ ਪੰਜਾਬ ਵਿਚ ਨਸ਼ੇ ਦੇ ਪ੍ਰਸਾਰ ਦਾ ਸਬੰਧ ਹੈ ਕਈ ਪਿੰਡਾਂ ਦੇ ਪੂਰੇ ਦੇ ਪੂਰੇ ਪਰਿਵਾਰ ਇਸ ਨਾਲ ਗ੍ਰਸਿਤ ਪਾਏ ਗਏ ਹਨ। ਇਸੇ ਸਾਲ 28 ਜੂਨ ਨੂੰ ਪੰਜਾਬ ਦਾ ਇਕ ਗਾਇਕ ਨਸ਼ੇ ਦਾ ਟੀਕਾ ਲਗਾਉਣ ਦੌਰਾਨ ਆਪਣੇ ਘਰ ਦੇ ਵਿਹੜੇ ਵਿਚ ਡਿਗ ਕੇ ਮਰ ਗਿਆ ਸੀ। ਇਸੇ ਦੌਰਾਨ ਤਰਨ ਤਾਰਨ ਦੇ ਕੈਰੋਂ ਵਿਚ ਪਿਛਲੇ ਮਹੀਨੇ ਇਕ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਨਸ਼ੇ ਦੀ ਭੇਟ ਚੜ੍ਹ ਜਾਣ ਦੀ ਖ਼ਬਰ ਵੀ ਬਹੁਤ ਦੁਖਦਾਈ ਹੈ। ਇਸ ਪਰਿਵਾਰ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਰਾਹੀਂ ਬਹੁਤ ਪੈਸਾ ਕਮਾਇਆ। ਪਰ ਇਹੀ ਪੈਸਾ ਉਨ੍ਹਾਂ ਦੀ ਮੌਤ ਦਾ ਕਾਰਨ ਵੀ ਬਣਿਆ। ਘਰ ਦੇ ਇਕ ਮੈਂਬਰ ਨੇ ਨਸ਼ੇ ਦੀ ਲੋਰ ਵਿਚ ਪਰਿਵਾਰ ਦੇ ਪੰਜ ਜੀਆਂ ਦੀ ਹੱਤਿਆ ਕਰ ਦਿੱਤੀ। ਇਸ ਪਰਿਵਾਰ ਦੀ ਮਾਂ ਅਤੇ ਭੈਣਾਂ ਜੇਲ੍ਹ ਵਿਚ ਸਜ਼ਾ ਭੁਗਤਣ ਦੌਰਾਨ ਮਰ ਚੁੱਕੀਆਂ ਹਨ ਅਤੇ ਹਤਿਆਰੇ ਦੀ ਭੈਣ ਅਤੇ ਦੋ ਹੋਰ ਭਰਾ ਜੇਲ੍ਹ ਵਿਚ ਬੰਦ ਹਨ। ਇਸੇ ਕਾਰਨ ਉਹ ਸਮੂਹਿਕ ਹੱਤਿਆ ਕਾਂਡ ਤੋਂ ਬਚ ਵੀ ਗਏ। ਲੁਧਿਆਣਾ ਵਿਚ ਵੀ ਹਾਲ ਹੀ ਵਿਚ ਇਕ ਨੌਜਵਾਨ ਨਸ਼ੇ ਦੀ ਭਾਰੀ ਡੋਜ਼ ਕਾਰਨ ਮਾਰਿਆ ਗਿਆ।

ਬਿਨਾਂ ਸ਼ੱਕ ਇਹ ਸਥਿਤੀ ਇਕ ਤ੍ਰਾਸਦੀ ਬਣਦੀ ਜਾ ਰਹੀ ਹੈ ਜਿਸ ਦਾ ਖਮਿਆਜ਼ਾ ਸੂਬੇ ਅਤੇ ਸਮਾਜ ਦੇ ਨੌਜਵਾਨਾਂ ਨੂੰ ਭੁਗਤਣਾ ਪੈ ਰਿਹਾ ਹੈ। ਸਰਕਾਰਾਂ ਵਾਰੋ-ਵਾਰੀ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ, ਪਰ ਨਸ਼ੇ ਦੇ ਇਸ ਪ੍ਰਸਾਰ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਵਚਨਬੱਧਤਾ ਨਾਲ ਚੱਲਣ ਦੀ ਕਿਸੇ ਕੋਲ ਫ਼ੁਰਸਤ ਨਹੀਂ ਹੈ।

-o-

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Gurmail Singh Content Composer: Amritpal Singh US Distributor: Amritsar Times Inc. Owner: Amritsar Times Pvt. Ltd.
Quomantry Amritsar Times is owned by Amritsar Times Pvt. Ltd., a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# 500 ਸਿਹਤ ਮਾਹਿਰਾਂ ਨੇ ਰਾਸ਼ਟਰਪਤੀ ਨੂੰ ਸਮੁੱਚਾ ਅਮਰੀਕਾ ਬੰਦ ਕਰਨ ਦੀ ਦਿੱਤੀ ਸਲਾਹ

**ਰੂਟਜਰਸ ਦੀ ਸਮੁੱਚੀ ਫੁੱਟਬਾਲ ਟੀਮ ਹੋਈ ਇਕਾਂਤਵਾਸ | ਮੌਤਾਂ ਦੀ ਗਿਣਤੀ ਡੇਢ ਲੱਖ ਦੇ ਕਰੀਬ ਪੁੱਜੀ**

ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵਿਚ ਪਿਛਲੇ 4 ਦਿਨਾਂ ਤੋਂ ਰੋਜ਼ਾਨਾ ਇਕ ਹਜਾਰ ਤੋਂ ਵਧ ਹੋ ਰਹੀਆਂ ਮੌਤਾਂ ਤੇ ਪੀੜਤਾਂ ਦੀ ਗਿਣਤੀ ਵਿਚ ਨਿਰੰਤਰ ਹੋ ਰਹੇ ਭਾਰੀ ਵਾਧੇ ਦੇ ਦਰਮਿਆਨ 500 ਤੋਂ ਵੱਧ ਸਿਹਤ ਮਾਹਿਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬੇਨਤੀ ਕੀਤੀ ਹੈ ਕਿ ਕੋਰੋਨਾਵਾਇਰਸ ਦੇ ਫੈਲਣ ਦੀ ਰਫ਼ਤਾਰ ਨੂੰ ਮੱਧਮ ਕਰਨ ਵਾਸਤੇ ਸਮੁੱਚੇ ਦੇਸ਼ ਨੂੰ ਬੰਦ ਕਰ ਦਿੱਤਾ ਜਾਵੇ। ਜ਼ੂਰਰੀ ਵਸਤਾਂ ਨੂੰ ਛੱਡਕੇ ਸਭ ਤਰਾਂ ਦੀਆਂ ਗਤੀਵਿਧੀਆਂ ਰੋਕ ਦਿੱਤੀਆਂ ਜਾਣ। ਇਨਾਂ ਮਾਹਿਰਾਂ ਨੇ ਕਿਹਾ ਹੈ 'ਰਾਸ਼ਟਰਪਤੀ ਜੀ ਤੁਸੀਂ ਇਨਾਂ ਸ਼ਬਦਾਂ ਵਲ ਧਿਆਨ ਦੇਣ ਦੀ ਖੇਚਲ ਕਰੋਗੋ ਕਿ ਕੋਰੋਨਾ ਨਾਲ ਹਰ ਇਕ ਮਿੰਟ ਵਿਚ ਇਕ ਅਮਰੀਕੀ ਮਰ ਰਿਹਾ ਹੈ। ਤੁਹਾਨੂੰ ਅਮਰੀਕੀਆਂ ਦੀ ਚਿੰਤਾ ਨਹੀਂ ਹੈ, ਤੁਹਾਨੂੰ ਕੇਵਲ ਆਪਣੀ ਚਿੰਤਾ ਹੈ।'

## ਫੁੱਟਬਾਲ ਟੀਮ ਦੇ 6 ਖਿਡਾਰੀਆਂ ਨੂੰ ਕੋਰੋਨਾ

ਰੂਟਜਰਸ ਫੁੱਟਬਾਲ ਟੀਮ ਦੇ 6 ਖਿਡਾਰੀਆਂ ਦੀ ਕੋਰੋਨਾ ਰਿਪੋਰਟ ਪਾਜ਼ਟਿਵ ਆਉਣ ਤੋਂ ਬਾਅਦ ਸਮੁੱਚੀ ਟੀਮ ਨੂੰ ਇਕਾਂਤਵਾਸ ਵਿਚ ਭੇਜ ਦਿੱਤਾ ਗਿਆ ਹੈ। ਰੂਟਜਰਸ ਕਾਲਜ ਨੇ ਕਿਹਾ ਹੈ ਕਿ 'ਸਮੁੱਚਾ ਪ੍ਰੋਗਰਾਮ ਰੋਕ ਦਿੱਤਾ ਗਿਆ ਹੈ। ਉਹ ਸਿਹਤ ਮਾਹਿਰਾਂ ਨਾਲ ਮਿਲਕੇ ਕੰਮ ਕਰ ਰਹੇ ਹਨ। ਅਗਲਾ ਕਦਮ ਰਾਜ ਤੇ ਸਥਾਨਕ ਅਧਿਕਾਰੀਆਂ ਦੀ ਸਲਾਹ ਨਾਲ ਚੁੱਕਿਆ ਜਾਵੇਗਾ।' ਕਾਲਜ ਅਧਿਕਾਰੀਆਂ ਨੇ ਕਿਹਾ ਹੈ ਕਿ ਸਾਡੀ ਮੁੱਖ ਚਿੰਤਾ ਖਿਡਾਰੀਆਂ ਦੀ ਸੁਰੱਖਿਆ ਨੂੰ ਲੈ ਕੇ ਹੈ। ਅਮਰੀਕਾ ਵਿਚ ਕੋਰੋਨਾਵਾਇਰਸ ਕਾਰਨ ਮੌਤਾਂ ਦੀ ਕੁਲ ਗਿਣਤੀ 1,49,398 ਹੋ ਗਈ ਹੈ ਜਦ ਕਿ ਪੀੜਤਾਂ ਦੀ ਗਿਣਤੀ 43,15,709 ਹੋ ਗਈ ਹੈ।

# ਇਕ ਦੂਸਰੇ ਨੂੰ ਹੱਥ ਨਾ ਲਾਓ, ਮਾਸਕ ਜਰੂਰ ਪਾਓ, ਸਕੂਲਾਂ ਲਈ ਦਿਸ਼ਾ-ਨਿਰਦੇਸ਼ ਜਾਰੀ

ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- 'ਆਪਣੇ ਬੱਚੇ ਨੂੰ ਮਾਸਕ ਪਾਉਣਾ ਤੇ ਮਾਸਕ ਦੇ ਕਪੜੇ ਨੂੰ ਬਿਨਾਂ ਹੱਥ ਲਾਇਆਂ ਲਾਹੁਣਾ ਸਿਖਾਇਆ ਜਾਵੇ। ਦੁਪਹਿਰ ਦੇ ਖਾਣੇ ਵਕਤ ਮਾਸਕ ਨੂੰ ਵਿਸ਼ੇਸ਼ ਪਲਾਸਟਿਕ ਬੈਗ ਵਿਚ ਪਾਇਆ ਜਾਵੇ।' ਇਹ ਸੁਝਾਅ ਇਸ ਪੱਤਝੜ ਰੁੱਤੇ ਸਕੂਲ ਖੁੱਲਣ ਦੀ ਸੰਭਾਵਨਾ ਦੇ ਮੱਦੇਨਜਰ 'ਸੈਂਟਰ ਫਾਰ ਡਸੀਜ਼ ਕੰਟਰੋਲ' (ਸੀ.ਡੀ.ਸੀ) ਵੱਲੋਂ ਸਕੂਲਾਂ ਦੇ ਪ੍ਰਸ਼ਾਸਨ ਤੇ ਮਾਪਿਆਂ ਨੂੰ ਦਿੱਤੇ ਗਏ ਹਨ।



ਲੰਘੇ ਦਿਨ ਜਾਰੀ ਦਸਤਾਵੇਜ਼ ਵਿਚ ਸੀ.ਡੀ.ਸੀ ਨੇ ਕਿਹਾ ਹੈ ਵਿਦਿਆਰਥੀ ਮਾਸਕ ਪਾਉਣ, ਨਿਰੰਤਰ ਹੱਥ ਸਾਫ ਕਰਨ ਤੇ ਇਕ ਦੂਸਰੇ ਤੋਂ ਦੂਰੀ ਬਣਾਕੇ ਰੱਖਣ। ਸੀ.ਡੀ.ਸੀ ਦੇ ਡਾਇਰੈਕਟਰ ਡਾ ਰੌਬਰਟ ਰੈਡਫੀਲਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ 'ਸਕੂਲਾਂ ਦਾ ਖੁੱਲਣਾ ਸਿਹਤ ਵਿਭਾਗ ਲਈ ਬਹੁਤ ਮਹੱਤਵਪੂਰਨ ਹੈ। ਮੈ ਜਾਣਦਾ ਹਾਂ ਕਿ ਮਾਪਿਆਂ ਲਈ ਇਹ ਬਹੁਤ ਮੁਸ਼ਕਿਲ ਵਾਲਾ ਸਮਾਂ ਹੈ ਪਰ ਅਸੀਂ ਬੱਚਿਆਂ ਨੂੰ ਸਰੱਖਿਅਤ ਰੱਖਣ ਲਈ ਵਚਨਬੱਧ ਹਾਂ।'

# ਹਲਕੇ ਤੇ ਦਰਮਿਆਨੇ ਲੱਛਣਾਂ ਵਾਲਿਆਂ ਨੂੰ ਕੇਵਲ 10 ਦਿਨ ਇਕਾਂਤਵਾਸ ਵਿਚ ਰਹਿਣ ਦੀ ਲੋੜ-ਸੀ. ਡੀ. ਸੀ




ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਕੋਵਿਡ-19 ਦੇ ਹਲਕੇ ਤੇ ਦਰਮਿਆਨੇ ਲੱਛਣਾਂ ਵਾਲਿਆਂ ਨੂੰ 10 ਦਿਨਾਂ ਤੋਂ ਵਧ ਇਕਾਂਤਵਾਸ ਵਿਚ ਰੱਖਣ ਦੀ ਲੋੜ ਨਹੀਂ ਹੈ। ਅਮਰੀਕਾ ਦੇ 'ਸੈਂਟਰ ਫਾਰ ਡਸੀਜ਼ ਕੰਟਰੋਲ' (ਸੀ.ਡੀ.ਸੀ) ਨੇ ਆਪਣੇ ਤਾਜ਼ਾ ਦਿਸ਼ਾ-ਨਿਰਦੇਸ਼ਾਂ ਵਿਚ ਕਿਹਾ ਹੈ ਕਿ ਅਜਿਹੇ ਵਿਅਕਤੀਆਂ ਨੂੰ ਕੰਮ ਉਪਰ ਜਾਣ ਲਈ ਦੁਬਾਰਾ ਟੈਸਟ ਕਰਵਾਉਣ ਦੀ ਲੋੜ ਨਹੀਂ ਹੈ। ਸੀ. ਡੀ. ਸੀ ਅਨਸਾਰ ਟੈਸਟਿੰਗ ਨਹੀਂ ਬਲਕਿ ਲੱਛਣ ਦਿਸ਼ਾ-ਨਿਰਦੇਸ਼ ਹਨ। ਜੇਕਰ ਕਿਸੇ ਨੂੰ ਬੁਖ਼ਾਰ ਹੈ ਤਾਂ ਉਸ ਨੂੰ ਘਟੋ ਘੱਟ 24 ਘੰਟੇ ਅਲੱਗ ਰਖਣ ਦੀ ਲੋੜ ਹੈ। ਦਿਸ਼ਾ-ਨਿਰਦੇਸ਼ਾਂ ਬਾਰੇ ਆਪਣੇ ਤਾਜ਼ਾ ਦਸਤਾਵੇਜ਼ ਵਿਚ ਸਿਹਤ ਅਧਿਕਾਰੀਆਂ ਨੇ ਕਿਹਾ ਹੈ ਕਿ ਲੱਛਣ ਇਹ ਜਾਣਨ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਕਿਸੇ ਵਿਅਕਤੀ ਉਪਰ ਬਿਮਾਰੀ ਕਿੰਨਾ ਅਸਰ ਕਰ ਰਹੀ ਹੈ। ਵਿਅਕਤੀਆਂ ਨੂੰ ਬੇਲੋੜੇ ਇਕਾਂਤਵਾਸ ਦੀ ਜਰੂਰਤ ਨਹੀਂ ਹੈ ਤੇ ਨਾ ਹੀ ਉਨਾਂ ਨੂੰ ਕੰਮ ਜਾਂ ਹੋਰ ਜਿੰਮੇਵਾਰੀਆਂ ਨਿਭਾਉਣ ਤੋਂ ਰੋਕਿਆ ਜਾਣਾ ਚਾਹੀਦਾ ਹੈ। ਇਸ ਦਸਤਾਵੇਜ਼ ਵਿਚ ਮੰਨਿਆ ਗਿਆ ਹੈ ਕਿ "ਸਾਰਸ-ਕੋਵਿਡ-2 ਵਾਇਰਸ ਜੋ ਕੋਵਿਡ -19 ਦਾ ਕਾਰਨ ਬਣਦਾ ਹੈ, ਏਨਾ ਨਵਾਂ ਹੈ ਕਿ ਡਾਕਟਰ ਅਜੇ ਇਸ ਸਬੰਧੀ ਸਬੂਤ ਇਕੱਠੇ ਕਰ ਰਹੇ ਹਨ ਕਿ ਇਹ ਕਿਸ ਤਰਾਂ ਕੰਮ ਕਰਦਾ ਹੈ। ਜਿਵੇਂ ਜਿਵੇਂ ਹੋਰ ਅੰਕੜੇ ਇਕੱਠੇ ਹੋ ਰਹੇ ਹਨ, ਡਾਕਟਰੀ ਭਾਈਚਾਰਾ ਬੇਹਤਰ ਸਮਝ ਬਣਾ ਰਿਹਾ ਹੈ ਕਿ ਜੋ ਲੋਕ ਬਿਮਾਰੀ ਤੋਂ ਪ੍ਰਭਾਵਿਤ ਹਨ, ਉਹ ਉਸ ਨੂੰ ਅੱਗੇ ਫੈਲਣ ਤੋਂ ਕਿਵੇਂ ਰੋਕ ਸਕਦੇ ਹਨ।' ਦਸਤਾਵੇਜ਼ ਅਨੁਸਾਰ ਗੰਭੀਰ ਬਿਮਾਰੀ ਵਾਲੇ 88% ਤੋਂ ਵਧ ਮਰੀਜ਼ 10 ਦਿਨਾਂ ਬਾਅਦ ਤੇ 20 ਦਿਨਾਂ ਬਾਅਦ 95% ਮਰੀਜ ਠੀਕ ਹੋਏ ਹਨ। ਹਾਰਵਰਡ ਚਾਨ ਸਕੂਲ ਆਫ ਪਬਲਿਕ ਹੈਲਥ ਵਿਖੇ ਤਾਇਨਾਤ 'ਇਮੋਨਾਲੋਜੀ ਐਂਡ ਇਨਫੈਕਸ਼ੀਅਸ ਡਸੀਜ਼' ਦੇ ਪ੍ਰੋਫੈਸਰ ਡਾਕਟਰ ਰੋਜਰ ਸ਼ਪੀਰੋ ਨੇ ਕਿਹਾ ਹੈ ਕਿ 'ਕੋਵਿਡ- 19 ਫੈਲਣ ਦੇ ਸ਼ੁਰੂ ਵਿਚ ਸਾਡੇ ਕੋਲ ਇਸ ਕਿਸਮ ਦੇ ਅੰਕੜੇ ਨਹੀਂ ਸਨ ਪਰੰਤੂ ਹੁਣ ਅਸੀਂ ਸਹੀ ਅਰਥਾਂ ਵਿਚ ਵਿਗਿਆਨ ਅਧਾਰਤ ਸਿਫਾਰਿਸ਼ਾਂ ਕਰਨ ਵੱਲ ਵਧ ਰਹੇ ਹਾਂ। ਕੋਵਿਡ-19 ਇਕ ਅਜਿਹਾ ਵਾਇਰਸ ਹੈ ਕਿ ਇਸ ਨਾਲ ਮਰੀਜ਼ ਲੱਛਣ ਸਾਹਮਣੇ ਆਉਣ ਤੋਂ 2-3 ਦਿਨ ਪਹਿਲਾਂ ਬਿਮਾਰੀ ਨਾਲ ਬੁਰੀ ਤਰਾਂ ਪ੍ਰਭਾਵਿਤ ਹੋ ਜਾਂਦਾ ਹੈ ਤੇ ਜਦੋਂ ਲੱਛਣ ਨਜਰ ਆ ਜਾਣ ਤਾਂ ਮਰੀਜ਼ ਵਿਚ ਬਿਮਾਰੀ ਦਾ ਫੈਲਣ ਰੁਕ ਜਾਂਦਾ ਹੈ।'



# ਨਿਊਜਰਸੀ ’ਚ ਇਕ ਪੰਜਾਬੀ ਨੌਜਵਾਨ ਦੀ ਮੌਤ

## ਇਕ ਮਹੀਨੇ ਦੀ ਬੱਚੀ ਸਿਰੋਂ ਉੱਠਿਆ ਪਿਉ ਦਾ ਸਾਇਆ

ਨਿਊਜਰਸੀ, (ਰਾਜ ਗੋਗਨਾ)- ਬੀਤੇ ਦਿਨ ਨਿਊਜਰਸੀ ਸੂਬੇ ਦੇ ਟਾਊਨ ਐਲਿਜ਼ਾਬੈਥ ਵਿਖੇ ਸਪ੍ਰਿੰਗ ਸਟ੍ਰੀਟ ’ਤੇ ਸਥਿਤ ਕਾਨਕੋ ਨਾਂ ਦੇ ਗੈਸ ਸਟੇਸ਼ਨ ‘ਤੇ ਕੰਮ ਕਰਦੇ ਇਕ ਪੰਜਾਬੀ ਮੂਲ ਦੇ 40 ਸਾਲਾ ਨੌਜਵਾਨ ਪਰਮਜੀਤ ਸਿੰਘ ਲੀਰ ਦੀ ਕੰਮ ਕਰਦਿਆਂ ਪੰਪ ’ਤੇ ਹੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਭਾਈਚਾਰੇ ਵਿਚ ਪਰਮਜੀਤ ਦੀ ਮੌਤ ਦਾ ਦੁੱਖ ਜਤਾਇਆ ਜਾ ਰਿਹਾ ਹੈ, ਉਹ ਇਕ ਮਹੀਨੇ ਦੀ ਬੱਚੀ ਦਾ ਪਿਤਾ ਸੀ। ਅਤੇ ਇਕ ਸਾਲ ਪਹਿਲਾਂ ਹੀ ਉਹ ਪੰਜਾਬ ਤੋਂ ਵਿਆਹ ਕਰਵਾ ਕੇ ਪਤਨੀ ਸਮੇਤ ਅਮਰੀਕਾ ਆਇਆ ਸੀ ਅਤੇ ਅਮਰੀਕਾ ਦਾ ਸਿਟੀਜਨ ਸੀ ਅਤੇ ਉਸ ਦਾ ਪਿਛੋਕੜ ਜ਼ਿਲ੍ਹਾ ਜਲੰਧਰ ਦੇ ਨੇੜੇ ਅੱਪਰਾ ਦੇ ਪਿੰਡ ਛੋਕਰਾ ਸੀ ਜਦੋਂ ਸਵੇਰ ਦੇ ਮੌਕੇ ਇਕ ਗੋਰਾ ਗੱਡੀ ’ਚ ਤੇਲ ਪੁਵਾਉਣ ਲਈ ਆਇਆ ਤਾਂ ਉਸ ਕੋਲੋਂ ਤੇਲ ਪਾਉਣ ਲਈ ਪੰਪ ਦੀ ਨੋਜਲ ਵੀ ਨਹੀਂ ਲੱਗੀ ਤੇ ਉਹ ਉੱਥੇ ਹੀ ਡਿੱਗ ਪਿਆ। ਗੋਰੇ ਵੱਲੋਂ ਪੁਲਸ ਨੂੰ ਫੋਨ ਕਰਨ ’ਤੇ ਉਸ ਨੂੰ ਸਥਾਨਕ ਐਲਿਜ਼ਾਬੈਥ ਦੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਮੌਤ ਦਾ ਕਾਰਨ ਦਿਲ ਦੀ ਹਰਕਤ ਬੰਦ ਹੋ ਜਾਣਾ ਦੱਸਿਆ ਗਿਆ। ਪਰਮਜੀਤ ਇਕ ਸਾਲ ਪਹਿਲਾਂ ਭਾਰਤ ਤੋਂ ਵਿਆਹ ਕਰਵਾ ਕੇ ਆਇਆ ਸੀ ਅਤੇ ਦੋਵੇਂ ਪਤੀ-ਪਤਨੀ ਐਲਿਜ਼ਾਬੈਥ ਟਾਊਨ ’ਚ ਰਹਿੰਦੇ ਸਨ ਅਤੇ ਉਸ ਦੀ ਇਕ ਮਹੀਨੇ ਦੀ ਇਕ ਬੱਚੀ ਵੀ ਸੀ।

# ਟਰੰਪ ਤੇ ਜੋਅ ਬਿਡੇਨ ਵਿਚਾਲੇ ਚੋਣਾਂ ਤੋ ਪਹਿਲਾਂ ਪਹਿਲੀ ਬਹਿਸ 29 ਸਤੰਬਰ ਨੂੰ ਹੋਵੇਗੀ



ਵਾਸ਼ਿੰਗਟਨ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਤੇ ਡੈਮੋਕਰੈਟਿਕ ਉਮੀਦਵਾਰ ਜੋਅ ਬਿਡੇਨ ਵਿਚਾਲੇ ਚੋਣਾਂ ਤੋਂ ਪਹਿਲਾਂ ਪਹਿਲੀ ਬਹਿਸ ਕਲੈਵਲੈਂਡ, ਓਹੀਓ ਵਿਚ ਹੋਵੇਗੀ। ਇਹ ਐਲਾਨ ਰਾਸ਼ਟਰਪਤੀ ਦੇ ਅਹੁਦੇ ਸਬੰਧੀ ਬਹਿਸ ਕਮਿਸ਼ਨ ਨੇ ਕੀਤਾ ਹੈ। ਪਹਿਲਾਂ ਇਹ ਬਹਿਸ ਨੋਟਰ ਡੇਮ ਯੁਨੀਵਰਸਿਟੀ ਵਿਚ ਹੋਣੀ ਸੀ ਪਰ ਯੁਨੀਵਰਸਿਟੀ ਨੇ ਕੋਰੋਨਾ ਮਹਾਮਾਰੀ ਨੂੰ ਦੇਖਦਿਆਂ ਬਹਿਸ ਦੀ ਮੇਜ਼ਬਾਨੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਹੁਣ ਇਹ ਬਹਿਸ 29 ਸਤੰਬਰ ਨੂੰ ਵੈਸਟਰਨ ਰਿਜ਼ਰਵ ਯੁਨੀਵਰਸਿਟੀ ਤੇ ਕਲੈਵਲੈਂਡ ਕਲੀਨਕ ਵੱਲੋਂ ਸਾਂਝੇ ਤੌਰ ’ਤੇ ਯੁਨੀਵਰਸਿਟੀ ਦੇ ਹੈਲਥ ਐਜੂਕੇਸ਼ਨ ਕੈਂਪਸ ਵਿਚ ਆਯੋਜਿਤ ਕੀਤੀ ਜਾਵੇਗੀ।

# ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਰਿਪਬਲਿਕਨ ਓਲੰਪਿਕ ਦੌੜਾਕ ਜਿਮ ਰਾਯਨ ਨੂੰ ਮੈਡਲ ਆਫ਼ ਫਰੀਡਮ ਦਾ ਐਵਾਰਡ ਦਿੱਤਾ

ਵਾਸ਼ਿੰਗਟਨ ਡੀ.ਸੀ (ਰਾਜ ਗੋਗਨਾ)- ਜਿੰਮ ਰਾਯਨ ਨੇ 1964 ਦੇ ਓਲੰਪਿਕ ਵਿਚ 17 ਸਾਲ ਦੀ ਉਮਰ ਵਿੱਚ 1,500 ਮੀਟਰ ਦੇ ਟਰੈਕ ਈਵੈਂਟ ਵਿਚ ਹਿੱਸਾ ਲਿਆ ਸੀ ਜਿਸ ਨੇ 4 ਮਿੰਟ ਦਾ ਮੀਲ ਤੋੜਨ ਵਾਲਾ ਪਹਿਲਾ ਅਮਰੀਕੀ ਹਾਈ ਸਕੂਲ ਦਾ ਵਿਦਿਆਰਥੀ ਬਣਿਆ। ਬਾਅਦ ਵਿੱਚ ਉਸ ਨੇ ਮੈਕਸੀਕੋ ਵਿਚ 1968 ਦੀਆਂ ਗਰਮੀਆਂ ਦੀਆਂ ਖੇਡਾਂ ਵਿਚ ਚਾਂਦੀ ਦਾ ਤਗਮਾ ਜਿੱਤਿਆ ਅਤੇ ਚਾਰ ਸਾਲ ਬਾਅਦ ਜਰਮਨੀ ਵਿਚ ਦੁਬਾਰਾ ਮੁਕਾਬਲਾ ਕੀਤਾ।ਰਾਯਨ ਨੇ 19 ਸਾਲ ਦੀ ਉਮਰ ਵਿੱਚ, 3: 51.3, ਮੀਲ ਵਿੱਚ ਇੱਕ ਵਿਸ਼ਵ ਰਿਕਾਰਡ ਵੀ ਬਣਾਇਆ ਅਤੇ ਇਹ ਨਿਸ਼ਾਨ ਸੰਯੁਕਤ ਰਾਜ ਦੇ ਇਤਿਹਾਸ ਵਿੱਚ 11ਵਾਂ ਸਭ ਤੋਂ ਤੇਜ਼ ਦੌੜਾਕ ’ਚ ਉਸ ਦਾ ਨਾਂ ਦਰਜ ਹੈ। ਆਪਣੇ ਚੱਲ ਰਹੇ ਕੈਰੀਅਰ ਤੋਂ ਬਾਅਦ, ਰਾਯਨ ਨੇ ਰਿਪਬਲੀਕਨ ਪਾਰਟੀ ਦੇ ਇੱਕ ਮੈਂਬਰ ਵਜੋਂ 1996 ਤੋਂ 2007 ਤੱਕ



ਕੰਨਸਾਸ ਸੂਬੇ ਲਈ ਸੰਯੁਕਤ ਰਾਜ ਕਾਂਗਰਸ ਦੇ ਮੈਂਬਰ ਵਜੋਂ ਸੇਵਾ ਨਿਭਾਈ। ਆਜ਼ਾਦੀ ਦਾ ਰਾਸ਼ਟਰਪਤੀ ਮੈਡਲ, ਸੰਯੁਕਤ ਰਾਜ ਦੇ ਦੋ ਸਭ ਤੋਂ ਉੱਚੇ ਨਾਗਰਿਕ ਸਨਮਾਨਾਂ ਵਿਚੋਂ ਉਹ ਇਕ, ਪ੍ਰਾਪਤਕਰਤਾਵਾਂ ਨੂੰ ‘ਸੰਯੁਕਤ ਰਾਜ ਦੇ ਸੁਰੱਖਿਆ ਜਾਂ ਰਾਸ਼ਟਰੀ ਹਿੱਤਾਂ, ਵਿਸ਼ਵ ਸ਼ਾਂਤੀ, ਸਭਿਆਚਾਰਕ ਜਾਂ ਹੋਰ ਮਹੱਤਵਪੂਰਨ ਜਨਤਕ ਜਾਂ ਨਿਜੀ ਯਤਨਾਂ ਲਈ ਵਿਸ਼ੇਸ਼ ਤੌਰ ’ਤੇ ਯੋਗਦਾਨ ਪਾਉਣ ਲਈ ਮਾਨਤਾ ਦਿੰਦਾ ਹੈ। 73 ਸਾਲਾ ਰਾਯਨ ਨੇ ਮੀਡੀਏ ਨੂੰ ਦੱਸਿਆ, ਮੈਂ ਬਹੁਤ ਨਿਮਰਤ ਖੁਸ਼ਕਿਸਮਤ ਹਾਂ ਕਿ ਮੈਨੂੰ ਵੀ ਇਸ ਕਦਰ ਸਮਝਿਆ ਗਿਆ ਹੈ। ਇਕ ਚੀਜ ਜਿਹੜੀ ਇਸ ਬਾਰੇ ਸੱਚਮੁੱਚ ਵਿਸ਼ੇਸ਼ ਹੈ, ਉਹ ਇਹ ਵੀ ਹੈ ਕਿ ਮੈਂ ਆਪਣੇ ਜਿਉਂਦੇ ਜੀਵਨ ਸਮੇਂ ਇਹ ਪ੍ਰਾਪਤ ਕਰ ਰਿਹਾ ਹਾਂ। ਕਈ ਵਾਰੀ ਇਹ ਤੁਹਾਡੇ ਮਰਨ ਤੋਂ ਬਾਅਦ ਦਿੱਤੇ ਜਾਂਦੇ ਹਨ।

# ਨਿਊਯਾਰਕ ਦੇ ਗੁਰੂ ਘਰ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਿਖੇ ਸ਼ਹੀਦ ਊਧਮ ਸਿੰਘ ਜੀ ਦਾ ਸ਼ਹੀਦੀ ਦਿਹਾੜਾ

## 31 ਜੁਲਾਈ ਤੋ 2 ਅਗਸਤ ਤੱਕ ਮਨਾਇਆ ਜਾਵੇਗਾ



ਨਿਊਯਾਰਕ (ਰਾਜ ਗੋਗਨਾ)- ਸ਼ਹੀਦੋ ਕੀ ਚਿਤਾਉ ਪਰ ਲਗੇਗੇ ਹਰ ਬਰਸ ਮੇਲੇ , ਵਤਨ ਪਰ ਮਿਟਨੇ ਵਾਲੋ ਕਾ ਯਹੀ ਬਾਕੀ ਨਿਸ਼ਾ ਹੋਗਾ, ਹਿੰਦੋਸਤਾਨ ਦੀ ਆਜਾਦੀ ਲਈ ਫਾਸੀਆਂ ਦੇ ਰੱਸੇ ਚੁੰਮ ਕੇ ਤੇ ਹੱਸ ਕੇ ਆਪਣੇ ਗੱਲ ਵਿੱਚ ਪਾ ਕੇ ਲਾੜੀ ਮੌਤ ਨੂੰ ਵਿਆਹੁਣ ਵਾਲੇ ਅਣਖੀ ਅਜ਼ਾਦੀ ਦੇ ਪਰਵਾਨੇ ਮਹਾਨ ਸ਼ਹੀਦ ਸ: ਊਧਮ ਸਿੰਘ ਜੀ ਸੁਨਾਮ ਦਾ ਸ਼ਹੀਦੀ ਦਿਹਾੜਾ ਮਿੱਤੀ 31ਜੁਲਾਈ ਤੇ 2 ਅਗਸਤ ਦਿਨ ਐਤਵਾਰ ਨੂੰ ਹਰ ਸਾਲ ਦੀ ਤਰ੍ਹਾਂ ਗੁਰੂਦਵਾਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ , ਨਿਊਯਾਰਕ ਦੇ ਸਿੱਖ ਕਲਚਰਲ ਗੁਰਦੁਆਰਾ ਵਿੱਚ ਉਹਨਾਂ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ ਇਹ ਸ਼ਹੀਦੀ ਦਿਹਾੜਾ ਸ਼ਹੀਦ ਊਧਮ ਸਿੰਘ ਜੀ ਸਭਾ ਆਫ ਨਿਊਯਾਰਕ ਵੱਲੋਂ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਭਾ ਸੁਸਾਇਟੀਆਂ ਅਤੇ ਸੰਗਤਾਂ ਦੇ ਸਾਂਝੇ ਸਹਿਯੋਗ ਨਾਲ ਬੜੀ ਸ਼ਰਧਾ ਸਹਿਤ ਮਨਾਇਆ ਜਾ ਰਿਹਾ ਹੈ ਜਿਸਦੇ ਸਬੰਧ ਵਿੱਚ 31 ਜੁਲਾਈ ਦਿਨ ਸ਼ੁਕਰਵਾਰ ਨੂੰ ਸਵੇਰੇ 9:30 ਵਜੇ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਐਤਵਾਰ 2 ਅਗਸਤ ਵਾਲੇ ਦਿਨ ਸਵੇਰੇ 9:30 ਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ।ਉਪਰੰਤ ਦਿਨ ਭਰ ਦੇ ਦੀਵਾਨ ਸ਼ਹੀਦ ਊਧਮ ਸਿੰਘ ਜੀ ਦੀ ਯਾਦ ਵਿੱਚ ਹੋਣਗੇ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ ਜਾਣਗੇ।



# ਯਹੂਦੀ ਕਤਲੇਆਮ ਵਿਚ ਸ਼ਾਮਲ ਨਾਜ਼ੀ ਨੂੰ ਜਰਮਨ ਅਦਾਲਤ ਨੇ ਸਜ਼ਾ ਸੁਣਾਈ

ਅੰਮ੍ਰਿਤਸਰ ਟਾਈਮਜ਼ ਬਿਊਰੋ- ਦੁਨੀਆ ਵਿਚ ਕਈ ਭਾਈਚਾਰਿਆਂ, ਕੌਮਾਂ ਦੀਆਂ ਨਸਲਕੁਸ਼ੀਆਂ ਹੋਈਆਂ ਪਰ ਜਿਸ ਤਰ੍ਹਾਂ ਯਹੂਦੀਆਂ ਦੀ ਨਸਲਕੁਸ਼ੀ ਕਰਨ ਵਾਲੇ ਨਾਜ਼ੀ ਸਾਮਰਾਜ ਦੇ ਕਰਿੰਦਿਆਂ ਨੂੰ ਯਹੂਦੀਆਂ ਨੇ ਸਜ਼ਾਵਾਂ ਦਵਾਈਆਂ, ਉਹ ਇਕ ਦੁਨੀਆ ਦੀ ਵੱਡੀ ਮਿਸਾਲ ਹੈ। ਇਸ ਦੀ ਮੁੱਖ ਵਜ੍ਹਾ ਯਹੂਦੀਆਂ ਦੇ ਹੱਥ ਉਨਾਂ ਦਾ ਰਾਜ ਆਉਣਾ ਹੈ।

ਯਹੂਦੀਆਂ ਦੀ ਨਾਜ਼ੀਆਂ ਹੱਥੋਂ ਹੋਈ ਨਸਲਕੁਸ਼ੀ ਦੇ ਇਕ ਮਾਮਲੇ ਵਿਚ ਅੱਜ ਜਰਮਨੀ ਦੀ



ਅਦਾਲਤ ਨੇ ਨਾਜ਼ੀ ਕੈਂਪ ਵਿਚ ਬਤੌਰ ਸੁਰੱਖਿਆ ਗਾਰਡ ਤੈਨਾਤ ਰਹੇ ਇਕ ਦੋਸ਼ੀ ਨੂੰ ਸਜ਼ਾ ਸੁਣਾਈ ਹੈ। ਬਰੂਨੋ ਦੇ, ਜੋ ਕਿ ਹੁਣ 93 ਸਾਲਾਂ ਦਾ ਹੋ ਚੁੱਕਿਆ ਹੈ, ਉਹ ਉਸ ਸਮੇਂ ਮਹਿਜ਼ 17 ਸਾਲਾਂ ਦਾ ਸੀ ਜਦੋਂ ਉਹ ਯਹੂਦੀਆਂ ਨੂੰ ਬੰਦੀ ਬਣਾ ਕੇ ਰੱਖਣ ਲਈ ਬਣਾਏ ਇਕ ਨਾਜ਼ੀ ਕੈਂਪ ਦਾ ਗਾਰਡ ਸੀ। ਜਰਮਨੀ ਦੇ ਸ਼ਹਿਰ ਹੈਮਬਰਗ ਦੀ ਅਦਾਲਤ ਨੇ ਅੱਜ ਇਸ ਦੋਸ਼ੀ ਨੂੰ ਨਸਲਕੁਸ਼ੀ ਵਿਚ ਸ਼ਾਮਲ ਹੋਣ ਲਈ 2 ਸਾਲਾਂ ਦੀ ਸਸਪੈਂਡਿਡ ਸਜ਼ਾ ਸੁਣਾਈ ਹੈ।

ਬਰੂਨੋ ਨੇ ਅਗਸਤ 1944 ਅਤੇ ਅਪ੍ਰੈਲ 1945 ਦੇ ਦਰਮਿਆਨ ਨਾਜ਼ੀ ਕੈਂਪ ਵਿਚ ਬਤੌਰ ਗਾਰਡ ਕੰਮ ਕੀਤਾ ਸੀ। ਅਦਾਲਤ ਨੇ ਪਾਇਆ ਕਿ ਬਰੂਨੋ ਕੈਂਪ ਵਿਚ ਇਸ ਸਮੇਂ ਦੌਰਾਨ ਕਤਲ ਹੋਏ 5232 ਲੋਕਾਂ ਦੇ ਕਤਲਾਂ ਵਿਚ ਹਿੱਸੇਦਾਰ ਸੀ।

ਨਾਜ਼ੀ ਕੈਂਪ- ਬਰੂਨੋ ਨੇ ਅਦਾਲਤ ਵਿਚ ਇਹ ਮੰਨਿਆ ਕਿ ਉਹ ਉਸ ਕੈਂਪ ਵਿਚ ਬਤੌਰ ਗਾਰਡ ਕੰਮ ਕਰਦਾ ਰਿਹਾ ਸੀ ਪਰ ਉਸਨੇ ਕਿਹਾ ਕਿ ਉਸਨੇ ਕਿਸੇ ਵੀ ਕਤਲ ਵਿਚ ਸਿੱਧਾ ਹਿੱਸਾ ਨਹੀਂ ਲਿਆ ਅਤੇ ਦਾਅਵਾ ਕੀਤਾ ਕਿ ਉਸਨੂੰ ਕੈਂਪ ਵਿਚ ਹੋ ਰਹੇ ਇਸ ਜ਼ੁਲਮ ਦੀ ਵੀ ਜਾਣਕਾਰੀ ਨਹੀਂ ਸੀ। ਉਸਨੇ ਸੋਮਵਾਰ ਨੂੰ ਪੀੜਤ ਲੋਕਾਂ ਤੋਂ ਮੁਆਫੀ ਮੰਗੀ।

ਇਸ ਮਾਮਲੇ ਦਾ ਅਹਿਮ ਪਹਿਲੂ ਇਹ ਵੀ ਸੀ ਕਿ ਜਿਸ ਸਮੇਂ ਬਰੂਨੋ ਉਪਰੋਕਤ ਜ਼ੁਰਮਾਂ ਵਿਚ ਭਾਈਵਾਲ ਸੀ ਉਸ ਸਮੇਂ ਉਸਦੀ ਉਮਰ 18 ਸਾਲ ਤੋਂ ਘੱਟ ਸੀ। ਇਸ ਲਈ ਬਰੂਨੋ ਖਿਲਾਫ ਇਹ ਮਾਮਲਾ ਨਬਾਲਗਾਂ ਦੀ ਅਦਾਲਤ ਵਿਚ ਚੱਲਿਆ।

ਨਾਜ਼ੀ ਕੈਂਪ ਤੋਂ ਬਚ ਕੇ ਨਿੱਕਲੀਆਂ ਦੋ ਭੈਣਾਂ



ਸਜ਼ਾਯਾਫਤਾ 'ਬਰੂਨੋ ਡੀ'

ਇਸ ਮਾਮਲੇ ਵਿਚ ਇਕ ਸ਼ਿਕਾਇਤ ਕਰਤਾ ਬੀਬੀ ਨੇ ਉਪਰੋਕਤ ਨਾਜ਼ੀ ਕੈਂਪ ਦੇ ਹਾਲਾਤ ਬਿਆਨ ਕਰਦਿਆਂ ਦੱਸਿਆ ਕਿ ਉਹ ਉੱਥੇ ਉਸਦੀ ਮਾਂ ਅਤੇ ਭੈਣ ਸਮੇਤ ਬੰਦੀ ਬਣ ਕੇ ਰਹੀ ਸੀ। ਉਸਦੀ ਮਾਂ ਨੂੰ ਕੈਂਪ ਵਿਚ ਬਣੇ ਗੈਸ ਚੈਂਬਰ ਅੰਦਰ ਕਤਲ ਕਰ ਦਿਤਾ ਗਿਆ ਸੀ। ਉਹ ਅਤੇ ਉਸਦੀ ਭੈਣ ਉਸ ਕੈਂਪ ਵਿਚੋਂ ਬਚ ਨਿਕਲਣ ਵਿਚ ਕਾਮਯਾਬ ਹੋ ਗਈਆਂ ਸਨ।

ਪ੍ਰਾਪਤ ਅੰਕੜਿਆਂ ਮੁਤਾਬਕ ਇਸ ਕੈਂਪ ਨੂੰ 1945 ਵਿਚ ਨਾਜ਼ੀਆਂ ਤੋਂ ਅਜ਼ਾਦ ਕਰਵਾਇਆ ਗਿਆ ਸੀ ਤੇ ਉਸ ਸਮੇਂ ਤਕ ਇੱਥੇ 65,000 ਲੋਕਾਂ ਦਾ ਕਤਲੇਆਮ ਕੀਤਾ ਜਾ ਚੁੱਕਿਆ ਸੀ ਜਿਹਨਾਂ ਵਿਚੋਂ 70 ਫੀਸਦੀ ਯਹੂਦੀ ਦੱਸੇ ਜਾਂਦੇ ਹਨ।

## ਬੱਚਿਆਂ ਨੂੰ ਆਨਲਾਈਨ ਪੜ੍ਹਾਈ ਕਰਾਉਣ ਲਈ ਗਰੀਬ ਪਿਓ ਨੇ ਗਾਂ ਵੇਚ ਕੇ ਮੋਬਾਈਲ ਖਰੀਦਿਆ

ਅੰਮ੍ਰਿਤਸਰ ਟਾਈਮਜ਼ ਬਿਊਰੋ- ਕੋਰੋਨਾਵਾਇਰਸ ਕਾਰਨ ਸਕੂਲ ਬੰਦ ਪਏ ਹਨ ਅਤੇ ਬੱਚਿਆਂ ਨੂੰ ਤਕਨੀਕੀ ਸਾਧਨਾਂ ਰਾਹੀਂ ਆਨਲਾਈਨ ਪੜ੍ਹਾਈ ਕਰਾਈ ਜਾ ਰਹੀ ਹੈ। ਪੜ੍ਹਾਈ ਦਾ ਇਹ ਨਵਾਂ ਤਰੀਕਾ ਕਈ ਮਾਪਿਆਂ ਦੇ ਜੀਅ ਦਾ ਜੰਜਾਲ ਬਣ ਗਿਆ ਹੈ, ਸਭ ਤੋਂ ਵੱਡੀ ਮਾਰ ਇਸਦੀ ਗਰੀਬ ਪਰਿਵਾਰਾਂ ਨੂੰ ਵੱਜੀ ਹੈ। ਆਨਲਾਈਨ ਪੜ੍ਹਾਈ ਲਈ ਜ਼ਰੂਰੀ ਵਸੀਲੇ ਜਿਵੇਂ ਇੰਟਰਨੈਟ, ਮੋਬਾਈਲ, ਲੈਪਟਾਪ ਨਾ ਹੋਣ ਕਾਰਨ ਗਰੀਬ ਘਰਾਂ ਦੇ ਬੱਚੇ ਪੜ੍ਹਾਈ ਤੋਂ ਵਾਂਝੇ ਰਹਿ ਰਹੇ ਹਨ। ਗਰੀਬ ਮਾਪਿਆਂ ਵੱਲੋਂ ਆਪਣੇ ਬੱਚਿਆਂ ਨੂੰ ਇਸ ਬਦਲੇ ਸਮੇਂ ਵਿਚ ਜ਼ਰੂਰੀ ਵਸਤਾਂ ਦਾ ਪ੍ਰਬੰਧ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਣੇ ਪੈ ਰਹੇ ਹਨ।

ਅਜਿਹਾ ਹੀ ਇਕ ਮਾਮਲਾ ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਨਾਲ ਸਬੰਧਿਤ ਹੈ, ਜੋ ਅਖਬਾਰਾਂ ਦੀ ਸੁਰਖੀ ਬਣਿਆ ਹੈ। ਇੱਥੇ ਜਵਾਲਾਮੁਖੀ ਇਲਾਕੇ ਦੇ ਪਿੰਡ ਗੁੰਮਰ ਦੇ ਗਰੀਬ ਕਿਸਾਨ ਕੁਲਦੀਪ ਕੁਮਾਰ ਨੇ ਆਪਣੇ ਬੱਚਿਆਂ ਨੂੰ ਆਨਲਾਈਨ ਪੜ੍ਹਾਈ ਵਾਸਤੇ ਮੋਬਾਈਲ ਖਰੀਦਣ ਲਈ ਆਪਣੇ ਆਮਦਨ ਦਾ ਇਕੋ ਇਕ ਸਾਧਨ ਆਪਣੀ ਗਾਂ ਵੇਚ ਦਿੱਤੀ। ਇਸ ਗਾਂ ਦਾ ਦੁੱਧ ਵੇਚ ਕੇ ਹੀ ਇਹ ਪਰਿਵਾਰ ਆਪਣੀ ਜ਼ਿੰਦਗੀ ਚਲਾਉਂਦਾ ਸੀ। ਕੁਲਦੀਪ ਨੇ ਆਪਣੀ ਇਹ ਗਾਂ ਖੜ੍ਹੇ ਪੈਰ 6000 ਰੁਪਏ ਨੂੰ ਵੇਚ ਦਿੱਤੀ ਤੇ ਉਸ ਰਕਮ ਦਾ ਉਹ ਮੋਬਾਈਲ ਫੋਨ ਲੈ ਕੇ ਆਇਆ।

ਉਸਦੇ ਦੋ ਬੱਚੇ ਅਨੂ ਅਤੇ ਦੀਪੂ, ਚੌਥੀ ਅਤੇ ਦੂਜੀ ਜਮਾਤ ਵਿਚ ਪੜ੍ਹਦੇ ਹਨ। ਸਕੂਲ ਵੱਲੋਂ ਆਨਲਾਈਨ ਪੜ੍ਹਾਈ ਕਰਾਉਣ ਦੇ ਚਲਦਿਆਂ ਕੁਲਦੀਪ 'ਤੇ ਦਬਾਅ ਸੀ ਕਿ ਉਹ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਮੋਬਾਈਲ ਫੋਨ ਖਰੀਦੇ।

ਕੁਲਦੀਪ ਨੇ ਦੱਸਿਆ ਕਿ ਉਹ ਇਕ ਮਹੀਨੇ ਤੋਂ ਕੋਸ਼ਿਸ਼ ਕਰ ਰਿਹਾ ਸੀ ਕਿ ਉਸਨੂੰ ਕੋਈ 6000 ਰੁਪਏ ਉਧਾਰ ਜਾਂ ਕਰਜ਼ਾ ਦੇ ਦਵੇ ਤਾਂ ਕਿ ਉਹ ਮੋਬਾਈਲ ਫੋਨ ਖਰੀਦ ਸਕੇ। ਇਸ ਲਈ ਉਸਨੇ ਬੈਂਕ ਨਾਲ ਵੀ ਗੱਲ ਕੀਤੀ ਤੇ ਬਿਆਜੂ ਪੈਸਾ ਦੇਣ ਵਾਲਿਆਂ ਨੂੰ ਵੀ ਪੁੱਛਿਆ, ਪਰ ਉਸਦੀ ਗਰੀਬੀ ਕਰਕੇ ਉਸਨੂੰ ਕਰਜ਼ਾ ਦੇਣ ਲਈ ਕੋਈ ਤਿਆਰ ਨਹੀਂ ਹੋਇਆ।

ਕੁਲਦੀਪ ਨੇ ਦੱਸਿਆ ਕਿ ਉਸ ਕੋਲ ਤਾਂ 500 ਰੁਪਏ ਵੀ ਨਹੀਂ ਹੁੰਦੇ ਤੇ 6000 ਰੁਪਏ ਇਕੱਠੇ ਕਰਨੇ ਤਾਂ ਉਸ ਲਈ ਕਿਸੇ ਵੱਡੇ ਪਹਾੜ ਨੂੰ ਭੰਨਣ ਵਰਗਾ ਕੰਮ ਸੀ। ਅਖੀਰ ਜਦੋਂ ਉਹ ਪੈਸਿਆਂ ਦਾ ਪ੍ਰਬੰਧ ਨਾ ਕਰ ਸਕਿਆ ਤਾਂ ਉਸਨੇ ਆਪਣੀ ਇਕੋ ਇਕ ਗਾਂ ਵੇਚ ਦਿੱਤੀ ਅਤੇ ਬੱਚਿਆਂ ਦੀ ਪੜ੍ਹਾਈ ਲਈ ਉਸ ਰਕਮ ਦਾ ਮੋਬਾਈਲ ਫੋਨ ਖਰੀਦ ਲਿਆਇਆ।

ਕੁਲਦੀਪ ਪਿੰਡ ਵਿਚ ਕੱਚੇ ਘਰ 'ਚ ਰਹਿੰਦਾ ਹੈ। ਕੁਲਦੀਪ ਦਾ ਕੋਈ ਵੀ ਗਰੀਬੀ ਲਕੀਰ ਹੇਠਲਾ ਕਾਰਡ ਨਹੀਂ ਬਣਿਆ ਹੋਇਆ ਤੇ ਨਾ ਹੀ ਉਸਨੂੰ ਕਿਸੇ ਹੋਰ ਸਰਕਾਰੀ ਸਕੀਮ ਦੀ ਮਦਦ ਮਿਲ ਰਹੀ ਹੈ। ਕੁਲਦੀਪ ਨੇ ਦੱਸਿਆ ਕਿ ਘਰ ਬਣਾਉਣ ਲਈ ਉਹ ਪੰਚਾਇਤ ਨੂੰ ਕਈ ਅਰਜ਼ੀਆਂ ਦੇ ਚੁੱਕਾ ਹੈ ਤੇ ਗਰੀਬੀ ਲਕੀਰ ਹੇਠਲੀ ਸੂਚੀ ਸਮੇਤ ਹੋਰ ਸਰਕਾਰੀ ਸਕੀਮਾਂ ਵਿਚ ਨਾਮ ਦਰਜ ਕਰਾਉਣ ਲਈ ਅਪੀਲਾਂ ਕਰ ਚੁੱਕਾ ਹੈ ਪਰ ਉਸਦੀ ਕਦੇ ਨਹੀਂ ਸੁਣੀ ਗਈ।


Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy® Tustin

*Printers to the Community*




## Outdoor 3'x11' Promo Flag

**Only $29/-**

Pole & Spike $55/-




## Outdoor 3'x6' Durable Banner

All weather, durable to sunlight, rain and wear & tear. Text only.

**Only $69/-**




## Receipt Books

Customized with your information and design. 2 part carbonless with numbering and perforation.

**Call for Price**




## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**




## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

## Your Printed T-Shirts

**Only $4.99**




1 color in 1 position. Min Qty. 100

## Your Printed Caps

**Only $4.99**




## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES




South Asian Wedding Cards



CALL NOW

# ਸੰਸਦ ਮੈਂਬਰ ਸੰਤੋਖ ਚੌਧਰੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਕੇ ਸਾਕਾ ਨਕੋਦਰ ਬੇਅਦਬੀ ਦੇ ਇੰਨਸਾਫ ਦੇਣ ਦਾ ਚੋਣ ਵਾਅਦਾ ਪੂਰਾ ਕਰਨ ਦੀ ਕੀਤੀ ਮੰਗ

## 1986 ਵਿੱਚ ਸਾਕਾ ਨਕੋਦਰ ਗੋਲੀ ਕਾਂਡ ਦੌਰਾਨ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੇ ਮਾਮਲੇ ਦੀ ਮੁੜ ਜਾਂਚ ਕਰਵਾਉਣ ਲਈ ਕਿਹਾ

ਜਲੰਧਰ/ਏ.ਟੀ.ਨਿਊਜ਼- ਬਰਗਾੜੀ ਬੇਅਦਬੀ ਕਾਂਡ ਵਿੱਚ ਕਥਿਤ ਤੌਰ 'ਤੇ ਘਿਰੇ ਹੋਏ ਸ਼੍ਰੋਮਣੀ ਅਕਾਲੀ ਦਲ ਦੀਆਂ ਮੁਸਬੀਤਾਂ ਘੱਟ ਨਹੀਂ ਹੋ ਰਹੀਆਂ।ਜਲੰਧਰ ਤੋਂ ਸੰਸਦ ਮੈਂਬਰ ਚੌਧਰੀ ਸੰਤੋਖ ਸਿੰਘ ਨੇ 1986 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦਿਆ ਹੋਇਆ ਵਾਪਰੇ ਨਕੋਦਰ ਬੇਅਦਬੀ ਕਾਂਡ ਦੀ ਮੁੜ ਜਾਂਚ ਕਰਵਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਿਆ ਹੈ।ਉਨ੍ਹਾਂ ਅਪਣੇ ਪੱਤਰ ਵਿੱਚ ਲਿਖਿਆ ਹੈ ਕਿ 2 ਫਰਵਰੀ 1986 ਨੂੰ ਨਕੋਦਰ ਵਿੱਚ ਪੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਸੜ ਗਈਆਂ ਸਨ।ਸਾਂਤਮਈ ਢੰਗ ਨਾਲ 4 ਫਰਵਰੀ 1986 ਨੂੰ ਰੋਸ ਪ੍ਰਗਟਾ ਰਹੀ ਸਿੱਖ ਸੰਗਤ 'ਤੇ ਪੁਲੀਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ।ਪੁਲੀਸ ਦੀਆਂ ਗੋਲੀਆਂ ਨਾਲ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ।ਉਨ੍ਹਾਂ ਦੇ ਮਾਪੇ ਪਿੱਛਲੇ 35 ਸਾਲਾਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਨ।

ਚੌਧਰੀ ਸੰਤੋਖ ਸਿੰਘ ਨੇ ਕਿਹਾ ਕਿ ਸਾਲ 2019 ਵਿਚ ਲੋਕ ਸਭਾ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੇ ਨਾਮਜ਼ਦਗੀ ਪੱਤਰ ਦਾਖਲ ਕਰਨ ਵਾਲੇ ਦਿਨ ਨਕੋਦਰ ਬੇਅਦਬੀ ਕਾਂਡ ਵਿੱਚ ਪੁਲੀਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਚਾਰ ਸਿੱਖ ਨੌਜਵਾਨਾ ਦਾ ਮੁੱਦਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰਸਿੰਘ ਦੀ ਹਾਜ਼ਰੀ ਵਿੱਚ ਉਠਾਇਆ ਸੀ ।ਇਸ ਮੰਦਭਾਗੀ ਘਟਨਾ ਦੀ ਮੁੜ ਜਾਂਚ ਖੋਲ੍ਹਣ ਅਤੇ ਇਨਸਾਫ


ਰਵਿੰਦਰ ਸਿੰਘ ਹਰਮਿੰਦਰ ਸਿੰਘ ਝਿਲਮਣ ਸਿੰਘ ਬਲਧੀਰ ਸਿੰਘ

ਦੇਣ ਦੀ ਬੇਨਤੀ ਕੀਤੀ ਸੀ। ਕੈਪਟਨ ਅਮਰਿੰਦਰ ਸਿੰਘ ਨੇ ਉਸ ਵੇਲੇ ਵਾਅਦਾ ਕੀਤਾ ਸੀ ਕਿ ਕੇਸ ਦੁਬਾਰਾ ਖੋਲ੍ਹ ਕੇ ਜਾਂਚ ਕੀਤੀ ਜਾਵੇਗੀ।1986 ਵਿੱਚ ਜਦੋਂ ਇਹ ਮੰਦਭਾਗੀ ਘਟਨਾ ਵਾਪਰੀ ਸੀ ਤਾਂ ਉਸ ਵੇਲੇ ਜਲੰਧਰ ਦੇ ਐਸਐਸਪੀ ਇਜ਼ਹਾਰ ਆਲਮ ਸਨ ਤੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਸਨ।ਇਹ ਦੋਵੇਂ ਆਗੂ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਵਿੱਚ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹਨ।

ਚੌਧਰੀ ਸੰਤੋਖ ਸਿੰਘ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ 2017 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਮੌਕੇ ਜਦੋਂ ਕਾਂਗਰਸ ਪਾਰਟੀ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਬਰਗਾੜੀ ਵਿੱਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੁਆਏਗੀ।ਹੁਣ ਇਸ ਕੇਸ ਦੀ ਜਾਂਚ ਵਿੱਚ ਬਹੁਤ ਸਾਰੀ ਪ੍ਰਗਤੀ ਵੀ ਹੋ ਚੁੱਕੀ ਹੈ।

ਚੌਧਰੀ ਸੰਤੋਖ ਸਿੰਘ ਨੇ ਦੱਸਿਆ ਕਿ ਨਕੋਦਰ ਬੇਅਦਬੀ ਕਾਂਡ ਵਿੱਚ ਜਿਹੜੇ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਸਨ ਉਨ੍ਹਾਂ ਵਿੱਚ ਭਾਈ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਣ ਸਿੰਘ ਗੋਰਸੀਆਂ ਅਤੇ ਹਰਮਿੰਦਰ ਸਿੰਘ ਚਾਲੂਪਰ ਸ਼ਾਮਿਲ ਸਨ। ਇਸ ਘਟਨਾ ਦੀ ਜਾਂਚ ਲਈ ਹਾਲਾਂਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਗਿਆ ਸੀ। ਪਹਿਲਾਂ ਤਾਂ ਉਸ ਦੀ ਲੰਮਾਂ ਸਮਾਂ ਰਿਪੋਰਟ ਹੀ ਪੇਸ਼ ਨਹੀਂ ਹੋਈ। ਬਾਦਲ ਸਰਕਾਰ ਨੇ 2001 ਵਿੱਚ ਚਰਨਜੀਤ ਸਿੰਘ ਅਟਵਾਲ ਦੇ ਸਪੀਕਰ ਹੁੰਦਿਆ ਹੋਇਆ ਬੜੀ ਚਾਲਕੀ ਨਾਲ ਇਸ ਰਿਪੋਰਟ ਦਾ ਇੱਕ ਹਿੱਸਾ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤਾ ਸੀ, ਪਰ ਉਸ 'ਤੇ ਬਾਦਲ ਸਰਕਾਰ ਨੇ ਕਾਰਵਾਈ ਨਹੀਂ ਸੀ ਕੀਤੀ।

ਉਧਰ ਇਸ ਘਟਨਾ ਵਿੱਚ ਸ਼ਹੀਂਦ ਹੋਏ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਉਮੀਦ ਪ੍ਰਗਟਾਈ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੁਆਉਣਗੇ। ਉਨ੍ਹਾਂ ਦੱਸਿਆ ਕਿ ਏਸੇ ਸਾਲ 14 ਮਾਰਚ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਕੋਲ ਵੀ ਮੁੱਦੇ ਨੂੰ ਉਠਾਇਆ ਸੀ ਪਰ ਅਜੇ ਤੱਕ ਕੋਈ ਜਵਾਬ ਨਹੀਂ ਆਇਆ ਕਿ ਕੀ ਕਾਰਵਾਈ ਕੀਤੀ ਹੈ।

## ਭਾਈ ਹਵਾਰਾ ਦਾ ਤੁਰੰਤ ਇਲਾਜ ਕਰਵਾਏ ਸਰਕਾਰ-ਜਥੇਦਾਰ ਅਕਾਲ ਤਖ਼ਤ ਸਾਹਿਬ

ਤਲਵੰਡੀ ਸਾਬੋ/ਏ.ਟੀ.ਨਿਊਜ਼- ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਭਾਈ ਜਗਤਾਰ ਸਿੰਘ ਹਵਾਰਾ ਨੂੰ ਚਿੱਟੇ ਮੋਤੀਏ ਕਾਰਨ ਅੱਖ ਦਾ ਇਲਾਜ ਕਰਵਾਉਣ ਵਿਚ ਭਾਰੀ ਦਿੱਕਤ ਪੇਸ਼ ਆ ਰਹੀ ਹੈ। ਜੇਲ੍ਹ ਪ੍ਰਸ਼ਾਸਨ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਭਾਈ



ਹਵਾਰਾ ਦਾ ਉਚਿੱਤ ਇਲਾਜ ਕਰਵਾਏ ਤਾਂ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਜੇਲ੍ਹ ਪ੍ਰਸ਼ਾਸਨ ਉਨ੍ਹਾਂ ਦੀ ਅੱਖ ਦੇ ਇਲਾਜ ਤੋਂ ਲਗਾਤਾਰ ਆਨਾਕਾਨੀ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਇਲਾਜ ਨਾ ਹੁੰਦਾ ਦੇਖ ਕੇ ਭਾਈ ਹਵਾਰਾ ਦੇ ਵਕੀਲਾਂ ਨੂੰ ਅਦਾਲਤ ਦਾ ਸਹਾਰਾ ਲੈਣਾ ਪੈ ਰਿਹਾ ਹੈ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਭਾਜਪਾ ਦਲ ਬਦਲੀ ਨੂੰ ਉਤਸ਼ਾਹਿਤ ਕਰਕੇ ਲੋਕਤੰਤਰ ਦਾ ਕਰ ਰਹੀ ਏ ਘਾਣ

## ✪ ਰਾਜਸਥਾਨ ਵਿੱਚ ਕਾਂਗਰਸ ਦੇ 19 ਵਿਧਾਇਕ ਪਾਇਲਟ ਦੀ ਅਗਵਾਈ 'ਚ ਕਾਂਗਰਸ ਤੋਂ ਬੇ-ਮੁੱਖ ਹੋਏ

## ✪ ਵਿਧਾਨ ਸਭਾ ਦੇ ਸਪੀਕਰ ਵਲੋਂ ਜਾਰੀ ਅਯੋਗਤਾ ਨੋਟਿਸਾਂ ਨੂੰ ਲੈ ਕੇ ਪਾਇਲਟ ਧੜੇ ਨੇ ਰਾਜਸਥਾਨ ਹਾਈਕੋਰਟ ਵਿੱਚ ਪਟੀਸ਼ਨ ਪਾਈ

-ਗੁਰਮੀਤ ਸਿੰਘ ਪਲਾਹੀ (9815802070)

ਸੂਬੇ ਰਾਜਸਥਾਨ ਵਿੱਚ ਕਾਂਗਰਸ ਦੇ 19 ਵਿਧਾਇਕ ਸਚਿਨ ਪਾਇਲਟ ਦੀ ਅਗਵਾਈ ਵਿੱਚ ਕਾਂਗਰਸ ਤੋਂ ਬੇ-ਮੁੱਖ ਹੋ ਗਏ ਹਨ ਅਤੇ ਰਾਜਸਥਾਨ ਵਿਧਾਨ ਸਭਾ ਦੇ ਸਪੀਕਰ ਵਲੋਂ ਜਾਰੀ ਅਯੋਗਤਾ ਨੋਟਿਸਾਂ ਨੂੰ ਲੈ ਕੇ ਰਾਜਸਥਾਨ ਹਾਈਕੋਰਟ ਵਿੱਚ ਪਟੀਸ਼ਨ ਪਾਈ ਬੈਠੇ ਹਨ। ਰਾਜਸਥਾਨ ਵਿਧਾਨ ਸਭਾ ਦੇ ਸਪੀਕਰ ਇਸ ਪਟੀਸ਼ਨ ਵਿਰੁਧ ਭਾਰਤੀ ਸੁਪਰੀਮ ਕੋਰਟ ਚਲੇ ਗਏ ਸਨ। ਉਥੋਂ ਉਹਨਾ ਨੂੰ ਕੋਈ ਰਾਹਤ ਨਹੀਂ ਮਿਲੀ। ਰਾਜ ਸਭਾ ਦੇ ਦੋ ਮੈਂਬਰ ਦਲ ਬਦਲਣ ਕਾਰਨ ਸੰਸਦ ਮੈਂਬਰੀ ਗੁਆ ਚੁੱਕੇ ਹਨ। ਗੋਆ ਵਿੱਚ 15 ਵਿਚੋਂ 10 ਵਿਧਾਨ ਸਭਾ ਮੈਂਬਰ ਭਾਜਪਾ ਵਿਚ ਸ਼ਾਮਲ ਹੋ ਗਏ। ਤਿਲੰਗਾਨਾ ਵਿਚ ਕਾਂਗਰਸ ਦੇ 16 ਵਿਧਾਇਕਾਂ ਵਿਚੋਂ 12 ਸੱਤਾਧਾਰੀ ਟੀ.ਆਰ.ਐਸ. ਦੀ ਸ਼ਰਨ ਵਿੱਚ ਆ ਗਏ। ਕਰਨਾਟਕ ਵਿੱਚ ਕਾਂਗਰਸ-ਜੇ.ਡੀ.ਐਸ. ਦੇ ਵਿਧਾਇਕ ਅਸਤੀਫ਼ਾ ਦੇ ਕੇ ਭਾਜਪਾ ਵਿਚ ਸ਼ਾਮਲ ਹੋ ਗਏ। ਮੱਧ ਪ੍ਰਦੇਸ਼ ਵਿੱਚ ਕਾਂਗਰਸ ਦੀ ਸਰਕਾਰ ਭਾਜਪਾ ਨੇ ਹਥਿਆ ਲਈ। ਦਲਬਦਲੂਆਂ ਨੂੰ ਮੰਤਰੀ ਦਾ ਅਹੁਦਾ ਨਸੀਬ ਹੋ ਗਿਆ। ਇਸ ਖੇਡ ਨੂੰ ਜੋਤੀਅਦਿਤਾ ਸਿੰਧੀਆ ਨੇ ਅੰਜ਼ਾਮ ਦਿੱਤਾ। ਮਹਾਂਰਾਸ਼ਟਰ ਵਿਚ ਵੀ ਇਹ ਖੇਡ ਖੇਡਣ ਦੀਆਂ ਤਿਆਰੀਆਂ ਹਨ। ਹੋ ਸਕਦਾ ਹੈ ਪੰਜਾਬ ਦੀ ਵੀ ਵਾਰੀ ਆ ਜਾਏ। ਚੋਣਾਂ ਤੋਂ ਪਹਿਲਾਂ ਟਿਕਟ ਦੇ ਲਈ ਦਲ ਬਦਲ ਦੀ ਖੇਡ ਤਾਂ ਆਮ ਹੋ ਚੁੱਕੀ ਸੀ, ਪਰ ਚੋਣ ਜਿਤਣ ਦੇ ਬਾਅਦ ਵਿਧਾਇਕ ਜਾਂ ਸਾਂਸਦ ਅਹੁਦਿਆਂ ਦੇ ਲਾਲਚ ਵਿਚ ਜਿਸ ਢੰਗ ਨਾਲ ਪਾਰਟੀਆਂ ਬਦਲਣ ਲੱਗ ਪਏ ਹਨ ਅਤੇ ਕੇਂਦਰ ਵਿਚ ਸੱਤਾਧਾਰੀ ਪਾਰਟੀ ਦਲਬਦਲ ਨੂੰ ਜਿਸ ਤਰ੍ਹਾਂ ਉਤਸ਼ਾਹਤ ਕਰ ਰਹੀ ਹੈ, ਉਸ ਨੂੰ ਕੀ ਇੱਕ ਦੇਸ਼ ਇੱਕ ਪਾਰਟੀ ਰਾਜ ਵੱਲ ਵੱਧਦੇ ਤਿੱਖੇ ਕਦਮਾਂ ਦਾ ਨਾਅ ਨਹੀਂ ਦਿੱਤਾ ਜਾਏਗਾ?

### ਕਾਂਗਰਸ ਦੇ ਰਾਹ 'ਤੇ ਚੱਲੀ ਭਾਜਪਾ

ਕਦੇ ਕਾਂਗਰਸ ਸੱਭੋ ਕੁਝ ਆਪਣੇ ਹੱਕ ਦੀ ਰਾਜਨੀਤਿਕ ਖੇਡ, ਦੇਸ਼ ਭਰ ਵਿੱਚ ਖੇਡਦੀ ਰਹੀ। ਵਿਰੋਧੀਆਂ ਦੀਆਂ ਸਰਕਾਰਾਂ ਤੋੜਦੀ ਰਹੀ ਅਤੇ ਹੁਣ ਉਹੀ ਪਾਰਟੀ ਭਾਜਪਾ ਦੀਆਂ ਵਿਸਥਾਰਵਾਦੀ ਨੀਤੀਆਂ ਦਾ ਸ਼ਿਕਾਰ ਹੋਈ ਪਈ ਹੈ। ਸਿੱਟੇ ਵਜੋਂ ਦੇਸ਼ ਵਿੱਚ ਲੋਕਤੰਤਰ ਦੀ ਹੱਤਿਆ ਹੋ ਰਹੀ ਹੈ। 1960-70 ਦੇ ਦਹਾਕੇ ਵਿੱਚ ਕਈ ਨੇਤਾਵਾਂ ਨੇ ਦੋ-ਦੋ ਸਿਆਸੀ ਦਲ ਬਦਲੇ। 30 ਅਕਤੂਬਰ 1967 ਨੂੰ ਹਰਿਆਣਾ ਦੇ ਵਿਧਾਇਕ 'ਗਿਆ ਲਾਲ' ਨੇ ਇੱਕ ਦਿਨ ਵਿਚ ਦੋ ਦਲ ਬਦਲ ਲਏ। ਉਸਨੇ ਹੀ ਪੰਦਰਾਂ ਦਿਨਾਂ ਵਿਚ ਤਿੰਨ ਦਲ ਬਦਲਣ ਦਾ ਰਿਕਾਰਡ ਕਾਇਮ ਕੀਤਾ ਸੀ। ਗਿਆ ਲਾਲ ਪਹਿਲਾਂ ਕਾਂਗਰਸ ਵਿੱਚੋ ਜਨਤਾ ਦਲ ਵਿਚ ਗਏ, ਫਿਰ ਵਾਪਸ ਕਾਂਗਰਸ ਵਿੱਚ ਆਏ ਅਤੇ ਅਗਲੇ 9 ਘੰਟਿਆਂ ਵਿਚ ਦੁਬਾਰਾ ਕਾਂਗਰਸ ਵਿੱਚ ਪਰਤ ਆਏ। ਇਹੋ ਵਿਧਾਇਕ 'ਆਇਆ ਰਾਮ-ਗਿਆ ਰਾਮ' ਦੇ ਨਾਂਅ ਨਾਲ ਪ੍ਰਸਿੱਧੀ ਪ੍ਰਾਪਤ ਕਰ ਗਿਆ। ਲੋਕਤੰਤਰਿਕ ਪਰਕਿਰਿਆ ਵਿੱਚ ਸਿਆਸੀ ਦਲ ਸਭ ਤੋਂ ਅਹਿਮ ਹਨ ਅਤੇ ਮੰਨਿਆ ਜਾਂਦਾ ਹੈ ਕਿ ਉਹ ਸਮੂਹਿਕ ਆਧਾਰ 'ਤੇ ਫ਼ੈਸਲੇ ਲੈਂਦੇ ਹਨ। ਪਰ ਪਿਛਲੇ ਸਮੇਂ ਵਿਚ ਕੁਝ ਪਰਿਵਾਰਾਂ ਹੱਥ ਸਿਆਸੀ ਪਾਰਟੀਆਂ ਦੀ ਵਾਂਗਡੋਰ ਹੋਣ ਕਾਰਨ ਇਹ ਫ਼ੈਸਲੇ ਆਪਣੀ ਨਿੱਜ ਦੀ ਤਾਕਤ ਵਧਾਉਣ ਲਈ ਕੀਤੇ ਜਾਣ ਲੱਗ ਪਏ ਹਨ। ਅਸਲ ਵਿੱਚ ਤਾਂ ਆਜ਼ਾਦੀ ਦੇ ਕੁਝ ਵਰ੍ਹਿਆਂ ਬਾਅਦ ਹੀ ਸਿਆਸੀ ਦਲਾਂ ਨੂੰ ਮਿਲਣ ਵਾਲੇ ਸਮੂਹਿਕ ਲੋਕਾਂ ਦੇ ਚੋਣ ਫ਼ੈਸਲਿਆਂ ਦੀ ਅਣਦੇਖੀ ਕੀਤੀ ਜਾਣ ਲੱਗ ਪਈ ਸੀ। ਵਿਧਾਇਕਾਂ ਅਤੇ ਸਾਂਸਦਾਂ ਦੇ ਜੋੜ-ਤੋੜ ਨਾਲ ਸਰਕਾਰਾਂ ਬਨਣ ਤੇ ਡਿੱਗਣ ਲੱਗੀਆਂ। ਸਾਲ 1960-70 ਦੇ ਦਹਾਕੇ ਵਿਚ ਇਹ ਪ੍ਰਵਿਰਤੀ ਵਧਣ ਲੱਗੀ। ਸਾਂਸਦ, ਵਿਧਾਇਕਾਂ ਦੀ ਖਰੀਦੋ-ਫਰੋਖ਼ਤ ਦਾ ਵਰਤਾਰਾ ਹੋਂਦ ਵਿਚ ਆਇਆ। ਰਾਜਨੀਤੀ ਦਾ ਰਿਸ਼ਤਾ ਜਨ ਸੇਵਾ ਨਾਲ ਕੱਚੇ ਧਾਗੇ ਵਰਗਾ ਹੋ ਗਿਆ। ਲੋਕਤੰਤਰ ਹੁਣ ਸਿਰਫ਼ ਨੇਤਾਵਾਂ ਦੇ ਸਹਾਰੇ ਨਹੀਂ ਚੱਲਦਾ।

ਦਰਅਸਲ ਲੋਕਤੰਤਰ ਦੇ ਥੰਮ ਨਿਆਂਪਾਲਿਕਾ, ਕਾਰਜਪਾਲਿਕਾ, ਵਿਧਾਨ ਪਾਲਿਕਾ ਕਿਉਂਕਿ ਪੰਗੂ ਬਣ ਕੇ ਰਹਿ ਗਏ ਹਨ, ਇਸ ਕਰਕੇ ਲੋਕਤੰਤਰ ਤਾਂ ਜਿਵੇਂ ਹੁਣ ਵਣਜ ਵਪਾਰ ਬਣਕੇ ਰਹਿ ਗਿਆ ਹੈ। ਹੁਣ ਜਦੋਂ ਸਰਕਾਰਾਂ ਤੋੜਨ-ਬਨਾਉਣ ਦਾ ਸਿਲਸਿਲਾ ਚੱਲਦਾ ਹੈ ਤਾਂ ਦੇਸ਼ ਦੇ ਵੱਡੇ ਰਿਜ਼ਾਰਟਾਂ ਵਿੱਚ ਸੌਦੇਬਾਜੀ ਹੁੰਦੀ ਹੈ। ਵੱਡੇ-ਵੱਡੇ ਨੌਕਰਸ਼ਾਹ ਵੀ ਇਹਨਾ ਸੌਦਿਆਂ ਨੂੰ ਸਿਰੇ ਲਾਉਣ ਲਈ ਮੋਹਰੀ ਭੂਮਿਕਾ ਨਿਭਾਉਂਦੇ ਨਜ਼ਰ ਆਉਂਦੇ ਹਨ।



### ਦਲ ਬਦਲੂਆਂ ਨੂੰ ਰੋਕਣ ਲਈ ਕਾਨੂੰਨ

ਦਲ ਬਦਲੂਆਂ ਨੂੰ ਰੋਕਣ ਲਈ ਭਾਰਤੀ ਸੰਵਿਧਾਨ ਦੀ 10ਵੀਂ ਅਨਸੂਚੀ, ਜਿਸ ਨੂੰ ਦਲਬਦਲੂ ਵਿਰੋਧੀ ਕਾਨੂੰਨ ਕਿਹਾ ਜਾਂਦਾ ਹੈ, ਸਾਲ 1985 ਵਿੱਚ 52ਵੀਂ ਸੰਵਿਧਾਨਿਕ ਸੋਧ ਦੁਆਰਾ ਸੰਸਦ ਵਿਚ ਲਿਆਂਦਾ ਗਿਆ ਸੀ। ਉਸ ਵੇਲੇ ਦੇਸ਼ ਵਿੱਚ ਕਾਂਗਰਸ ਪਾਰਟੀ ਦਾ ਰਾਜ ਸੀ ਅਤੇ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸਨ। ਇਸ ਸੋਧ ਦਾ ਉਦੇਸ਼ ਸਿਆਸੀ ਲਾਭ ਤੇ ਅਹੁਦੇ ਦੇ ਲਾਲਚ ਵਿੱਚ ਦਲ ਬਦਲ ਕਰਨ ਵਾਲੇ ਲੋਕ-ਪ੍ਰਤੀਨਿਧੀਆਂ ਭਾਵ ਸਾਂਸਦਾਂ, ਵਿਧਾਇਕਾਂ ਨੂੰ ਮੈਂਬਰੀ ਤੋਂ ਅਯੋਗ ਕਰਾਰ ਦੇਣਾ ਹੈ, ਤਾਂ ਕਿ ਸੰਸਦ ਦੀ ਸਥਿਰਤਾ ਬਣੀ ਰਹੇ। ਇਹ ਕਨੂੰਨ ਪਾਸ ਵੀ ਕਰ ਦਿੱਤਾ ਗਿਆ। ਇਸ ਕਨੂੰਨ ਤਹਿਤ ਇਹ ਤਹਿ ਹੋਇਆ ਕਿ ਜੇਕਰ ਕੋਈ ਚੁਣਿਆ ਹੋਇਆ ਪ੍ਰਤੀਨਿਧ ਆਪਣੀ ਮਰਜ਼ੀ ਨਾਲ ਆਪਣੇ ਸਿਆਸੀ ਦਲ ਵਿਚੋਂ ਅਸਤੀਫ਼ਾ ਦਿੰਦਾ ਹੈ ਜਾਂ ਕੋਈ ਅਜ਼ਾਦ ਵਿਧਾਇਕ ਕਿਸੇ ਸਿਆਸੀ ਦਲ ਵਿਚ ਸ਼ਾਮਲ ਹੁੰਦਾ ਹੈ, ਜਾਂ ਕੋਈ ਵਿਧਾਇਕ ਸਦਨ ਵਿੱਚ ਆਪਣੀ ਪਾਰਟੀ ਵਿਰੁੱਧ ਵੋਟ ਦਿੰਦਾ ਹੈ ਜਾਂ ਵੋਟਿੰਗ ਵੇਲੇ ਗੈਰ-ਹਾਜ਼ਰ ਰਹਿੰਦਾ ਹੈ, ਉਸਨੂੰ ਅਯੋਗ ਘੋਸ਼ਿਤ ਕੀਤਾ ਜਾ ਸਕਦਾ ਹੈ। ਪਰ ਨਾਲ ਹੀ ਇਸ ਕਨੂੰਨ ਵਿੱਚ ਇਹ ਮਦ ਸ਼ਾਮਲ ਸੀ ਕਿ ਜੇਕਰ ਕਿਸੇ ਸਿਆਸੀ ਦਲ ਦੇ ਇਕ ਤਿਹਾਈ ਮੈਂਬਰ ਪਾਰਟੀ ਵਿਚੋਂ ਅਸਤੀਫ਼ਾ ਦੇਕੇ ਆਪਣਾ ਨਵਾਂ ਦਲ ਬਣਾ ਲੈਂਦੇ ਹਨ ਤਾਂ ਉਹ ਅਯੋਗ ਐਲਾਨੇ ਨਹੀਂ ਜਾ ਸਕਦੇ। ਇਸ ਕਨੂੰਨ ਵਿੱਚ 91ਵੀਂ ਸੰਵਿਧਾਨਿਕ ਸੋਧ ਇਹ ਵੀ ਕੀਤੀ ਗਈ ਕਿ ਸੂਬਿਆਂ ਦੇ ਮੰਤਰੀ ਮੰਡਲ ਦਾ ਆਕਾਰ ਕੁਲ ਵਿਧਾਇਕਾਂ ਦਾ 15 ਫ਼ੀਸਦੀ ਤੱਕ ਸੀਮਤ ਹੋਏਗਾ ਪਰ ਕੈਬਨਿਟ ਰੈਂਕ ਦੇ 12 ਮੰਤਰੀ ਉਸ ਵਿੱਚ ਜ਼ਰੂਰ ਹੋਣਗੇ। ਇਸ ਸੋਧ ਵਿੱਚ 10ਵੀਂ ਸੂਚੀ ਦੀ ਧਾਰਾ 3 ਨੂੰ ਖ਼ਤਮ ਕਰ ਦਿੱਤਾ ਗਿਆ ਜੋ ਕਹਿੰਦੀ ਸੀ ਕਿ ਇਕ ਤਿਹਾਈ ਮੈਂਬਰ ਇਕੱਠੇ ਹੋ ਕੇ ਦਲ ਬਦਲ ਸਕਦੇ ਹਨ। ਇਸ ਦਲ ਬਦਲ ਕਨੂੰਨ ਦੇ ਹੱਕ ਵਿਚ ਇਹ ਤਰਕ ਦਿੱਤਾ ਜਾਂਦਾ ਰਿਹਾ ਕਿ ਜਨਤਾ ਦਾ, ਜਨਤਾ ਲਈ ਅਤੇ ਜਨਤਾ ਰਾਹੀਂ ਸਾਸ਼ਨ ਹੀ ਲੋਕਤੰਤਰ ਹੈ। ਲੋਕਤੰਤਰ ਵਿੱਚ ਜਨਤਾ ਹੀ ਸੱਤਾਧਾਰੀ ਹੁੰਦੀ ਹੈ, ਉਸਦੀ ਸਹਿਮਤੀ ਨਾਲ ਹੀ ਸਾਸ਼ਨ ਹੁੰਦਾ ਹੈ। ਪਰ ਦੇਸ਼ ਭਾਰਤ ਦਾ ਲੋਕਤੰਤਰ ਤਾਂ ਹੁਣ ਇੱਕ ਪਾਰਟੀ ਰਾਜ ਨੂੰ ਹੀ ਉਤਸ਼ਾਹਤ ਕਰਦਾ ਨਜ਼ਰ ਆਉਂਦਾ ਹੈ। ਹੁਣ ਤਾਂ ਹਾਕਮ ਧਿਰਾਂ ਆਪਣੇ ਤੋਂ ਉਲਟ ਮਹੱਤਵਪੂਰਨ ਵਿਚਾਰਾਂ ਨੂੰ ਦੇਸ਼ ਧਿਰੋਹ ਦਾ ਨਾਮ ਦੇ ਰਹੀਆਂ ਹਨ ਅਤੇ ਦੇਸ਼ ਵਿਚ ਉੱਠ ਰਹੀਆਂ ਵਿਦਰੋਹੀ ਆਵਾਜ਼ਾਂ ਨੂੰ ਹਰ ਹੀਲੇ ਕੁਚਲਣ ਦੇ ਰਾਹ ਪਈਆਂ ਹਨ। ਉਹ ਦਲ ਬਦਲੂ ਕਨੂੰਨ ਜਿਹੜਾ ਸਾਂਸਦਾਂ/ਵਿਧਾਇਕਾਂ ਦੀ ਖਰੀਦੋ-ਫ਼ਰੋਖਤ ਰੋਕਣ ਲਈ ਕਾਰਗਰ ਮੰਨਿਆ ਜਾਂਦਾ ਸੀ, ਇਲਾਜ ਹੀ ਹੁਣ ਬੀਮਾਰੀ ਬਣ ਗਿਆ ਹੈ। ਇਹ ਇਸ ਲਈ ਕਿ ਇਸ ਕਨੂੰਨ ਦੇ ਕੁਝ ਪ੍ਰਾਵਾਧਾਨ ਦਲੀਲ ਪੂਰਨ ਨਹੀਂ ਹਨ। ਉਦਾਹਰਨ ਦੇ ਤੌਰ 'ਤੇ ਜੇਕਰ ਕੋਈ ਆਪਣੀ ਹੀ ਪਾਰਟੀ ਦੇ ਫ਼ੈਸਲੇ ਦੀ ਜਨਤਕ ਆਲੋਚਨਾ ਕਰਦਾ ਹੈ ਤਾਂ ਮੰਨਿਆ ਜਾਂਦਾ ਹੈ ਕਿ ਸਬੰਧਤ ਮੈਂਬਰ 10ਵੀਂ ਅਨੂਸੂਚੀ ਦੇ ਤਹਿਤ ਆਪਣੀ ਮਰਜ਼ੀ ਨਾਲ ਪਾਰਟੀ ਛੱਡਣਾ ਚਾਹੁੰਦਾ ਹੈ। ਇਹ ਪ੍ਰਾਵਾਧਾਨ ਪਾਰਟੀਆਂ ਨੂੰ ਕਿਸੇ ਹਾਲਤ ਵਿੱਚ ਆਪਣੀ ਮਨਮਰਜ਼ੀ ਨਾਲ ਵਿਆਖਿਆ ਕਰਨ ਦੀ ਸਹੂਲਤ ਦਿੰਦਾ ਹੈ। ਦੁਨੀਆ ਵਿੱਚ ਕੋਈ ਵੀ ਹੋਰ ਇਹੋ ਜਿਹਾ ਦੇਸ਼ ਨਹੀਂ ਹੈ ਜਿਥੇ ਦਲ-ਬਦਲ ਵਿਰੋਧੀ ਕਨੂੰਨ ਜਿਹੀ ਵਿਵਸਥਾ ਹੋਵੇ। ਬਰਤਾਨੀਆ, ਅਮਰੀਕਾ, ਅਸਟ੍ਰੇਲੀਆ ਆਦਿ ਦੇਸ਼ਾਂ ਵਿੱਚ ਜਨ ਪ੍ਰਤੀਨਿਧੀ ਆਪਣੇ ਸਿਆਸੀ ਦਲਾਂ ਵਿਰੁੱਧ ਵਿਚਾਰ ਰੱਖਦੇ ਹਨ ਜਾਂ ਪਾਰਟੀ ਲਾਈਨ ਤੋਂ ਅਲੱਗ ਜਾਕੇ ਵੋਟ ਪਾਉਂਦੇ ਹਨ, ਫਿਰ ਵੀ ਉਹ ਪਾਰਟੀ ਦੇ ਮੈਂਬਰ ਬਣੇ ਰਹਿੰਦੇ ਹਨ।

ਦਲ ਬਦਲ ਵਿਰੋਧੀ ਕਨੂੰਨ ਨਿਸ਼ਚਿਤ ਤੌਰ ਉਤੇ ਦਲ ਬਦਲ ਉਤੇ ਰੋਕ ਲਗਾਉਣ ਲਈ ਸਮਰੱਥ ਮੰਨਿਆ ਗਿਆ ਸੀ, ਪਰ ਪਿਛਲੇ ਸਮੇਂ ਵਿਚ ਵਾਪਰੀਆਂ ਘਟਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਨੇਤਾਵਾਂ ਤੇ ਸਿਆਸੀ ਪਾਰਟੀਆਂ ਨੇ ਇਸ ਕਨੂੰਨ ਦੀਆਂ ਵੀ, ਬਾਕੀ ਬਹੁਤੇ ਕਨੂੰਨਾਂ ਵਾਂਗਰ ਧੱਜੀਆਂ ਉਡਾ ਦਿੱਤੀਆਂ ਹਨ। ਲਾਲਚਵਸ, ਆਪਣੇ ਵਿਧਾਇਕੀ ਅਹੁਦਿਆਂ ਤੋਂ ਅਸਤੀਫ਼ੇ ਦੇਕੇ, ਮੰਤਰੀ ਪਦ ਪ੍ਰਾਪਤ ਕਰ ਲਏ, ਕਿਉਂਕਿ ਕੋਈ ਵੀ ਵਿਅਕਤੀ ਛੇ ਮਹੀਨਿਆਂ ਤੱਕ ਬਿਨ੍ਹਾਂ ਵਿਧਾਨ ਸਭਾ ਦਾ ਮੈਂਬਰ ਹੁੰਦਿਆਂ ਮੰਤਰੀ ਰਹਿ ਸਕਦਾ ਹੈ ਅਤੇ ਲੋਕਾਂ ਨੂੰ ਮਜ਼ਬੂਰਨ ਦੂਜੀ ਵੇਰ ਚੋਣਾਂ ਦੇ ਰਾਹ ਪਾ ਸਕਦਾ ਹੈ। ਮੱਧ ਪ੍ਰਦੇਸ਼ ਇਸ ਦੀ ਵੱਡੀ ਉਦਾਹਰਨ ਹੈ। ਇਹ ਭਾਰਤੀ ਲੋਕਤੰਤਰ ਵਿੱਚ ਇੱਕ ਖਤਰਨਾਕ ਰੁਝਾਨ ਹੈ।

ਦਲ ਬਦਲੂ ਕਨੂੰਨ ਬਨਾਉਣ ਵਾਲਿਆਂ ਦਾ ਉਦੇਸ਼ 'ਆਇਆ ਰਾਮ, ਗਿਆ ਰਾਮ' ਦੀ ਰਾਜਨੀਤੀ ਨੂੰ ਨੱਥ ਪਾਉਣਾ ਸੀ ਤਾਂ ਕਿ ਵੋਟਰਾਂ ਦੇ ਮੱਤਦਾਨ ਦਾ ਸਮਝੌਤਾ ਨਾ ਹੋਵੇ ਅਤੇ ਸੰਸਦੀ ਲੋਕਤੰਤਰ ਦੀ ਨੀਂਹ ਸਥਿਰ ਬਣੀ ਰਹੇ। ਪਰ ਇਹ ਕਨੂੰਨ ਵੀ ਲਾਲਚੀ ਨੇਤਾਵਾਂ ਨੇ ਆਪਣੇ ਢੰਗ ਨਾਲ ਤੋੜ-ਮਰੋੜ ਲਿਆ ਹੈ। ਇਹਨਾ ਨੇਤਾਵਾਂ ਨੇ ਗੱਦੀ ਨਾਲ ਮੋਹ ਪਾਲਦਿਆਂ ਅਸੂਲਾਂ ਦੀਆਂ ਧੱਜੀਆਂ ਉੱਡਾ ਦਿੱਤੀਆਂ ਹਨ। ਨੇਤਾਵਾਂ ਦੀ ਹਾਕਮੀ ਹਵਸ ਨੇ ਮੌਜੂਦਾ ਦੌਰ ਵਿੱਚ ਸੱਭੋ ਕੁਝ ਦਾਅ ਤੇ ਲਗਾ ਕੇ ਤਾਕਤੀ ਕੁਰਸੀ ਨੂੰ ਹੀ ਪ੍ਰਣਾਅ ਲਿਆ ਹੈ। ਕੀ ਮੰਤਰੀ ਬਨਣ ਲਈ ਜਾਂ ਕੋਈ ਹੋਰ ਅਹੁਦਾ ਪ੍ਰਾਪਤ ਕਰਨ ਲਈ ਜਿਹੜਾ ਸਾਂਸਦ/ਵਿਧਾਇਕ, ਦਲ ਬਦਲੀ ਕਰਦਾ ਹੈ, ਚੋਣ ਜਿੱਤਣ ਬਾਅਦ ਉਸਨੂੰ ਅਗਲੇ ਪੰਜ ਸਾਲਾਂ ਲਈ ਚੋਣ ਲੜਨ ਲਈ ਅਯੋਗ ਕਰਾਰ ਨਹੀਂ ਦਿੱਤਾ ਜਾਣਾ ਚਾਹੀਦਾ?

-o-

## ਦਲਿਤ ਦੀ ਕੁੱਟਮਾਰ ਕਰਕੇ ਪਿਸ਼ਾਬ ਪਿਆਇਆ

ਤਰਨਤਾਰਨ/ਏ.ਟੀ.ਨਿਊਜ਼- ਪਿੰਡ ਰਸੂਲਪੁਲ ਕਲਾਂ ਵਿਖੇ ਅਨੁਸੂਚਿਤ ਜਾਤੀ ਦੇ ਵਿਅਕਤੀ ਦੀ ਜਮੀਨ 'ਤੇ ਕਬਜ਼ਾ ਕਰਨ ਲਈ ਉਸ ਨੂੰ ਅਗਵਾ ਕਰਕੇ ਕੁੱਟਮਾਰ ਕਰਨ ਅਤੇ ਪਿਸ਼ਾਬ ਪਿਆਉਣ ਦੇ ਮਾਮਲੇ ਸਬੰਧੀ ਥਾਣਾ ਸਦਰ ਤਰਨਤਾਰਨ ਦੀ ਪੁਲਿਸ ਨੇ ਇਕ ਦਰਜਨ ਲੋਕਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਪੁਲਿਸ ਨੇ ਇਹ ਮਾਮਲਾ ਸੂਬਾ ਅਨੁਸੂਚਿਤ ਜਾਤੀ ਕਮਿਸ਼ਨ ਦੀ ਝਾੜ ਪਾਉਣ ਉਪਰੰਤ ਚਾਰ ਦਿਨਾਂ ਬਾਅਦ ਦਰਜ ਕੀਤਾ ਹੈ। ਕੁਲਵਿੰਦਰ ਕੌਰ ਪਤਨੀ ਦਿਆਲ ਸਿੰਘ ਵਾਸੀ ਰਸੂਲਪੁਰ ਕਲਾਂ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦਾ ਰਣਜੋਧ ਸਿੰਘ, ਉਸਦੇ ਲੜਕੇ ਕਰਮਜੀਤ ਸਿੰਘ, ਭੋਲਾ ਸਿੰਘ, ਜਗਜੀਤ ਸਿੰਘ ਵਾਸੀ ਰਸੂਲਪੁਰ ਨਾਲ ਜਮੀਨੀ ਝਗੜਾ ਚੱਲਦਾ ਆ ਰਿਹਾ ਹੈ। ਉਕਤ ਵਿਅਕਤੀ ਉਨ੍ਹਾਂ ਦੀ ਜਮੀਨ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਸੇ ਤਹਿਤ ਉਨ੍ਹਾਂ ਨੇ ਉਸਦੇ ਪਤੀ ਨੂੰ ਅਗਵਾ ਕਰਕੇ ਰੁੱਖ ਨਾਲ ਬੰਨ੍ਹ ਕੇ ਉਸਦੀ ਕੁੱਟਮਾਰ ਕੀਤੀ। ਉਸ ਨੂੰ ਪਿਸ਼ਾਬ ਤਕ ਵੀ ਪਿਆਇਆ ਗਿਆ। ਜਿਸ ਤੋਂ ਬਾਅਦ ਉਕਤ ਔਰਤ ਵੱਲੋਂ ਐੱਸਸੀ ਕਮਿਸ਼ਨ ਨੂੰ ਸ਼ਿਕਾਇਤ ਕਰਨ ਉਪਰੰਤ 21 ਜੁਲਾਈ ਨੂੰ ਪਿੰਡ ਪੁੱਜੇ ਕਮਿਸ਼ਨ ਦੇ ਮੈਂਬਰ ਰਾਜ ਕੁਮਾਰ ਹੰਸ ਨੇ ਪੁਲਿਸ ਵੱਲੋਂ ਕੋਈ ਠੋਸ ਕਾਰਵਾਈ ਨਾ ਕਰਨ 'ਤੇ ਪੁਲਿਸ ਨੂੰ ਝਾੜ ਪਾਉਂਦਿਆਂ ਸਖਤ ਕਾਰਵਾਈ ਕਰਨ ਦੇ ਨਿਰਦੇਸ਼ ਦੇ ਦਿੱਤੇ। ਇਸ ਸਬੰਧੀ ਥਾਣਾ ਸਦਰ ਤਰਨਤਾਰਨ ਦੀ ਪੁਲਿਸ ਨੇ ਬੀਤੇ ਦਿਨੀਂ ਉਕਤ ਲੋਕਾਂ ਤੋਂ ਇਲਾਵਾ ਬਿੱਲਾ ਸਰਪੰਚ ਪਿੰਡ ਜੌੜਾ, ਮਿੰਟੂ ਵਾਸੀ ਸੰਘਾ ਅਤੇ ਪੰਜ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਹਾਲਾਂਕਿ ਕਿਸੇ ਵੀ ਮੁਲਜਮ ਦੀ ਅਜੇ ਤਕ ਗ੍ਰਿਫਤਾਰੀ ਨਹੀਂ ਹੋ ਸਕੀ। ਜਿਕਰਯੋਗ ਹੈ ਕਿ ਕਮਿਸ਼ਨ ਨੇ ਇਸ ਮਾਮਲੇ ਬਾਰੇ ਜਾਂਚ ਕਰਦਿਆਂ ਐੱਸਸੀ ਐੱਸਟੀ ਐਕਟ ਦੀ ਧਾਰਾ ਲਗਾਉਣ ਲਈ ਪੁਲਿਸ ਨੂੰ ਕਿਹਾ ਸੀ। ਪਰ ਪੁਲਿਸ ਨੇ ਦੋਸ਼ੀਆਂ ਖਿਲਾਫ ਇਹ ਧਾਰਾ ਨਹੀਂ ਲਗਾਈ। ਕਮਿਸ਼ਨ ਨੇ ਪੁਲਿਸ ਨੂੰ ਰਿਕਾਰਡ ਸਮੇਤ 29 ਜੁਲਾਈ ਨੂੰ ਤਲਬ ਕਰ ਲਿਆ ਹੈ। ਏਐੱਸਆਈ ਬਲਬੀਰ ਸਿੰਘ ਨੇ ਦੱਸਿਆ ਕਿ ਉਕਤ ਮਾਮਲੇ ਦੀ ਜਾਂਚ ਉੱਚ ਅਧਿਕਾਰੀ ਕਰ ਰਹੇ ਹਨ। ਪੁਲਿਸ ਨੇ ਕੇਸ ਦਰਜ ਕਰਕੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਐੱਸਸੀ ਐੱਸਟੀ ਐਕਟ ਦੀ ਜਾਂਚ ਉਪਰੰਤ ਧਾਰਾ ਵਿਚ ਵਾਧਾ ਕਰ ਦਿੱਤਾ ਜਾਵੇਗਾ।

### ਸਿਹਤ ਖਬਰਾਂ

## ਬੱਚਿਆਂ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਨੂੰ ਪਛਾਣੋ

(ਅੰਮ੍ਰਿਤਸਰ ਟਾਈਮਜ਼ ਬਿਊਰੋ)- ਬੱਚਿਆਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਮਾਪਿਆਂ ਲਈ ਚੁਣੌਤੀ ਭਰਿਆ ਕੰਮ ਹੈ। ਮਾਨਸਿਕ ਸਮੱਸਿਆਵਾਂ ਦੇ ਲੱਛਣਾਂ ਨੂੰ ਪਛਾਣਨ ਲਈ ਕਈ ਮਹੀਨੇ ਲੱਗਦੇ ਹਨ। ਕੁਝ ਮਾਪੇ ਉਨ੍ਹਾਂ ਦੀ ਮਾਨਸਿਕ ਸਥਿਤੀ ਨੂੰ ਇਸ ਲਈ ਵੀ ਨਜ਼ਰਅੰਦਾਜ਼ ਕਰ ਦਿੰਦੇ ਹਨ ਕਿਉਂਕਿ ਉਨ੍ਹਾਂ ਦੇ ਬੱਚੇ ਨੂੰ 'ਪਾਗਲ' ਕਿਹਾ ਜਾਣ ਲੱਗ ਪਏਗਾ। ਜੇ ਤੁਹਾਨੂੰ ਸ਼ੱਕ ਹੈ ਕਿ ਉਸ ਨੂੰ ਮਾਨਸਿਕ ਬਿਮਾਰੀ ਹੈ, ਤਾਂ ਪ੍ਰੋਫੈਸ਼ਨਲ ਦੀ ਮਦਦ ਲੈਣੀ ਉਚਿਤ ਹੋਵੇਗੀ। ਸਰੀਰਕ ਤੇ ਮਨੋਵਿਗਿਆਨਕ ਵਿਕਾਸ ਲਈ ਬੱਚਿਆਂ ਨੂੰ ਗੈਰ-ਅਨੁਕੂਲ ਵਾਤਾਵਰਣ ਤੋਂ ਬਚਾਉਣਾ ਜ਼ਰੂਰੀ ਹੈ। ਸਰੀਰਕ ਤੇ ਸਮਾਜਿਕ ਤਬਦੀਲੀਆਂ, ਆਰਥਿਕ ਚੁਣੌਤੀਆਂ, ਦੁਰਵਿਵਹਾਰ ਬੱਚਿਆਂ ਦੀ ਮਾਨਸਿਕ ਸਿਹਤ ਸਮੱਸਿਆਵਾਂ ਦਾ ਕਾਰਨ ਬਣਦੇ ਹਨ। ਤਣਾਅ, ਵਧੇਰੇ ਆਜ਼ਾਦੀ ਤੋਂ ਇਲਾਵਾ, ਹਾਣੀਆਂ ਦੇ ਨਾਲ ਮੇਲ ਮਿਲਾਪ ਕਰਨ ਦੀ ਇੱਛਾ, ਜਿਨਸੀ ਰੁਚੀ ਤੇ ਤਕਨੀਕੀ ਸਹੂਲਤ ਮਾਨਸਿਕ ਸਮੱਸਿਆਵਾਂ ਨੂੰ ਵਧਾਉਂਦੀ ਹੈ। ਅੰਕੜਿਆਂ ਅਨੁਸਾਰ ਲਗਭਗ 20-30 ਪ੍ਰਤੀਸ਼ਤ ਮਾਸੂਮ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਟੀਨ ਏਜ ਵਿੱਚ ਮਾਨਸਿਕ ਸਿਹਤ ਦੀਆਂ ਚੁਣੌਤੀਆਂ ਇੱਕ ਆਮ ਘਟਨਾ ਹੈ। ਇਸ ਲਈ ਪ੍ਰੋਫੈਸ਼ਨਲ ਨਾਲ ਜਲਦੀ ਤੋਂ ਜਲਦੀ ਸੰਪਰਕ ਕੀਤਾ ਜਾਣਾ ਚਾਹੀਦਾ ਹੈ।

## ਵਿਗਿਆਨੀਆਂ ਨੇ ਕੀਤੀ ਖੋਜ ਸਾਰੇ ਮੱਛਰ ਖ਼ੂਨ ਨਹੀਂ ਪੀਂਦੇ

(ਅੰਮ੍ਰਿਤਸਰ ਟਾਈਮਜ਼ ਬਿਊਰੋ)- ਅਕਸਰ ਤੁਸੀਂ ਵੇਖਿਆ ਹੋਵੇਗਾ ਕਿ ਮੱਛਰ ਤੁਹਾਡਾ ਖ਼ੂਨ ਚੂਸਦੇ ਹਨ ਤੇ ਫਿਰ ਉਹ ਉੱਡ ਜਾਂਦੇ ਹਨ। ਪਰ ਕੀ ਤੁਸੀਂ ਕਦੇ ਇਸ ਬਾਰੇ ਸੋਚਿਆ ਹੈ ਕਿ ਮੱਛਰ ਮਨੁੱਖਾਂ ਦਾ ਲਹੂ ਕਿਉਂ ਪੀਂਦੇ ਹਨ? ਉਸ ਨੂੰ ਇਹ ਆਦਤ ਕਿਵੇਂ ਪਈ? ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਪਹਿਲਾਂ ਮੱਛਰ ਖ਼ੂਨ ਨਹੀਂ ਪੀਂਦੇ ਸੀ। ਇੱਕ ਕਾਰਨ ਕਰਕੇ ਉਸ ਵਿਚ ਹੌਲੀ ਹੌਲੀ ਤਬਦੀਲੀ ਆਈ ਹੈ। ਨਿਊਜਰਸੀ ਦੀ ਪ੍ਰਿੰਸਟਨ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਮੱਛਰਾਂ ਦਾ ਅਧਿਐਨ ਕੀਤਾ ਤੇ ਇਸ ਸਿੱਟੇ 'ਤੇ ਪਹੁੰਚੇ ਕਿ ਸਾਰੀਆਂ ਕਿਸਮਾਂ ਦੇ ਮੱਛਰ ਖ਼ੂਨ ਨਹੀਂ ਪੀਂਦੇ, ਬਲਕਿ ਉਨ੍ਹਾਂ ਵਿੱਚੋਂ ਬਹੁਤ ਸਾਰੇ ਜਿਉਂਦੇ ਰਹਿਣ ਲਈ ਹੋਰ ਚੀਜ਼ਾਂ ਖਾਂਦੇ ਹਨ। ਇਹ ਰਿਪੋਰਟ ਨਿਊ ਸਾਇੰਟਿਸਟ ਨਾਮਕ ਇੱਕ ਮੈਗਜ਼ੀਨ ਵਿੱਚ ਛਪੀ ਹੈ। ਰਿਪੋਰਟਾਂ ਅਨੁਸਾਰ ਪ੍ਰਿੰਸਟਨ ਯੂਨੀਵਰਸਿਟੀ ਦੇ ਖੋਜਕਰਤਾ ਨੂਆਹ ਰੋਜ਼ ਦਾ ਕਹਿਣਾ ਹੈ ਕਿ ਅਸੀਂ ਪਹਿਲਾਂ ਅਫਰੀਕਾ ਵਿੱਚ ਕੁਝ ਥਾਵਾਂ ਤੋਂ ਏਡੀਜ਼ ਏਜੀਪੀਟੀ ਮੱਛਰ ਦੇ ਅੰਡੇ ਲਏ ਤੇ ਫਿਰ ਉਨ੍ਹਾਂ ਅੰਡਿਆਂ ਤੋਂ ਮੱਛਰ ਨਿਕਲਣ ਦਾ ਇੰਤਜ਼ਾਰ ਕੀਤਾ। ਫਿਰ ਅਸੀਂ ਉਨ੍ਹਾਂ ਮੱਛਰਾਂ ਨੂੰ ਮਨੁੱਖਾਂ ਤੇ ਹੋਰ ਜਾਨਵਰਾਂ ਦੀ ਪ੍ਰਯੋਗਸ਼ਾਲਾ ਦੇ ਅੰਦਰ ਛੱਡ ਦਿੱਤਾ, ਇਹ ਸਮਝਣ ਲਈ ਕਿ ਉਨ੍ਹਾਂ ਦਾ ਲਹੂ ਪੀਣ ਦਾ ਤਰੀਕਾ ਕੀ ਹੈ? ਇਸ ਦੌਰਾਨ ਉਨ੍ਹਾਂ ਪਤਾ ਚੱਲਿਆ ਕਿ ਏਡੀਜ਼ ਏਜੀਪੀਟੀ ਮੱਛਰਾਂ ਦੀਆਂ ਵੱਖ ਵੱਖ ਕਿਸਮਾਂ ਦਾ ਭੋਜਨ ਬਿਲਕੁਲ ਵੱਖਰਾ ਸੀ।

## ਦੱਰਿਆਂ ਤੇ ਦਰਿਆਵਾਂ ਸੰਗ – 13

# ਕਰਗਿਲ ’ਚ ਅੱਧੀ ਰਾਤ ਦਾ ਡਿਨਰ



– ਪ੍ਰੀਤਮ ਰੁਪਾਲ

ਖੰਗਰਲ ਪੰਚਾਇਤ ਘਰ ਦੇ ਚੌਕੀਦਾਰ ਨੇ ਸਵੇਰੇ ਪੰਜ ਕੁ ਵਜੇ ਜਗਾ ਦਿੱਤਾ। ਉਮੇਸ਼ ਤੇ ਤੇਜਿੰਦਰ ਚਾਹ ਬਣਾਉਣ ਵਿਚ ਰੁੱਝ ਗਏ। ਚੌਕੀਦਾਰ ਤਾਰਿਕ ਮਹਿਮੂਦ ਨੇ ਪਾਣੀ ਦੀ ਇਕ ਹੋਰ ਬਾਲਟੀ ਲਿਆ ਦਿਤੀ। ਚਾਹ ਬਣ ਚੁੱਕੀ ਸੀ। ਅਸੀਂ ਸਲੀਪਿੰਗ ਬੈਗਾਂ ਵਿਚੋਂ ਨਿਕਲ ਕੇ ਪਹਿਲਾਂ ਕੋਸੇ ਪਾਣੀ ਨਾਲ ਮੂੰਹ ਧੋਤਾ ਤੇ ਕੁਰਲੀ ਕੀਤੀ ਫਿਰ ਸਟੀਲ ਦੇ ਗਿਲਾਸਾਂ ਵਿਚ ਚਾਹ ਪੀ ਕੇ ਤਾਰਿਕ ਨਾਲ ਗੱਲੀਂ ਲੱਗ ਗਏ।

ਤਾਰਿਕ ਨੇ ਦਸਿਆ ਕਿ ਲੱਦਾਖ ਡਵੀਜ਼ਨ ਦਾ ਇਹ ਇਲਾਕਾ ਮੁਸਲਿਮ ਬਹੁਲ ਇਲਾਕਾ ਹੈ। ਭਾਵੇਂ ਇਥੇ ਬੋਧੀਆਂ ਦੇ ਪਿੰਡ ਵੀ ਹਨ ਪਰ ਮੁਸਲਿਮ ਭਾਈਚਾਰੇ ਦੀ ਆਬਾਦੀ ਬਹੁਤੀ ਹੈ। ਇਹ ਲੋਕ ਭੇਡਾਂ ਬੱਕਰੀਆਂ ਪਾਲਣ ਦੇ ਨਾਲ ਨਾਲ ਚੋਅ ਨਾਲਿਆਂ ਦੀ ਵਾਦੀ ਵਿਚ ਖੇਤੀ ਵੀ ਕਰਦੇ ਹਨ। ਇਹ ਇਲਾਕਾ ਪਾਕਿਸਤਾਨ ਨਾਲ ਲੱਗਦੀ ਕੰਟਰੋਲ ਰੇਖਾ (ਐਲ.ਓ.ਸੀ.) ਦੇ ਨੇੜੇ ਹੋਣ ਕਰਕੇ ਇਥੇ ਫੌਜੀ ਮਸ਼ਕਾਂ ਚਲਦੀਆਂ ਹੀ ਰਹਿੰਦੀਆਂ ਹਨ। ਸਥਾਨਕ ਲੋਕਾਂ ਨੂੰ ਫੌਜੀ ਸਾਜ਼ ਸਮਾਨ ਦੀ ਢੋਆ ਢੋਆਈ ਅਤੇ ਰੱਖ ਰੱਖਾਅ ਲਈ ਵੀ ਕੰਮ ਮਿਲ ਜਾਂਦਾ ਹੈ। ਤਾਰਿਕ ਨੇ ਦੱਸਿਆ ਕਿ ਪਹਿਲਾਂ ਫੌਜ ਵਾਲੇ ਅਤੇ ਅਰਧ ਫੌਜੀ ਦਲ ਸਥਾਨਕ ਲੋਕਾਂ ਉਪਰ ਬਹੁਤਾ ਵਿਸ਼ਵਾਸ਼ ਨਹੀਂ ਸਨ ਕਰਦੇ ਕਿਉਂਕਿ ਇਸ ਇਲਾਕੇ ਵਿਚ ਵਸਦੇ ਮੁਸਲਿਮ ਭਾਈਚਾਰੇ ਦੇ ਲੋਕਾਂ ਦੀਆਂ ਬਹੁਤੀਆਂ ਰਿਸ਼ਤੇਦਾਰੀਆਂ ਮਕਬੂਜ਼ਾ ਕਸ਼ਮੀਰ ਵਿਚ ਰਹਿੰਦੇ ਲੋਕਾਂ ਨਾਲ ਹਨ ਅਤੇ ਇਨ੍ਹਾਂ ਦਾ ਪਿਛੋਕੜ ਵੀ ਬਾਲਤਿਸਤਾਨ ਨਾਲ ਜੁੜਦਾ ਹੈ। ਪਰ ਕਰਗਿਲ ਦੀ ਲੜਾਈ ਸਮੇਂ ਸਥਾਨਕ ਲੋਕਾਂ ਨੇ ਭਾਰਤੀ ਫੌਜ ਦਾ ਸਭ ਤੋਂ ਵੱਧ ਸਾਥ ਦਿੱਤਾ। ਫਰੰਟ ਤਕ ਉਨ੍ਹਾਂ ਦਾ ਸਮਾਨ ਪਹੁੰਚਾਉਣ ਵਿਚ ਮਦਦ ਕੀਤੀ। ਉਸ ਨੇ ਦੱਸਿਆ ਕਿ ਕਰਗਿਲ ਦੀ ਜੰਗ ਮਗਰੋਂ ਸਥਾਨਕ ਲੋਕਾਂ ਦਾ ਮਾਣ ਸਤਿਕਾਰ ਵਧਿਆ ਹੈ। ਉਸ ਨੇ ਉਂਗਲ ਦੇ ਇਸ਼ਾਰੇ ਨਾਲ ਦੱਸਿਆ ਕਿ ਇਨ੍ਹਾਂ ਛੋਟੀਆਂ ਪਹਾੜੀਆਂ ਦੇ ਪਾਰਲੀਆਂ ਉਚੀਆਂ ਚੋਟੀਆਂ ’ਤੇ ਘਮਸਾਨ ਦੀ ਲੜਾਈ ਹੋਈ ਸੀ।

ਤਾਰਿਕ ਦੀਆਂ ਗੱਲਾਂ ਬੜੀਆਂ ਰੌਚਿਕ ਸਨ। ਉਹ ਕਸ਼ਮੀਰੀ ਲਹਿਜੇ ਵਾਲੀ ਹਿੰਦੋਸਤਾਨੀ ਬੋਲ ਰਿਹਾ ਸੀ। ਜਿਸ ਵਿਚ ਕਦੇ ਕਦੇ ਪਸ਼ਤੋ ਦਾ ਰਲਾ ਵੀ ਲੱਗਦਾ ਸੀ। ਉਹ ਸਿਆਸੀ ਤੌਰ ’ਤੇ ਵੀ ਚੇਤੰਨ ਜਾਪਦਾ ਸੀ ਅਤੇ ਭਾਰਤੀ ਹੋਣ ’ਤੇ ਮਾਣ ਵੀ ਮਹਿਸੂਸ ਕਰਦਾ ਸੀ। ਉਹ ਸਾਰਾ ਵਖਿਆਨ ਬੇਬਾਕੀ ਅਤੇ ਈਮਾਨਦਾਰੀ ਨਾਲ ਕਰ ਰਿਹਾ ਸੀ। ਉਸ ਦੀਆਂ ਗੱਲਾਂ ਬਾਤਾਂ ਦੇ ਚਲਦਿਆਂ ਚਾਹ ਵੀ ਖ਼ਤਮ ਹੋ ਗਈ ਅਤੇ ਅਸੀਂ ਤਿਆਰ ਹੋਣ ਵਿਚ ਰੁੱਝ ਗਏ।

ਪੰਚਾਇਤ ਘਰ ਵਿਚ ਗੁਸਲਖਾਨਾ ਤਾਂ ਸੀ ਪਰ ਪਾਖਾਨਾ ਨਾ ਹੋਣ ਕਰਕੇ ਸਾਰਿਆਂ ਨੂੰ ਰਫ਼ਾ ਹਾਜਤ ਲਈ ਬਾਹਰ ਹੀ ਜਾਣਾ ਪਿਆ। ਪੰਚਾਇਤ ਘਰ ਤੋਂ ਹੇਠਾਂ ਇਕ ਚੋਅ ਵਗਦਾ ਸੀ ਜਿਸ ਵਿਚ ਪਾਣੀ ਕਾਫ਼ੀ ਸੀ ਪਰ ਇਹ ਪਾਣੀ ਬਹੁਤ ਗੰਧਲਾ ਸੀ। ਸਾਡੇ ਜ਼ਿਆਦਾਤਰ ਸਾਥੀ ਚੋਅ ਵਾਲੇ ਪਾਸੇ ਹੀ ਜੰਗਲ ਪਾਣੀ ਗਏ। ਇਥੇ ਨਹਾਉਣਾ ਮੁਸ਼ਕਿਲ ਸੀ ਕਿਉਂਕਿ ਪੱਛਮ ਵੱਲ ਪਿੰਡ ਦੇ ਨੇੜੇ ਇਕ ਹੀ ਨਲਕਾ ਸੀ ਜਿਥੋਂ ਪਾਣੀ ਮਿਲਦਾ ਸੀ। ਇਹ ਨਲਕਾ ਪੰਚਾਇਤ ਘਰ ਤੋਂ ਕੋਈ ਇਕ ਡੇਢ ਕਿਲੋਮੀਟਰ ਦੀ ਵਿੱਥ ’ਤੇ ਸੀ ਇਸ ਲਈ ਇੰਨੀ ਦੂਰੋਂ ਪਾਣੀ ਦੀਆਂ ਬਾਲਟੀਆਂ ਲਿਆ ਕੇ ਇਸ਼ਨਾਨ ਕਰਨਾ ਸੁਖਾਲਾ ਨਹੀਂ ਸੀ। ਸਾਰਿਆਂ ਨੇ ਇਕ ਦੋ ਕੱਪਾਂ ਨਾਲ ਮੂੰਹ ਹੱਥ ਧੋ ਕੇ ਗੁਜ਼ਾਰਾ ਕੀਤਾ।

ਕੱਲ ਰਾਤ ਤੋਂ ਮੀਂਹ ਭਾਵੇਂ ਬੰਦ ਸੀ ਪਰ ਸੜਕ ਅਜੇ ਸਾਫ ਨਹੀਂ ਸੀ ਹੋਈ। ਬੋਧ ਖਾਰਬੂ ਛਾਉਣੀ ਤੋਂ ਭੇਜੀ ਗਈ ਜੇ.ਸੀ.ਬੀ. ਮਸ਼ੀਨ, ਇੰਨੇ ਵੱਡੇ ਪਹਾੜ ਦਾ ਮਲਬਾ ਹਟਾਉਣ ਲਈ ਨਾ ਕਾਫੀ ਸੀ ਇਸ ਲਈ ਕਰਗਿਲ ਤੋਂ ਡੋਜ਼ਰ ਮੰਗਵਾਇਆ ਗਿਆ ਸੀ। ਸਾਡੇ ਗਰੁੱਪ ਲੀਡਰ ਸੁਖਬੀਰ ਨੇ ਆ ਕੇ ਖ਼ਬਰ ਦਿਤੀ ਕਿ ਰਸਤਾ ਸਾਫ ਕਰਨ ਲਈ ਡੋਜ਼ਰ ਪਹੁੰਚ ਗਿਆ ਹੈ ਤੇ ਦੁਪਹਿਰ ਤਕ ਆਵਾਜਾਈ ਚਾਲੂ ਹੋ ਜਾਵੇਗੀ। ਅਸੀਂ ਤਾਂ ਕੱਲ੍ਹ ਰਾਤੀਂ ਕਾਰਗਿਲ ਪਹੁੰਚਣ ਵਾਲੇ ਸੀ ਪਰ ਅੱਜ ਦੁਪਹਿਰ ਤਕ ਇਥੋਂ ਚੱਲ ਕੇ ਅਸੀਂ ਕਿਸੇ ਵੀ ਹਾਲਤ ਸ੍ਰੀਨਗਰ ਨਹੀਂ ਸੀ ਪਹੁੰਚ ਸਕਦੇ ਕਿਉਂਕਿ ਜ਼ੋਜ਼ੀ ਲਾ ’ਤੇ ਫੌਜ ਵਲੋਂ ਇਕ ਪਾਸਿਓਂ ਹੀ ਟ੍ਰੈਫਿਕ ਚਲਾਇਆ ਜਾਂਦਾ ਹੈ, ਸਵੇਰੇ ਦਰਾਸ ਮੀਨਾ ਮਾਰਗ ਵਾਲੇ ਪਾਸਿਓਂ ਅਤੇ ਦੁਪਹਿਰ ਮਗਰੋਂ ਸੋਨਾਮਰਗ-ਬਾਲਤਾਲ ਵਾਲੇ ਪਾਸੇ ਤੋਂ। ਹੁਣ ਸਾਨੂੰ ਅਗਲਾ ਸਫ਼ਰ ਮੁੜ ਵਿਉਂਤਣਾ ਪੈ ਰਿਹਾ ਸੀ। ਅਸੀਂ ਪਹਿਲਾਂ ਇਕ ਦਿਨ ਸ੍ਰੀਨਗਰ ਠਹਿਰਨ ਦਾ ਪ੍ਰੋਗਰਾਮ ਬਣਾਇਆ ਸੀ। ਸਾਡੇ ਕਈ ਮੈਂਬਰਾਂ ਕੋਲ ਛੁੱਟੀ ਘੱਟ ਹੋਣ ਕਰਕੇ ਸਾਨੂੰ ਪਹਿਲਾਂ ਬਣਾਏ ਪ੍ਰੋਗਰਾਮ ਉਪਰ ਨਜ਼ਰਸਾਨੀ ਕਰਨੀ ਪੈਣੀ ਸੀ।

ਆਪਣਾ ਸਮਾਨ ਬੰਨ੍ਹ ਕੇ ਗੱਡੀਆਂ ਉਪਰ ਲੋਡ ਕੀਤਾ ਅਤੇ ਨਾਸ਼ਤੇ ਵਿਚ ਬਚੇ ਖੁੱਚੇ ਬਰੈੱਡ ਅਤੇ ਬਿਸਕੁਟ ਵਗੈਰਾ ਖਾ ਕੇ ਘਰ ਪੂਰਾ ਕੀਤਾ। ਦੀਪਕ, ਰੋਹਿਤ ਤੇ ਧੁੱਲ ਸਾਰੀ ਸਥਿਤੀ ਵਿਚੋਂ ਮਜ਼ਾ ਲੈ ਰਹੇ ਸਨ ਪਰ ਸਾਡੇ ਕੁਝ ਸਾਥੀਆਂ ਦੇ ਚਿਹਰੇ ਉਪਰ ਮਾਯੂਸੀ ਸੀ। ਰਸੋਈ ਦਾ ਸਮਾਨ ਪੈਕ ਕਰਨ ਵੇਲੇ ਵੇਖਿਆ ਦਾਲ ਅਤੇ ਚੌਲਾਂ ਵਾਲੇ ਵੱਡੇ ਪਤੀਲੇ ਉਸੇ ਤਰ੍ਹਾਂ ਬਿਨਾਂ ਸਾਫ ਕੀਤਿਆਂ ਰੱਖੇ ਹੋਏ ਸਨ। ਐਡਵੈਂਚਰ ਕਮੇਟੀ ਦੇ ਕੋ-ਚੇਅਰਮੈਨ ਮਨਮੋਹਨ ਨੂੰ ਨਾਲ ਲਾ ਕੇ ਅਸੀਂ ਪਤੀਲੇ ਲੈ ਕੇ ਨਲਕੇ ਵੱਲ ਨੂੰ ਚੱਲ ਪਏ। ਜਿਉਂ ਹੀ ਅਸੀਂ ਨਲਕੇ ਕੋਲ ਪਹੁੰਚੇ ਇਥੇ ਟਰੱਕ ਡਰਾਈਵਰਾਂ ਅਤੇ ਹੋਰ ਲੋਕਾਂ ਦੀ ਭੀੜ ਲੱਗੀ ਹੋਈ ਸੀ। ਟਰੱਕਾਂ ਵਾਲਿਆਂ ਨੇ ਦੱਸਿਆ ਕਿ ਰਸਤਾ ਸ਼ਾਮ ਤੱਕ ਮੁਸ਼ਕਲ ਨਾਲ ਖੁੱਲ੍ਹੇਗਾ ਕਿਉਂਕਿ ਪਹਾੜੀ ਦੀਆਂ ਢਿੱਗਾਂ ਕੋਈ ਇਕ ਕਿਲੋਮੀਟਰ ਤਕ ਡਿੱਗੀਆਂ ਹੋਈਆਂ ਸਨ। ਸਾਡੇ ਪਤੀਲਿਆਂ ਵਿਚ ਰਾਤ ਦੇ ਚੌਲ ਅਤੇ ਦਾਲ ਬਚੀ ਹੋਈ ਸੀ। ਜਿਉਂ ਹੀ ਅਸੀਂ ਇਹ ਧੋਣ ਲਈ ਨਲਕੇ ਦੇ ਨੇੜੇ ਆਏ ਇਕ ਟਰੱਕ ਵਾਲੇ ਨੇ ਸਾਨੂੰ ਰੋਕ ਦਿਤਾ ਕਿ ਇਹ ਭੋਜਨ ਪਾਣੀ ਵਿਚ ਨਾ ਰੋੜ੍ਹੋ। ਅਸੀਂ ਕਿਹਾ ਇਹ ਰਾਤ ਦਾ ਹੈ। ਉਸ ਨੇ ਛੇਤੀ ਨਾਲ ਆਪਣਾ ਇਕ ਲਿਟਰ ਵਾਲਾ ਡੱਬਾ ਕੱਢ ਲਿਆ ਅਤੇ ਕਹਿਣ ਲੱਗਾ ਕਿ ਦਾਲ ਇਹਦੇ ਵਿਚ ਪਾਓ ਅਤੇ ਚੌਲਾਂ ਵਾਸਤੇ ਆਪਣੇ ਮੋਢੇ ਤੋਂ ਲਾਹ ਕੇ ਪਰਨਾ ਵਿਛਾ ਦਿਤਾ। ਉਸ ਨੇ ਦੱਸਿਆ ਕਿ ਉਹ ਕੱਲ੍ਹ ਦੇ ਇਥੇ ਫਸੇ ਹੋਏ ਨੇ ਚਾਹ ਪਾਣੀ ਤੋਂ ਬਿਨਾਂ ਕੁਝ ਨਹੀਂ ਖਾਧਾ। ਉਸ ਦਾ ਡੱਬਾ ਭਰ ਕੇ ਵੀ ਸਾਡੇ ਕੋਲ ਦਾਲ ਬਚ ਗਈ। ਉਸ ਨੇ ਸਾਨੂੰ ਰੁਕਣ ਦਾ ਇਸ਼ਾਰਾ ਕੀਤਾ ਤੇ ਦੌੜ ਕੇ ਇਕ ਹੋਰ ਬਰਤਨ ਲੈ ਆਇਆ। ਪਤੀਲੇ ਖਾਲੀ ਕਰਕੇ ਅਸੀਂ ਧੋਣੇ ਸ਼ੁਰੂ ਕਰ ਦਿਤੇ ਅਤੇ ਫਿਰ ਮਨਮੋਹਨ ਨੇ ਨਹਾਉਣ ਦੀ ਇੱਛਾ ਜ਼ਾਹਿਰ ਕੀਤੀ ਅਤੇ ਟਰੱਕਾਂ ਵਾਲਿਆਂ ਤੋਂ ਪਰਨਾ ਲੈ ਕੇ ਨਲਕੇ ਹੇਠ ਬੈਠ ਗਿਆ।

ਮਨਮੋਹਨ ਨਹਾ ਕੇ ਤਰੋਤਾਜ਼ਾ ਹੋ ਗਿਆ ਪਰ ਮੈਂ ਨਹਾਉਣ ਦਾ ਹੀਆ ਨਾ ਕੀਤਾ। ਮੈਂ ਸਾਬਣ ਨਾਲ ਚੰਗੀ ਤਰ੍ਹਾਂ ਮੂੰਹ ਧੋਤਾ ਅਤੇ ਦਾੜ੍ਹੀ ਸਾਫ ਕੀਤੀ। ਅਸੀਂ ਆਪਣੇ ਪਤੀਲੇ ਸਾਫ ਪਾਣੀ ਨਾਲ ਭਰ ਕੇ ਵਾਪਸ ਚੱਲਣ ਹੀ ਲੱਗੇ ਸਾਂ ਕਿ ਇੰਨੇ ਨੂੰ ਇਕ ਸੈਲਾਨੀ ਔਰਤ ਨੇ ਸਾਡਾ ਰਾਹ ਰੋਕ ਲਿਆ। ਉਸ ਨੇ ਦੱਸਿਆ ਕਿ ਕੱਲ੍ਹ ਤੋਂ ਉਨ੍ਹਾਂ ਦੇ ਬੱਚੇ ਭੁੱਖੇ ਨੇ ਜੇ ਕੁਝ ਖਾਣ ਜੋਗਾ ਹੈ ਤਾਂ ਬੱਚਿਆਂ ਲਈ ਦੇ ਦਿਓ। ਉਸ ਨੇ ਦੱਸਿਆ ਕਿ ਉਨ੍ਹਾਂ ਦੀ ਕਾਰ ਵੀ ਇਥੇ ਫਸੀ ਹੋਈ ਹੈ ਅਤੇ ਉਹ ਰਾਜਸਥਾਨ ਵਿਚੋਂ ਜੈਪੁਰ ਤੋਂ ਆਏ ਸਨ। ਅਸੀਂ ਰਸੋਈ ਦਾ ਸਾਰਾ ਸਮਾਨ ਪੈਕ ਕਰ ਚੁੱਕੇ ਸਾਂ ਇਸ ਲਈ ਦੋਬਾਰਾ ਖਾਣਾ ਬਣਾਉਣਾ ਮੁਸ਼ਕਲ ਸੀ। ਮਨਮੋਹਨ ਨੇ ਕਿਹਾ ਕਿ ਉਹ ਕਿਸੇ ਬੰਦੇ ਨੂੰ ਸਾਡੀਆਂ ਗੱਡੀਆਂ ਕੋਲ ਭੇਜ ਦੇਵੇ ਅਸੀਂ ਉਨ੍ਹਾਂ ਨੂੰ ਸੁੱਕਾ ਦੁੱਧ ਅਤੇ ਬਿਸਕੁਟ ਵਗੈਰਾ ਦੇ ਦੇਵਾਂਗੇ।

ਭਾਵੇਂ ਖੰਗਰਲ ਪਿੰਡ ਲਾਗੇ ਖਾਣ ਪੀਣ ਦੀਆਂ ਤਿੰਨ ਚਾਰ ਦੁਕਾਨਾਂ ਸਨ ਪਰ ਕੱਲ੍ਹ ਸਵੇਰ ਤੋਂ ਟ੍ਰੈਫਿਕ ਬੰਦ ਹੋਣ ਕਾਰਨ ਉਨ੍ਹਾਂ ਦਾ ਸਾਰਾ ਸਾਮਾਨ ਖ਼ਤਮ ਹੋ ਚੁੱਕਾ ਸੀ। ਅਸੀਂ ਉਨ੍ਹਾਂ ਸੈਲਾਨੀਆਂ ਨੂੰ ਆਪਣੇ ਸਮਾਨ ਵਿਚੋਂ ਸੁੱਕਾ ਦੁੱਧ ਅਤੇ ਕੁਝ ਬੱਚੇ ਖੁੱਚੇ ਬਿਸਕੁਟ ਦੇ ਦਿਤੇ ਅਤੇ ਉਨ੍ਹਾਂ ਸਾਨੂੰ ਇਸ ਲਈ ਪੈਸੇ ਦੇਣ ਦੀ ਕੋਸ਼ਿਸ਼ ਕੀਤੀ। ਪੈਸੇ ਭਲਾਂ ਅਸੀਂ ਕਿਵੇਂ ਲੈ ਸਕਦੇ ਸੀ,



ਅਸੀਂ ਕਿਹੜਾ ਇਥੇ ਵਪਾਰ ਕਰਨ ਆਏ ਸੀ। ਉਹ ਸਮਾਨ ਲੈ ਕੇ ਸਾਡਾ ਧੰਨਵਾਦ ਕਰਕੇ ਚਲੇ ਗਏ। ਸੜਕ ਉਪਰ ਮੋਟਰ ਗੱਡੀਆਂ ਤੇ ਟਰੱਕਾਂ ਦੀ ਲਾਈਨ ਹੋਰ ਲੰਮੀ ਹੁੰਦੀ ਜਾ ਰਹੀ ਸੀ।

ਗੁਲਾਟੀ ਨੇ ਦੱਸਿਆ ਕਿ ਸਾਡੀ ਇਕ ਜੀਪ ਦਾ ਟਾਇਰ ਪੈਂਚਰ ਹੋ ਗਿਆ ਹੈ। ਪੈਂਚਰ ਲਗਵਾਉਣ ਲਈ ਪਿੱਛੇ ਬੋਧ ਖਾਰਬੂ ਜਾਣਾ ਪੈਣਾ ਸੀ ਫਿਰ ਰਾਇ ਕਰ ਕੇ ਸਾਰੇ ਹੀ ਬੋਧ ਖਾਰਬੂ ਵੱਲ ਚੱਲ ਪਏ। ਛਾਉਣੀ ਦੇ ਨੇੜੇ ਜਿਥੇ ਪੈਂਚਰ ਵਾਲੇ ਦੀ ਦੁਕਾਨ ਸੀ ਉਸ ਦੇ ਨਾਲ ਹੀ ਦੋ ਤਿੰਨ ਢਾਬੇ ਤੇ ਚਾਹ ਦੀਆਂ ਦੁਕਾਨਾਂ ਸਨ। ਅਸੀਂ ਦੁਪਹਿਰ ਦਾ ਖਾਣਾ ਇਥੇ ਹੀ ਖਾਣ ਦਾ ਫੈਸਲਾ ਕੀਤਾ। ਉਨ੍ਹਾਂ ਦੇ ਮੀਨੂ ਮੁਤਾਬਿਕ ਕਿਸੇ ਨੇ ਚੌਲ ਕਿਸੇ ਨੇ ਰੋਟੀ ਤੇ ਕਿਸੇ ਨੇ ਚਾਓਮਿਨ ਵਗੈਰਾ ਖਾ ਕੇ ਪੇਟ ਪੂਜਾ ਕੀਤੀ। ਫਿਰ ਅਸੀਂ ਇਥੇ ਰੁਕੇ ਕੁਝ ਫੌਜੀ ਜਵਾਨਾਂ ਨਾਲ ਗੱਲਾਂ ਕਰਨ ਲੱਗ ਪਏ ਅਤੇ ਤਲਵਾੜ ਸਾਹਿਬ, ਸੁਖਬੀਰ ਤੇ ਕੁਝ ਹੋਰ ਸਾਥੀ ਫੌਜੀ ਚੌਕੀ ਅੰਦਰ ਸੀ.ਐਸ.ਡੀ. ਕੰਟੀਨ ’ਤੇ ਚਲੇ ਗਏ। ਇਥੇ ਐਸ.ਟੀ.ਡੀ., ਪੀ.ਸੀ.ਓ. ਦੀ ਸੁਵਿਧਾ ਵੀ ਸੀ। ਸਾਡੇ ਕੁਝ ਮੈਂਬਰ ਫੋਨ ਕਰਨ ਲਈ ਚਲੇ ਗਏ। ਫੌਜੀਆਂ ਤੋਂ ਰੁਖ਼ਸਤ ਹੋ ਕੇ ਮੈਂ ਦੀਪਕ ਅਤੇ ਰੋਹਿਤ ਸਾਹਮਣੀ ਕੱਚੀ ਪਹਾੜੀ ਉਪਰ ਜਾ ਬੈਠੇ। ਅਸੀਂ ਇਸ ਜ਼ੋਖ਼ਮ ਭਰੇ ਇਲਾਕੇ ਅਤੇ ਇਥੇ ਰਹਿੰਦੇ ਲੋਕਾਂ ਦੇ ਜੀਵਨ ਨਿਰਬਾਹ ਬਾਰੇ ਚਰਚਾ ਕਰਨ ਲੱਗ ਪਏ। ਇਕ ਫੌਜੀ ਹੈਲੀਕਾਪਟਰ ਨੇ ਸਾਡੀਆਂ ਗੱਲਾਂ ਦੀ ਲੜੀ ਤੋੜ ਦਿਤੀ ਸਾਡਾ ਧਿਆਨ ਉਸ ਵੱਲ ਚਲਾ ਗਿਆ। ਇਹ ਸਾਡੇ ਸਿਰ ਉਪਰੋਂ ਉਡਦਾ ਹੋਰ ਨੀਵਾਂ ਹੋ ਗਿਆ ਅਤੇ ਇਸ ਦੇ ਬਲੇਡਾਂ ਦੀ ਕੰਨ ਪਾੜਵੀਂ ਆਵਾਜ਼ ਨੇ ਪਹਾੜੀ ਵੀ ਕੰਬਣ ਲਾ ਦਿਤੀ। ਇਹ ਅਗਲੇ ਕੁਝ ਪਲਾਂ ਵਿਚ ਹੀ ਸਾਹਮਣੇ ਬਣੇ ਹੈਲੀਪੈਡ ’ਤੇ ਉਤਰ ਗਿਆ।

ਸਾਡੀ ਜੀਪ ਨੂੰ ਪੈਂਚਰ ਲੱਗ ਚੁੱਕਾ ਸੀ ਅਤੇ ਤਲਵਾੜ ਸਾਹਿਬ ਹੁਰੀਂ ਫੌਜੀ ਕੰਟੀਨ ਤੋਂ ਖਾਣ ਪੀਣ ਦਾ ਕਾਫੀ ਸਮਾਨ ਖਰੀਦ ਲਿਆਏ ਸਨ। ਜਿਸ ਵਿਚ ਹਲਦੀ ਰਾਮ ਦਾ ਨਮਕੀਨ ਅਤੇ ਰਸਗੁੱਲੇ ਵੀ ਸ਼ਾਮਲ ਸਨ। ਅਸੀਂ ਆਪੋ ਆਪਣੀਆਂ ਜੀਪਾਂ ਵਿਚ ਬੈਠ ਫਿਰ ਖੰਗਰਲ ਪਿੰਡ ਨੇੜੇ ਪਹੁੰਚ ਗਏ। ਪੁਲਿਸ ਵਾਲਿਆਂ ਨੇ ਸਾਡੀਆਂ ਜੀਪਾਂ ਟਰੱਕਾਂ ਤੋਂ ਅੱਗੇ ਲਗਵਾ ਦਿੱਤੀਆਂ। ਸਾਰਿਆਂ ਨੂੰ ਰਸਤਾ ਖੁੱਲ੍ਹਣ ਦੀ ਇੰਤਜ਼ਾਰ ਸੀ ਤੇ ਸਾਰੇ ਬੜੇ ਉਤੇਜਿਤ ਸਨ। ਗਰੈਫ਼ ਵਾਲਿਆਂ ਦੀ ਜੇ.ਸੀ.ਬੀ. ਰਸਤਾ ਸਾਫ ਕਰਨ ਲੱਗੀ ਹੋਈ ਸੀ ਅਤੇ ਪਹਾੜੀ ਦੇ ਉਹਲਿਓਂ ਡੋਜ਼ਰ ਦੀ ਆਵਾਜ਼ ਵੀ ਸੁਣਾਈ ਦੇ ਰਹੀ ਸੀ। ਅਸੀਂ ਕਦੇ ਜੀਪ ਵਿਚ ਬੈਠ ਕੇ ਗੀਤ ਸੁਣਨ ਲੱਗ ਪੈਂਦੇ ਤੇ ਕਦੀ ਬਾਹਰ ਨਿਕਲ ਕੇ ਫਿਰ ਚਿੱਕੜ ਵਿਚੋਂ ਲੰਘਦੇ ਜੇ.ਸੀ.ਬੀ. ਮਸ਼ੀਨ ਲਾਗੇ ਪਹੁੰਚ ਜਾਂਦੇ। ਇਸੇ ਤਰ੍ਹਾਂ ਇੰਤਜ਼ਾਰ ਕਰਦਿਆਂ ਸ਼ਾਮ ਦੇ 7 ਵੱਜ ਗਏ ਪਰ ਰਸਤਾ ਅਜੇ ਵੀ ਨਹੀਂ ਸੀ ਖੁੱਲ੍ਹਿਆ।

ਸੁਖਬੀਰ ਨੇ ਮੈਨੂੰ ਇਸ਼ਾਰੇ ਨਾਲ ਬਾਹਰ ਬੁਲਾਇਆ। ਉਸ ਨੇ ਦੱਸਿਆ ਕਿ ਉਹ ਪੰਚਾਇਤ ਘਰ ਵਾਲੇ ਤਾਰਿਕ ਦਾ ਧੰਨਵਾਦ ਕਰਨਾ ਭੁੱਲ ਗਏ ਹਨ ਅਤੇ ਜੇ ਉਸ ਦਾ ਕੋਈ ਕਿਰਾਏ ਵਗੈਰਾ ਦਾ ਹਿਸਾਬ ਕਿਤਾਬ ਹੋਇਆ ਉਹ ਵੀ ਉਸ ਨੂੰ ਦੇਣਾ ਹੈ। ਅਸੀਂ ਪੰਚਾਇਤ ਘਰ ਦੀਆਂ ਪੌੜੀਆਂ ਚੜ੍ਹ ਕੇ ਚੌਕੀਦਾਰ ਕੋਲ ਚਲੇ ਗਏ ਅਤੇ ਉਸ ਦਾ ਸ਼ੁਕਰੀਆ ਕੀਤਾ ਤੇ ਹਿਸਾਬ ਕਿਤਾਬ ਪੁੱਛਿਆ। ਉਸ ਨੇ ਦੱਸਿਆ ਕਿ ਠਹਿਰਨ ਦਾ ਕੋਈ ਕਿਰਾਇਆ ਨਹੀਂ ਕਿਉਂਕਿ ਸਾਨੂੰ ਠਹਿਰਨ ਵਾਲਾ ਕਮਰਾ ਦਿਤਾ ਹੀ ਨਹੀਂ ਗਿਆ ਅਤੇ ਰਸੋਈ ਦਾ ਵੀ ਕੋਈ ਖਰਚਾ ਨਹੀਂ ਹੋਇਆ। ਰਸੋਈ ਦਾ ਸਮਾਨ ਬੰਨ੍ਹਣ ਵੇਲੇ ਉਮੇਸ਼ ਹੁਰੀਂ ਖੁੱਲ੍ਹੀਆਂ ਦਾਲਾਂ, ਮਸਾਲੇ ਅਤੇ ਲੂਣ ਮਿਰਚ ਉਸ ਨੂੰ ਦੇ ਗਏ ਸਨ। ਉਸ ਨੇ ਸਾਨੂੰ ਦੱਸ ਦਿਤਾ। ਸੁਖਬੀਰ ਨੇ ਪੰਜ ਸੌ ਰੁਪਏ ਕੱਢੇ ਅਤੇ ਉਸ ਦੇ ਹੱਥ ਸ਼ੁਕਰਾਨੇ ਵਜੋਂ ਦਿਤੇ। ਉਸ ਨੇ ਸਾਫ ਨਾਂਹ ਕਰ ਦਿਤੀ। ਉਹ ਕਹਿਣ ਲੱਗਾ ਕਿ ਉਹ ਸੱਚਾ ਮੁਸਲਮਾਨ ਹੈ ਉਸ ਨੂੰ ਤਨਖਾਹ ਮਿਲਦੀ ਹੈ ਉਸ ਕਿਸੇ ਕਿਸਮ ਦੀ ਵੱਢੀ ਨਹੀਂ ਲਵੇਗਾ। ਅਸੀਂ ਕਿਹਾ ਕਿ ਉਹ ਕੱਲ੍ਹ ਤੋਂ ਸਾਡੇ ਲਈ ਪਾਣੀ ਢੋਅ ਰਿਹਾ ਹੈ ਅਤੇ ਚਾਹ ਪਾਣੀ ਬਣਾਉਣ ਵਿਚ ਮਦਦ ਕਰ ਰਿਹਾ ਹੈ ਇਸ ਲਈ ਸਾਡੀ ਜ਼ਮੀਰ ਵੀ ਇਜਾਜ਼ਤ ਨਹੀਂ ਦਿੰਦੀ ਕਿ ਕੁਝ ਮਿਹਨਤਾਨਾ ਨਾ ਦੇਈਏ। ਫਿਰ ਉਸ ਨੇ ਖੁਸ਼ੀ ਨਾਲ ਦੋ ਸੌ ਰੁਪਿਆ ਰੱਖ ਲਿਆ ਅਤੇ ਤਿੰਨ ਸੌ ਵਾਪਸ ਕਰ ਦਿਤਾ।

ਜਦੋਂ ਟ੍ਰੈਫਿਕ ਚਾਲੂ ਹੋਈ ਰਾਤ ਦੇ ਨੌਂ ਵੱਜ ਚੁੱਕੇ ਸਨ। ਸਭ ਤੋਂ ਪਹਿਲਾਂ ਫੌਜ ਦੀਆਂ ਵੱਡੀਆਂ ਗੱਡੀਆਂ ਲੰਘਾਈਆਂ ਗਈਆਂ ਜੋ ਕਰਗਿਲ ਵਾਲੇ ਪਾਸਿਓਂ ਆ ਰਹੀਆਂ ਸਨ। ਸਾਡੇ ਵਾਲੇ ਪਾਸਿਓਂ ਪਹਿਲਾਂ ਇਕ ਜਿਪਸੀ ਲੰਘੀ ਜੋ ਬੜੀ ਮੁਸ਼ਕਲ ਨਾਲ ਚਿੱਕੜ ਪਾਰ ਕਰ ਸਕੀ। ਜਿਪਸੀ ਦੇ ਪਿੱਛੇ ਜਾ ਰਹੀ ਇਕ ਛੋਟੀ ਮਾਰੂਤੀ ਕਾਰ ਚਿੱਕੜ ਵਿਚ ਫਸ ਗਈ। ਫੌਜੀ ਟਰੱਕ ਲੰਘਣ ਕਾਰਨ ਫਿਰ ਸੜਕ ਉਪਰ ਸੰਘਣਾ ਗਾਰਾ ਹੋ ਗਿਆ ਸੀ। ਸਾਡੇ ਅੱਗੇ ਟੂਰਿਸਟ ਕੰਪਨੀਆਂ ਦੀਆਂ ਸੂਮੋ ਜੀਪਾਂ ਸਨ। ਉਨ੍ਹਾਂ ਵਿਚੋਂ ਇਕ ਜੀਪ ਤਾਂ ਲੰਘ ਗਈ ਤੇ ਬਾਕੀ ਫਸ ਗਈਆਂ। ਇਸ ਤੋਂ ਬਾਅਦ ਸਾਡੀ ਵਾਰੀ ਸੀ। ਸਾਡੀ ਜੀਪ ਦਾ ਡਰਾਈਵਰ ਤਰਸੇਮ ਤਜਰਬੇਕਾਰ ਬੰਦਾ ਸੀ। ਦੂਜਾ ਇਹ ਕਿ ਉਸ ਨਾਲ ਅਸੀਂ ਸਾਰੇ ਹੱਲਾਸ਼ੇਰੀ ਦੇਣ ਵਾਲੇ ਬੰਦੇ ਸਾਂ। ਉਸ ਨੇ ਦੱਸਿਆ ਕਿ ਸੜਕ ਉਪਰ ਵਿਛੀ ਚਿੱਕੜ ਦੀ ਮੋਟੀ ਪਰਤ ਵਿਚੋਂ ਗੱਡੀ ਲੰਘਣੀ ਮੁਸ਼ਕਿਲ ਹੈ ਆਪਾਂ ਪਹਾੜੀ ਵਾਲੀ ਢਲਾਨ ਤੋਂ ਨਵਾਂ ਰਸਤਾ ਬਣਾ ਲੈਂਦੇ ਹਾਂ। ਉਸ ਨੇ ਸਾਨੂੰ ਜੀਪ ਵਿਚੋਂ ਉਤਾਰ ਕੇ ਲਗਾਤਾਰ ਧੱਕਾ ਲਾਉਂਦੇ ਰਹਿਣ ਲਈ ਕਿਹਾ ਤੇ ਰੱਬ ਦਾ ਨਾਂ ਲੈ ਕੇ ਗੱਡੀ ਤੋਰ ਲਈ। ਸਾਡਾ ਇਹ ਤਜਰਬਾ ਬਹੁਤ ਕਾਮਯਾਬ ਰਿਹਾ। ਅਸੀਂ ਆਪਣੀਆਂ ਤਿੰਨੇ ਜੀਪਾਂ ਲੰਘਾ ਕੇ ਹੋਰ ਗੱਡੀਆਂ ਵੀ ਧੱਕਾ ਲਗਾ ਲੰਘਾਈਆਂ। ਭਾਵੇਂ ਸਾਡੀਆਂ ਪੈਂਟਾਂ ਅਤੇ ਬੂਟਾਂ ਦਾ ਬੁਰਾ ਹਾਲ ਹੋ ਗਿਆ ਪਰ ਇਹ ਔਕੜ ਅਸੀਂ ਸਰ ਕਰ ਲਈ।

ਮੁੜ ਗੱਡੀਆਂ ਵਿਚ ਬੈਠਦਿਆਂ ਨੂੰ ਹੀ ਤੇਜਿੰਦਰ ਨੇ ਰਸਗੁੱਲਿਆਂ ਵਾਲੇ ਡੱਬੇ ਫੜਾ ਦਿਤੇ। ਸਪੰਜ ਵਰਗੇ ਗੁਦਗੁੱਦੇ ਜਿਹੇ ਰਸਗੁੱਲੇ ਖਾ ਕੇ ਆਨੰਦ ਆ ਗਿਆ। ਅਸੀਂ ਤੇਜ਼ ਰਫਤਾਰ ਨਾਲ ਕਾਰਗਿਲ ਵੱਲ ਵੱਧਣ ਲੱਗੇ। ਜੀਪ ਪਹਾੜੀ ਵੱਲ ਵਲੇਵਿਆਂ ’ਤੇ ਘੁੰਮਦੀ ਨਾਮੀਕਾ ਲਾ (ਦੱਰਾ) ਪਾਰ ਕਰ ਗਈ। ਰਾਤ ਦੇ ਹਨੇਰੇ ਵਿਚ ਪਤਾ ਹੀ ਨਹੀਂ ਲੱਗਾ ਕਿ ਇਥੇ ਵੀ ਕੋਈ ਦੱਰੇ ਵਰਗੀ ਥਾਂ ਹੈ। ਬਸ ਸੜਕ ਉਪਰ ਲੱਗੇ ਪੱਥਰ ’ਤੇ ਪੜ੍ਹ ਕੇ ਹੀ ਪਤਾ ਲੱਗਾ। ਇਹ ਦੱਰਾ ਸਮੁੰਦਰੀ ਤਲ ਤੋਂ 3719 ਮੀਟਰ ਦੀ ਉਚਾਈ ’ਤੇ ਸਥਿਤ ਹੈ। ਦੱਰਾ ਲੰਘਣ ਮਗਰੋਂ ਸੜਕ ਨਿਵਾਣਾਂ ਵੱਲ ਜਾਣ ਲੱਗੀ। ਥੋੜ੍ਹਾ ਹੀ ਅੱਗੇ ਗਏ ਸਾਂ ਸੜਕ ਦੇ ਖੱਬੇ ਪਾਸੇ ਉੱਤਰ ਵੱਲ ਦਰਿਆ ਦੇ ਸ਼ੂਕਣ ਦੀ ਆਵਾਜ਼ ਸੁਣਾਈ ਦੇਣ ਲੱਗੀ। ਅਸਲ ਵਿਚ ਇਹ ਵਖਾ ਚੋਅ ਹੈ ਜੋ ਜ਼ਾਂਸਕਰ ਰੇਂਜ ਦੀਆਂ ਪਹਾੜੀਆਂ ਵਿਚੋਂ ਨਿਕਲ ਕੇ ਅੱਗੇ ਸੁਰੂ ਦਰਿਆ ਵਿਚ ਮਿਲ ਜਾਂਦਾ ਹੈ। ਇਸ ਤੋਂ ਅੱਗੇ ਮੁਲਬਿਕ ਪਿੰਡ ਆ ਗਿਆ ਜੋ ਇਸ ਖੇਤਰ ਵਿਚ ਆਖਰੀ ਬੋਧੀ ਪਿੰਡ ਮੰਨਿਆ ਜਾਂਦਾ ਹੈ। ਇਥੇ ਵੀ ਇਕ ਮੱਠ ਹੈ।

ਮੁਲਬਿਕ ਤੋਂ ਬਾਅਦ ਖੱਬੇ ਪਾਸੇ ਸ਼ੇਰਗੋਲ ਨਾਂ ਦਾ ਇਕ ਹੋਰ ਪਿੰਡ ਆਇਆ ਜੋ ਚੋਅ ਦੇ ਪਰਲੇ ਪਾਸੇ ਵਸਿਆ ਹੋਇਆ ਸੀ। ਸੜਕ ਦੇ ਸੱਜੇ ਪਾਸੇ ਉਚੀਆਂ ਚੋਟੀਆਂ ਹਨੇਰੇ ਵਾਂਗ ਲੱਗ ਰਹੀਆਂ ਸਨ। ਪਾਸ਼ਕੁਮ ਪਿੰਡ ਨੇੜੇ ਜਾ ਕੇ ਵਖਾ ਚੋਅ ਦਾ ਪੁਲ ਆ ਗਿਆ ਅਤੇ ਪੁਲ ਪਾਰ ਕੇ ਕਰਗਿਲ ਦੀਆਂ ਰੌਸ਼ਨੀਆਂ ਵਿਖਾਈ ਦੇਣ ਲੱਗੀਆਂ। ਜਿਉਂ ਜਿਉਂ ਅਸੀਂ ਕਰਗਿਲ ਦੇ ਨੇੜੇ ਪਹੁੰਚ ਰਹੇ ਸਾਂ ਸੱਜੇ ਪਾਸੇ ਐਲ.ਓ.ਸੀ. ਦਾ ਚੇਤਾ ਵੀ ਆ ਰਿਹਾ ਸੀ। ਇਸ ਇਲਾਕੇ ਵਿਚ ਪਾਕਿਸਤਾਨੀ ਫੌਜ ਵਲੋਂ ਅਕਸਰ ਗੋਲਾਬਾਰੀ ਹੁੰਦੀ ਰਹੀ ਹੈ। ਕਰਗਿਲ ਸ਼ਹਿਰ ਵਿਚ ਪਹੁੰਚਦਿਆਂ ਰਾਤ ਦਾ ਇਕ ਵੱਜ ਚੁੱਕਾ ਸੀ। ਲੱਦਾਖ ਦਾ ਜ਼ਿਲ੍ਹਾ ਸਦਰ ਮੁਕਾਮ ਅਤੇ ਫੌਜੀ ਦ੍ਰਿਸ਼ਟੀ ਤੋਂ ਅਹਿਮ ਜਗ੍ਹਾ ਹੋਣ ਕਰਕੇ ਸੜਕ ਦੇ ਆਲੇ ਦੁਆਲੇ ਮੋਰਚਾਬੰਦੀ ਕੀਤੀ ਹੋਈ ਸੀ। ਅਸੀਂ ਸ਼ਹਿਰ ਵਿਚ ਦਾਖਲ ਹੁੰਦਿਆਂ ਹੀ ਵਖਾ ਚੋਅ ਪਿੱਛੇ ਛੱਡ ਆਏ। ਬਸ ਅੱਡੇ ਕੋਲ ਪਹੁੰਚੇ ਇਥੇ ਇਕ ਹੀ ਢਾਬਾ ਖੁੱਲ੍ਹਾ ਸੀ। ਸਾਰਿਆਂ ਨੂੰ ਭੁੱਖ ਲੱਗੀ ਹੋਈ ਸੀ। ਡਰਾਈਵਰਾਂ ਨੇ ਕੁਝ ਸਮਾਂ ਆਰਾਮ ਵੀ ਕਰਨਾ ਸੀ। ਢਾਬਾ ਚੰਗੇ ਰੇਸਤਰਾਂ ਵਾਂਗ ਬਣਿਆ ਹੋਇਆ ਸੀ। ਉਸ ਕੋਲ ਸਿਰਫ ਚੌਲ ਅਤੇ ਹਲਾਲ ਬੱਕਰੇ ਦਾ ਮੀਟ ਸੀ। ਵੈਸ਼ਨੋ ਖਾਣਾ ਨਹੀਂ ਸੀ। ਉਸ ਨੂੰ ਆਪਣੇ ਕੋਲੋਂ ਮਾਰਕਫੈਡ ਦੀਆਂ ਡੱਬੇ ਬੰਦ ਸਬਜ਼ੀਆਂ ਦਿੱਤੀਆਂ। ਉਸ ਨੇ ਬੜੇ ਪਿਆਰ ਨਾਲ ਸਾਰਿਆਂ ਨੂੰ ਡਿਨਰ ਕਰਵਾਇਆ। ਕਰਗਿਲ ਦੇ ਇਸ ਰਾਤਰੀ ਭੋਜਨ ਦਾ ਵੱਖਰਾ ਸੁਆਦ ਸੀ। –o–

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
29 ਜੁਲਾਈ 2020 ਤੋਂ 04 ਅਗਸਤ 2020

# ਬਦਲਦੇ ਰੂਪਾਂ 'ਚ ਸੁੰਗੜਦਾ ਵਿਰੋਧ..

ਸਮਾਜ ਦੇ ਪ੍ਰਬੰਧ ਨੂੰ ਠੀਕ ਤਰ੍ਹਾਂ ਨਾਲ ਚਲਾਉਣ ਲਈ ਕੁਝ ਵਿਅਕਤੀ ਨਿੱਜੀ ਜਾਂ ਸੰਸਥਾਗਤ ਰੂਪ ਵਿਚ ਜਿੰਮੇਵਾਰ ਹੁੰਦੇ ਹਨ। ਹੁਣ ਦੇ ਸਮੇਂ ਇਹ ਜਿੰਮੇਵਾਰੀ ਵੋਟ ਤੰਤਰ ਰਾਹੀਂ ਚੁਣੇ ਹੋਏ ਅਹੁਦੇਦਾਰ ਅਤੇ ਅਫਸਰਸ਼ਾਹੀ ਸੰਸਥਾਵਾਂ ਸੰਭਾਲ ਰਹੀਆਂ ਨੇ। ਉਹ ਕਿੰਨੀ ਇਮਾਨਦਾਰੀ ਨਾਲ ਇਹ ਕਾਰਜ ਕਰ ਰਹੇ ਨੇ, ਇਸ ਉਤੇ ਗੰਭੀਰ ਪ੍ਰਸ਼ਨ-ਚਿੰਨ੍ਹ ਲੱਗ ਗਏ ਹਨ। ਉਹ ਸਮੇਂ ਸਮੇਂ 'ਤੇ ਇਸ ਪ੍ਰਬੰਧ ਨੂੰ ਚਲਾਉਣ ਦੇ ਬਹਾਨੇ ਨਾਲ ਇਹਦੇ ਚੋਂ ਕੋਈ ਲਾਹਾ ਲੈਣ ਲਈ ਇਹਦੇ ਚ ਤਬਦੀਲੀਆਂ ਕਰਦੇ ਰਹਿੰਦੇ ਹਨ। ਇਹ ਤਬਦੀਲੀਆਂ ਕਿਸੇ ਦੇ ਹੱਕ 'ਚ ਜਾ ਭੁਗਤਦੀਆਂ ਨੇ, ਕਿਸੇ ਦੇ ਵਿਰੋਧ 'ਚ, ਕਿਸੇ ਲਈ ਇਹ ਕੋਈ ਖਾਸ ਮਾਇਨੇ ਨਹੀਂ ਰੱਖਦੀਆਂ ਹੁੰਦੀਆਂ ਤੇ ਕੋਈ ਇਸਦੇ ਨਤੀਜਿਆਂ ਦੇ ਅਹਿਸਾਸ ਤੋਂ ਸੱਖਣਾ ਹੁੰਦਾ ਹੈ। ਜਿੰਨ੍ਹਾਂ ਦੇ ਵਿਰੋਧ ਚ ਭੁਗਤਦੀਆਂ ਹਨ ਉਹਨਾਂ ਵਿਚੋਂ ਕੁਝ ਹਿੱਸਾ ਇਸਦੇ ਵਿਰੋਧ ਚ ਖੜ ਜਾਂਦਾ ਹੈ। ਇਹ ਹਮੇਸ਼ਾ ਹੁੰਦਾ ਆਇਆ ਹੈ ਜਦੋਂ ਵੀ ਪ੍ਰਬੰਧਕ ਬਰਾਬਰਤਾ ਅਤੇ ਸਭ ਦੇ ਭਲੇ ਦੀ ਭਾਵਨਾ ਤੋਂ ਖਾਲੀ ਹੁੰਦੇ ਹਨ ਅਤੇ ਇਹ ਹਮੇਸ਼ਾ ਹੀ ਹੁੰਦਾ ਰਹਿਣਾ ਹੈ ਜਦੋਂ ਵੀ ਕੋਈ ਬੇਈਮਾਨੀ ਨਾਲ ਇਹ ਪ੍ਰਬੰਧ ਨੂੰ ਚਲਾਉਣ ਦੇ ਅਮਲ ਚ ਹੋਵੇਗਾ।

ਇਹ ਲਾਜ਼ਮੀ ਨਹੀਂ ਹੈ ਕਿ ਵਿਰੋਧ ਬਿਲਕੁਲ ਸ਼ੁੱਧ ਭਾਵਨਾ ਚੋਂ ਹੋਵੇ ਅਤੇ ਇਹ ਵੀ ਲਾਜ਼ਮੀ ਨਹੀਂ ਹੈ ਕਿ ਸ਼ੁੱਧ ਭਾਵਨਾ ਚੋਂ ਹੋ ਰਿਹਾ ਵਿਰੋਧ ਸਹੀ ਤਰੀਕੇ ਹੋਵੇ। ਤਰੀਕਾ ਸਹੀ ਨਾ ਹੋਣ ਦਾ ਇਕ ਕਾਰਨ ਇਹ ਹੈ ਕਿ ਮਨੁੱਖ ਬਦਲਦੇ ਰੂਪਾਂ ਦੇ ਇਸ ਚੱਕਰ ਵਿੱਚ ਸਹੀ ਤਰੀਕੇ ਤੋਂ ਬਹੁਤ ਵਿੱਥ ਬਣਾ ਚੁੱਕਾ ਹੁੰਦਾ ਹੈ, ਤੇ ਹੁਣ ਓਹਨੂੰ ਵਿਰੋਧ ਕਰਨ ਦਾ ਬਦਲਿਆ ਰੂਪ ਵੱਧ ਸਹੀ ਲੱਗ ਰਿਹਾ ਹੁੰਦਾ ਹੈ। ਉਹਨੂੰ ਚਾਹੁੰਦੇ ਹੋਏ ਵੀ ਪਿੱਛੇ ਮੁੜਨਾ ਅਸੰਭਵ ਲੱਗ ਰਿਹਾ ਹੁੰਦਾ ਹੈ ਤੇ ਇਸੇ ਚੱਕਰ ਚ ਇਹ ਵਰਤਾਰਾ ਲਗਾਤਾਰਤਾ ਚ ਚੱਲਦਾ ਰਹਿੰਦਾ ਹੈ। ਵਿਰੋਧ ਸਿਰਫ ਹਾਜ਼ਰੀ ਲਵਾਉਣ ਦਾ ਰਹਿ ਜਾਂਦਾ ਹੈ ਤੇ ਦਿਨ ਪਰ ਦਿਨ ਆਪਣਾ ਰੂਪ ਬਦਲਦਾ ਤੇ ਵਿਗਾੜਦਾ ਜਾਂਦਾ ਹੈ। ਇਸ ਗੱਲ ਦਾ ਅਹਿਸਾਸ ਨਾ ਹੋਣਾ ਇੰਨਾ ਜਿਆਦਾ ਘਾਤਕ ਹੋ ਸਕਦਾ ਹੈ ਕਿ ਇਸਦੇ ਨਤੀਜਿਆਂ ਵਿੱਚ ਸਾਡੀ ਇਮਾਨਦਾਰੀ ਵੀ ਬਹੁਤਾ ਕੋਈ ਯੋਗਦਾਨ ਨਹੀਂ ਪਾ ਸਕੇਗੀ।

ਪੰਜਾਬ ਵਿੱਚ ਕਿਸੇ ਵੇਲੇ ਮਾੜੇ ਪ੍ਰਬੰਧਾਂ ਦੇ ਵਿਰੋਧ 'ਚ ਖੜ੍ਹਨ ਵਾਲੇ ਦੋ ਹੀ ਰਸਤੇ ਵੇਖਦੇ ਸਨ ਕਿ ਜਾਂ ਤਾਂ ਉਹ ਫੈਸਲਾ ਦਰੁੱਸਤ ਹੋਵੇਗਾ ਜਿਸ ਤੇ ਵਿਰੋਧ ਕੀਤਾ ਜਾ ਰਿਹਾ ਹੈ ਜਾਂ ਇਹ ਜਿੰਦ ਇਸ ਸੰਘਰਸ਼ ਦੇ ਲੇਖੇ ਲੱਗ ਜਾਵੇਗੀ। ਹੌਲੀ ਹੌਲੀ ਅਸੀਂ ਸਮਿਆਂ ਦੀ ਵਾਟ ਮੁਕਾਉਂਦੇ ਗਏ, ਵਿਰੋਧ ਕਰਨ ਦੇ ਰੂਪ ਬਦਲਦੇ ਗਏ (ਇਹ ਸਿਲਸਲਾ ਹਜੇ ਵੀ ਜਾਰੀ ਹੈ) ਅਤੇ ਅਸੀਂ ਜਾਣੇ ਅਣਜਾਣੇ ਚ ਰਸਤੇ ਵੀ ਹੋਰ ਹੀ ਵੇਖਣ ਲੱਗ ਪਏ। ਅਹਿਮ ਗੱਲ ਇਹ ਹੈ ਕਿ ਕੁਝ ਅਜਿਹੇ ਮਸਲੇ ਹਨ ਜਿੰਨ੍ਹਾਂ ਤੇ ਕਿਸੇ ਵੇਲੇ ਸਾਡੇ ਵਡੇਰੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਕਿਉਂਕਿ ਉਦੋ ਉਹ ਮਸਲੇ ਸਿਰਫ ਅਣਖ ਦੇ ਸਨ ਤੇ ਹੁਣ ਓਹੀ ਮਸਲੇ ਜਦੋਂ ਸਾਡੇ ਜਿਉਂਦੇ ਰਹਿਣ ਦਾ ਸਵਾਲ ਤੱਕ ਬਣ ਗਏ ਤਾਂ ਸਾਨੂੰ ਵਿਰੋਧ/ਸੰਘਰਸ਼ ਕਰਨ ਦਾ ਤਰੀਕਾ ਨਹੀਂ ਆ ਰਿਹਾ। ਹੌਲੀ ਹੌਲੀ ਵਿਰੋਧ ਦਾ ਬਦਲਦਾ ਤੇ ਵਿਗੜਦਾ ਹੋਇਆ ਰੂਪ ਮਾੜੇ ਪ੍ਰਬੰਧ ਦਾ ਫੈਸਲਾ ਦਰੁੱਸਤ ਕਰਾਉਣ ਦੀ ਬਜਾਏ ਪ੍ਰਬੰਧਕਾਂ/ਜਿੰਮੇਵਾਰਾਂ ਤੋਂ ਸਿਰਫ ਭਰੋਸਾ ਦੇਣ ਤੇ ਹੀ ਦਮ ਤੋੜਨ ਲੱਗ ਪਿਆ ਸੀ ਜੋ ਹੁਣ ਇੰਨਾ ਵਿਗੜ ਅਤੇ ਸੁੰਗੜ ਗਿਆ ਹੈ ਕਿ ਸਾਨੂੰ ਸਿਰਫ ਆਪਣੀ ਗੱਲ ਰੱਖਣ ਦਾ ਸਮਾਂ ਲੈਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ, ਇੰਨਾ ਹੀ ਹੋ ਜਾਣਾ ਸਾਨੂੰ ਸ਼ਾਇਦ ਫਤਿਹ ਲਗਦੀ ਹੈ, ਸ਼ਾਇਦ ਆਪਣੀ ਜਿੰਮੇਵਾਰੀ ਲਗਦੀ ਹੈ ਜਾ ਸ਼ਾਇਦ ਕੁਝ ਹੋਰ। ਪਰ ਜੋ ਵੀ ਲਗਦਾ ਹੈ, ਜੇਕਰ ਓਹਦੇ ਨਾਲ ਕਿਸੇ ਹੌਸਲੇ 'ਚ ਹਾਂ ਤਾਂ ਯਕੀਨਨ ਗੜਬੜ ਬਹੁਤ ਵੱਡੀ ਹੈ ਜਿਸ ਨੂੰ ਵੇਲੇ ਸਿਰ ਬੈਠ ਕੇ ਵਿਚਾਰ ਲੈਣਾ ਚਾਹੀਦਾ ਹੈ।

ਵਿਰੋਧ ਮਹਿਜ ਇਕ ਹਾਜਰੀ ਨਹੀਂ, ਵਿਰੋਧ ਸਾਡੀ ਹਸਤੀ ਦੱਸਦਾ ਹੈ ਜੋ ਆਉਂਦੀਆਂ ਨਸਲਾਂ ਪੜ੍ਹਦੀਆਂ/ਸੁਣਦੀਆਂ ਹਨ ਤੇ ਸਾਨੂੰ ਸਾਡੇ ਇਹ ਵਰਤਾਰੇ ਲਈ ਬਣਦੀ ਥਾਂ ਦਿੰਦੀਆਂ ਹਨ। ਇਹ ਗੱਲਾਂ ਇੱਥੇ ਹੀ ਨਹੀਂ ਰਹਿ ਜਾਣੀਆਂ ਹੁੰਦੀਆਂ ਇਹ ਤਵਾਰੀਖ ਦੇ ਪੰਨਿਆਂ ਤੇ ਆਪਣੇ ਹਸਤਾਖਸ਼ਰ ਕਰ ਜਾਂਦੀਆਂ ਹਨ। ਇਹ ਮੋੜਾ ਅਸੀਂ ਇਕੋ ਦਮ ਤੇ ਕੱਟਿਆ ਨਹੀਂ ਤਾਂ ਯਕੀਨਨ ਹੀ ਇਕੋ ਦਮ ਪਰਤਣ ਦੀ ਸੰਭਵਨਾ ਵੀ ਬਹੁਤ ਥੋੜੀ ਹੈ। ਪਰ ਪਰਤਣਾ ਕਿੱਥੇ ਤੇ ਕਿਉਂ ਹੈ ? ਇਹ ਇਲਮ ਹੋਣਾ ਲਾਜਮੀ ਹੈ। ਸਮੇਂ ਨੇ ਹਮੇਸ਼ਾ ਹੀ ਬਦਲਦੇ ਰਹਿਣਾ ਹੈ, ਬਦਲਦੇ ਸਮੇਂ ਚ ਸਾਡੇ ਰਹਿਣ ਸਹਿਣ ਤੇ ਵਿਹਾਰਕ ਪੱਖ ਵੀ ਬਦਲਦੇ ਰਹਿਣਗੇ, ਪਰ ਕੁਝ ਚੀਜ਼ਾਂ ਦਾ ਬਦਲਣਾ ਜਦ ਸਾਡੇ ਆਪੇ ਦੀ ਪਹਿਚਾਣ ਬਦਲ ਦਿੰਦਾ ਹੈ ਤਾਂ ਉਹ ਸਾਨੂੰ ਸਾਡੀ ਅਸਲੀਅਤ ਤੋਂ ਬਹੁਤ ਦੂਰ ਲੈ ਜਾਂਦਾ ਹੈ। ਅਸੀਂ ਜਿਸ ਪਾਸਿਓਂ ਵੀ ਕਿਸੇ ਬੇਈਮਾਨੀ ਦੇ ਵਿਰੋਧ 'ਚ ਅਤੇ ਹੱਕ ਸੱਚ ਦੀ ਲੜਾਈ 'ਚ ਹਾਂ, ਸਾਡਾ ਮੁੱਢਲਾ ਫਰਜ਼ ਹੈ ਸਾਡੀ ਇਮਾਨਦਾਰੀ ਤੇ ਸਾਡਾ ਉਸ ਕਾਰਜ ਅਤੇ ਓਹਦੇ ਤਰੀਕੇ ਪ੍ਰਤੀ ਅਹਿਸਾਸ, ਫਿਰ ਹੀ ਅਸੀਂ ਇਸ ਸੁੰਗੜ ਰਹੇ ਵਿਰੋਧ ਦੇ ਚੱਕਰ ਚੋਂ ਬਾਹਰ ਖੜ ਕੇ ਸੋਚ ਸਕਾਂਗੇ, ਕੋਈ ਅਮਲ ਕਰ ਸਕਾਂਗੇ ਅਤੇ ਅਗਲੀਆਂ ਨਸਲਾਂ ਲਈ ਆਪਣੇ ਜਿਉਂਦੇ ਜਾਗਦੇ ਹੋਣ ਦਾ ਸਬੂਤ ਛੱਡ ਸਕਾਂਗੇ। ਹੱਕ ਸੱਚ ਦੇ ਪਾਂਧੀ ਦਾ ਬੇਈਮਾਨਾਂ ਨਾਲ ਸੰਘਰਸ਼ ਹਮੇਸ਼ਾ ਹੀ ਰਹਿਣਾ ਹੈ ਪਰ ਸਾਨੂੰ ਇਹ ਜਰੂਰ ਵਿਚਾਰ ਲੈਣਾ ਚਾਹੀਦਾ ਹੈ ਕਿ ਇਹ ਬਦਲਦਾ ਸਮਾਂ ਸਾਡੇ ਤਰੀਕਿਆਂ ਨੂੰ ਆਪਣੀ ਲਪੇਟ ਚ ਲੈ ਕੇ ਸਾਡੇ ਵਿਰੋਧ ਨੂੰ ਹਮੇਸ਼ਾ ਲਈ ਹੀ ਬਿਨ ਸਾਹਾਂ ਦੀ ਲਾਸ਼ ਨਾ ਕਰ ਦਵੇ।

-o-

# ਜਦੋਂ ਕੁਝ ਵੀ ਜ਼ੁਰਮ ਬਣ ਜਾਂਦਾ ਹੈ ਉਦੋਂ ਚੁੱਪ ਰਹਿਣਾ ਸਦੀਵੀ ਜ਼ੁਰਮ ਹੋ ਨਿੱਬੜਦੈ



-ਸੁਖਦੀਪ ਸਿੰਘ ਮੀਕੇ

ਭੇੜੀਏ ਤੇ ਲੇਲੇ ਦੀ ਇੱਕ ਕਹਾਣੀ ਆਮ ਪ੍ਰਚੱਲਤ ਹੈ। ਇੱਕ ਭੇੜੀਆ ਅਤੇ ਇੱਕ ਲੇਲਾ ਇੱਕੋ ਨਦੀਂ ਵਿਚੋਂ ਪਾਣੀ ਪੀ ਰਹੇ ਸਨ ਤੇ ਭੇੜੀਏ ਦਾ ਮਨ ਲੇਲੇ ਨੂੰ ਵੇਖ ਕੇ ਲਲਚਾਅ ਗਿਆ। ਭੇੜੀਆ ਲੇਲੇ ਨੂੰ ਖਾਣ ਦਾ ਬਹਾਨਾ ਲੱਭਣ ਲੱਗਾ। ਕਹਿੰਦਾ 'ਓਏ ਤੂੰ ਮੇਰਾ ਪਾਣੀ ਜੂਠਾ ਕਰਤਾ'। ਲੇਲਾ ਬੜੀ ਨਿਮਰਤਾ ਨਾਲ ਬੋਲਿਆ 'ਪਾਣੀ ਤਾਂ ਤੁਹਾਡੇ ਵਾਲੇ ਪਾਸਿਓਂ ਵਗ ਕੇ ਮੇਰੇ ਵੱਲ ਆ ਰਿਹਾ ਜੀ'। ਭੇੜੀਆ ਕਹਿੰਦਾ 'ਓਏ ਤੂੰ ਮੇਰੇ ਨਾਲ ਜ਼ੁਬਾਨ ਲੜਾਉਨੈ' ਤੇ ਲੇਲੇ ਤੇ ਝਪਟ ਕੇ ਉਸ ਨੂੰ ਖਾ ਗਿਆ। ਲੇਲੇ ਦਾ ਕਸੂਰ ਤਾਂ ਕੋਈ ਨਹੀਂ ਸੀ ਪਰ ਭੇੜੀਆ ਕਹਿੰਦਾ ਫਿਰੇ ਕਿ ਮੈਂ ਉਹਦੇ ਨਾਲ ਕੋਈ ਧੱਕਾ ਨਹੀਂ ਕੀਤਾ ਸਗੋਂ ਉਹਨੂੰ ਉਹਦੇ ਜ਼ੁਰਮ ਦੀ ਸਜਾ ਦੇ ਕੇ ਨਿਆ ਕੀਤਾ ਹੈ। ਭੇੜੀਏ ਨੇ ਤਾਂ ਕੀਤਾ ਉਹ ਕੀਤਾ, ਸਵਾਲ ਇਹ ਸੀ ਕਿ ਬਾਕੀ ਜਨਾਵਰਾਂ ਨੇ ਇਸ ਬਾਰੇ ਕੀ ਰਵੱਈਆ ਧਾਰਿਆ ? ਲਘੂ ਕਥਾ ਇਸ ਬਾਰੇ ਕੁਝ ਨਹੀਂ ਦੱਸਦੀ ਸੋ ਇਹ ਸਵਾਲ ਇਨਸਾਫ ਦੀ ਹਾਮੀ ਭਰਨ ਵਾਲਿਆਂ ਲਈ ਅੱਜ ਵੀ ਖੁੱਲ੍ਹਾ ਹੈ।

ਅਜਿਹੇ ਹੀ ਹਾਲਾਤ ਅੱਜ ਕੱਲ੍ਹ ਇੰਡੀਆ ਵਿੱਚ ਬਣੇ ਹੋਏ ਹਨ। 'ਕੋਵਿਡ-19' ਕੀ ਆਇਐ ਸਰਕਾਰ ਨੇ ਸਭ ਕਾਨੂੰਨ, ਨੇਮ, ਵਿਧੀ-ਵਿਧਾਨ ਛਿੱਕੇ ਟੰਗ ਦਿੱਤੇ ਹਨ। 6 ਜੂਨ ਨੂੰ ਕਈ ਸਿੱਖ ਖਬਰ ਅਦਾਰਿਆਂ ਦੇ ਫੇਸਬੁੱਕ ਸਫੇ, ਯੂਟਿਊਬ ਚੈਨਲ ਤੇ ਵੈਬਸਾਈਟਾਂ ਪੰਜਾਬ ਤੇ ਇੰਡੀਆ ਵਿੱਚ ਖੁੱਲ੍ਹਣੀਆਂ ਬੰਦ ਹੋ ਗਈਆਂ। ਅਗਲੇ ਸੋਚਣ ਪਤਾ ਨਹੀਂ ਕੋਈ ਸਾਡੇ ਹੀ ਤਕਨੀਕੀ ਪ੍ਰਬੰਧ ਵਿੱਚ ਖਰਾਬੀ ਪੈ ਗਈ ਹੈ। ਜਦੋਂ ਪਤਾ ਲੱਗਾ ਕਿ ਸਰਕਾਰ ਰੁਕਵਾ ਰਹੀ ਹੈ ਤਾਂ ਕਿਸੇ ਨੂੰ ਦੱਸਣ ਉੱਤੇ ਅਗਲਾ ਯਕੀਨ ਨਾ ਕਰੇ ਕਿ ਇਹਨਾਂ ਕੋਲ ਕਿਹੜਾ ਕੋਈ ਚਿੱਠੀ ਪੱਤਰ ਹੈ ਜੋ ਇਹ ਸਾਬਿਤ ਕਰੇ ਕਿ ਸਰਕਾਰ ਨੇ ਇਨ੍ਹਾਂ ਦੀ ਪਹੁੰਚ ਪਾਠਕਾਂ ਤੱਕ ਜਾਣੋਂ ਰੋਕ ਰੱਖੀ ਹੈ। 6 ਜੂਨ ਨੂੰ ਜਿਨ੍ਹਾਂ ਅਦਾਰਿਆਂ ਦੀ ਪਹੁੰਚ ਰੋਕੀ ਗਈ ਸੀ ਉਹਨਾਂ ਵਿੱਚ ਇੰਗਲੈਂਡ ਤੋਂ ਚੱਲਦੇ ਕੇ.ਟੀ.ਵੀ. ਗਲੋਬਲ, ਉੱਤਰੀ-ਅਮਰੀਕਾ ਤੋਂ ਚੱਲਦਾ ਟੀ.ਵੀ.84 ਅਤੇ ਪੰਜਾਬ ਤੋਂ ਚੱਲਦੇ ਖਬਰ ਅਦਾਰਾ ਸਿੱਖ ਸਿਆਸਤ ਦਾ ਨਾਂ ਸ਼ਾਮਿਲ ਹੈ। ਇੰਗਲੈਂਡ ਤੋਂ ਚੱਲਦੇ ਅਕਾਲ ਚੈਨਲ ਦਾ ਫੇਸਬੁੱਕ ਸਫਾ ਤੇ ਯੂਟਿਊਬ ਚੈਨਲ ਦਾ ਮੁੱਖ ਸਫਾ ਵੀ ਬੰਦ ਹੋਇਆ ਸੀ ਪਰ ਉਹ ਹੁਣ ਚੱਲ ਪਏ ਹਨ ਹਾਲਾਂਕਿ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਸਫੇ ਬੰਦ ਕਰਨ ਜਾਂ ਆਪੇ ਚੱਲਾ ਦੇਣ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਸਿੱਖ ਖਬਰ ਅਦਾਰਿਆਂ ਉੱਤੇ ਹਕੂਮਤ ਦਾ ਦੂਜਾ ਹੱਲਾ 4 ਜੁਲਾਈ ਨੂੰ ਹੋਇਆ ਜਦੋਂ ਮੁੜ ਕੁਝ ਹੋਰ ਸਿੱਖ ਵੈਬਸਾਈਟਾਂ ਤੇ ਫੇਸਬੁੱਕ ਸਫੇ ਬੰਦ ਕੀਤੇ ਗਏ। ਪਰ ਇਸ ਵਾਰ ਵੀ ਸਰਕਾਰ ਨੇ ਸੰਬੰਧਤ ਅਦਾਰਿਆਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ। ਇਸ ਦਿਨ ਜਿਨ੍ਹਾਂ ਮੰਚਾਂ ਦੀ ਪਾਠਕਾਂ/ਦਰਸ਼ਕਾਂ ਤੱਕ ਪਹੁੰਚ ਰੋਕੀ ਗਈ ਉਨ੍ਹਾਂ ਵਿੱਚ ਪੰਜਾਬ ਤੋਂ ਚੱਲਦੇ ਆਪਣਾ ਸਾਂਝਾ ਪੰਜਾਬ ਟੀ.ਵੀ. ਅਤੇ ਆਦਾਰਾ ਸਿੱਖ ਸਿਆਸਤ ਦੀ ਪੰਜਾਬੀ ਖਬਰਾਂ ਦੀ ਵੈਬਸਾਈਟ ਸ਼ਾਮਿਲ ਹੈ।

ਹੁਣ ਜੇ ਕਈ ਇਹ ਰੋਕੇ ਗਏ ਸਫੇ ਖੋਲ੍ਹਣ ਦੀ ਕੋਸ਼ਿਸ਼ ਕਰੇ ਤਾਂ ਲਿਖਿਆ ਮਿਲਦਾ ਹੈ ਕਿ ਮੁਕਾਮੀ ਕਾਨੂੰਨਾਂ ਮੁਤਾਬਿਕ ਇਸ ਸਫੇ ਨੂੰ ਇਸ ਦੇਸ਼ ਵਿੱਚ ਨਹੀਂ ਵੇਖਿਆ ਜਾ ਸਕਦਾ। ਵੈਬਸਾਈਟਾਂ ਦੇ ਮਾਮਲੇ ਵਿੱਚ ਕਈ ਵਾਰ ਇਹ ਸੁਨੇਹਾ ਦਿਸਦਾ ਹੈ ਕਿ ਇਸ ਮੰਚ ਤੱਕ ਪਹੁੰਚ ਇੰਡੀਆ ਦੀ ਸਰਕਾਰ ਦੇ ਡਿਪਾਰਟਮੈਂਟ ਆਫ ਟੈਲੀਕਮਿਊਨੀਕੇਸ਼ਨ ਦੇ ਕਹਿਣ ਉੱਤੇ ਰੋਕੀ ਗਈ ਹੈ।

ਲਘੂ ਕਥਾ ਵਾਲੇ ਭੇੜੀਏ ਨੇ ਤਾਂ ਲੇਲੇ ਨੂੰ ਉਹਦਾ ਕਥਿਤ ਜ਼ੁਰਮ ਦੱਸ ਕੇ ਸਜਾ ਦਿੱਤੀ ਸੀ ਪਰ ਇਸ ਮਾਮਲੇ ਵਿੱਚ ਤਾਂ ਸਰਕਾਰ ਬਿਨਾ ਕੁਝ ਦੱਸਿਆਂ ਹੀ ਸਜਾ ਦੇ ਰਹੀ ਹੈ।




ਇਹ ਸਾਰਾ ਕੁਝ ਹੋ ਕਿਉਂ ਰਿਹੈ ? ਘੜੇ ਗਏ ਕਾਰਨਾਂ ਦਾ ਤਾਂ ਉਦੋਂ ਹੀ ਪਤਾ ਲੱਗ ਸਕਦਾ ਹੈ ਜਦੋਂ ਸਰਕਾਰ ਇਸ ਬਾਰੇ ਕੁਝ ਆਪ ਦੱਸੇ। ਹੁਣ ਤੱਕ ਤਾਂ ਹਾਲਤ ਇਹ ਬਣੀ ਹੋਈ ਹੈ ਕਿ ਜਿਨ੍ਹਾਂ ਅਦਾਰਿਆਂ ਦੇ ਮੰਚਾਂ ਦੀ ਪਾਠਕਾਂ ਤੱਕ ਪਹੁੰਚ ਰੋਕੀ ਗਈ ਹੈ ਉਹਨਾਂ ਵੱਲੋਂ ਸਰਕਾਰ ਕੋਲੋਂ ਜਾਣਕਾਰੀ ਦਾ ਹੱਕ ਕਾਨੂੰਨ ਤਹਿਤ ਮੰਗੀ ਗਈ ਜਾਣਕਾਰੀ ਵੀ ਨਹੀਂ ਦਿੱਤੀ ਜਾ ਰਹੀ। ਇਸੇ ਦੌਰਾਨ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਸਰਕਾਰ ਦੇ ਡਿਪਾਰਟਮੈਂਟ ਆਫ ਟੈਲੀਕਮਿਊਨੀਕੇਸ਼ਨ ਨੇ ਸਾਰੀਆਂ ਇੰਟਰਨੈਟ ਕੰਪਨੀਆਂ ਨੂੰ ਚਿੱਠੀਆਂ ਕੱਢ ਕੇ ਸਿੱਖ ਸਿਆਸਤ ਦੀਆਂ ਵੈਬਸਾਈਟਾਂ ਨੂੰ ਪੰਜਾਬ ਤੇ ਭਾਰਤ ਵਿੱਚ ਪਾਠਕਾਂ ਤੱਕ ਪਹੁੰਚਣ ਤੋਂ ਫੌਰੀ ਤੌਰ ਉੱਤੇ ਰੋਕਣ ਦੀ ਹਿਦਾਇਤ ਦਿੱਤੀ ਹੈ।

ਡਿਪਾਰਟਮੈਂਟ ਵੱਲੋਂ ਚਿੱਠੀ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਸਿੱਖ ਸਿਆਸਤ ਦੀ ਵੈਬਸਾਈਟ ਤੱਕ ਪਹੁੰਚ ਰੁਕਵਾਉਣ ਦਾ ਹੁਕਮ ਮਨਿਸਟਰੀ ਆਫ ਇਲੈਕਟ੍ਰੌਨਿਕਸ ਐਂਡ ਇਨਫਰਮੇਸ਼ਨ ਟੈਕਨਾਲਿਜੀ (ਮਾਇਟੀ) ਵੱਲੋਂ ਦਿੱਤਾ ਹੈ। ਇੰਡੀਆ ਦੀ ਮਨਿਸਟਰੀ ਆਫ ਹੋਮ ਅਫੇਅਰਜ਼ (ਘਰੇਲੂ ਵਜ਼ਾਰਤ) ਦੇ ਬੁਲਾਰੇ ਦਾ ਕਹਿਣਾ ਹੈ ਕਿ ਸਿੱਖ ਵੈਬਸਾਈਟਾਂ ਤੱਕ ਪਹੁੰਚ ਘਰੇਲੂ ਵਜ਼ਾਰਤ ਨੇ ਹੀ 'ਮਾਇਟੀ' ਨੂੰ ਕਹਿ ਕੇ ਰੁਕਵਾਈ ਹੈ। ਘਰੇਲੂ ਵਜ਼ਾਰਤ ਦਾ ਬੁਲਾਰਾ ਮਾਅਰਕੇ ਵਜੋਂ ਇਹ ਗੱਲ ਦਾ ਜਨਤਕ ਦਾਅਵਾ ਤਾਂ ਕਰ ਰਿਹਾ ਹੈ ਪਰ ਜਿਨ੍ਹਾਂ ਅਦਾਰਿਆਂ ਦੀਆਂ ਵੈਬਸਾਈਟਾਂ ਰੁਕਵਾਈਆਂ ਗਈਆਂ ਹਨ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ।

ਡਿਪਾਰਟਮੈਂਟ ਨੇ ਆਪਣੀ ਚਿੱਠੀ ਵਿੱਚ ਇੰਟਰਨੈਟ ਕੰਪਨੀਆਂ ਨੂੰ ਲਿਖਿਆ ਹੈ ਕਿ ਪਹੁੰਚ ਰੋਕਣ ਦੀ ਸਾਰੀ ਕਾਰਵਾਈ ਗੁਪਤ ਰੱਖੀ ਜਾਵੇ ਅਤੇ ਵੈਬਸਾਈਟ ਖੋਲਣ ਤੋਂ ਰੋਕੇ ਜਾਣ ਤੋਂ ਬਾਅਦ ਪਾਠਕ ਨੂੰ ਵਿਖਾਏ ਜਾਣ ਵਾਲੇ ਸੁਨੇਹੇ ਉੱਤੇ ਵੈਬਸਾਈਟ ਦਾ ਰੋਕਿਆ ਜਾਣ ਵਾਲਾ ਪਤਾ (ਜਿਸ ਦਾ ਜ਼ਿਕਰ ਨੋਟਿਸ ਵਿੱਚ ਕੀਤਾ ਹੈ) ਨਸ਼ਰ ਨਾ ਕੀਤਾ ਜਾਵੇ।

ਕਹਿੰਦੇ ਨੇ ਕਿਸੇ ਤਕੜੇ ਨੇ ਚਪਾਲੂਸ ਨੂੰ ਝੁਕਣ ਲਈ ਕਿਹਾ ਸੀ ਪਰ ਉਹ ਲੰਮਾ ਹੀ ਪੈ ਗਿਆ। ਇਹੀ ਗੱਲ ਇੰਟਰਨੈਟ ਕੰਪਨੀਆਂ ਦੀ ਹੈ। ਸਰਕਾਰ ਨੇ ਵੈਬਸਾਈਟ ਖੋਲਣ ਤੋਂ ਰੋਕੇ ਜਾਣ ਤੋਂ ਬਾਅਦ ਪਾਠਕ ਨੂੰ ਵਿਖਾਏ ਜਾਣ ਵਾਲੇ ਸੁਨੇਹੇ ਉੱਤੇ ਵੈਬਸਾਈਟ ਦਾ ਰੋਕਿਆ ਜਾਣ ਵਾਲਾ ਪਤਾ ਨਸ਼ਰ ਨਾ ਕਰਨ ਲਈ ਕਿਹਾ ਸੀ, ਕੰਪਨੀਆਂ ਨੇ ਸੁਨੇਹਾ ਹੀ ਵਿਖਾਉਣਾ ਬੰਦ ਕਰ ਦਿੱਤਾ। ਕਦੇ ਕਹਿਣ ਖੋਲ੍ਹਣ ਵਾਲੇ ਦਾ ਇੰਟਰਨੈਟ ਨਹੀਂ ਚੱਲ ਰਿਹਾ, ਕਦੇ ਤਰ੍ਹਾਂ-ਤਰ੍ਹਾਂ ਦੇ ਤਕਨੀਕੀ ਸੁਨੇਹੇ ਵਿਖਾ ਦੇਣ ਤੇ ਕਦੇ ਇਹ ਹੀ ਕਹਿ ਦੇਣ ਕਿ ਵੈਬਸਾਈਟ ਨੇ ਹੀ ਖੁੱਲ੍ਹਣ ਤੋਂ ਮਨ੍ਹਾ ਕਰ ਦਿੱਤਾ ਹੈ।

ਡਿਪਾਰਟਮੈਨਟ ਨੇ ਆਪਣੀ ਚਿੱਠੀ ਵਿੱਚ ਹਵਾਲਾ ਦਿੱਤਾ ਹੈ ਕਿ ਵੈਬਸਾਈਟ ਤੱਕ ਪਹੁੰਚ ਇਨਫਰਮੇਸ਼ਨ ਟੈਕਨਾਲਿਜੀ ਐਕਟ ਦੀ ਧਾਰਾ 69-ਏ ਤਹਿਤ ਰੋਕੀ ਜਾ ਰਹੀ ਹੈ ਤੇ ਇੰਟਰਨੈਟ ਕੰਪਨੀਆਂ ਨੂੰ ਕਿਹਾ ਹੈ ਕਿ ਜੇਕਰ ਸਰਕਾਰੀ ਫੁਰਮਾਨ ਨੂੰ ਨਾ ਮੰਨਿਆ ਤਾਂ ਉਨ੍ਹਾਂ ਖਿਲਾਫ ਇਸ ਐਕਟ ਤਹਿਤ 2009 ਵਿੱਚ ਬਣਾਏ ਗਏ ਨਿਯਮਾਂ ਹੇਠ ਕਾਰਵਾਈ ਕੀਤੀ ਜਾਵੇਗੀ ਪਰ ਇਹ ਗੱਲ ਨਹੀਂ ਚਿਤਾਰੀ ਕਿ 2009 ਦੇ ਉਹੀ ਨਿਯਮ ਸਰਕਾਰ ਲਈ ਇਹ ਲਾਜਮੀ ਕਰਦੇ ਹਨ ਕਿ ਵੈਬਸਾਈਟਾਂ ਵਗੈਰਾ ਦੀ ਪਹੁੰਚ ਰੋਕਣ ਤੋਂ ਪਹਿਲਾਂ ਵੈਬਸਾਈਟਾਂ ਦੇ ਸੰਚਾਲਕਾਂ ਨੂੰ ਜਾਣਕਾਰੀ ਦੇਣੀ ਤੇ ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦੇਣਾ ਲਾਜਮੀ ਹੈ। ਜੇਕਰ ਹੰਗਾਮੀ ਹਾਲਤ ਵਿੱਚ ਵੀ ਵੈਬਸਾਈਟ ਤੱਕ ਪਹੁੰਚ ਰੋਕਣੀ ਹੋਵੇ ਤਾਂ ਵੀ ਘੱਟੋ-ਘੱਟ 48 ਘੰਟੇ ਪਹਿਲਾਂ ਅਗਾਊਂ ਜਾਣਕਾਰੀ ਦੇ ਕੇ ਆਪਣਾ ਪੱਖ ਰੱਖਣ ਦਾ ਮੌਕਾ ਦੇਣਾ ਸਰਕਾਰ ਦੀ ਲਾਜਮੀ ਜਿੰਮੇਵਾਰੀ ਹੈ। ਕਹਾਵਤ ਹੈ ਕਿ 'ਰਾਣੀ ਨੂੰ ਕੌਣ ਕੇ ਕਿ '।

ਇਕੱਲਾ ਸਿੱਖ ਅਦਾਰਿਆਂ ਨਾਲ ਹੀ ਨਹੀਂ ਬਲਕਿ ਹਰ ਤਰ੍ਹਾਂ ਦੇ ਵੱਖਰੇ ਵਿਚਾਰਾਂ ਵਾਲਿਆਂ ਨਾਲ ਇਹੀ ਕੁਝ ਵਾਪਰ ਰਿਹਾ ਹੈ। ਗੱਲ ਇੱਥੋਂ ਤੱਕ ਅੱਗੇ ਵਧ ਗਈ ਹੈ ਕਿ ਕੁਝ ਦਿਨ ਪਹਿਲਾਂ ਦਿੱਲੀ ਪੁਲਿਸ ਦੇ ਇੱਕ ਠਾਣੇਦਾਰ ਨੇ ਫੁਰਮਾਨ ਜਾਰੀ ਕਰਕੇ ਵਾਤਾਵਰਣ ਬਾਰੇ ਇਕ ਜਾਗਰੂਕਤਾ ਮੁਹਿੰਮ ਚਲਾਉਣ ਵਾਲੀ ਗੈਰ-ਸਰਕਾਰੀ ਸੰਸਥਾ ਦੀ ਵੈਬਸਾਈਟ ਬੰਦ ਕਰਵਾ ਦਿੱਤੀ। ਕਹਿਰ ਸਾਂਈ ਦਾ ਕਿ ਹਵਾਲਾ ਵੀ ਯੁਆਪਾ ਜਿਹੇ ਮਾਰੂ ਕਾਨੂੰਨ ਦਾ ਪਾਇਆ ਤੇ ਕਿਹਾ ਕਿ ਇਸ ਵੈਬਸਾਈਟ ਉੱਤੇ ਵਾਤਾਵਰਣ ਬਾਰੇ ਪਾਈ ਇੱਕ ਪਟੀਸ਼ਨ ਰਾਹੀਂ ਇੰਡੀਆ ਦੀ ਸਰਕਾਰ ਦੇ ਵਾਤਾਵਰਣ ਮੰਤਰੀ ਨੂੰ ਸੁਨੇਹੇ ਪਹੁੰਚ ਰਹੇ ਹਨ ਜੋ ਕਿ ਯੁਆਪਾ ਦੀ ਧਾਰਾ 19 ਮੁਤਾਬਿਕ ਦਹਿਸ਼ਤਗਰਦੀ ਦੀ ਸਾਜਿਸ਼ ਕਰਨ ਦੀ ਕਾਰਵਾਈ ਬਣਦੀ ਹੈ।

ਹਾਲਾਤ ਅਜਿਹੇ ਬਣ ਰਹੇ ਨੇ ਕੁਝ ਵੀ ਜ਼ੁਰਮ ਬਣ ਰਿਹੈ। ਇਤਿਹਾਸ ਦੱਸਦੈ ਕਿ ਅਜਿਹੇ ਹਾਲਾਤ ਬਹੁਤਾ ਚਿਰ ਧੱਕੇ ਨਾਲ ਕਾਇਮ ਨਹੀਂ ਰੱਖੇ ਜਾ ਸਕਦੇ ਤੇ ਸਮਾਂ ਆਪਣੀ ਚਾਲ ਬਦਲਦਾ ਹੈ ਚਾਹੇ ਚਿਰ ਨਾ ਹੀ ਕਿਉਂ ਨਾ ਬਦਲੇ। ਸੋ ਕੁਝ ਵੀ ਜੋ ਜ਼ੁਰਮ ਬਣ ਰਿਹੈ ਉਹ ਤਾਂ ਸ਼ਾਇਦ ਸਦਾ ਲਈ ਜ਼ੁਰਮ ਨਾ ਬਣਿਆ ਰਹੇ ਪਰ ਇਸ ਹਾਲਾਤ ਵਿੱਚ ਸਿਆਸੀ ਲੋਕਾਂ ਤੇ ਧਿਰਾਂ, ਖਬਰਖਾਨੇ, ਵਿਰੋਧੀ-ਦਲਾਂ ਅਤੇ ਖੁਦ ਨੂੰ ਸਿਵਲ ਸੁਸਾਇਟੀ ਕਹਾਉਣ ਵਾਲਿਆਂ ਨੇ ਜੋ ਚੁੱਪ ਧਾਰੀ ਹੈ ਜੇਕਰ ਉਹ ਇਸੇ ਤਰ੍ਹਾਂ ਕਾਇਮ ਰਹੀ ਤਾਂ ਇਹ ਜ਼ੁਰਮ ਸਦਾ ਲਈ ਇਤਿਹਾਸ ਵਿੱਚ ਦਰਜ਼ ਹੋ ਜਾਵੇਗਾ।

-o-

# ਰਾਮਪੁਰਾ (ਸੰਗਰੂਰ) ਘਟਨਾ ਬਾਰੇ ਕਾਰਵਾਂ ਦਾ ਝੂਠ ਬੇਪਰਦ, ਪਰ ਆਖਿਰ ਅਗਾਂਹਵਧੂ ਖਬਰਖਾਨਾ ਅਜਿਹਾ ਕਰ ਕਿਉਂ ਰਿਹੈ ?

## ਪੀਲੀ ਪੱਤਰਕਾਰੀ ਤੇ ਫੁੱਟਪਾਊ ਲੀਹਾਂ ਤੇ ਚੱਲਦਿਆਂ ਬਿਪਰਵਾਦੀ ਹਕੂਮਤ ਦੇ ਏਜੰਡੇ ਨੂੰ ਅੱਗੇ ਵਧਾ ਰਿਹੈ 'ਅਗਾਂਹਵਧੂ' ਖਬਰਖਾਨਾ

ਸੁਖਵਿੰਦਰ ਸਿੰਘ

ਜੂਨ 1984 ਦੇ ਦਰਬਾਰ ਸਾਹਿਬ ਦੇ ਹਮਲੇ ਤੋਂ ਬਾਅਦ ਸਿੱਖਾਂ ਦਾ ਸਭ ਤੋਂ ਵੱਧ ਦਰਦਨਾਕ ਅਹਿਸਾਸ ਬੀਤੇ ਕੁੱਝ ਸਾਲਾਂ ਤੋਂ ਹੋ ਰਹੀਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨਾਲ ਜੁੜਿਆ ਹੋਇਆ ਹੈ। 2015 ਵਿਚ ਬੁਰਜ ਜਵਾਹਰ ਸਿੰਘ ਵਾਲਾ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਸਰੂਪ ਚੋਰੀ ਕਰਕੇ ਕੁੱਝ ਸਮੇਂ ਬਾਅਦ ਬਰਗਾੜੀ ਪਿੰਡ ਵਿਚ ਬੇਅਦਬ ਕਰਨ ਦੀ ਘਟਨਾ ਤੋਂ ਸ਼ੁਰੂ ਹੋਇਆ ਇਹ ਬੇਅਦਬੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। 2015 ਵਾਲੀ ਬੇਅਦਬੀ ਦੀ ਘਟਨਾ ਵਿਚ ਮੁੱਖ ਦੋਸ਼ੀ ਵਜੋਂ ਡੇਰਾ ਸਿਰਸਾ ਦੀ ਪਛਾਣ ਹੋਈ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਸਾਜਿਸ਼ਾਂ ਰਚੀਆਂ ਗਈਆਂ। ਹਲਾਂਕਿ ਅਜੇ ਤਕ ਬੇਅਦਬੀ ਕਰਨ ਵਾਲੇ ਕਿਸੇ ਦੋਸ਼ੀ ਨੂੰ ਕੋਈ ਸਜ਼ਾ ਨਹੀਂ ਹੋਈ ਹੈ। ਬੇਅਦਬੀਆਂ ਦੇ ਰੁਝਾਨ ਵਿਚ ਇਕ ਬੜੀ ਹੈਰਾਨ ਕਰਨ ਵਾਲੀ ਗੱਲ ਸਾਹਮਣੇ ਆਉਂਦੀ ਹੈ ਕਿ ਜ਼ਿਆਦਾਤਰ ਥਾਵਾਂ 'ਤੇ ਬੇਅਦਬੀ ਦੇ ਕਸੂਰਵਾਰ ਨੂੰ ਮੰਦਬੁੱਧੀ ਸਾਬਤ ਕਰ ਦਿੱਤਾ ਜਾਂਦਾ ਹੈ ਜਾਂ ਫੇਰ ਬੇਅਦਬੀ ਦੀ ਵਾਰਦਾਤ ਨੂੰ ਕਿਸੇ ਬੱਚੇ ਤੋਂ ਅੰਜ਼ਾਮ ਦਵਾਇਆ ਜਾਂਦਾ ਹੈ।

ਇਸੇ ਤਰ੍ਹਾਂ ਦੀ ਇਕ ਘਟਨਾ ਪਿਛਲੇ ਮਹੀਨੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਰਾਮਪੁਰਾ ਵਿਚ ਵਾਪਰੀ। ਇੱਥੇ 27 ਜੂਨ ਨੂੰ ਸਵੇਰੇ ਇਕ 12 ਕੁ ਸਾਲ ਦੀ 7ਵੀਂ ਜਮਾਤ ਵਿਚ ਪੜ੍ਹਦੀ ਬੱਚੀ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਪਾੜ੍ਹ ਦਿੱਤੇ। ਇਹ ਘਟਨਾ ਸੀਸੀਟੀਵੀ ਕੈਮਰੇ ਵਿਚ ਵੀ ਕੈਦ ਹੋ ਗਈ ਅਤੇ ਪਿੰਡ ਵਾਲਿਆਂ ਵੱਲੋਂ ਪੁੱਛਣ 'ਤੇ ਬੱਚੀ ਨੇ ਮੰਨ ਵੀ ਲਿਆ ਕਿ ਉਸ ਕੋਲੋਂ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਬੇਅਦਬ ਹੋਏ ਹਨ। ਇਸ ਤੋਂ ਬਾਅਦ ਪੁਲਸ ਹੋਰ ਬੇਅਦਬੀ ਦੇ ਮਾਮਲਿਆਂ ਵਾਂਗ ਇਸ ਮਾਮਲੇ ਵਿਚ ਵੀ ਜਾਂਚ ਕਰ ਰਹੀ ਹੈ।

ਬੀਤੇ ਕੱਲ੍ਹ ਖੱਬੇਪੱਖੀ ਵਿਚਾਰਧਾਰਾ ਨਾਲ ਸਬੰਧਿਤ ਮੰਨੀ ਜਾਂਦੀ ਅੰਗਰੇਜ਼ੀ ਦੀ ਖਬਰਾਂ ਵਾਲੀ ਵੈਬਸਾਈਟ "ਦਾ ਕਾਰਵਾਂ" ਵੱਲੋਂ ਇਸ ਬੇਅਦਬੀ ਦੀ ਘਟਨਾ ਨਾਲ ਸਬੰਧਿਤ ਇਕ ਰਿਪੋਰਟ ਛਾਪੀ ਗਈ। ਇਸ ਰਿਪੋਰਟ ਵਿਚ ਘਟਨਾ ਦੀ ਪੇਸ਼ਕਾਰੀ ਕੁੱਝ ਇਸ ਢੰਗ ਨਾਲ ਕੀਤੀ ਗਈ ਜਿਸ ਵਿਚ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਬੇਅਦਬੀ ਤੋਂ ਪੀੜਤ ਸਿੱਖਾਂ ਵੱਲੋਂ ਬੇਅਦਬੀ ਕਰਨ ਵਾਲੀ ਬੱਚੀ ਨਾਲ ਬੇਇਨਸਾਫੀ ਕੀਤੀ ਗਈ। "ਦੀ ਕਾਰਵਾਂ" ਦੀ ਉਪਰੋਕਤ ਰਿਪੋਰਟ ਨੂੰ ਅਸੀਂ ਆਪਣੀ ਇਸ ਰਿਪੋਰਟ ਵਿਚ ਜ਼ਮੀਨੀ ਹਕੀਕਤ ਦੇ ਤੱਥਾਂ ਨਾਲ ਮੇਲਦਿਆਂ ਘੋਖਣ ਦੀ ਕੋਸ਼ਿਸ਼ ਕਰਾਂਗੇ।

'ਦੀ ਕਾਰਵਾਂ' ਦੀ ਰਿਪੋਰਟ ਵਿਚ ਬੇਅਦਬੀ ਕਰਨ ਵਾਲੀ ਬੱਚੀ ਦੀ ਜਾਤ ਪਛਾਣ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਹੈ। ਪੂਰੀ ਰਿਪੋਰਟ ਵਿਚ ਬੱਚੀ ਦੀ ਪਛਾਣ ਨੂੰ ਦਲਿਤ ਦਸਦਿਆਂ ਇਸ ਨੂੰ ਜਾਤ ਅਧਾਰਤ ਧੱਕੇ ਦੀ ਸ਼ਕਲ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇੱਥੇ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਪੰਜਾਬ ਵਿਚ ਸਰਗਰਮ ਖੱਬੇਪੱਖੀ ਧਿਰਾਂ ਪਹਿਲਾਂ ਤੋਂ ਹੀ ਦਲਿਤ ਨੂੰ ਸਿੱਖ ਧਾਰਾ ਤੋਂ ਅਲਹਿਦਾ ਕਰਕੇ ਖੜ੍ਹਾਉਣ ਲਈ ਸਰਗਰਮ ਹਨ। ਜਦਕਿ ਇਸ ਪੂਰੇ ਮਾਮਲੇ ਵਿਚ ਜਾਤ ਅਧਾਰਤ ਕੋਈ ਵੀ ਪਹਿਲੂ ਕਾਰਜਸ਼ੀਲ ਨਹੀਂ ਸੀ। ਇਹ ਨਿਰੋਲ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮਾਮਲਾ ਸੀ। ਇਹ ਬੇਅਦਬੀ ਜਿਸ ਗੁਰਦੁਆਰਾ ਸਾਹਿਬ ਵਿਚ ਵਾਪਰੀ, ਉਹ ਸਮੁੱਚੇ ਪਿੰਡ ਦਾ ਸਾਂਝਾ ਗੁਰਦੁਆਰਾ ਸਾਹਿਬ ਹੈ ਜਿੱਥੇ ਪਿੰਡ ਦੇ ਸਾਰੇ ਭਾਈਚਾਰੇ ਬਿਨ੍ਹਾਂ ਕਿਸੇ ਭੇਦਭਾਵ ਤੋਂ ਆਉਂਦੇ ਹਨ।

ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨੇ ਅੰਮ੍ਰਿਤਸਰ ਟਾਈਮਜ਼ ਨਾਲ ਗੱਲ ਕਰਦਿਆਂ ਦੱਸਿਆ ਕਿ ਉਹ ਸਵੇਰੇ ਨਿਤਨੇਮ ਕਰਨ ਤੋਂ ਬਾਅਦ ਹੁਕਮਨਾਮਾ ਸਾਹਿਬ ਲੈ ਕੇ ਚਲੇ ਗਿਆ ਸੀ। ਉਸਦੇ ਦੱਸਣ ਮੁਤਾਬਕ ਹੁਕਮਨਾਮਾ ਸਾਹਿਬ 642 ਅੰਗ ਤੋਂ ਆਇਆ ਸੀ। ਜਦੋਂ ਉਸਨੇ ਬਾਅਦ ਵਿਚ ਸਰੂਪ ਦੇ ਦਰਸ਼ਨ ਕੀਤੇ ਤਾਂ 642 ਤੋਂ ਲੈ ਕੇ 653 ਤੱਕ ਅੰਗ 10 ਸੈਂਟੀਮੀਟਰ ਦੇ ਕਰੀਬ ਪਾਟੇ ਹੋਏ ਸਨ।

ਪਿੰਡ ਦੀ ਗੁਰਦੁਆਰਾ ਕਮੇਟੀ ਵੱਲੋਂ ਇਸ ਸਬੰਧੀ ਜਦੋਂ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿਚ ਲੱਗੇ ਸੀਸੀਟੀਵੀ ਦੀ ਘੋਖ ਕੀਤੀ ਗਈ ਤਾਂ ਉਸ ਵਿਚ ਨਜ਼ਰ ਆਇਆ ਕਿ ਪਾਠੀ ਸਿੰਘ ਦੇ ਜਾਣ ਮਗਰੋਂ ਗੁਰਦੁਆਰਾ ਸਾਹਿਬ ਵਿਚ ਪਿੰਡ ਦੀ ਇਕ ਬੀਬੀ ਅਤੇ ਇਹ ਬੱਚੀ ਮੌਜੂਦ




ਸਨ। ਕੈਮਰੇ ਦੀ ਰਿਕਾਰਡਿੰਗ ਮੁਤਾਬਕ ਜਦੋਂ ਬੀਬੀ ਵੀ ਚਲੇ ਗਈ ਤਾਂ ਸਿਰਫ ਬੱਚੀ ਗੁਰਦੁਆਰਾ ਸਾਹਿਬ ਵਿਚ ਰਹਿ ਗਈ ਸੀ। ਗ੍ਰੰਥੀ ਸਿੰਘ ਨੇ ਦੱਸਿਆ ਕਿ ਸੀਸੀਟੀਵੀ ਦੀ ਰਿਕਾਰਡਿੰਗ ਵਿਚ ਨਜ਼ਰ ਪੈਂਦਾ ਹੈ ਕਿ ਬੱਚੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਾਂਦੀ ਹੈ ਅਤੇ ਰੁਮਾਲਾ ਸਾਹਿਬ ਚੁੱਕਦੀ ਹੈ।

ਪਿੰਡ ਦੀ ਗੁਰਦੁਆਰਾ ਕਮੇਟੀ ਦੇ ਮੈਂਬਰ ਹਰਦੇਵ ਸਿੰਘ ਨੇ ਅੰਮ੍ਰਿਤਸਰ ਟਾਈਮਜ਼ ਨਾਲ ਗੱਲ ਕਰਦਿਆਂ ਦੱਸਿਆ ਕਿ ਜਦੋਂ ਬੱਚੀ ਨੂੰ ਪਿੰਡ ਦੇ ਮੋਹਤਬਾਰਾਂ ਵੱਲੋਂ ਇਸ ਘਟਨਾ ਬਾਰੇ ਪੁੱਛਿਆ ਗਿਆ ਤਾਂ ਪਹਿਲਾਂ ਉਹ ਅਜਿਹਾ ਕੁੱਝ ਵੀ ਕਰਨ ਤੋਂ ਇਨਕਾਰ ਕਰਦੀ ਰਹੀ ਪਰ ਬਾਅਦ ਵਿਚ ਜਦੋਂ ਉਸਨੂੰ ਸੀਸੀਟੀਵੀ ਰਿਕਾਰਡਿੰਗ ਦਿਖਾਈ ਗਈ ਤਾਂ ਉਸਨੇ ਮੰਨਿਆ ਕਿ ਉਸ ਕੋਲੋਂ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਬੇਅਦਬ ਹੋਏ ਹਨ।

ਹਰਦੇਵ ਸਿੰਘ ਨੇ ਦੱਸਿਆ ਕਿ ਪਿੰਡ ਦੇ ਲੋਕਾਂ ਨੂੰ ਲਗਦਾ ਹੈ ਕਿ ਇਹ ਕੰਮ ਬੱਚੀ ਤੋਂ ਕਿਸੇ ਵੱਲੋਂ ਕਰਵਾਇਆ ਗਿਆ ਹੈ ਅਤੇ ਇਸਦੀ ਜਾਂਚ ਕਰਨ ਲਈ ਪਿੰਡ ਦੀ ਕਮੇਟੀ ਨੇ ਪੁਲਸ ਨੂੰ ਇਤਲਾਹ ਦਿੱਤੀ ਤਾਂ ਕਿ ਬੱਚੀ ਨੂੰ ਇਸ ਕੰਮ ਲਈ ਵਰਤਣ ਵਾਲੇ ਦੋਸ਼ੀ ਦਾ ਪਤਾ ਲੱਗ ਸਕੇ।

### ਮੌਕੇ 'ਤੇ ਪਹੁੰਚੇ ਸਿੱਖ ਆਗੂ

ਇਸ ਘਟਨਾ ਸਬੰਧੀ ਪਤਾ ਲੱਗਣ 'ਤੇ ਇਲਾਕੇ ਵਿਚੋਂ 10 ਦੇ ਕਰੀਬ ਵੱਖ-ਵੱਖ ਸਿੱਖ ਆਗੂ ਪਹੁੰਚੇ ਜਿਹਨਾਂ ਵਿਚ ਸਿੱਖ ਪ੍ਰਚਾਰਕ ਭਾਈ ਹਰਜਿੰਦਰ ਸਿੰਘ ਮਾਝੀ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਨਿਰਮਲ ਸਿੰਘ ਭੜੋਹ, ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਗੁਰਨੈਬ ਸਿੰਘ ਰਾਮਪੁਰਾ, ਗੁਰਦੀਪ ਸਿੰਘ ਕਾਲਾਝਾੜ ਸ਼ਾਮਲ ਸਨ।



'ਦੀ ਕਾਰਵਾਂ' ਵੱਲੋਂ ਛਾਪੀ ਰਿਪੋਰਟ ਵਿਚ ਅਣਪਛਾਤੇ ਪੁਲਸੀਆਂ ਦੇ ਹਵਾਲੇ ਨਾਲ ਬਿਆਨ ਛਾਪਿਆ ਗਿਆ ਹੈ ਕਿ ਉੱਥੇ ਮੌਕੇ 'ਤੇ ਮੌਜੂਦ ਸਿੱਖਾਂ ਨੇ ਆਪਣੀਆਂ ਤਲਵਾਰਾਂ ਤਕ ਬਾਹਰ ਕੱਢ ਲਈਆਂ। ਇਸ ਬਿਆਨ ਦੇ ਹਵਾਲੇ ਨਾਲ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪੁਲਸ ਨੂੰ ਸਿੱਖ ਦਬਾਅ ਦੇ ਚਲਦਿਆਂ ਮਜ਼ਬੂਰੀ ਵਿਚ ਕੁੜੀ ਖਿਲਾਫ ਕਾਰਵਾਈ ਕਰਨੀ ਪਈ।

ਜਦਕਿ ਮੌਕੇ 'ਤੇ ਮੌਜੂਦ ਗੁਰਦੀਪ ਸਿੰਘ ਕਾਲਾਝਾੜ ਨੇ ਅੰਮ੍ਰਿਤਸਰ ਟਾਈਮਜ਼ ਨੂੰ ਦੱਸਿਆ ਕਿ ਇਸ ਤਰ੍ਹਾਂ ਦਾ ਉੱਥੇ ਕੋਈ ਮਾਹੌਲ ਨਹੀਂ ਸੀ। ਉਹਨਾਂ ਦੱਸਿਆ ਕਿ ਸਿਰਫ 10 ਦੇ ਕਰੀਬ ਸਿੱਖ ਆਗੂ ਉੱਥੇ ਪਹੁੰਚੇ ਸਨ ਤੇ ਬਾਕੀ ਸਭ ਪਿੰਡ ਦੇ ਲੋਕ ਸਨ। ਉਹਨਾਂ ਕਿਹਾ ਕਿ ਪੁਲਸ ਉੱਥੇ ਮੌਕੇ 'ਤੇ ਉਹਨਾਂ ਤੋਂ ਪਹਿਲਾਂ ਪਹੁੰਚ ਚੁੱਕੀ ਸੀ ਅਤੇ ਬੱਚੀ ਮੰਨ ਚੁੱਕੀ ਸੀ ਕਿ ਉਸ ਕੋਲੋਂ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਹੈ।

ਸਿੱਖ ਪ੍ਰਚਾਰਕ ਹਰਜਿੰਦਰ ਸਿੰਘ ਮਾਝੀ ਨੇ ਦੱਸਿਆ ਕਿ ਉਹ ਬੇਅਦਬੀ ਤੋਂ ਅਗਲੇ ਦਿਨ 28 ਜੂਨ ਨੂੰ ਪਿੰਡ ਰਾਮਪੁਰਾ ਗਏ ਸਨ ਤੇ ਉਹਨਾਂ ਨੇ ਮਹਿਜ਼ ਦੋ ਮਿੰਟ ਬੱਚੀ ਨਾਲ ਗੱਲ ਕੀਤੀ ਸੀ। ਉਹਨਾਂ ਕਿਹਾ ਕਿ ਉਹਨਾਂ ਬੱਚੀ ਨੂੰ ਪਿਆਰ ਨਾਲ ਪੁੱਛਿਆ ਸੀ ਕਿ ਉਸ ਨੂੰ ਅਜਿਹਾ ਕਰਨ ਲਈ ਕਿਸ ਨੇ ਕਿਹਾ ਹੈ। ਉਹਨਾਂ ਕਿਹਾ ਕਿ ਉਸ ਤੋਂ ਬਾਅਦ ਪੁਲਸ ਬੱਚੀ ਨੂੰ ਨਾਲ ਲੈ ਗਈ ਸੀ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਅਤੇ ਮੌਕੇ 'ਤੇ ਮੌਜੂਦ ਰਹੇ ਗੁਰਨੈਬ ਸਿੰਘ ਰਾਮਪੁਰ ਨੇ ਕਿਹਾ ਕਿ ਇਸ ਘਟਨਾ ਪਿੱਛੇ ਕਿਸੇ ਦੀ ਸਾਜਿਸ਼ ਹੈ। ਉਹਨਾਂ ਕਿਹਾ ਕਿ ਬੱਚੀ ਤੋਂ ਕਿਸੇ ਨੇ ਇਹ ਕੰਮ ਕਰਵਾਇਆ ਹੈ ਅਤੇ ਕਾਨੂੰਨ ਮੁਤਾਬਕ ਇਸਦੀ ਜਾਂਚ ਕਰਨੀ ਪੁਲਸ ਦਾ ਕੰਮ ਹੈ। ਉਹਨਾਂ ਦੱਸਿਆ ਕਿ ਰਾਮਪੁਰਾ ਅਤੇ ਉਸਦੇ ਨਾਲ ਲਗਦੇ ਪਿੰਡਾਂ ਵਿਚ ਵੱਡੀ ਗਿਣਤੀ ਲੋਕ ਡੇਰਾ ਸਿਰਸਾ ਨਾਲ ਜੁੜੇ ਹੋਏ ਹਨ। ਰਾਮਪੁਰਾ ਪਿੰਡ ਦੇ ਨੇੜੇ ਹੀ ਡੇਰਾ ਸਿਰਸਾ ਦਾ ਨਾਮ ਚਰਚਾ ਘਰ ਵੀ ਹੈ।

'ਦੀ ਕਾਰਵਾਂ' ਦੀ ਰਿਪੋਰਟ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਦਾ ਬਿਆਨ ਛਾਪਿਆ ਗਿਆ ਹੈ ਜਿਸ ਵਿਚ ਉਹਨਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਸਬੰਧਿਤ ਘਟਨਾਵਾਂ ਕਈ ਸਿੱਖ ਜਥੇਬੰਦੀਆਂ ਲਈ ਸਿੱਖੀ ਦੇ ਨਾਂ 'ਤੇ ਪੈਸਾ ਕਮਾਉਣ ਦਾ ਮੌਕਾ ਵੀ ਬਣ ਜਾਂਦੀਆਂ ਹਨ।

ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਜਦੋਂ ਕਈ ਵਾਰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਬ੍ਰਿਧ ਹੋ ਜਾਂਦੇ ਹਨ ਤਾਂ ਕਈ ਵਾਰ ਹੱਥ ਲਾਇਆਂ ਵੀ ਅੰਗ ਪਾਟ ਜਾਂਦੇ ਹਨ। ਪਿੰਡ ਦੇ ਗ੍ਰੰਥੀ ਸਿੰਘ ਨੇ ਦੱਸਿਆ ਕਿ ਜਿਸ ਸਰੂਪ ਦੇ ਅੰਗ ਬੇਅਦਬ ਹੋਏ ਹਨ ਉਹ ਸਰੂਪ ਬ੍ਰਿਧ ਨਹੀਂ ਸੀ।

ਬੀਬੀ ਕਿਰਨਜੋਤ ਕੌਰ ਦੇ ਨਾਂ ਹੇਠ ਛਪੇ ਬਿਆਨਾਂ ਵਿਚ ਉਪਰੋਕਤ ਘਟਨਾ ਵਿਚ ਵਰਤੇ ਰਵੱਈਏ ਨੂੰ ਤਾਲਿਬਾਨੀ ਤੌਰ ਤਰੀਕੇ ਨਾਲ ਮੇਲ ਦਿੱਤਾ ਗਿਆ ਹੈ। ਬੀਬੀ ਕਿਰਨਜੋਤ ਕੌਰ ਨੂੰ ਜਦੋਂ ਅੰਮ੍ਰਿਤਸਰ ਟਾਈਮਜ਼ ਵੱਲੋਂ ਸਵਾਲ ਕੀਤਾ ਗਿਆ ਕਿ, 'ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਦੀ ਭਾਲ ਕਰਨਾ ਸਿੱਖਾਂ ਦੀ ਤਾਲਿਬਾਨੀ ਸੋਚ ਹੈ, ਜਿਵੇਂ ਤੁਹਾਡੇ ਕਾਰਵਾਂ ਵਿਚ ਛਪੇ ਬਿਆਨ ਵਿਚ ਲਿਖਿਆ ਗਿਆ ਹੈ ?' ਤਾਂ ਉਹਨਾਂ ਕਿਹਾ, ਮੇਰੀ ਗੱਲ ਨੂੰ ਘਟਨਾ ਦੇ ਵੇਰਵਿਆਂ ਵਿਚਲੇ ਸੰਧਰਭ ਤੋਂ ਬਾਹਰ ਲਿਜਾ ਕੇ ਉਹ ਕਹਿਣ ਦੀ ਕੋਸ਼ਿਸ਼ ਹੈ ਜੋ ਮੈਂ ਨਹੀਂ ਕਿਹਾ।' ਉਹਨਾਂ ਕਿਹਾ, 'ਇੱਕ 10 ਸਾਲ ਦੇ ਬੱਚੇ ਨੂੰ ਖੌਫਜਦਾ ਕਰਕੇ ਤਿੰਨ ਦਿਨ ਥਾਣੇ ਬੰਦ ਕਰਵਾਉਣਾ ਤਾਲੀਬਾਨੀ ਵਰਤਾਰਾ ਹੈ। ਕੀ ਉਹ ਬੱਚੀ ਮੁੜ ਗੁਰਦੁਆਰੇ ਆਏਗੀ ਜੋ ਰੋਜ਼ ਉਥੇ ਸੇਵਾ ਕਰਦੀ ਸੀ ? ਸਹੀ ਤਰੀਕਾ ਉਸ ਨੂੰ ਗਲਤੀ ਦਾ ਅਹਿਸਾਸ ਕਰਵਾ ਕੇ ਖਿਮਾ ਯਾਚਨਾ ਦਾ ਤਰੀਕਾ ਦੱਸਣਾ ਚਾਹੀਦਾ ਸੀ। ਜੇ ਜਾਣ ਬੁਝ ਕੇ ਉਸ ਨੇ ਬੇਅਦਬੀ ਕੀਤੀ ਹੁੰਦੀ ਤਾਂ ਆਪੇ ਗਲਤੀ ਨਾ ਮੰਨਦੀ। ਸੀ ਸੀ ਟੀ ਵੀ ਤੋਂ ਸਿਰਫ ਅੰਦਾਜ਼ੇ ਲਾਏ ਗਏ ਹਨ।'

ਭਾਈ ਹਰਜਿੰਦਰ ਸਿੰਘ ਮਾਝੀ ਨੇ ਕਿਹਾ ਕਿ ਸਿੱਖ ਲਈ ਸਭ ਤੋਂ ਉੱਚ ਗੁਰੂ ਗ੍ਰੰਥ ਸਾਹਿਬ ਹਨ ਤੇ ਲਗਾਤਾਰ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋਣ ਦੇ ਬਾਅਦ ਵੀ ਸਿੱਖ ਪੂਰਨ ਸ਼ਾਂਤਮਈ ਰਹਿ ਕੇ ਇਨਸਾਫ ਚਾਹੁੰਦੇ ਹਨ। ਉਹਨਾਂ ਕਿਹਾ ਕਿ ਜੇਕਰ ਅਜਿਹਾ ਕਿਸੇ ਨੂੰ ਤਾਲਿਬਾਨੀ ਤੌਰ ਤਰੀਕਾ ਲਗਦਾ ਹੈ ਤਾਂ ਉਸਦੀ ਸੋਚ 'ਤੇ ਤਰਸ ਹੀ ਕੀਤਾ ਜਾ ਸਕਦਾ ਹੈ।

'ਦੀ ਕਾਰਵਾਂ' ਵੱਲੋਂ ਆਪਣੀ ਰਿਪੋਰਟ ਵਿਚ ਵਕੀਲ ਰਾਜਵਿੰਦਰ ਸਿੰਘ ਬੈਂਸ ਦਾ ਬਿਆਨ ਵੀ ਵਰਤਿਆ ਗਿਆ ਹੈ ਜੋ ਕਹਿ ਰਹੇ ਹਨ ਕਿ ਬੱਚੀ ਨੂੰ ਪੁਲਸ ਵੱਲੋਂ ਗ੍ਰਿਫਤਾਰ ਕਰਨਾ ਸਹੀ ਨਹੀਂ ਸੀ। ਅੰਮ੍ਰਿਤਸਰ ਟਾਈਮਜ਼ ਨਾਲ ਗੱਲ ਕਰਦਿਆਂ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਇਸ ਮਾਮਲੇ ਵਿਚ ਪੁਲਿਸ ਦੀ ਕਾਰਗੁਜ਼ਾਰੀ ਗਲਤ ਹੈ, ਪਰ ਸਿੱਖ ਜਥੇਬੰਦੀਆਂ ਵੱਲੋਂ ਮਾਮਲੇ ਦੀ ਪੜਤਾਲ ਦੀ ਮੰਗ ਕਰਨਾ ਬਿਲਕੁਲ ਗਲਤ ਨਹੀਂ ਹੈ।

ਦੱਸ ਦਈਏ ਕਿ ਉਪਰੋਕਤ ਕੁੜੀ ਨੂੰ 1 ਜੁਲਾਈ ਨੂੰ ਬੱਚਿਆਂ ਦੀ ਸੁਣਵਾਈ ਲਈ ਤੈਅ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ ਸੀ। ਹੁਣ ਅਗਲੀ ਤਰੀਕ 22 ਸਤੰਬਰ ਤੈਅ ਕੀਤੀ ਗਈ ਹੈ।

ਸੋ, ਉਪਰੋਕਤ ਤੱਥਾਂ ਨੂੰ ਵਾਚਿਆਂ ਅਤੇ 'ਦੀ ਕਾਰਵਾਂ' ਵਿਚ ਛਪੀ ਰਿਪੋਰਟ ਦੀ ਘੋਖ ਕੀਤਿਆਂ ਪ੍ਰਤੀਤ ਹੁੰਦਾ ਹੈ ਕਿ ਇਸ ਸਾਰੇ ਮਸਲੇ ਨੂੰ ਰਿਪੋਰਟ ਰਾਹੀਂ ਗਲਤ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਅਗਾਂਹਵਧੂ ਮੀਡੀਏ ਵਜੋਂ ਜਾਣੇ ਜਾਂਦੇ ਅਦਾਰੇ ਵੱਲੋਂ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ ? ਭਾਰਤ ਦੀ ਅਗਾਂਹਵਧੂ ਧਿਰ ਪੰਜਾਬ ਦੇ ਖਾਸੇ ਅਤੇ ਸਿੱਖ ਸੰਵੇਦਨਾ ਤੋਂ ਉਲਟ ਹੀ ਵਿਚਰਦੀ ਰਹੀ ਹੈ ਅਤੇ ਸਿੱਖੀ ਵਿਚ ਪਈਆਂ ਕੁਦਰਤੀ ਬਰਕਤਾਂ ਨੂੰ ਆਪਣੇ ਮਨਾਂ ਵਿਚ ਮਹਾਨ ਨਕਸ਼ਾਂ ਵਜੋਂ ਸਿਰਜੇ ਵਿਚਾਰਾਂ ਤੋਂ ਉਤਾਂਹ ਲੰਘਦਿਆਂ ਪ੍ਰਵਾਨ ਨਹੀਂ ਕਰਦੀ।



# ਕਸ਼ਮੀਰ ਦੀਆਂ ਖ਼ਬਰਾਂ ਭਾਰਤੀ ਮੀਡੀਏ 'ਚੋਂ ਗਾਇਬ

## ✪ ਫੌਂਜ ਦੀ ਕਹਾਣੀ ਕਸ਼ਮੀਰ 'ਚ ਮੁਕਾਬਲਿਆਂ ਬਾਰੇ ਪੰਜਾਬ ਪੁਲੀਸ ਵਰਗੀ

## ✪ 120 ਜਿਹਾਦੀਆਂ ਵਿਚੋਂ 90 ਪ੍ਰਤੀਸ਼ਤ ਤੋਂ ਜ਼ਿਆਦਾ ਸਥਾਨਕ ਕਸ਼ਮੀਰੀ ਗੱਭਰੂ ਮਾਰੇ ਗਏ

ਅੰਮ੍ਰਿਤਸਰ ਟਾਈਮਜ਼ ਬਿਊਰੋ- ਹੁਣ ਕਸ਼ਮੀਰ ਨੂੰ ਕੋਈ ਖਬਰ ਨਹੀ ਹੈ। ਕਸ਼ਮੀਰ ਦੇ ਲੋਕਾਂ ਦੇ ਦਰਦ, ਤਸੀਹੇ ਅਤੇ ਸੰਘਰਸ਼ ਬਾਰੇ ਭਾਰਤੀ ਮੀਡੀਆ ਵਿਚ ਖ਼ਬਰ ਨਹੀਂ ਮਿਲਦੀ। ਜੇਕਰ ਖਬਰਾਂ ਆਉਂਦੀਆਂ ਹਨ ਤਾਂ ਉਹ ਲਾਸ਼ਾਂ ਤੇ ਪੁਲੀਸ ਮੁਕਾਬਲੇ ਦੀਆਂ ਆਉਂਦੀਆਂ ਹਨ। ਇਹ ਖ਼ਬਰਾਂ ਸੁਰੱਖਿਆ ਫੋਰਸਾਂ ਆਪਣੀਆਂ ਪ੍ਰੈਸ ਰਿਲੀਜ਼ਾਂ ਰਾਹੀਂ ਜਾਰੀ ਕਰਦੀਆਂ ਹਨ।

ਹਰ ਮੁਕਾਬਲੇ ਤੋਂ ਬਾਅਦ, ਭਾਰਤੀ ਫੌਜ (ਜਾਂ ਕਸ਼ਮੀਰ ਪੁਲਿਸ ਜਾਂ ਸੀਆਰਪੀਐਫ) ਇੱਕ ਪ੍ਰੈਸ ਬਿਆਨ ਜਾਰੀ ਕਰਦੀ ਹੈ, ਜੋ ਬਿਨਾਂ ਕਿਸੇ ਕਾਮੇ ਜਾਂ ਫੁਲ ਸਟਾਪ ਨੂੰ ਤਬਦੀਲੀ ਕੀਤੇ ਬਿਨਾਂ ਇੱਕ ਖ਼ਬਰ ਵਜੋਂ ਜਾਰੀ ਕੀਤੀ ਜਾਂਦੀ ਹੈ। ਭਾਰਤੀ ਮੀਡੀਆ ਇਸਨੂੰ ਬਿਨਾਂ ਕਿਸੇ ਪ੍ਰਸ਼ਨ-ਉੱਤਰ ਜਾਂ ਜਾਂਚ ਦੇ ਪ੍ਰਕਾਸ਼ਿਤ ਕਰਦਾ ਹੈ। ਕਸ਼ਮੀਰ ਵਿਚ ਕਿਸੇ ਵੀ ਫੌਜੀ ਕਾਰਵਾਈ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਇਹ ਪੁੱਛਿਆ ਜਾ ਸਕਦਾ ਹੈ ਕਿ ਮੁਕਾਬਲੇ ਵਿਚ ਜਿਥੇ ਜਿਹਾਦੀਆਂ ਦੇ ਮਾਰੇ ਜਾਣ ਦਾ ਦਾਅਵਾ ਕੀਤਾ ਜਾਂਦਾ ਹੈ, ਕੀ ਉਹ ਅਸਲ ਵਿਚ ਮਾਰੇ ਗਏ ਸਨ ਜਾਂ ਘੇਰਾਬੰਦੀ ਕਰਕੇ ਮਾਰੇ ਗਏ ਸਨ। ਕਸ਼ਮੀਰ ਵਿਚ ਕਿਸੇ ਮੁਕਾਬਲੇ ਵਾਲੀ ਘਟਨਾ ਦੀ ਕੋਈ ਸੁਤੰਤਰ ਜਾਂਚ ਨਹੀਂ ਹੁੰਦੀ। ਉਥੇ ਫੌਜ ਕਾਨੂੰਨ ਹੈ, ਫੌਜ ਹੀ ਜਾਂਚ ਏਜੰਸੀ ਹੈ। ਕਸ਼ਮੀਰ ਵਿਚ ਸਿਰਫ ਫੌਜ ਦੀ ਆਵਾਜ਼ ਸੁਣਾਈ ਦਿੰਦੀ ਹੈ। ਪਰ ਕਸ਼ਮੀਰ ਦੇ ਲੋਕਾਂ ਦੀਆਂ ਅਵਾਜ਼ਾਂ ਗੁੰਮ ਹਨ। ਇਹੀ ਪੰਜਾਬ ਵਿਚ 1978 ਤੋਂ ਬਾਅਦ ਵਾਪਰਿਆ ਹੈ। ਲਾਵਾਰਸ ਲਾਸ਼ਾਂ ਤੇ ਪੰਜਾਬ ਇੱਥੋਂ ਦੀ ਪਛਾਣ ਰਹੀ ਹੈ। ਇਹੀ ਪਛਾਣ ਹੁਣ ਕਸ਼ਮੀਰ ਦੀ ਹੈ। ਕਸ਼ਮੀਰ ਤੇ ਪੰਜਾਬ ਦਾ ਦੁੱਖ ਸਾਂਝਾ ਹੈ।

ਕਸ਼ਮੀਰ ਵਿਚ ਸੁਤੰਤਰ, ਜਾਂਚ-ਪੜਤਾਲ ਕਰਨ ਵਾਲੀ, ਸਵਾਲ-ਜਵਾਬ ਕਰਨ ਵਾਲੀ, ਨਿਡਰ ਪੱਤਰਕਾਰੀ ਨੂੰ ਫੌਜ ਦੀਆਂ ਸੰਗੀਨਾਂ ਹੇਠ ਦਫਨਾਇਆ ਗਿਆ ਹੈ। ਨਿਰਪੱਖ ਪੱਤਰਕਾਰੀ ਲਾਵਾਰਸ ਲਾਸ਼ ਬਣ ਗਈ ਹੈ। ਜੇ ਅਜਿਹਾ ਨਾ ਹੁੰਦਾ ਤਾਂ ਇਹ ਸਵਾਲ ਪੁੱਛਿਆ ਜਾਂਦਾ ਕਿ ਜਨਵਰੀ ਅਤੇ ਜੂਨ 2020 ਦਰਮਿਆਨ ਛੇ ਮਹੀਨਿਆਂ ਵਿਚ ਕਸ਼ਮੀਰ ਵਿਚ ਅਖੌਤੀ ਮੁਕਾਬਲਿਆਂ ਵਿਚ ਮਾਰੇ ਗਏ 120 ਕਥਿਤ ਜਿਹਾਦੀਆਂ ਦੇ ਪਿੱਛੇ ਸੱਚ ਕੀ ਹੈ ? ਸਾਰੇ ਕਿਉਂ ਮਾਰੇ ਗਏ ਅਤੇ ਕੋਈ ਵੀ ਜਿਉਂਦਾ ਨਹੀਂ ਫੜਿਆ ਗਿਆ ? ਪੰਜਾਬ ਵਰਗੀ ਕਹਾਣੀ ਕਸ਼ਮੀਰ ਵਿਚ ਕਿਉਂ ਦੋਹਰਾਈ ਜਾ ਰਹੀ ਹੈ ?

ਇਹ ਵਰਣਨਯੋਗ ਹੈ ਕਿ ਜਨਵਰੀ ਤੋਂ ਜੂਨ 2020 ਦੌਰਾਨ ਮਾਰੇ ਗਏ ਕਥਿਤ ਜਿਹਾਦੀਆਂ ਵਿਚੋਂ, ਸਿਰਫ ਇਕ ਮਹੀਨੇ ਵਿਚ - ਜੂਨ ਦੌਰਾਨ ਸਭ ਤੋਂ ਵੱਧ 48 ਜਿਹਾਦੀ ਮਾਰੇ ਗਏ ਸਨ। 18 ਜੁਲਾਈ ਤੱਕ, ਮਾਰੇ ਗਏ ਜਿਹਾਦੀਆਂ ਦੀ ਕੁੱਲ



ਗਿਣਤੀ 130 ਤੱਕ ਪਹੁੰਚ ਗਈ। ਲਾਸ਼ਾਂ ਦੀ ਗਿਣਤੀ ਵੱਧ ਰਹੀ ਹੈ ਅਤੇ ਇਸਦੇ ਨਾਲ ਕਬਰਾਂ ਦੀ ਗਿਣਤੀ ਵੀ ਵੱਧ ਰਹੀ ਹੈ। ਕਸ਼ਮੀਰ ਦੇ ਬਹੁਤ ਸਾਰੇ ਖੇਤਰ - ਖ਼ਾਸਕਰ ਦੱਖਣੀ ਕਸ਼ਮੀਰ - ਕਬਰਸਤਾਨ ਜਾਪਦੇ ਹਨ। ਫੌਜ ਮਾਰੇ ਗਏ ਜਿਹਾਦੀਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਹੀਂ ਸੌਂਪਦੀ, ਬਲਕਿ ਅਣਜਾਣ ਥਾਵਾਂ 'ਤੇ ਉਨ੍ਹਾਂ ਨੂੰ ਦਫਨਾਉਂਦੀ ਹੈ। ਪ੍ਰਤੀਕਰਮ ਵਜੋਂ ਮੁਕਾਬਲੇ ਵਾਲੀਆਂ ਥਾਵਾਂ ਦੇ ਨੇੜੇ, ਸਥਾਨਕ ਵਸਨੀਕ ਫੌਜ ਦੇ ਵਿਰੁੱਧ ਪ੍ਰਦਰਸ਼ਨ ਕਰਦੇ ਹਨ।

ਤਕਰੀਬਨ ਸਾਰੇ ਮੁਕਾਬਲਿਆਂ ਵਿਚ ਇਕੋ ਜਿਹੀਆਂ ਕਹਾਣੀਆਂ ਹੁੰਦੀਆਂ ਹਨ, ਜੋ ਫੌਜ ਪ੍ਰੈਸ ਨੂੰ ਜਾਰੀ ਕਰਦੀ ਹੈ। ਕਹਾਣੀ ਇਸ ਤਰ੍ਹਾਂ ਹੈ: ਕਿਸੇ ਖੇਤਰ ਵਿਚ ਜਿਹਾਦੀਆਂ ਦੀ ਮੌਜੂਦਗੀ ਬਾਰੇ ਖੁਫੀਆ ਜਾਣਕਾਰੀ ਦੇ ਆਧਾਰ 'ਤੇ, ਕੇਂਦਰੀ ਰਿਜ਼ਰਵ ਪੁਲਿਸ ਫੋਰਸ ਅਤੇ ਜੰਮੂ-ਕਸ਼ਮੀਰ ਪੁਲਿਸ ਦੇ ਨਾਲ ਮਿਲ ਕੇ ਫੌਜ ਨੇ ਉਸ ਖੇਤਰ ਨੂੰ ਘੇਰਾ ਪਾਇਆ। ਜਦੋਂ ਫੌਜ ਨੇ ਬਾਗੀਆਂ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਤਾਂ ਲੁਕੇ ਹੋਏ ਜਿਹਾਦੀਆਂ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ। ਜਵਾਬੀ ਕਾਰਵਾਈ ਵਿਚ ਸੁਰੱਖਿਆ ਬਲਾਂ ਨੇ ਵੀ ਗੋਲੀਬਾਰੀ ਕੀਤੀ,



ਇਸ ਮੁਕਾਬਲੇ ਵਿਚ ਬਹੁਤ ਸਾਰੇ ਜਿਹਾਦੀ ਮਾਰੇ ਗਏ। ਕੋਈ ਵੀ ਫੌਜ ਨੂੰ ਨਹੀਂ ਪੁੱਛਦਾ ਕਿ ਤੁਹਾਡੀਆਂ ਸਾਰੀਆਂ ਮੁਕਾਬਲੇ ਦੀਆਂ ਕਹਾਣੀਆਂ ਇਕੋ ਜਿਹੀਆਂ ਕਿਉਂ ਹਨ! ਇੱਥੇ ਕੋਈ ਸੁਤੰਤਰ ਜਾਂਚ ਨਹੀਂ ਹੈ। ਫੌਜ ਨੂੰ ਕਟਹਿਰੇ ਵਿਚ ਖੜਾ ਨਹੀਂ ਕੀਤਾ ਜਾ ਸਕਦਾ। ਸਟੇਟ ਨੇ ਫੌਜ ਨੂੰ ਹਰ ਕਿਸਮ ਦੀ ਖੁੱਲ੍ਹਾ ਦਿੱਤੀਆਂ ਹੋਈਆਂ ਹਨ।

ਇਹ ਇਕ ਗੰਭੀਰ ਮੁੱਦਾ ਹੈ ਕਿ ਕਸ਼ਮੀਰ ਘਾਟੀ ਵਿਚ ਜਨਵਰੀ-ਜੂਨ 2020 ਦਰਮਿਆਨ ਮਾਰੇ ਗਏ 120 ਜਿਹਾਦੀਆਂ ਵਿਚੋਂ 90 ਪ੍ਰਤੀਸ਼ਤ ਤੋਂ ਜ਼ਿਆਦਾ ਸਥਾਨਕ ਕਸ਼ਮੀਰੀ ਮੁਸਲਮਾਨ ਨੌਜਵਾਨ ਸਨ। ਇਹ ਕਹਿਣਾ ਹੈ ਜੰਮੂ ਕਸ਼ਮੀਰ ਪੁਲਿਸ ਦੇ ਅਧਿਕਾਰੀ। ਇਸਦਾ ਮਤਲਬ ਹੈ ਕਿ ਮਾਰੇ ਗਏ 90% ਤੋਂ ਵੱਧ ਨੌਜਵਾਨ ਕਸ਼ਮੀਰੀ ਮਾਪਿਆਂ ਦੇ ਬੱਚੇ ਸਨ ਅਤੇ ਜੇ ਅਸੀਂ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਮੰਨਦੇ ਹਾਂ, ਤਾਂ ਇਹ ਭਾਰਤੀ ਨਾਗਰਿਕ ਸਨ ਜੋ ਭਾਰਤੀ ਫੌਜ ਦੇ ਹੱਥੋਂ ਮਾਰੇ ਗਏ ਸਨ। ਉਨ੍ਹਾਂ ਦੀ ਕਹਾਣੀ ਕੌਣ ਲਿਖੇਗਾ ? ਕੀ ਇਹ ਪੰਜਾਬ ਵਾਂਗ ਲਾਵਾਰਸ ਲਾਸ਼ਾਂ ਦੀ ਤਰ੍ਹਾਂ ਦਫਨ ਹੋ ਜਾਵੇਗੀ ? ਜੇਕਰ ਕੋਈ ਜਸਵੰਤ ਸਿੰਘ ਖਾਲੜਾ ਵਰਗਾ ਮਨੁੱਖੀ ਅਧਿਕਾਰਾਂ ਦਾ ਚੈਂਪੀਅਨ ਉਠੇਗਾ, ਉਸ ਨੂੰ ਵੀ ਲਾਵਾਰਸ ਲਾਸ਼ ਬਣਾ ਕੇ ਦਫਨ ਕਰ ਦਿੱਤਾ ਜਾਵੇਗਾ ? ਇਹ ਬਹੁਤ ਸਾਰੇ ਸੁਆਲ ਹਨ, ਜੋ ਭਾਰਤੀ ਸੰਵਿਧਾਨ ਤੇ ਕਾਨੂੰਨ ਦੇ ਅੰਤਰਗਤ ਆਉਂਦੇ ਹਨ। ਪਰ ਇਸ ਦਾ ਜਵਾਬ ਕੌਣ ਦੇਵੇਗਾ ?

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਭਗਵੇਂਵਾਦ ਦੀ ਸੋਚੀ ਸਮਝੀ ਸਾਜ਼ਿਸ਼

## ✪ ਸੀ ਬੀ ਆਈ ਦੇ ਫੈਸਲੇ ਦੇ ਸੰਦਰਭ 'ਚ ਪੰਥਕ ਜਥੇਬੰਦੀਆਂ ਸੁਚੇਤ ਰਹਿਣ




-ਬਘੇਲ ਸਿੰਘ ਧਾਲੀਵਾਲ
# 99142-58142


ਪਿਛਲੇ ਦਿਨਾਂ ਤੋ ਸੀਬੀਆਈ ਵੱਲੋਂ ਬੇਅਦਬੀ ਮਾਮਲੇ ਸਬੰਧੀ ਚੱਲ ਰਹੇ ਕੇਸ ਨੂੰ ਖਤਮ ਕਰਨ ਲਈ ਅਦਾਲਤ ਵਿੱਚ ਪੇਸ਼ ਕੀਤੀ ਕਲੋਜਰ ਰਿਪੋਰਟ ਤੇ ਬੇਅਦਬੀ ਦੇ ਦੋਸ਼ੀ ਡੇਰਾ ਪਰੇਮੀਆਂ ਨੂੰ ਜਮਾਨਤ ਦੇਣ ਦੇ ਮਾਮਲੇ ਤੋ ਬਾਅਦ ਪੈਦਾ ਹੋਏ ਹਾਲਾਤਾਂ ਦੇ ਮੱਦੇਨਜਰ ਨਿਰੋਲ ਪੰਥਕ ਧਿਰਾਂ ਨੇ ਇਸ ਮਸਲੇ ਤੇ ਸੰਘਰਸ਼ ਲੜਨ ਦਾ ਫੈਸਲਾ ਕੀਤਾ ਹੈ। ਇਸ ਤੇ ਵਿਚਾਰ ਚਰਚਾ ਕੀਤੀ ਜਾਣੀ ਬਣਦੀ ਹੈ। ਬਿਨਾ ਸ਼ੱਕ ਕੇਂਦਰ ਸਰਕਾਰ ਨੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਡੇਰੇ ਦੀਆਂ ਵੋਟਾਂ ਭਾਜਪਾ ਦੀ ਝੋਲੀ ਵਿੱਚ ਪਵਾਉਣ ਲਈ ਇੱਕ ਵਾਰ ਫਿਰ ਸਿੱਖਾਂ ਨਾਲ ਜ਼ਿਆਦਤੀ ਕਰਨ ਦਾ ਰਾਹ ਚੁਣਿਆ ਹੈ। ਏਥੇ ਇਹ ਕਹਿਣਾ ਕਿ ਅਕਾਲੀ ਦਲ ਨਾਲ ਭਾਜਪਾ ਦੀ ਪੁਰਾਣੀ ਸਾਂਝ ਦੇ ਬਾਵਜੂਦ ਵੀ ਭਾਜਪਾ ਨੇ ਬੇਅਦਬੀ ਦੇ ਕੇਸ ਨੂੰ ਉਸ ਮੌਕੇ ਠੱਪ ਕਰਨ ਦਾ ਮਨ ਬਣਾ ਲਿਆ ਹੈ, ਜਦੋਂ ਪੰਜਾਬ ਸਰਕਾਰ ਦੀ ਬਣਾਈ ਐਸ ਆਈ ਟੀ ਨੇ ਤਕਰੀਬਨ ਸਾਰੀ ਜਾਂਚ ਮੁਕੰਮਲ ਕਰ ਲਈ ਹੈ, ਇਹ ਬਿਲਕੁਲ ਨਿਰਮੂਲ ਹੋਵੇਗਾ, ਕਿਉਕਿ ਬੇਅਦਬੀ ਦੇ ਕੇਸ ਠੱਪ ਕਰਨ ਨਾਲ ਭਾਵੇਂ ਸਮੁੱਚੇ ਸਿੱਖ ਭਾਈਚਾਰੇ ਦੇ ਮਨਾਂ ਨੂੰ ਗਹਿਰੀ ਠੇਸ ਪੁੱਜੀ ਹੈ, ਪਰੰਤੂ ਅਕਾਲੀ ਦਲ ਨਾਲ ਤਾਂ ਕਿਤੇ ਨਾ ਕਿਤੇ ਕੇਂਦਰ ਨੇ ਵਫਾਦਾਰੀ ਪਾਲਣ ਵਾਲੀ ਗੱਲ ਹੀ ਕੀਤੀ ਹੈ, ਕਿਉਂਕਿ ਜੇਕਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਾਲੀ ਜਾਂਚ ਰਿਪੋਰਟ ਅਤੇ ਉਸ ਤੋ ਬਾਅਦ ਕੰਵਰ ਵਿਜੇ ਪਰਤਾਪ ਸਿੰਘ ਵਾਲੀ ਐਸ ਆਈ ਟੀ ਦੀ ਜਾਂਚ ਰਿਪੋਰਟ ਵਿੱਚ ਬਾਦਲ ਪਰਿਵਾਰ ਨੂੰ ਕਟਹਿਰੇ ਵਿੱਚ ਖੜਾ ਕੀਤਾ ਗਿਆ ਸੀ,ਜੇ ਉਸ ਤੇ ਕਾਰਵਾਈ ਹੁੰਦੀ ਹੈ ਤਾਂ ਬਾਦਲ ਪਰਿਵਾਰ ਲਈ ਮੁਸੀਬਤਾਂ ਵਧ ਜਾਣੀਆਂ ਸਨ। ਇਸ ਲਈ ਭਾਜਪਾ ਨੇ ਸੀਬੀਆਈ ਦੁਆਰਾ ਇਹ ਕੇਸ ਨੂੰ ਖਤਮ ਕਰਨ ਦੀ ਵਿਉਂਤਬੰਦੀ ਕਰਕੇ ਜਿੱਥੇ ਡੇਰਾ ਸਿਰਸਾ ਨੂੰ ਕਲੀਨ ਚਿਟ ਦੇ ਕੇ ਡੇਰਾ ਪਰੇਮੀਆਂ ਦੀਆਂ ਵੋਟਾਂ ਪੱਕੀਆਂ ਕਰਨ ਲਈ ਜਮੀਨ ਤਿਆਰ ਕੀਤੀ ਹੈ, ਉੱਥੇ ਬਾਦਲ ਪਰਿਵਾਰ ਨੂੰ ਵੀ ਇਸ ਤੋਂ ਬਹੁਤ ਵੱਡੀ ਰਾਹਤ ਮਿਲਣੀ ਸੁਭਾਵਿਕ ਹੈ। ਇਸ ਵਰਤਾਰੇ ਤੋਂ ਇੱਕ ਵਾਰ ਫਿਰ ਇਹ ਸਾਫ ਹੋ ਗਿਆ ਹੈ ਕਿ ਅਕਾਲੀ ਦਲ ਬਾਦਲ ਦਾ ਸਿੱਖ ਸਰੋਕਾਰਾਂ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀ ਹੈ। ਜੇਕਰ ਗੱਲ ਭਾਜਪਾ ਅਤੇ ਆਰਐਸਐਸ ਦੀ ਘੱਟ ਗਿਣਤੀਆਂ ਪ੍ਰਤੀ ਸੋਚ ਦੀ ਕੀਤੀ ਜਾਵੇ ਤਾਂ ਇਹਦੇ ਵਿੱਚ ਕੋਈ ਸ਼ੱਕ ਨਹੀ ਕਿ ਇਹ ਸਮਾ ਘੱਟ ਗਿਣਤੀਆਂ ਲਈ ਬੜਾ ਨਾਜੁਕ ਹੈ। ਇਹ ਵੀ ਸੱਚ ਹੈ ਕਿ ਜਿਸ ਤਰਾਂ ਦੇਸ਼ ਅੰਦਰ ਮੁਸਲਮਾਨਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਸਿੱਖ ਕੌਮ ਨੂੰ ਵੀ ਜੜ ਤੋ ਖਤਮ ਕਰਨ ਲਈ ਜ਼ਿਆਦਾ ਯਤਨ ਹੋ ਰਹੇ ਹਨ। ਇਸ ਕਰਕੇ ਹੀ ਸਿੱਖ ਕੌਮ 'ਤੇ ਸਿਧਾਂਤਕ ਹਮਲੇ ਕੀਤੇ ਤੇ ਕਰਵਾਏ ਜਾ ਰਹੇ ਹਨ।



ਪਿਛਲੇ ਸਾਲਾਂ ਵਿੱਚ ਸੁਰੂ ਹੋਈਆਂ ਬੇਅਦਬੀਆਂ ਵੀ ਨਾਗਪੁਰ ਦੀ ਸੋਚੀ ਸਮਝੀ ਸਾਜਿਸ਼ ਦਾ ਮੁੱਖ ਹਿੱਸਾ ਹਨ। ਸੰਸਥਾ ਦੇ ਨਾਗਪੁਰ ਦੇ ਭਗਵੇਂ ਕੇਂਦਰ ਨੇ ਸਿੱਖਾਂ ਦੇ ਸਮੁੱਚੇ ਗੁਰਦੁਆਰਾ ਪਰਬੰਧ ਨੂੰ ਬੜੀ ਮਜਬੂਤੀ ਨਾਲ ਅਪਣੀ ਪਕੜ ਵਿੱਚ ਕਰਕੇ ਰੱਖਿਆ ਹੋਇਆ ਹੈ। ਸਰੋਮਣੀ ਕਮੇਟੀ ਅੰਦਰ ਦਖਲ ਅੰਦਾਜ਼ੀ ਪ੍ਰਕਾਸ਼ ਸਿੰਘ ਬਾਦਲ ਦੀ ਮਿਹਰਬਾਨੀ ਨਾਲ ਸ਼ੁਰੂ ਹੋਈ ਤੇ ਅੱਜ ਸਮੁੱਚੇ ਗੁਰਦੁਆਰਾ ਪ੍ਰਬੰਧ ਦਾ ਇਹ ਹਾਲ ਹੈ ਕਿ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ 'ਤੇ ਸਿੱਧੇ ਰੂਪ ਵਿੱਚ ਭਾਜਪਾ ਦਾ ਕਬਜ਼ਾ ਹੋ ਚੁੱਕਾ ਹੈ, ਗੁਰਦੁਆਰਾ ਬੋਰਡ ਸੱਚਖੰਡ ਸ੍ਰੀ ਹਜੂਰ ਸਾਹਿਬ ਬੋਰਡ ਤੇ ਵੀ ਭਾਜਪਾ ਸਿੱਧੇ ਰੂਪ ਵਿਚ ਕਾਬਜ ਹੈ ਅਤੇ ਗੁਰਦੁਆਰਾ ਬੋਰਡ ਪਟਨਾ ਸਾਹਿਬ ਤੇ ਟੇਢੇ ਢੰਗ ਨਾਲ ਭਾਜਪਾ ਕਾਬਜ ਹੋ ਚੁੱਕੀ ਹੈ,ਕਿਉਕਿ ਬਾਦਲ ਕੇ ਅਤੇ ਭਾਜਪਾ ਵਿਚ ਕੋਈ ਅੰਤਰ ਨਹੀ ਹੈ। ਕਿਸੇ ਦੂਸਰੇ ਧਰਮ ਵਿੱਚ ਦਖਲਅੰਦਾਜ਼ੀ ਕਰਨ ਦਾ ਮਤਲਬ ਸਪੱਸ਼ਟ ਹੈ ਕਿ ਆਰਐਸਐਸ ਵੱਲੋਂ ਸਿੱਖੀ ਸਿਧਾਂਤਾਂ ਦੇ ਹਿੰਦੂਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ, ਉਹ ਵੱਖਰੀ ਗੱਲ ਹੈ ਕਿ ਜਿਸ ਜੁੱਗੋ ਜੁੱਗ ਅਟੱਲ ਗੁਰੂ ਸਿਧਾਂਤ ਵਿਚੋਂ ਸਿੱਖੀ ਦਾ ਜਨਮ ਹੋਇਆ ਹੈ, ਉਹਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਕਿਤੇ ਚੰਦੂ ਦੇ ਰੂਪ ਵਿਚ, ਕਿਤੇ ਗੰਗੂ ਦੇ ਰੂਪ ਵਿੱਚ ਤੇ ਕਿਤੇ ਪਹਾੜੀ ਰਾਜਿਆਂ ਦੇ ਰੂਪ ਵਿੱਚ ਮੁੱਢੋ ਹੁੰਦੀਆਂ ਆ ਰਹੀਆਂ ਹਨ,ਜਿਹੜੀਆਂ ਅੱਜ ਵੀ ਬਦਲੇ ਰੂਪ ਵਿੱਚ ਕਿਤੇ ਇੰਦਰਾ ਗਾਂਧੀ ਦੇ ਰੂਪ ਵਿੱਚ ਤੇ ਕਿਤੇ ਮੋਦੀ ਦੇ ਰੂਪ ਵਿੱਚ ਬਾ-ਦਸਤੂਰ ਜਾਰੀ ਹਨ,ਪਰ ਕਾਮਯਾਬੀ ਨਾ ਹੀ ਪਹਿਲਾਂ ਮਿਲੀ ਸੀ ਤੇ ਨਾ ਹੀ ਹੁਣ ਮਿਲ ਸਕਦੀ ਹੈ। ਇਹ ਵੀ ਇਤਿਹਾਸ ਦੱਸਦਾ ਹੈ ਕਿ ਜਦੋ ਵੀ ਸਿੱਖ ਦੁਸ਼ਮਣਾਂ ਨੇ ਸਿੱਖੀ ਤੇ ਹਮਲੇ ਕੀਤੇ ਹਨ, ਸਿੱਖਾਂ ਨੇ ਹਮੇਸਾਂ ਮੂੰਹ ਤੋੜ ਜਵਾਬ ਦਿੱਤਾ ਹੈ। ਸਿੱਖੀ ਹਮੇਸਾਂ ਜੇਤੂ ਹੋਕੇ ਹੀ ਨਿਕਲੀ ਹੈ। ਮੌਜੂਦਾ ਦੌਰ ਦੀ ਜਦੋ ਗੱਲ ਕਰਦੇ ਹਾਂ ਤਾਂ ਇਸ ਕਰਕੇ ਵੱਖਰੇ ਹਨ, ਕਿਉਕਿ ਅੱਜ ਸਿੱਖ ਦੁਸ਼ਮਣ ਜਮਾਤ ਨੇ ਸਿੱਖਾਂ ਦੇ ਆਗੂਆਂ ਨੂੰ ਜੂਠੀ ਬੁਰਕੀ ਸੁੱਟ ਕੇ ਬੁਰੀ ਤਰ੍ਹਾਂ ਧੜੇਬੰਦੀਆਂ ਵਿੱਚ ਵੰਡ ਦਿੱਤਾ ਹੈ, ਜਿਸ ਕਰਕੇ ਸਿੱਖ ਆਪਣੇ ਨਾਲ ਹੁੰਦੀਆਂ ਵਧੀਕੀਆਂ ਦਾ ਇਨਸਾਫ ਲੈਣ ਵਿੱਚ ਪਛੜ ਰਹੇ ਹਨ। ਬੇਅਦਬੀ ਦਾ ਇਨਸਾਫ ਲੈਣ ਲਈ ਲੱਗੇ ਬਰਗਾੜੀ ਮੋਰਚੇ ਦੇ ਫੇਲ ਹੋਣ ਤੋ ਬਾਅਦ ਸਿੱਖ ਆਪਣੇ ਆਪ ਨੂੰ ਲਾਵਾਰਸ ਸਮਝਣ ਲੱਗੇ ਹਨ।

ਹੁਣ ਜਦੋ ਸੀ ਬੀ ਆਈ ਦੇ ਫੈਸਲੇ ਦੇ ਵਿਰੋਧ ਵਿੱਚ ਸਿੱਖ ਇੱਕ ਵਾਰ ਫਿਰ ਸੰਘਰਸ਼ ਵਿੱਢਣ ਦੇ ਰੌਅ ਵਿੱਚ ਹਨ ਤਾਂ ਇਹ ਸਵਾਲ ਜਰੂਰ ਉੱਠਦਾ ਹੈ ਕਿ ਕਿਤੇ ਦੁਬਾਰਾ ਫਿਰ ਸਿੱਖ ਜਜ਼ਬਾਤਾਂ ਨਾਲ ਖੇਡਿਆ ਤਾਂ ਨਹੀ ਜਾਵੇਗਾ ? ਇੱਕ ਸਵਾਲ ਉਸ ਸਿੱਖ ਲੀਡਰਸ਼ਿੱਪ ਲਈ ਵੀ ਖੜਾ ਹੈ,ਜਿਹੜੀ ਬਰਗਾੜੀ ਵਿੱਚ ਬੇਅਦਬੀ ਦਾ ਇਨਸਾਫ ਲੈਣ ਲਈ ਮੈਦਾਨ ਵਿੱਚ ਆਈ ਸੀ,ਉਹਨਾਂ ਲਈ ਸੁਆਲ ਇਹ ਹੈ ਕਿ ਸਿੱਖ ਭਾਵਨਾਵਾਂ ਦੇ ਖਿਲਾਫ ਸਰਕਾਰ ਦੇ ਮੁਤਾਬਿਕ ਮੋਰਚਾ ਸਮਾਪਤੀ ਤੋ ਬਾਅਦ ਜਿਸਤਰ੍ਹਾਂ ਤੁਹਾਡੇ ਵੱਲੋਂ ਇਹ ਦਾਅਵੇ ਕੀਤੇ ਜਾ ਰਹੇ ਸਨ,ਕਿ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ ਹਨ ਤੇ ਰਹਿੰਦੀਆਂ ਜਲਦੀ ਪੂਰੀਆਂ ਹੋ ਜਾਣਗੀਆਂ,ਕੀ ਉਹ ਹੁਣ ਕੌਮ ਨੂੰ ਇਸ ਸਬੰਧੀ ਕੋਈ ਸਪੱਸਟੀਕਰਨ ਦੇਣਗੇ ? ਡੇਰਾ ਪਰੇਮੀਆਂ ਨੂੰ ਕਾਂਗਰਸ ਸਰਕਾਰ ਵੱਲੋਂ ਜਮਾਨਤ ਦੇ ਕੇ ਦਿੱਤੀ ਗਈ ਵੱਡੀ ਰਾਹਤ ਅਤੇ ਸੀ ਬੀ ਆਈ ਦੀ ਕਲੋਜਰ ਰਿਪੋਰਟ ਤੋ ਬਾਅਦ ਬਰਗਾੜੀ ਮੋਰਚਾ ਸੰਚਾਲਕ ਵੱਲੋਂ ਧਾਰੀ ਚੁੱਪ ਦੇ ਕੀ ਮਾਇਨੇ ਹੋ ਸਕਦੇ ਸਨ ? ਮੌਜੂਦਾ ਦੌਰ ਵਿੱਚ ਪੰਥਕ ਜਜ਼ਬਾ ਰੱਖਦੀ ਉਸ ਪੰਥਕ ਸੋਚ ਨੂੰ ਦਿਲੋਂ ਸਲਾਮ ਕਰਨਾ ਬਣਦਾ ਹੈ,ਜਿਸਨੇ ਅਜਿਹੇ ਹਾਲਾਤਾਂ ਵਿੱਚ ਵੀ ਕੌਮੀ ਜਜ਼ਬਾ ਜਿਉਂਦਾ ਰੱਖਿਆ ਹੋਇਆ ਹੈ।

# ਕੋਰੋਨਾ ਦਾ ਯੁੱਗ, ਭਾਰਤ ਦਾ ਭਵਿੱਖ ਬਨਾਮ ਮਹਾਂਭਾਰਤ ਦੀ ਜੰਗ

-ਰਜਿੰਦਰ ਸਿੰਘ

**ਭਾਰਤ ਦੇ ਡਾਕਟਰ ਰਾਮਦੇਵ ਤੇ ਭਗਵਿਆਂ ਦੇ ਗਊ ਮੂਤਰ ਦੇ ਫਾਰਮੂਲੇ ਫੇਲ੍ਹ ਹੋ ਚੁੱਕੇ ਹਨ। ਤੁਹਾਨੂੰ ਯਾਦ ਕਰਵਾ ਦੇਈਏ ਕਿ ਤ੍ਰਿਪੁਰਾ ਦੇ ਭਾਜਪਾ ਮੁੱਖ ਮੰਤਰੀ ਬਿਪਲਾਬ ਕੁਮਾਰ ਦੇਬ ਨੇ ਹਰ ਸ਼ਨੀਵਾਰ ਨੂੰ ਆਮ ਲੋਕਾਂ ਨੂੰ ਨਿੰਬੂ ਅਤੇ ਅਨਾਨਾਸ ਦੇ ਰਸ ਮੁਫਤ ਵੰਡਣ ਲਈ ਇਕ ਕਰੋੜ ਰੁਪਏ ਅਲਾਟ ਕੀਤੇ ਹਨ। ਉਸਨੇ ਆਪਣੀ ਮਾਂ ਦੀ ਗਰਮ ਪਾਣੀ ਵਿਚ ਅਦਰਕ ਪੀਣ ਦੀ ਤਸਵੀਰ ਵੀ ਜਨਤਕ ਕੀਤੀ ਸੀ। ਏਨਾ ਹੀ ਨਹੀਂ, ਵੀਡੀਓ ਨੂੰ ਤ੍ਰਿਪੁਰਾ ਸਰਕਾਰ ਦੇ ਅਧਿਕਾਰਤ ਟਵਿੱਟਰ ਹੈਂਡਲ ਨਾਲ ਵੀ ਸਾਂਝਾ ਕੀਤਾ ਗਿਆ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਇਸ ਨਾਲ ਮੁੱਖ ਮੰਤਰੀ ਦੀ ਮਾਂ ਦੀ ਕੋਰੋਨਾ ਵਾਇਰਸ ਨਾਲ ਲੜਨ ਦੀ ਸਮਰਥਾ ਵਧੇਗੀ। ਟਾਈਮਜ਼ ਆਫ ਇੰਡੀਆ ਵਿਚ ਸੁਸ਼ਮੀ ਡੇ ਦੀ ਬਾਈਲਾਈਨ ਤੋਂ ਇਕ ਖ਼ਬਰ ਆਈ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਮੰਤਰੀ ਨੇ ਇਕ ਪ੍ਰੈੱਸ ਰਿਲੀਜ਼ ਵਿਚ ਕਿਹਾ ਕਿ ਕੋਰੋਨਾ ਵਾਇਰਸ ਨੂੰ ਠੀਕ ਕਰਨ ਦਾ ਟੀਕਾ 2021 ਤੋਂ ਪਹਿਲਾਂ ਸੰਭਵ ਨਹੀਂ ਹੈ, ਬਾਅਦ ਵਿਚ ਇਸ ਨੂੰ ਡਲੀਟ ਕਰ ਦਿੱਤਾ ਗਿਆ। ਅਖ਼ਬਾਰ ਨੇ ਪੁੱਛਿਆ ਹੈ ਕਿ ਕੀ ਇਸ ਨੂੰ ਆਸ਼ਾਵਾਦੀ ਦਿਖਣ ਦੇ ਲਈ ਮਿਟਾ ਦਿੱਤਾ ਗਿਆ ਹੈ। ਤੁਸੀਂ ਜਾਣਦੇ ਹੋ ਕਿ ਪਹਿਲਾਂ ਆਈ ਸੀ ਐਮ ਆਰ ਨੇ ਕਿਹਾ ਹੈ ਕਿ ਭਾਰਤ ਬਾਇਓਟੈਕ ਦਾ ਵੈਕਸੀਨ 15 ਅਗਸਤ ਤੋਂ ਪਹਿਲਾਂ ਤਿਆਰ ਹੋ ਜਾਣਾ ਚਾਹੀਦਾ ਹੈ।**

ਗਊ ਮੂਤਰ ਨਾਲ ਕੋਰੋਨਾ ਦਾ ਇਲਾਜ ਦਾ ਦਾਅਵਾ ਕਰਨ ਭਗਵਿਆਂ ਦੀ 'ਕਰਾਮਾਤ' ਦੇ ਬਾਵਜੂਦ ਕੋਰੋਨਾ ਸੰਕਰਮਿਤ ਮਰੀਜ਼ਾਂ ਦੀ ਗਿਣਤੀ ਦੇ ਮਾਮਲੇ ਵਿਚ ਭਾਰਤ ਵਿਸ਼ਵ ਵਿਚ ਤੀਜੇ ਨੰਬਰ 'ਤੇ ਪਹੁੰਚ ਗਿਆ ਹੈ। 21 ਦਿਨਾਂ ਵਿਚ ਕੋਰੋਨਾ ਵਿਰੁੱਧ ਲੜਾਈ ਜਿੱਤਣ ਦੀ ਹੁਣ ਕੋਈ ਚਰਚਾ ਨਹੀਂ ਹੁੰਦੀ, ਜਿਸ ਦਾ ਐਲਾਨ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਸੀ। ਕੋਰੋਨਾ ਦੀ ਲਾਗ ਦੇ ਮਾਮਲੇ ਵਿਚ ਅਮਰੀਕਾ ਅਤੇ ਬ੍ਰਾਜ਼ੀਲ ਹੁਣ ਭਾਰਤ ਤੋਂ ਅੱਗੇ ਹਨ। ਭਾਰਤ ਨੇ ਕੋਰੋਨਾ ਬਿਮਾਰੀ ਵਿਚ ਰੂਸ ਨੂੰ ਪਿੱਛੇ ਛੱਡ ਦਿੱਤਾ ਹੈ। ਹਾਲਾਂਕਿ, ਭਾਰਤ ਵਿਚ ਕੋਰੋਨਾ ਦੇ 1,156,189 ਮਾਮਲੇ ਹਨ ਅਤੇ 28,099 ਦੇ ਕਰੀਬ ਲੋਕਾਂ ਦੀ ਮੌਤ ਹੋ ਚੁੱਕੀ ਹੈ। ਪਰ ਅਮਰੀਕਾ ਭਾਰਤ ਤੋਂ ਬਹੁਤ ਅੱਗੇ ਹੈ। ਇੱਥੇ 3,961,805 ਤੋਂ ਵੱਧ ਮਾਮਲੇ ਆ ਚੁੱਕੇ ਹਨ, 143,864 ਲੱਖ ਮੌਤਾਂ ਹੋ ਚੁੱਕੀਆਂ ਹਨ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਤੀਜੇ ਨੰਬਰ 'ਤੇ ਹੋਣ ਦੇ ਬਾਵਜੂਦ ਅਮਰੀਕਾ ਤੋਂ ਬਹੁਤ ਪਿੱਛੇ ਹੈ। ਅਸੀਂ ਨਹੀਂ ਜਾਣਦੇ ਕਿ ਇਹ ਚੰਗਾ ਹੈ ਜਾਂ ਮਾੜਾ ਪਰ ਸੱਚ ਇਹ ਹੈ ਕਿ ਭਾਰਤ ਦੇ ਸੱਤਾਧਾਰੀ ਆਗੂ ਆਪਣੇ ਹਿਸਾਬ ਨਾਲ ਇਸ ਬਾਰੇ ਆਪਣਾ ਤਰਕ ਪੇਸ਼ ਕਰਨਗੇ। ਤੁਹਾਡੇ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਭਾਰਤ ਨੂੰ ਨੰਬਰ ਦੋ 'ਤੇ ਪਹੁੰਚਣ ਵਿਚ ਹਾਲੇ ਸਮਾਂ ਲਗੇਗਾ।

ਇਸ ਸਮੇਂ ਭਾਰਤ ਦੇ ਮੁਕਾਬਲੇ ਬ੍ਰਾਜ਼ੀਲ ਵਿਚ ਮਾਮਲੇ ਦੁੱਗਣੇ ਹਨ। ਇਸ ਲਈ ਭਾਰਤ ਦੇ ਸੱਤਾਧਾਰੀ ਕੁਝ ਦਿਨਾਂ ਲਈ ਇਹ ਦਾਅਵਾ ਕਰ ਸਕਦੇ ਹਨ ਕਿ ਸਮੇਂ ਸਿਰ ਤਾਲਾਬੰਦੀ ਹੋਣ ਨਾਲ ਭਾਰਤ ਨੂੰ ਫਾਇਦਾ ਹੋਇਆ। ਤੁਹਾਨੂੰ ਯਾਦ ਕਰਵਾ ਦੇਈਏ ਕਿ ਪ੍ਰਧਾਨ ਮੰਤਰੀ ਮੋਦੀ ਨੇ ਦੀਵੇ ਜਗਾਉਣ ਦੀ ਅਪੀਲ ਕੀਤੀ ਸੀ ਕਿ ਮਹਾਂਭਾਰਤ ਦੀ ਲੜਾਈ 18 ਦਿਨਾਂ ਵਿਚ ਜਿੱਤੀ ਗਈ ਸੀ, ਕੋਰੋਨਾ ਖ਼ਿਲਾਫ਼ ਯੁੱਧ ਵੀ ਅਸੀਂ ਏਨੇ ਦਿਨਾਂ ਵਿਚ ਜਿੱਤ ਲਵਾਂਗੇ। ਪਰ ਜਿਸ ਤਰ੍ਹਾਂ ਕੋਰੋਨਾ ਕਾਰਨ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ, ਜਾਪਦਾ ਨਹੀਂ ਹੈ ਕਿ ਇਸ ਮਹਾਂਭਾਰਤ ਨੂੰ ਜਿਤਿਆ ਜਾ ਸਕੇਗਾ।



ਭਾਰਤ ਦੇ ਡਾਕਟਰ ਰਾਮਦੇਵ ਤੇ ਭਗਵਿਆਂ ਦੇ ਗਊ ਮੂਤਰ ਦੇ ਫਾਰਮੂਲੇ ਫੇਲ੍ਹ ਹੋ ਚੁੱਕੇ ਹਨ। ਤੁਹਾਨੂੰ ਯਾਦ ਕਰਵਾ ਦੇਈਏ ਕਿ ਤ੍ਰਿਪੁਰਾ ਦੇ ਭਾਜਪਾ ਮੁੱਖ ਮੰਤਰੀ ਬਿਪਲਾਬ ਕੁਮਾਰ ਦੇਬ ਨੇ ਹਰ ਸ਼ਨੀਵਾਰ ਨੂੰ ਆਮ ਲੋਕਾਂ ਨੂੰ ਨਿੰਬੂ ਅਤੇ ਅਨਾਨਾਸ ਦੇ ਰਸ ਦਾ ਮੁਫਤ ਵੰਡਣ ਲਈ ਇਕ ਕਰੋੜ ਰੁਪਏ ਅਲਾਟ ਕੀਤੇ ਹਨ। ਉਸਨੇ ਆਪਣੀ ਮਾਂ ਦੀ ਗਰਮ ਪਾਣੀ ਵਿਚ ਅਦਰਕ ਪੀਣ ਦੀ ਤਸਵੀਰ ਵੀ ਜਨਤਕ ਕੀਤੀ ਸੀ। ਏਨਾ ਹੀ ਨਹੀਂ, ਵੀਡੀਓ ਨੂੰ ਤ੍ਰਿਪੁਰਾ ਸਰਕਾਰ ਦੇ ਅਧਿਕਾਰਤ ਟਵਿੱਟਰ ਹੈਂਡਲ ਨਾਲ ਵੀ ਸਾਂਝਾ ਕੀਤਾ ਗਿਆ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਇਸ ਨਾਲ ਮੁੱਖ ਮੰਤਰੀ ਦੀ ਮਾਂ ਦੀ ਕੋਰੋਨਾ ਵਾਇਰਸ ਨਾਲ ਲੜਨ ਦੀ ਸਮਰਥਾ ਵਧੇਗੀ। ਟਾਈਮਜ਼ ਆਫ ਇੰਡੀਆ ਵਿਚ ਸੁਸ਼ਮੀ ਡੇ ਦੀ ਬਾਈਲਾਈਨ ਤੋਂ ਇਕ ਖ਼ਬਰ ਆਈ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਮੰਤਰੀ ਨੇ ਇਕ ਪ੍ਰੈੱਸ ਰਿਲੀਜ਼ ਵਿਚ ਕਿਹਾ ਕਿ ਕੋਰੋਨਾ ਵਾਇਰਸ ਨੂੰ ਠੀਕ ਕਰਨ ਦਾ ਟੀਕਾ 2021 ਤੋਂ ਪਹਿਲਾਂ ਸੰਭਵ ਨਹੀਂ ਹੈ, ਬਾਅਦ ਵਿਚ ਇਸ ਨੂੰ ਡਲੀਟ ਕਰ ਦਿੱਤਾ ਗਿਆ। ਅਖ਼ਬਾਰ ਨੇ ਪੁੱਛਿਆ ਹੈ ਕਿ ਕੀ ਇਸ ਨੂੰ ਆਸ਼ਾਵਾਦੀ ਦਿਖਣ ਦੇ ਲਈ ਮਿਟਾ ਦਿੱਤਾ ਗਿਆ ਹੈ। ਤੁਸੀਂ ਜਾਣਦੇ ਹੋ ਕਿ ਪਹਿਲਾਂ ਆਈ ਸੀ ਐਮ ਆਰ ਨੇ ਕਿਹਾ ਹੈ ਕਿ ਭਾਰਤ ਬਾਇਓਟੈਕ ਦਾ ਵੈਕਸੀਨ 15 ਅਗਸਤ ਤੋਂ ਪਹਿਲਾਂ ਤਿਆਰ ਹੋ ਜਾਣਾ ਚਾਹੀਦਾ ਹੈ।

ਇਸ ਬਾਰੇ ਨੈਤਿਕ ਬਹਿਸ ਛਿੜੀ ਹੋਈ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਆਈਸੀਐਮਆਰ ਕੋਸ਼ਿਸ਼ ਕਰ ਰਿਹਾ ਹੈ ਕਿ ਪ੍ਰਧਾਨ ਮੰਤਰੀ 15 ਅਗਸਤ ਨੂੰ ਕੋਰੋਨਾ ਟੀਕੇ ਦਾ ਐਲਾਨ ਕਰਨ। ਘਰੇਲੂ ਉਤਪਾਦਾਂ ਅਤੇ ਮੇਡ ਇਨ ਇੰਡੀਆ ਨੂੰ ਲਗਾਏ ਜਾ ਰਹੇ ਇਸ ਟੀਕੇ ਦੀ ਖਬਰ ਤੋਂ ਯਾਦ ਆਇਆ ਕਿ ਬੀਤੇ ਦਿਨੀਂ ਸੋਸ਼ਲ ਮੀਡੀਆ 'ਤੇ ਬਹੁਤ ਸਾਰੀਆਂ ਖਬਰਾਂ ਛਪੀਆਂ, ਜਿਸ ਤੋਂ ਪਤਾ ਚੱਲਦਾ ਹੈ ਕਿ ਪੀ.ਐੱਮ ਕੇਅਰਜ਼ ਤੋਂ ਪੈਸੇ ਲੈ ਕੇ ਖਰੀਦੇ ਗਏ ਦੇਸੀ ਵੈਂਟੀਲੇਟਰ ਦੀਆਂ ਖਬਰਾਂ ਹਨ ਅਤੇ ਇਹ ਇਕ ਵੱਡਾ ਘੁਟਾਲਾ ਜਾਪਦਾ ਹੈ. ਜਦੋਂ ਕਿ ਵੈਂਟੀਲੇਟਰ ਸਮੇਂ ਸਿਰ ਹਸਪਤਾਲਾਂ ਵਿੱਚ ਨਹੀਂ ਪਹੁੰਚੇ। ਨਿਰਪੱਖ ਮੀਡੀਆ ਦੱਸ ਰਿਹਾ ਹੈ ਕਿ ਹਸਪਤਾਲਾਂ ਵਿਚ ਕੋਰੋਨਾ ਦੇ ਇਲਾਜ ਲਈ ਵੈਂਟੀਲੇਟਰਾਂ ਦੀ ਕਮੀ ਹੈ। ਭਾਜਪਾ ਨੇ ਦਾਅਵਾ ਕੀਤਾ ਕਿ 50 ਸਾਲਾਂ ਵਿੱਚ ਭਾਰਤੀ ਹਸਪਤਾਲਾਂ ਵਿੱਚ ਜਿੰਨੇ ਵੀ ਵੈਂਟੀਲੇਟਰ ਖਰੀਦੇ ਗਏ ਹਨ, ਉਹ ਪ੍ਰਧਾਨ ਮੰਤਰੀ ਕੇਅਰਜ਼ ਰਾਹੀਂ ਖਰੀਦੇ ਜਾ ਰਹੇ ਹਨ। ਪਰ ਕਿੰਨੇ ਵੈਂਟੀਲੇਟਰ ਹਸਪਤਾਲ ਪਹੁੰਚੇ ਹਨ, ਇਹ ਅਜੇ ਤੱਕ ਨਹੀਂ ਦੱਸਿਆ ਗਿਆ ਹੈ। ਘੁਟਾਲੇ ਦੀ ਖ਼ਬਰ ਪ੍ਰਕਾਸ਼ਤ ਨਹੀਂ ਕੀਤੀ ਗਈ ਹੈ। ਇਸ ਲਈ ਇਸ ਨੂੰ ਘੁਟਾਲਾ ਕਹਿਣਾ ਕਿਵੇਂ ਸੰਭਵ ਹੈ? ਸਾਕੇਤ ਗੋਖਲੇ ਨੇ ਪ੍ਰਧਾਨ ਮੰਤਰੀ ਦੇ ਟਵੀਟ ਦੇ ਹਵਾਲੇ ਨਾਲ ਕਿਹਾ ਹੈ ਕਿ ਤਾਲਾਬੰਦੀ ਤੋਂ ਬਾਅਦ (4 ਅਪ੍ਰੈਲ ਨੂੰ) ਉਸਨੇ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਫਿਰ ਬ੍ਰਾਜ਼ੀਲ ਦੇ ਰਾਸ਼ਟਰਪਤੀ ਨਾਲ ਫੋਨ ਤੇ ਗੱਲਬਾਤ ਕੀਤੀ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਫੈਸਲਾ ਲਿਆ ਸੀ ਕਿ ਕੋਵਿਡ -19 ਨਾਲ ਲੜਨ ਲਈ ਭਾਰਤ-ਅਮਰੀਕਾ ਦੀ ਭਾਈਵਾਲੀ ਪੂਰੀ ਤਾਕਤ ਲਗਾਏਗੀ ਜਦਕਿ ਬ੍ਰਾਜ਼ੀਲ ਨੇ ਫੈਸਲਾ ਲਿਆ ਸੀ ਕਿ ਕਿਵੇਂ ਭਾਰਤ ਅਤੇ ਬ੍ਰਾਜ਼ੀਲ ਮਿਲ ਕੇ ਇਸ ਮਹਾਮਾਰੀ ਨਾਲ ਲੜ ਸਕਦੇ ਹਨ। ਅੱਜ ਇਹ ਇਤਫ਼ਾਕ ਹੈ ਕਿ ਇਹ ਦੋਵੇਂ ਦੇਸ਼ ਸੰਕਰਮਿਤ ਅਤੇ ਮੌਤ ਦੇ ਮਾਮਲੇ ਵਿਚ ਭਾਰਤ ਨਾਲੋਂ ਅੱਗੇ ਹਨ। ਸੱਚਾਈ ਇਹ ਹੈ ਕਿ ਜੇ ਭਾਰਤ ਦੀ ਅੱਧੀ ਆਬਾਦੀ ਕੋਰੋਨਾ ਬਣ ਜਾਂਦੀ ਹੈ ਅਤੇ ਇਸ ਦੀ ਆਬਾਦੀ ਦਾ ਦੋ ਪ੍ਰਤੀਸ਼ਤ ਮਰ ਜਾਂਦਾ ਹੈ, ਤਾਂ ਮਰਨ ਵਾਲਿਆਂ ਦੀ ਗਿਣਤੀ 1.30 ਕਰੋੜ ਤੋਂ ਵੱਧ ਹੋ ਜਾਵੇਗੀ। ਭਾਰਤ ਦੇ ਲੋਕ ਆਖ ਰਹੇ ਹਨ ਕਿ ਸਰਕਾਰ ਮਾਸਕ ਅਤੇ ਜੁਰਮਾਨੇ ਲਗਾਉਣ, ਪੈਟਰੋਲ ਦੀਆਂ ਕੀਮਤਾਂ ਵਧਾਉਣ 'ਤੇ ਜ਼ੋਰ ਦੇ ਰਹੀ ਹੈ। ਬਾਕੀ ਹਸਪਤਾਲਾਂ ਕੋਲ ਜਗ੍ਹਾ ਨਹੀਂ ਹੈ, ਮੈਡੀਕਲ ਕਿੱਟਾਂ ਦੀ ਘਾਟ ਹੈ, ਵੈਂਟੀਲੇਂਟਰ ਘੱਟ ਹਨ ਅਤੇ ਹੋਰ ਬਿਮਾਰੀਆਂ ਦਾ ਇਲਾਜ ਕਰਨਾ ਵੀ ਮੁਸ਼ਕਲ ਹੈ। ਪਰ ਇਹ ਖ਼ਬਰਾਂ ਪੁਰਾਣੀਆਂ ਹੋ ਚੁੱਕੀਆਂ ਹਨ। ਨਵੀਆਂ ਕੀ ਆਉਂਦੀਆਂ ਹਨ, ਸਮੇਂ ਦੀ ਉਡੀਕ ਕਰੋ। ਪਰ ਜਿੰਨ ਚਿਰ ਤੱਕ ਭਾਰਤ ਵਿਚ ਭ੍ਰਿਸ਼ਟਾਚਾਰ ਨਹੀਂ ਮਿਟਦਾ, ਮੰਤਰੀ, ਐਮਐਲਏ ਚਾਰ ਚਾਰ ਪੈਨਸ਼ਨਾਂ ਲੈਣ ਤੋਂ ਗੁਰੇਜ਼ ਨਹੀਂ ਕਰਦੇ, ਭਾਰਤ ਦਾ ਭਵਿਖ ਸੁਧਰ ਨਹੀਂ ਸਕਦਾ।

-o-

# ਰਾਸ਼ਟਰਪਤੀ ਜੀ! ਫਿਰਕੂਵਾਦ ਤੋਂ ਲੋਕਤੰਤਰ ਬਚਾਓ!



-ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ,
ਤਖ਼ਤ
ਸ੍ਰੀ ਦਮਦਮਾ ਸਾਹਿਬ

ਰਾਸ਼ਟਰਪਤੀ ਜੀ, ਵਾਸਤਾ ਹੈ ਕਿ ਭਾਰਤ ਵਾਸੀਆਂ ਨੂੰ ਬਚਾਅ ਲਉ। ਸੰਨ 1947 ਤੋਂ ਭਾਰਤ ਵਾਸੀਆਂ ਦੇ ਨਾਂ'ਤੇ ਰਾਜਨੀਤੀ ਹੁੰਦੀ ਆਈ ਹੈ। ਕਹਿਣ ਨੂੰ ਲੋਕਤੰਤਰ ਹੈ, ਸਾਰੀ ਤਾਕਤ ਦੇਸ਼ ਦੇ ਵਾਸੀ ਦੀ ਵੋਟ ਵਿਚ ਹੈ। ਦੇਸ਼ ਦੀ ਸ਼ਕਤੀ ਦੇਸ਼ ਵਾਸੀ ਹੈ। ਐਸਾ ਹੋ ਨਹੀਂ ਸਕਿਆ। ਦੇਸ਼ ਦੇ ਆਗੂ ਸ: ਭਗਤ ਸਿੰਘ ਸ਼ਹੀਦ, ਸ: ਊਧਮ ਸਿੰਘ, ਰਾਜਗੁਰੂ-ਸੁਖਦੇਵ ਦੇ ਵਾਰਸ ਹੁੰਦੇ। ਜੋ ਨਾ ਜਾਤ ਦੇ ਨਾਂ 'ਤੇ, ਨਾ ਇਲਾਕੇ-ਬਰਾਦਰੀ ਕਬੀਲੇ ਦੇ ਨਾਂ ਅਤੇ ਨਾ ਕਿਸੇ ਮਜ਼੍ਹਬ ਦੇ ਨਾਂ'ਤੇ ਭਾਰਤ ਵਾਸੀਆਂ ਨੂੰ ਵੰਡਦੇ। ਆਮ ਆਦਮੀ ਰਾਜ ਪ੍ਰਬੰਧ ਦਾ ਜ਼ਿੰਮੇਵਾਰ ਹਿੱਸੇਦਾਰ ਹੁੰਦਾ ਤੇ ਅੱਜ ਵਾਂਗ ਬਾਹਰ ਨਾ ਹੁੰਦਾ। ਅੱਜ ਭਾਰਤ ਵਾਸੀਆਂ ਦੀ ਕੋਈ ਨਹੀਂ ਸੁਣ ਰਿਹਾ। ਉਹਨਾਂ ਦੀ ਮਾਨਸਿਕ ਪੀੜਾ, ਜੀਵਨ ਦੀਆਂ ਜ਼ਰੂਰਤਾਂ ਅਤੇ ਰੋਜ਼ੀ ਰੋਟੀ ਦੀਆਂ ਸਹੂਲਤਾਂ ਦੀ ਗੱਲ ਕੋਈ ਵੀ ਨਹੀਂ ਕਰ ਰਿਹਾ। ਸਭ ਦੇਸ਼ ਵਾਸੀਆਂ ਨੂੰ ਗੁਮਰਾਹ ਕਰਕੇ ਉਨ੍ਹਾਂ ਨੂੰ ਜਾਤ ਮਜ਼ਹਬ, ਇਲਾਕੇ, ਨਸਲ ਅਤੇ ਰੰਗ ਭੇਦਾਂ ਵਿਚ ਵੰਡ ਕੇ, ਉਨ੍ਹਾਂ ਨੂੰ ਜਰ-ਖਰੀਦ ਸਮਝ ਕੇ ਛੋਟੇ ਲਾਲਚ ਦੇ ਕੇ ਆਪਣੇ ਆਪਣੇ ਧੜ੍ਹਿਆਂ ਵੱਲ ਖਿੱਚਣ ਦੀ ਕਰੂਰ ਕਿਰਿਆ ਕਰ ਰਹੇ ਹਨ।

1947 ਤੋਂ ਹੁਣ ਤੱਕ ਇਨ੍ਹਾਂ ਰਾਜਨੀਤਕ ਆਗੂਆਂ ਅਤੇ ਇਨ੍ਹਾਂ ਵਲੋਂ ਪਾਲੇ ਗਏ ਸਮਾਜ ਵਿਰੋਧੀ ਅਨਸਰਾਂ ਕਰਕੇ ਜਾਤ-ਮਜ਼ਹਬ ਅਤੇ ਇਲਾਕੇ ਬਰਾਦਰੀ ਦੇ ਨਾਂ' ਤੇ ਕਰਵਾਏ ਗਏ ਦੰਗਾ ਫ਼ਸਾਦ ਕਿੰਨਿਆਂ ਦੀਆਂ ਜਾਨਾਂ ਲੈ ਬੈਠੇ ਹਨ। ਇਹ ਸਿਲਸਲਾ ਜਾਰੀ ਹੈ ਤੇ ਜਾਰੀ ਰਹਿਣ ਦੇ ਹੀ ਆਸਾਰ ਹਨ। ਭਾਰਤ ਵਾਸੀ ਲੜਦੇ ਨਹੀਂ। ਇਹ ਰਾਜਨੀਤਕ ਕੁਰਸੀ ਦੇ ਲਾਲਚੀ ਲੋਕ ਲੜਾ ਰਹੇ ਹਨ। ਲੋਕਾਂ ਦੀਆਂ ਲਾਸ਼ਾਂ 'ਤੇ ਰਾਜਨੀਤਕ ਰੋਟੀਆਂ ਵੀ ਸੇਕਦੇ ਹਨ। ਭਾਰਤ ਦੇ ਬਹੁਤ ਸਾਰੇ ਸੂਬੇ ਅਸ਼ਾਂਤ ਹਨ। ਹਰ ਇਕ ਸੂਬੇ ਅੰਦਰ ਰਾਜਨੀਤਕਾਂ ਦੀ ਭੜਕਾਈ ਹੋਈ ਅੱਗ ਹੈ।



ਭਾਰਤ ਵਾਸੀਆਂ ਨੂੰ ਇਹ ਰਾਜਨੀਤਕ ਲੋਕ ਆਪਣੇ ਆਪਣੇ ਵਾੜੇ ਦੀਆਂ ਭੇਡ ਬੱਕਰੀਆਂ ਮੰਨ ਕੇ ਚੱਲ ਰਹੇ ਹਨ। ਭਾਰਤ ਵਾਸੀਆਂ ਲਈ ਸੁੱਖ ਸਹੂਲਤਾਂ ਕਿੱਥੇ ਹਨ ਰਾਸ਼ਟਰਪਤੀ ਜੀ? ਸਿਹਤ ਅਤੇ ਵਿੱਦਿਆ ਦੋਵੇਂ ਬੁਨਿਆਦੀ ਸਹੂਲਤਾਂ ਕਿੱਥੇ ਹਨ? ਪੂਰਾ ਜਲੂਸ ਨਿਕਲ ਗਿਆ ਦੇਸ਼ ਦਾ। ਭਾਰਤੀ ਰਾਜਨੀਤਕਾਂ ਦਾ ਇਹ ਤੌਰ-ਤਰੀਕਾ ਗ਼ੈਰ-ਜ਼ਿੰਮੇਵਾਰਾ ਤੇ ਹੰਕਾਰੀ ਹੈ। ਭਾਰਤ ਅੰਦਰ ਭਾਈਚਾਰਕ ਨਫ਼ਰਤ ਦੇ ਕੰਡੇ ਕਈ ਦਹਾਕਿਆਂ ਤੋਂ ਖਿਲਾਰੇ ਜਾ ਰਹੇ ਸਨ।

ਅੱਜ ਇਹ ਐਨੇ ਤਿੱਖੇ ਹਨ ਕਿ ਜਾਤ-ਮਜ਼ਹਬ ਦੇ ਨਾਂ' ਤੇ ਘੇਰ ਘੇਰ ਕੇ ਲੋਕ-ਭੀੜਾਂ ਕਤਲ ਕਰਦੀਆਂ ਹਨ। ਭੈੜੇ ਭੈੜੇ ਬਿਲਕੁਲ ਗ਼ੈਰ ਜ਼ਰੂਰੀ ਕਾਨੂੰਨ ਨਾਗਰਿਕਤਾ ਸੋਧ ਐਕਟ ਵਰਗੇ ਬਣਾ ਕੇ ਦੇਸ਼ ਵਾਸੀਆਂ ਨੂੰ ਅੱਗ ਦੀ ਭੱਠੀ ਵਿਚ ਝੋਕਿਆ ਜਾ ਰਿਹਾ ਹੈ। 370 ਧਾਰਾ ਜੰਮੂ ਕਸ਼ਮੀਰ ਵਿਚੋਂ ਈਰਖਾਲੂ ਬਿਰਤੀ ਨਾਲ ਤੋੜ ਕੇ ਭਾਰਤ ਵਾਸੀਆਂ ਨੂੰ ਸੰਤਾਪ ਵਿਚ ਸੁੱਟਿਆ ਗਿਆ। ਸੂਬਾ ਤੋੜ ਦਿੱਤਾ ਗਿਆ। ਦੇਸ਼ ਵਾਸੀ ਅੱਜ ਰੋਜ਼ੀ ਰੋਟੀ ਲਈ ਅਤਿ ਪਰੇਸ਼ਾਨੀ ਭੋਗ ਰਿਹਾ ਹੈ। ਦੇਸ਼ ਦਾ ਧਨ ਚੰਦ ਪੂੰਜੀਪਤੀ ਚਹੇਤਿਆਂ ਨੂੰ ਅੱਖਾਂ ਬੰਦ ਕਰਕੇ ਲੁਟਾਇਆ ਜਾ ਰਿਹਾ ਹੈ। ਕਿਸਾਨ-ਮਜ਼ਦੂਰ ਆਤਮ ਹਤਿਆਵਾਂ ਦੇ ਰਾਹ 'ਤੇ ਹੈ। ਸਰਕਾਰੀ ਯੋਜਨਾਵਾਂ ਕਿਸਾਨ ਨੂੰ ਘਸਿਆਰਾ ਬਣਾਉਣ ਵਾਲੀਆਂ ਹਨ। ਮੰਡੀਕਰਨ ਬੰਦ ਹੋ ਰਿਹਾ ਹੈ। ਖੇਤੀ ਰਿਆਇਤਾਂ ਖਤਮ ਕਰਕੇ ਕਿਸਾਨ ਨੂੰ ਜ਼ਮੀਨ ਵੇਚਣ ਲਈ ਮਜ਼ਬੂਰ ਕੀਤਾ ਜਾਵੇਗਾ। ਮਜ਼ਦੂਰ ਨੂੰ ਮਜ਼ਦੂਰੀ ਨਹੀਂ ਮਿਲ ਰਹੀ।

ਦੇਸ਼ ਵਾਸੀ ਬਚਾਉਣਾ ਬੜਾ ਜ਼ਰੂਰੀ ਹੈ। ਇਨਸਾਨੀਅਤ ਬਚੇਗੀ ਤਾਂ ਦੇਸ਼ ਵਾਸੀ ਬਚੇਗਾ। ਰਾਜਨੀਤੀ ਅਪਰਾਧੀ ਲੋਕਾਂ ਤੋਂ ਮੁਕਤ ਹੋਵੇਗੀ ਤਾਂ ਦੇਸ਼ ਵਾਸੀ ਬਚੇਗਾ। ਮਜ਼ਹਬ ਦੇ ਨਾਂ' ਤੇ ਕੰਮ ਕਰਨ ਵਾਲੇ ਪਾਸੇ ਹੋਣਗੇ ਤਾਂ ਦੇਸ਼ ਬਚੇਗਾ। ਮੰਦਰ ਮਸਜਿਦਾਂ ਦੇ ਨਾਂ' ਤੇ ਰਾਜਨੀਤੀ ਕਰਦੇ ਕਰਦੇ ਅੱਜ ਹਿੰਦੂ ਰਾਸ਼ਟਰ ਦਾ ਜੋ ਰਾਗ ਅਲਾਪਣ ਲੱਗੇ ਹਨ; ਇਸ ਨੂੰ ਨੱਥ ਪਵੇਗੀ ਤਾਂ ਦੇਸ਼ ਵਾਸੀ ਬਚੇਗਾ।

ਰਾਸ਼ਟਰਪਤੀ ਜੀ ਦੇਸ਼ ਅੰਦਰ ਖ਼ਤਰਾ ਵਧ ਰਿਹਾ ਹੈ। ਕਈ ਤਾਂ ਇਸ ਦੇ ਛੱਡਣ ਗੱਲ ਵੀ ਕਰਨ ਲੱਗੇ ਹਨ। ਮਗਰ ਦੇਸ਼ ਵਾਸੀ ਨਹੀਂ ਚਾਹੁੰਦੇ ਦੇਸ਼ ਟੁੱਟੇ। ਉਹਨਾਂ 1947 ਵਿਚ ਵੀ ਨਹੀਂ ਚਾਹਿਆ ਦੇਸ਼ ਟੁੱਟੇ। ਉਦੋਂ ਵੀ ਗ਼ੈਰ-ਜ਼ਿੰਮੇਵਾਰ ਰਾਜਨੀਤਕਾਂ ਨੇ ਤੋੜਿਆ ਸੀ। ਹੁਣ ਵੀ ਜੇ ਟੁੱਟੇਗਾ ਤਾਂ ਇਹੀ ਗੁਨਾਹਗਾਰ ਹੋਣਗੇ। ਆਪ ਜੀ ਪਹਿਲਕਦਮੀ ਕਰੋ ਭਾਰਤ ਵਾਸੀਆਂ ਨੂੰ ਬਚਾਉ। ਕਰੋਨਾ ਮਹਾਮਾਰੀ ਦੇ ਮੌਕੇ ਵੀ ਭਾਰਤ ਵਾਸੀਆਂ ਦਾ ਸ਼ੋਸ਼ਣ ਹੋ ਰਿਹਾ ਹੈ। ਕਿਧਰੇ ਪ੍ਰਵਾਸੀ ਮਜ਼ਦੂਰ ਦੇ ਨਾਂ'ਤੇ, ਕਿਧਰੇ ਤਬਲੀਗੀ ਜਮਾਤ ਦੇ ਨਾਂ'ਤੇ ਅਤੇ ਕਿਧਰੇ ਲੋਕਤੰਤਰੀ ਢਾਂਚੇ ਨੂੰ ਪ੍ਰਭਾਵਿਤ ਕਰਨ ਵਾਲੇ ਕਾਨੂੰਨਾਂ ਦੇ ਨਾਂ' ਤੇ। ਇਹ ਸਾਰੇ ਖ਼ਤਰੇ ਦੇਸ਼ ਵਾਸੀਆਂ ਲਈ ਹਨ। ਅੱਜ ਭਾਰਤ ਦੇ ਪ੍ਰਚਾਰ-ਪ੍ਰਸਾਰ ਸਾਧਨਾਂ ਦਾ ਇਕ ਵੱਡਾ ਹਿੱਸਾ ਸਰਕਾਰੀ ਹੱਥ ਠੋਕਾ ਹੋ ਕੇ ਲੋਕ ਹੱਕਾਂ, ਲੋਕ ਮੁੱਦਿਆਂ ਅਤੇ ਲੋਕ ਸਵਾਲਾਂ ਦੀ ਗੱਲ ਕਰਨੀ ਬੰਦ ਕਰ ਬੈਠਾ ਹੈ। ਭਾਰਤ ਵਾਸੀਆਂ ਅੰਦਰ ਘ੍ਰਿਣਾ ਨਫ਼ਰਤ ਭਰਨ ਦਾ ਪਾਪ ਕਰਮ ਕਰ ਰਿਹਾ ਹੈ। ਉਸ ਨੂੰ ਆਪ ਰੋਕੋ ਸਕਦਾ ਹੈ? ਦਿੱਲੀ ਅੰਦਰ ਮਿਥ ਕੇ ਨਫ਼ਰਤ ਪੈਦਾ ਕਰਨ ਲਈ ਹਕੂਮਤੀ ਸ਼ਹਿ ਹੇਠ ਕਤਲੇਆਮ ਹੁੰਦਾ ਹੈ। ਪੁਲਿਸ ਤਮਾਸ਼ਾ ਦੇਖਦੀ ਹੈ ਜਾਂ ਖੁਦ ਉਕਸਾਉਣ ਦਾ ਕੰਮ ਕਰਦੀ ਹੈ। ਦਿੱਲੀ ਪੁਲਿਸ ਅਫ਼ਸਰ ਦੀ ਬੁਕਲ ਵਿਚ ਖਲੋਅ ਕੇ ਨਫ਼ਰਤ ਦਾ ਜ਼ਹਿਰ ਉਗਲਿਆ ਗਿਆ। ਉਹ ਜ਼ਹਿਰ ਘੋਲਣ ਵਾਲੇ ਅੱਜ ਵੀ ਆਜ਼ਾਦ ਘੁੰਮ ਰਹੇ ਹਨ। ਐਸੇ ਅਖੌਤੀ ਦੇਸ਼-ਭਗਤਾਂ ਤੋਂ ਭਾਰਤ ਵਾਸੀਆਂ ਨੂੰ ਬਚਾਉਣ ਦੀ ਲੋੜ ਹੈ।

ਰਾਸ਼ਟਰਪਤੀ ਜੀ, ਜੇਕਰ ਕੋਈ ਜੱਜ ਲੋਕ ਹਿਤੂ ਜਾ ਸੱਚ ਨਾਲ ਖਲੋਂਦਾ ਹੈ ਤਾਂ ਤਬਾਦਲਾ ਕਰ ਦਿੱਤਾ ਜਾਂਦਾ ਹੈ। ਬੈਂਚ ਬਦਲ ਦਿੱਤਾ ਜਾਂਦਾ ਹੈ। ਅਦਾਲਤਾਂ ਰਾਜਸੀ ਲੋਕਾਂ ਦੀ ਹਾਂ ਵਿਚ ਹਾਂ ਪਾਉਣ ਲੱਗ ਪਈਆਂ ਤਾਂ ਫਿਰ ਭਾਰਤ ਅੰਦਰ ਲੋਕਤੰਤਰੀ ਨਹੀਂ; ਹਿਟਲਰਸ਼ਾਹੀ ਰਾਜ ਆਵੇਗਾ। ਆਸ ਕਰਦਾ ਹਾਂ ਕਿ ਆਪ ਜੀ ਜ਼ਰੂਰ ਭਾਰਤ ਵਾਸੀਆਂ ਦੀਆਂ ਭਾਈਚਾਰਕ ਸਾਂਝਾਂ ਅਤੇ ਜੀਵਨ ਦੀਆਂ ਮੁਢਲੀਆਂ ਸਹੂਲਤਾਂ ਦੀ ਮੌਜੂਦਾ ਸਥਿਤੀ ਦਾ ਮੰਥਨ ਕਰੋਗੇ। ਭਾਰਤ ਦੇ ਰਾਜਨੀਤਕਾਂ ਅੰਦਰੋਂ ਅਪਰਾਧੀਆਂ ਨੂੰ ਕਿਨਾਰੇ ਕਰਕੇ ਆਮ ਬੰਦੇ ਲਈ ਰਾਜਨੀਤਕ ਸੇਵਾ ਲਈ ਨਵਾਂ ਨਰੋਆ ਮਾਹੌਲ ਸਿਰਜੋਗੇ।

# ਸਾਬਕਾ ਡੀਜੀਪੀ ਰਿਬੈਰੋ ਨੇ ਪਾਲਿਆ ਮਨੁੱਖੀ ਅਧਿਕਾਰਾਂ ਦੇ ਆਗੂ ਬਣਨ ਦਾ ਸ਼ੌਂਕ

- ਤਾਮਿਲਨਾਡੂ ਵਿਚ ਪਿਤਾ-ਪੁੱਤਰ ਦੇ ਪੁਲਸ ਹਿਰਾਸਤ ਵਿਚ ਵਹਿਸ਼ੀਆਨਾ ਕਤਲ ਤੇ ਯੂ ਪੀ ਦੇ ਗੈਂਗਸਟਰ ਵਿਕਾਸ ਦੂਬੇ ਦੇ ਪੁਲਸ ਮੁਕਾਬਲੇ ਵਿਚ ਮਾਰੇ ਜਾਣ ਦੀ ਘਟਨਾ ਦੀ ਕੀਤੀ ਨਿਖੇਧੀ
- ਪੁਲਸ ਅਫਸਰਾਂ ਦੇ ਨਾਂ ਲਿਖਿਆ ਖੁੱਲ੍ਹਾ ਪੱਤਰ ਅਖੇ ਪੁਲਸ ਸਟੇਟ ਬਣਨ ਤੋਂ ਰੋਕਿਆ ਜਾਵੇ ਤੇ ਪੁਲਸ ਅਫ਼ਸਰ ਸਿਆਸਤਦਾਨਾਂ ਦੇ ਅਧੀਨ ਮਨੁੱਖੀ ਅਧਿਕਾਰਾਂ ਵਿਰੁਧ ਕੰਮ ਨਾ ਕਰਨ
- ਪੰਜਾਬ 'ਚ ਗੋਲੀ ਬਦਲੇ ਗੋਲੀ ਦਾ ਕਾਨੂੰਨ ਲਾਗੂ ਕਰਨ ਵਾਲੇ ਰਿਬੈਰੋ ਦੀ ਅੰਤਮ ਉਮਰ 'ਚ ਭਾਸ਼ਾ ਬਦਲੀ

ਪ੍ਰੋ. ਬਲਵਿੰਦਰਪਾਲ ਸਿੰਘ # 9815700916

ਪੰਜਾਬ ਸੰਤਾਪ ਦੇ ਦੌਰ ਵਿਚ ਗੋਲੀ ਬਦਲੇ ਗੋਲੀ ਦੀ ਨੀਤੀ ਘੜਨ ਵਾਲੇ ਤੇ ਝੂਠੇ ਪੁਲੀਸ ਮੁਕਾਬਲਿਆਂ ਦੀ ਪਿਰਤ ਪਾਉਣ ਵਾਲੇ ਪੰਜਾਬ ਪੁਲਸ ਦੇ ਸਾਬਕਾ ਡੀਜੀਪੀ ਜੂਲੀਅਸ ਰਿਬੈਰੋ 91 ਸਾਲ ਤੋਂ ਵੱਧ ਦੀ ਉਮਰ ਦੇ ਹੋ ਚੁੱਕੇ ਹਨ। ਅੱਜ ਕੱਲ੍ਹ ਉਹ ਮਨੁੱਖੀ ਅਧਿਕਾਰਾਂ ਦੇ 'ਚੈਂਪੀਅਨ' ਬਣਨ ਦਾ ਸ਼ੌਂਕ ਪਾਲ ਰਹੇ ਹਨ। ਜਿਸ ਪੁਲਸ ਢਾਂਚੇ ਨੂੰ ਉਨ੍ਹਾਂ ਨੇ ਵਿਗਾੜਨ ਵਿਚ ਪੰਜਾਬ ਵਿਚ ਭੂਮਿਕਾ ਨਿਭਾਈ ਸੀ, ਉਸ ਪੁਲਸ ਢਾਂਚੇ ਨੂੰ ਸੇਧ ਦੇਣ ਵਿਚ ਅੱਜਕੱਲ੍ਹ ਆਰਟੀਕਲ ਲਿਖ ਰਹੇ ਹਨ। ਤੁਹਾਨੂੰ ਯਾਦ ਕਰਵਾ ਦੇਈਏ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰਿਬੇਰੋ ਨੂੰ ਆਪਣੀ ਸਲਾਹਕਾਰ ਕਮੇਟੀ ਵਿੱਚ ਲੈ ਲਿਆ ਸੀ। ਇਹ ਪ੍ਰਸੰਗ ਉਦੋਂ ਦਾ ਹੈ ਜਦੋਂ ਰਾਜੀਵ ਗਾਂਧੀ ਨੇ ਪੰਜਾਬ ਸਮੱਸਿਆ ਨਾਲ ਨਜਿੱਠਣ ਲਈ ਬੁਲਾਈਆਂ ਮੀਟਿੰਗਾਂ ਵਿੱਚ ਸੁਝਾਅ ਮੰਗੇ ਸਨ।

### ਰਿਬੈਰੋ ਦਾ ਅਸਲ ਚਿੱਠਾ

ਰਿਬੈਰੋ ਅਸਲ ਵਿਚ ਕਦੇ ਵੀ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਨਹੀਂ ਰਿਹਾ। ਜੂਲੀਓ ਰਿਬੇਰੋ ਉਸ ਵੇਲੇ ਪੰਜਾਬ ਪੁਲਿਸ ਦੇ ਮੁਖੀ ਬਣ ਕੇ ਆਏ ਸਨ ਜਿਸ ਵੇਲੇ ਪੰਜਾਬ ਨੂੰ ਪੁਲਸ ਸਟੇਟ ਬਣਾਉਣ ਦੇ ਸੰਜੀਦਾ ਯਤਨ ਕੀਤੇ ਜਾ ਰਹੇ ਸਨ। ਰਿਬੇਰੋ ਨੇ ਪੰਜਾਬ ਦੀ ਵਾਗਡੋਰ ਸੰਭਾਲਦਿਆਂ ਹੀ ਪੰਜਾਬ 'ਤੇ ਹਮਲਾ ਵਿੱਢ ਦਿੱਤਾ ਸੀ। ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਹੋਣ ਦੇ ਬਾਵਜੂਦ ਵੀ ਮਿਸਟਰ ਰਿਬੇਰੋ ਦਿੱਲੀ ਦੇ ਹੁਕਮਾਂ ਤੇ ਕਾਰਵਾਈਆਂ ਕਰਦੇ ਸਨ। ਉਨ੍ਹਾਂ ਦੀ ਅਗਵਾਈ ਹੇਠ ਬਹੁਤ ਸਾਰੇ ਸਿੱਖ ਨੌਜਵਾਨ ਕਤਲ ਕੀਤੇ ਗਏ, ਬਜ਼ੁਰਗਾਂ ਦੀ ਇੱਜ਼ਤ ਅਤੇ ਸਿੱਖ ਬੀਬੀਆਂ ਦੀ ਪੱਤ ਥਾਣਿਆਂ ਵਿੱਚ ਰੋਲੀ ਗਈ। ਉਸ ਵੇਲੇ ਦੇ ਪ੍ਰਧਾਨ ਮੰਤਰੀ ਨੇ ਇੱਕ ਘੱਟ-ਗਿਣਤੀ ਨੂੰ ਕੁਚਲਣ ਲਈ ਇੱਕ ਹੋਰ ਘੱਟ-ਗਿਣਤੀ ਦੇ ਮੈਂਬਰ ਨੂੰ ਪੰਜਾਬ ਦੀ ਵਾਗਡੋਰ ਸੰਭਾਲੀ ਸੀ। ਮਿਸਟਰ ਰਿਬੇਰੋ ਦੇ ਆਪਣੇ ਕਥਨ ਅਨੁਸਾਰ ਦੇਸ਼ ਨੂੰ ਉਨ੍ਹਾਂ ਵਰਗਾ ਕੋਈ ਹੋਰ ਅਫਸਰ ਨਹੀ ਸੀ ਲੱਭਾ ਜੋ ਪੰਜਾਬ ਦੀ ਬਗਾਵਤ ਨੂੰ ਨੱਥ ਪਾ ਸਕੇ ਅਤੇ ਹਿੰਦੂਆਂ ਵਿੱਚ ਭਰੋਸਾ ਪੈਦਾ ਕਰ ਸਕੇ।

ਮਿਸਟਰ ਰਿਬੇਰੋ ਦੇ ਕਾਰਜਕਾਲ ਦੌਰਾਨ ਰੋਜ਼ਾਨਾਂ ਦੀਆਂ ਅਖਬਾਰਾਂ ਵਿੱਚ ਸਿੱਖ ਨੌਜਵਾਨਾਂ ਦੇ ਕਤਲਾਂ ਦਾ ਹਿਸਾਬ ਲਗਾਇਆ ਜਾ ਸਕਦਾ ਹੈ। ਦੇਸ਼ ਦੇ ਕਨੂੰਨ ਤੋਂ ਬਾਹਰੇ ਜਾ ਕੇ ਇਹ ਕਤਲ ਕਿਉਂ ਕੀਤੇ ਗਏ ?

ਰਿਬੈਰੋ ਦੀ ਵਾਈਕਿੰਗ ਵੱਲੋਂ 1998 ਵਿੱਚ 'ਬੁਲੇਟ ਫਾਰ ਬੁਲੇਟ' ਪੁਸਤਕ ਛਾਪੀ ਗਈ, ਇਸ ਦੇ ਪੰਨਾ 303 ਤੋਂ 305 ਵਿਚ ਲਿਖਿਆ ਹੈ ਕਿ ਇਨ੍ਹਾਂ ਮੀਟਿੰਗਾਂ ਵਿੱਚ ਆਈ.ਬੀ. ਦਾ ਡਾਇਰੈਕਟਰ ਐਮ.ਕੇ. ਨਾਰਾਇਣਨ ਬੋਲਣ ਵਕਤ ਲੀਡ ਲਿਆ ਕਰਦਾ ਸੀ। ਮੇਰੇ ਨਾਲੋਂ ਦੋ ਸਾਲ ਜੂਨੀਅਰ ਤਾਮਿਲਨਾਡੂ ਕੇਡਰ ਦਾ ਉਹ ਤਿੱਖੀ ਬੁੱਧੀ ਵਾਲਾ ਪੁਲੀਸ ਅਫ਼ਸਰ ਸੀ। ਉਸ ਦੀਆਂ ਅੱਖਾਂ ਅਤੇ ਕੰਨ ਜ਼ਮੀਨ ਨਾਲ ਜੁੜੇ ਹੋਏ ਸਨ ਤੇ ਉਸ ਨੂੰ ਸਿਆਸੀ ਰਮਜ਼ਾਂ ਦੀ ਸਮਝ ਸੀ। ਉਸ ਦਾ ਆਖਣਾ ਸੀ ਕਿ ਪੰਜਾਬ ਨੂੰ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ ਤੇ ਰਿਆਇਤਾਂ ਦਾ ਅਸਰ ਦੇਖਦੇ ਰਹਿਣਾ ਚਾਹੀਦਾ ਹੈ। ਉਸ ਦਾ ਖਿਆਲ ਸੀ ਕਿ ਜੋਧਪੁਰ ਦੇ ਬੰਦੀ ਸਿੱਖਾਂ ਨੂੰ ਕਿਸ਼ਤਾਂ ਵਿੱਚ ਰਿਹਾਅ ਕਰ ਦੇਣਾ ਚਾਹੀਦਾ ਹੈ। ਇਸ ਮੁੱਦੇ 'ਤੇ ਚਿਦੰਬਰਮ ਵੀ ਉਸ ਨਾਲ ਸਹਿਮਤ ਸੀ। ਮੈਂ ਇਸ ਵਿਉਂਤ ਨਾਲ ਸਹਿਮਤ ਨਹੀਂ ਸਾਂ। ਮੈਂ ਕਿਹਾ ਕਿ 20-30 ਖ਼ਤਰਨਾਕ ਖਾੜਕੂਆਂ ਨੂੰ ਛੱਡ ਕੇ ਸਾਰੇ ਬੰਦੀ ਇਕਦਮ ਰਿਹਾਅ ਕਰ ਦੇਣੇ ਚਾਹੀਦੇ ਹਨ। ਮੇਰੀ ਦਲੀਲ ਸੀ ਕਿ ਇਉਂ ਕਰਨ ਨਾਲ ਸਿੱਖ ਦੇ ਜਜ਼ਬਾਤ ਸ਼ਾਂਤ ਹੋ ਜਾਣਗੇ ਤੇ ਸਾਨੂੰ ਖ਼ੁਦ ਨੂੰ ਵੀ ਧਰਵਾਸ ਮਿਲੇਗਾ ਕਿਉਂਕਿ ਬਹੁਤੇ ਬੰਦੀ ਖਾਲਿਸਤਾਨੀ ਸਨ ਵੀ ਨਹੀਂ। ਖਾੜਕੂਆਂ ਵਿਰੁੱਧ ਲੜੀ ਜਾ ਰਹੀ ਜੰਗ ਵਿੱਚ ਇਸ ਨਾਲ ਸਾਨੂੰ ਫ਼ਾਇਦਾ ਹੋਵੇਗਾ।




ਪ੍ਰਧਾਨ ਮੰਤਰੀ ਦੀ ਪ੍ਰਿੰਸੀਪਲ ਸਕੱਤਰ ਸਰਲਾ ਗਰੇਵਾਲ ਮੇਰੇ ਨਾਲ ਸਹਿਮਤ ਸੀ। ਕਿਸੇ ਕਾਰਨ ਖ਼ੁਦ ਉਹ ਕੁਝ ਕਹਿਣ ਤੋਂ ਝਿਜਕਦੀ ਸੀ। ਪ੍ਰਧਾਨ ਮੰਤਰੀ ਦੇ ਰਤਾ ਕੁ ਪਿੱਛੇ ਬੈਠਿਆਂ ਉਸ ਨੇ ਇਸ਼ਾਰੇ ਨਾਲ ਮੈਨੂੰ ਆਪਣੀ ਗੱਲ ਜਾਰੀ ਰੱਖਣ ਲਈ ਕਿਹਾ। ਰਾਜੀਵ ਗਾਂਧੀ, ਨਾਰਾਇਣਨ ਅਤੇ ਚਿਦੰਬਰਮ ਨਾਲ ਸਹਿਮਤ ਸੀ। ਜੋਧਪੁਰ ਦੇ ਕੈਦੀਆਂ ਨੂੰ ਕਿਸ਼ਤਾਂ ਵਿੱਚ ਰਿਹਾਅ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਦੋਂ ਆਖਰੀ ਜਥਾ ਵੀ ਰਿਹਾਅ ਕਰ ਦਿੱਤਾ ਗਿਆ, ਸਿੱਖਾਂ 'ਤੇ ਕੋਈ ਚੰਗਾ ਅਸਰ ਨਹੀਂ ਹੋਇਆ।

ਰਿਬੈਰੋ ਪੁਲਸ ਦੁਆਰਾ ਮਾਰੇ ਗਏ ਤੇ ਗਾਇਬ ਕੀਤੇ ਸਿੱਖ ਨੌਜਵਾਨਾਂ ਬਾਰੇ ਘਟਨਾਵਾਂ ਨੂੰ ਝੂਠ ਦੱਸਦਾ ਹੈ। ਆਪਣੀ ਇਸੇ ਪੁਸਤਕ ਪੰਨਾ 307 ਉੱਪਰ ਆਖਦਾ ਹੈ ਕਿ ਮਹਾਰਾਜਾ ਪਟਿਆਲਾ ਅਮਰਿੰਦਰ ਸਿੰਘ ਨੇ ਬਰਨਾਲਾ ਸਰਕਾਰ ਦੇ ਮੰਤਰੀ ਵਜੋਂ ਅਸਤੀਫ਼ਾ ਦੇ ਦਿੱਤਾ। ਉਹ ਮੁੱਖ ਮੰਤਰੀ ਪੰਜਾਬ ਬਣਨ ਦਾ ਇਛੁੱਕ ਸੀ। ਉਸ ਨੇ ਅਖ਼ਬਾਰਾਂ ਨੂੰ ਬਿਆਨ ਦੇ ਦਿੱਤਾ ਕਿ ਸਰਹੱਦੀ ਜ਼ਿਲਿਆਂ ਦੇ ਦੋ ਹਜ਼ਾਰ ਸਿੱਖ ਜਵਾਨ ਗਾਇਬ ਹਨ। ਲੁਕਵਾਂ ਇਸ਼ਾਰਾ ਪੁਲੀਸ ਦਾ ਦੋਸ਼ੀ ਹੋਣਾ ਸੀ। ਬਿਆਨ ਕਿਸੇ ਆਮ ਆਦਮੀ ਦਾ ਨਹੀਂ, ਮਹਾਰਾਜਾ ਪਟਿਆਲਾ ਦਾ ਸੀ ਜਿਸ ਸਦਕਾ ਇਸ ਬਿਆਨ ਨਾਲ ਕਿਸਾਨ ਪ੍ਰਭਾਵਿਤ ਹੋ ਸਕਦੇ ਸਨ। ਮੈਨੂੰ ਪਤਾ ਸੀ, ਬਿਆਨ ਝੂਠਾ ਹੈ ਪਰ ਸਿੱਖਾਂ ਉਪਰ ਇਹ ਬੁਰਾ ਅਸਰ ਕਰੇਗਾ, ਸੋ ਮੈਂ ਪੜਤਾਲ ਕੀਤੀ। ਮੈਂ ਸਰਹੱਦੀ ਖੇਤਰਾਂ ਦਾ ਦੌਰਾ ਕਰਕੇ ਪੁੱਛਦਾ ਫਿਰਿਆ ਕਿ ਤੁਹਾਡੇ ਬੱਚੇ ਗੁੰਮ ਹਨ ? ਇੱਕ ਵੀ ਗੁੰਮਸ਼ੁਦਾ ਕੇਸ ਨਹੀਂ ਮਿਲਿਆ।

ਮੈਂ ਪ੍ਰੈੱਸ ਵਿੱਚ ਮਹਾਰਾਜੇ ਦੇ ਬਿਆਨ ਨੂੰ ਚਣੌਤੀ ਦਿੰਦਿਆਂ ਮੰਗ ਕੀਤੀ ਕਿ ਮਹਾਰਾਜਾ ਆਪਣੇ ਬਿਆਨ ਵਿਚਲੀ ਸੱਚਾਈ ਸਾਬਤ ਕਰੇ। ਮੇਰੇ ਬਿਆਨ ਨੇ ਮਹਾਰਾਜੇ ਨੂੰ ਨਰਾਜ਼ ਕਰ ਦਿੱਤਾ। ਉਸ ਨੇ ਗਵਰਨਰ ਨੂੰ ਲੰਮਾ ਚੌੜਾ ਖ਼ਤ ਲਿਖਦਿਆਂ ਕਿਹਾ ਕਿ ਰਿਬੇਰੋ ਨੇ ਮੇਰੀ ਸ਼ਿਕਾਇਤ ਦੀ ਇਤਰਾਜ਼ਯੋਗ ਢੰਗ ਨਾਲ ਆਲੋਚਨਾ ਕੀਤੀ ਹੈ। ਉਹ ਅੜਿਆ ਰਿਹਾ ਕਿ ਮੁੰਡੇ ਪੁਲੀਸ ਦੇ ਡਰ ਕਰਕੇ ਭੱਜ ਗਏ ਹਨ। ਇਹ ਵੀ ਲਿਖਿਆ ਕਿ ਰਿਬੇਰੋ ਗ਼ੈਰ-ਪੰਜਾਬੀ ਹੈ, ਮੈਂ ਪੰਜਾਬ ਦਾ ਜੰਮਪਲ ਹੋਣ ਕਾਰਨ ਸਿੱਖਾਂ ਨੂੰ ਵਧੀਕ ਸਮਝ ਸਕਦਾ ਹਾਂ। ਮੈਂ ਮਹਾਰਾਜੇ ਦਾ ਆਦਰ ਕਰਦਾ ਸਾਂ ਪਰ ਉਸ ਦਾ ਇੱਕ ਨੁਕਾਤੀ ਪ੍ਰੋਗਰਾਮ ਪੰਜਾਬ ਦਾ ਮੁੱਖ ਮੰਤਰੀ ਬਣਨਾ ਸੀ।

### ਰਿਬੈਰੋ ਵਲੋਂ ਪੁਲੀਸ ਮੁਕਾਬਲਿਆਂ ਦੀ ਆਲੋਚਨਾ

ਹੁਣੇ ਜਿਹੇ ਹੀ ਤਾਮਿਲਨਾਡੂ ਵਿਚ ਪਿਤਾ-ਪੁੱਤਰ ਦੇ ਪੁਲਸ ਹਿਰਾਸਤ ਵਿਚ ਵਹਿਸ਼ੀਆਨਾ ਕਤਲ ਤੇ ਯੂ ਪੀ ਦੇ ਗੈਂਗਸਟਰ ਵਿਕਾਸ ਦੂਬੇ ਦੇ ਪੁਲਸ ਮੁਕਾਬਲੇ ਵਿਚ ਮਾਰੇ ਜਾਣ ਦੀ ਘਟਨਾ ਤੋਂ ਬਾਅਦ ਰਿਬੈਰੋ ਨੇ ਅਖਬਾਰ ਵਿਚ ਲਿਖਣ ਦੇ ਨਾਲ-ਨਾਲ ਪੁਲਸ ਅਫਸਰਾਂ ਦੇ ਨਾਂ ਇਕ ਖੁੱਲ੍ਹਾ ਪੱਤਰ ਵੀ ਲਿਖਿਆ ਹੈ।

ਰਿਬੈਰੋ ਦੀ ਸਾਫ ਹਦਾਇਤ ਹੈ ਕਿ ਜੇਕਰ ਪੁਲਸ ਅਫ਼ਸਰ ਉਨ੍ਹਾਂ ਦੀਆਂ ਹਦਾਇਤਾਂ 'ਤੇ ਅਮਲ ਕਰ ਲੈਣ ਤਾਂ ਪੁਲਸ ਢਾਂਚੇ ਵਿਚ ਕਾਫੀ ਸੁਧਾਰ ਹੋ ਸਕਦਾ ਹੈ। ਰਿਬੈਰੋ ਨੇ ਪੁਲਸ ਅਫਸਰਾਂ ਨੂੰ ਕਿਹਾ ਹੈ ਕਿ ਜ਼ਮਾਨਾ ਬਦਲ ਗਿਆ ਹੈ, ਅੱਜਕੱਲ੍ਹ ਦੇ ਸਿਆਸਤਦਾਨ ਅਜ਼ਾਦੀ ਘੁਲਾਟੀਆਂ ਨਾਲੋਂ ਵੱਖਰੀ ਨਸਲ ਦੇ ਹਨ, ਜਿਹੜੇ ਲੋਕਾਂ ਦੇ ਭਲੇ ਵਿਚ ਸੋਚਦੇ ਸਨ, ਪਰ ਜਦੋਂ ਤੁਸੀਂ ਸੋਚਦੇ, ਫੈਸਲਾ ਕਰਦੇ ਤੇ ਅੰਤ ਨੂੰ ਐਕਸ਼ਨ ਕਰਦੇ ਹੋ, ਉਸ ਵੇਲੇ ਇਮਾਨਦਾਰੀ, ਸੱਚਾਈ ਅਤੇ ਕਨੂੰਨ ਤੇ ਸੰਵਿਧਾਨ ਪ੍ਰਤੀ ਵਚਨਬੱਧਤਾ ਤੁਹਾਡੇ ਦਿਮਾਗ ਵਿਚ ਪਹਿਲੀ ਥਾਂ 'ਤੇ ਹੋਣੀ ਚਾਹੀਦੀ ਹੈ। ਆਮ ਵੇਲਿਆਂ ਵਿਚ ਅਪਰਾਧ ਤੇ ਅਪਰਾਧੀਆਂ ਨਾਲ ਦਹਿਸ਼ਤਗਰਦੀ ਨਾਲ ਨਜਿੱਠਣ ਵਰਗੇ ਢੰਗਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਗੈਂਗਸਟਰ ਤੇ ਵੱਡੇ ਅਪਰਾਧੀ ਗਰੋਹ ਪੁਲਸ ਅਫਸਰਾਂ ਤੇ ਆਪਣੇ ਸਿਆਸੀ ਅਕਾਵਾਂ ਨੂੰ ਧਨ ਦੇ ਕੇ ਵਿਚਰਦੇ ਹਨ। ਇਹ ਅਪਰਾਧੀਆਂ, ਪੁਲਸ ਤੇ ਸਿਆਸਤਦਾਨ ਦਾ ਗਠਜੋੜ ਹੈ, ਜਿਹੜਾ ਰਾਖਸ਼ ਪੈਦਾ ਕਰਦਾ ਹੈ। ਇਸ ਦਾ ਤੁਹਾਨੂੰ ਵੀ ਪਤਾ ਹੈ ਤੇ ਆਮ ਸਿਪਾਹੀ ਨੂੰ ਵੀ। ਤੁਸੀਂ ਸਿਆਸਤਦਾਨ ਨੂੰ ਪ੍ਰਭਾਵਤ ਨਹੀਂ ਕਰ ਸਕਦੇ, ਪਰ ਆਪਣੇ ਬੰਦਿਆਂ ਨੂੰ ਮਜਬੂਰ ਕਰ ਸਕਦੇ ਹੋ ਕਿ ਉਹ ਅਪਰਾਧੀਆਂ ਦੀ ਹਮਾਇਤ ਨਾ ਕਰਨ। ਇਸ ਤਰ੍ਹਾਂ ਤੁਸੀਂ ਸਿਆਸਤਦਾਨ-ਪੁਲਸ-ਅਪਰਾਧੀ ਗਠਜੋੜ ਦੇ ਇਕ ਪਾਵੇ ਨੂੰ ਹਿਲਾ ਸਕਦੇ ਹੋ। ਸਿਆਸਤਦਾਨ ਤੁਹਾਨੂੰ ਅਪਰਾਧੀਆਂ ਨੂੰ ਖੁੱਲ੍ਹ ਖੇਡਣ ਦੀ ਛੋਟ ਦੇਣ ਲਈ ਨਹੀਂ ਕਹਿਣਗੇ।

ਉਹ ਤੁਹਾਨੂੰ ਤੁਹਾਡੀ ਪੁਜ਼ੀਸ਼ਨ ਤੋਂ ਲਾਂਭੇ ਕਰਨ ਨੂੰ ਤਰਜੀਹ ਦੇਣਗੇ, ਪਰ ਇਹ ਤੁਹਾਡੇ ਲਈ ਸਭ ਤੋਂ ਚੰਗਾ ਬਦਲ ਹੋਵੇਗਾ, ਵਿਕਾਸ ਦੂਬੇ ਵਰਗੇ ਪੈਦਾ ਕਰਨ ਵਿਚ ਸਹਾਇਕ ਬਣਨ ਦੀ ਥਾਂ। ਵਿਕਾਸ ਦੂਬੇ ਨੂੰ ਖਤਮ ਕਰਕੇ ਜੁਡੀਸ਼ਰੀ ਦੇ ਰੋਲ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪੜਤਾਲਕਾਰਾਂ ਨੂੰ ਮੁਕੱਦਮਾ ਚਲਾਉਣ ਵਾਲਿਆਂ ਤੇ ਫੈਸਲਾ ਦੇਣ ਵਾਲਿਆਂ ਦੀਆਂ ਸ਼ਕਤੀਆਂ ਨਾਲ ਲੈਸ ਨਹੀਂ ਕੀਤਾ ਜਾਣਾ ਚਾਹੀਦਾ, ਜਿਵੇਂ ਕਿ ਦੇਸ਼ ਵਿਚ ਹੁਣ ਹੋ ਰਿਹਾ ਹੈ।

ਕੀ ਤੁਸੀਂ ਇਸ ਨੂੰ ਵਾਜਬ ਤੇ ਸਭਿਅਕ ਸਮਝਦੇ ਹੋ ? ਕੀ ਤੁਸੀਂ ਭਾਰਤ ਵਿਚ ਪੁਲਸ ਰਾਜ ਦੀ ਲੋੜ ਮਹਿਸੂਸ ਕਰਦੇ ਹੋ ? ਇਸ ਲਈ ਤੁਹਾਨੂੰ ਝੂਠੇ ਮੁਕਾਬਲੇ ਤੇ ਪੜਤਾਲ ਦੇ ਵਹਿਸ਼ੀ ਤਰੀਕੇ ਛੱਡਣੇ ਚਾਹੀਦੇ ਹਨ। ਅਹੁਦਿਆਂ ਲਈ ਸਿਆਸਤਦਾਨਾਂ ਮਗਰ ਭੱਜਣਾ ਛੱਡੋ। ਇਸ ਨਾਲ ਤੁਸੀਂ ਆਪਣੀ ਅਜ਼ਾਦੀ ਸਿਆਸੀ ਬੌਸਾਂ ਨੂੰ ਵੇਚ ਦਿੰਦੇ ਹੋ, ਜਿਹੜੇ ਤੁਹਾਥੋਂ ਅਜਿਹੇ ਕੰਮ ਲੈਂਦੇ ਹਨ, ਜਿਸ ਨਾਲ ਤੁਸੀਂ ਆਪਣੇ ਮਾਤਹਿਤਾਂ 'ਤੇ ਕਮਾਂਡ ਕਰਨ ਵਾਲੀ ਅਥਾਰਿਟੀ ਨੂੰ ਕਮਜ਼ੋਰ ਕਰ ਬੈਠਦੇ ਹੋ।

ਮਿਸਟਰ ਰਿਬੇਰੋ ਨੂੰ ਜਿਹੜੀ ਗੱਲ ਏਨੀ ਦੇਰ ਬਾਅਦ ਸਮਝ ਆਈ ਹੈ ਸਿੱਖ ਉਸਨੂੰ 1947 ਤੋਂ ਹੁਣ ਤੱਕ ਹੰਢਾ ਰਹੇ ਹਨ। ਮਿਸਟਰ ਰਿਬੇਰੋ ਵਰਗਾ ਵਿਅਕਤੀ ਜੋ ਹੁਣ ਪੁਲਸ ਪ੍ਰਬੰਧਾਂ ਦੇ ਵਿਗਾੜ ਬਾਰੇ ਉਂਗਲ ਚੁੱਕ ਰਿਹਾ ਹੈ, ਉਸ ਨੂੰ ਸਿੱਖ ਬਹੁਤ ਦੇਰ ਤੋਂ ਚੁੱਕ ਰਹੇ ਹਨ। ਸੁਆਲ ਤਾਂ ਏਨਾ ਹੈ ਕਿ ਰਿਬੈਰੋ ਨੇ ਜੋ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ, ਉਸ ਬਾਰੇ ਕੀ ਉਹ ਪਸ਼ਚਾਤਾਪ ਕਰਨਗੇ ਤੇ ਪੰਜਾਬੀਆਂ ਕੋਲੋਂ ਮਾਫੀ ਮੰਗਣਗੇ ?

# ਏਅਰ ਇੰਡੀਆ: ਪੂਰੀ ਤਰ੍ਹਾਂ ਨਿਜੀਕਰਨ ਦੇ ਰਾਹ ਪਈ ਮੋਦੀ ਸਰਕਾਰ

ਇੰਡੀਆ ਨੂੰ ਆਤਮ ਨਿਰਭਰ ਬਣਾਉਣ ਦੇ ਸੱਦੇ ਦੇਣ ਵਾਲੀ ਮੋਦੀ ਸਰਕਾਰ ਦੇ ਵਿੱਤ ਮਹਿਕਮੇ ਨੇ ਇੰਡਆ ਦੀ ਸਰਕਾਰੀ ਹਵਾਈ ਸੇਵਾ ਏਅਰ ਇੰਡੀਆ ਨੂੰ ਪੂਰੀ ਤਰਾਂ ਵੇਚਣ ਦੇ ਫੁਰਮਾਨ ਉੱਤੇ ਮੋਹਰ ਲਾ ਦਿੱਤੀ ਹੈ।

ਸਰਕਾਰ ਨੇ ਸ਼ਹਿਰੀ ਹਵਾਬਾਜੀ ਅਦਾਰੇ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਲਈ ਨਿਯਮਾਂ ਵਿੱਚ ਤਬਦੀਲੀ ਦੇ ਫੁਰਮਾਨ ਜਾਰੀ ਕਰ ਦਿੱਤੇ ਹਨ। ਇਸ ਨਵੀਂ ਤਬਦੀਲੀ ਮੁਤਾਬਿਕ ਪਰਵਾਸੀ ਭਾਰਤੀ ਹੁਣ ਏਅਰ ਇੰਡੀਆ ਵਿੱਚ 100% ਹਿੱਸੇਦਾਰੀ ਪਾ ਸਕਦੇ ਹਨ। ਧਿਆਨ ਰਹੇ ਕਿ ਇਹ ਖੁੱਲ੍ਹ ਕੇਵਲ ਪ੍ਰਵਾਸੀ ਭਾਰਤੀਆਂ (ਐਨ.ਆਰ.ਆਈਆਂ) ਲਈ ਹੀ ਹੈ ਤੇ ਵਿਦੇਸ਼ੀ ਕੰਪਨੀਆਂ ਹਾਲੇ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ 49% ਤੋਂ ਵੱਧ ਹਿੱਸੇਦਾਰੀ ਨਹੀਂ ਪਾ ਸਕਦੀਆਂ।

ਮੌਜੂਦਾ ਵਿਦੇਸ਼ ਨੀਤੀ ਅਨੁਸਾਰ ਸੂਚੀਬੱਧ ਹਵਾਈ ਸੇਵਾ/ਘਰੇਲੂ ਸੂਚੀਬੱਧ ਯਾਤਰੀ ਸੇਵਾ ਵਿੱਚ ਸੌ ਫੀਸਦੀ ਨਿਵੇਸ਼ ਲਈ 49% ਤੱਕ ਦਾ ਨਿਵੇਸ਼ ਖੁਲ੍ਹੇ ਜਾਂ ਸਵੈਚਾਲਿਤ ਤੌਰ ਉੱਤੇ ਕੀਤਾ ਜਾ ਸਕਦਾ ਅਤੇ ਇਸ ਤੋਂ ਬਾਅਦ ਦਾ ਨਿਵੇਸ਼ ਸਰਕਾਰ ਦੀ ਮਨਜੂਰੀ ਨਾਲ ਹੀ ਕੀਤਾ ਜਾ ਸਕਦਾ ਹੈ। ਪਰ ਪ੍ਰਵਾਸੀ ਭਾਰਤੀ ਖੁਲ੍ਹੇ ਤੌਰ ਉੱਤੇ ਸਵੈਚਾਲਿਤ ਰੂਟ ਰਾਹੀਂ ਪੂਰਾ 100% ਨਿਵੇਸ਼ ਕਰ ਸਕਦੇ ਹਨ। ਖੁਲ੍ਹੇ ਤੌਰ ਉੱਤੇ ਜਾਂ ਸਵੈਚਾਲਿਤ ਰੂਟ ਦਾ ਭਾਵ ਹੈ ਕਿ ਹਿੱਸੇਦਾਰੀ ਪਾਉਣ ਲਈ ਭਾਰਤੀ ਰਿਜਰਵ ਬੈਂਕ ਜਾਂ ਭਾਰਤ ਸਰਕਾਰ ਤੋਂ ਅਗੇਤੀ ਪ੍ਰਵਾਨਗੀ ਲੈਣ ਦੀ ਲੋੜ ਨਹੀਂ।

ਸਰਕਾਰ ਨੇ ਹੈਲੀਕਾਪਟਰ ਸੇਵਾਵਾਂ ਤੇ ਜਲ ਹਵਾਈ ਸੇਵਾਵਾਂ ਲਈ ਸ਼ਹਿਰੀ ਹਵਾਬਾਜੀ ਵਿਭਾਗ ਦੀ ਪ੍ਰਵਾਨਗੀ ਨਾਲ 100% ਹਿੱਸੇਦਾਰੀ ਦੀ ਆਗਿਆ ਦੇ ਦਿੱਤੀ ਹੈ।

ਚੇਤੇ ਰਹੇ ਕਿ ਸਰਕਾਰ ਨੇ 2018 ਵਿੱਚ ਵੀ ਏਅਰ ਇੰਡੀਆ ਨੂੰ ਵੇਚਣ ਦੀ ਕੋਸ਼ਿਸ ਕੀਤੀ ਸੀ। ਜਨਵਰੀ 2020 ਵਿੱਚ ਸਰਕਾਰ ਨੇ ਫਿਰ 100% ਹਿੱਸੇਦਾਰੀ ਵੇਚਣ ਲਈ ਖਰੀਦਦਾਰਾਂ ਨੂੰ ਬੋਲੀ ਲਗਾਉਣ ਦਾ ਸੱਦਾ ਦਿੱਤਾ।

ਬੋਲੀ ਲਗਾਉਣ ਦੀ ਆਖਰੀ ਤਾਰੀਕ 17 ਮਾਰਚ ਰੱਖੀ ਗਈ ਸੀ ਜੋ ਵਧਾ ਕੇ 30 ਅਪਰੈਲ ਅਤੇ ਫਿਰ 30 ਜੂਨ ਅਤੇ ਹੁਣ 31 ਅਗਸਤ ਕਰ ਦਿੱਤੀ ਹੈ।

ਸੁਬਰਾਮਨੀਅਮ ਸਵਾਮੀ ਨੇ ਜਨਵਰੀ 2020 ਵਿੱਚ ਸਰਕਾਰ ਦੀ 100% ਹਿੱਸੇਦਾਰੀ ਵੇਚਣ ਦੀ ਨਵੀਂ ਨੀਤੀ ਦਾ ਜੋਰਦਾਰ ਵਿਰੋਧ ਕੀਤਾ ਸੀ ਅਤੇ ਅਦਾਲਤ ਵਿੱਚ ਜਾਣ ਦੀ ਧਮਕੀ ਦਿੱਤੀ ਸੀ।

ਯੂ.ਪੀ.ਏ. ਸਰਕਾਰ ਸਮੇਂ ਸਿੱਧੇ ਵਿਦੇਸ਼ੀ ਨਿਵੇਸ਼ ਦਾ ਡਟ ਕੇ ਵਿਰੋਧ ਕਰਨ ਵਾਲੇ ਹੁਣ ਖੁਦ ਪੂਰੀ ਤਰਾਂ ਨਿਜੀਕਰਨ ਦੇ ਰਾਹ ਪਏ ਹੋਏ ਹਨ। ਇੱਕਲਾ ਏਅਰ ਇੰਡੀਆ ਅਦਾਰਾ ਹੀ ਨਹੀਂ ਕੇਂਦਰੀ ਵਜਾਰਤ ਜਨਤਕ ਖੇਤਰ ਵਾਲੇ 23 ਅਦਾਰਿਆਂ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਦੇ ਰਾਹ ਪੈ ਗਈ ਹੈ। ਰੇਲਵੇ ਵਿੱਚ ਨਿਜੀ ਭਾਈਵਾਲੀ ਦਾ ਰਾਹ ਪਹਿਲਾਂ ਹੀ ਸਾਫ ਹੋ ਚੁੱਕਾ ਹੈ।




ਸਵਾਲ ਇਹ ਉੱਠਦਾ ਹੈ ਕਿ ਕੀ ਨਿੱਜੀਕਰਨ ਹੀ ਇੱਕੋ-ਇੱਕ ਹੱਲ ਹੈ ? ਜੇ ਸਰਕਾਰ ਡੁੱਬ ਰਹੀਆਂ ਨਿੱਜੀ ਕੰਪਨੀਆਂ ਨੂੰ ਮਾਲੀ ਮਦਦ ਦੇ ਸਕਦੀ ਹੈ ਤਾਂ ਜਨਤਕ ਅਦਾਰਿਆਂ ਨੂੰ ਕਿਉਂ ਨਹੀਂ ? ਅਜੇ ਕੱਲ ਹੀ ਵੱਡੇ ਨਿੱਜੀ ਬੇਤਾਰ ਸੰਚਾਰ ਅਦਾਰੇ ਦੇ ਮੁਖੀ ਦਾ ਬਿਆਨ ਆਇਆ ਹੈ ਕਿ ਸਰਕਾਰ ਸਾਨੂੰ ਸੰਕਟ ਵਿੱਚੋਂ ਕੱਢੇ। ਹੁਣੇ ਪਿਛੇ ਜਿਹੇ ਗੂਗਲ ਨੇ ਇਕ ਵੱਡੇ ਉਦਯੋਗਿਕ ਘਰਾਣੇ ਨੂੰ ਕਰਜਾ ਮੁਕਤ ਕਰਨ ਲਈ 37000 ਕਰੋੜ ਰੁਪਏ ਲਗਾਉਣ ਦਾ ਫੈਸਲਾ ਕੀਤਾ ਹੈ।

ਨਿਜੀ ਕੰਪਨੀਆਂ ਨੂੰ ਮਾਲੀ ਮੱਦਦ ਦੇਣ ਦੇ ਨਤੀਜੇ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਜਦੋਂ ਨਿਜੀ ਅਦਾਰਿਆਂ ਦੇ ਮਾਲਕ ਕਰਜੇ ਦੇ ਰੂਪ ਵਿੱਚ ਮਿਲੀ ਵਿੱਤੀ ਸਹਾਇਤਾ ਡਕਾਰ ਕੇ ਉਡਾਰੀ ਮਾਰ ਚੁੱਕੇ ਹਨ। ਅਜਿਹੇ ਵਿੱਚ ਸਰਕਾਰ ਨਿੱਜੀ ਕਰਕੇ ਕਰਕੇ ਕਿਹੋ ਜਿਹਾ ਆਤਮਨਿਰਭਰ ਭਾਰਤ ਉਸਾਰਣਾ ਚਾਹੁੰਦੀ ਹੈ ?

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ:

# ਰਾਜਮੋਹਨ ਗਾਂਧੀ ਦਾ ਪੰਜਾਬ



- ਡਾ. ਹਰਪਾਲ ਸਿੰਘ ਪੰਨੂ

ਜਦੋਂ ਮੈਟਕਾਫ ਅੰਗਰੇਜ਼ਾਂ ਵਲੋਂ ਸਤਲੁਜ ਦੀ ਸੰਧੀ ਕਰਨ ਲਾਹੌਰ ਆਇਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਪੁੱਛਿਆ - ਮੈਂ ਇਸ ਤਰ੍ਹਾਂ ਦੀਆਂ ਕਨਸੋਆਂ ਸੁਣੀਆਂ ਹਨ ਕਿ ਅੰਗਰੇਜ਼ਾਂ ਦੀ ਨਿਗਾਹ ਲਾਹੌਰ ਹਥਿਆਉਣ ਦੀ ਹੈ। ਮੈਟਕਾਫ ਨੇ ਜਵਾਬ ਦਿੱਤਾ - ਮੈਂ ਹੋਰ ਸੁਣਿਆ ਹੈ, ਕਿ ਤੁਹਾਡੀ ਨਿਗਾਹ ਦਿੱਲੀ ਹਥਿਆਉਣ ਦੀ ਹੈ। ਸਤਲੁਜ ਦੀ ਸਰਹੱਦ ਮਿਥ ਲਈ ਤਾਂ ਮਹਾਰਾਜੇ ਨੇ ਦਿੱਲੀ ਵਲ ਨਹੀਂ ਤੇ ਅੰਗਰੇਜ਼ਾਂ ਨੇ ਪੰਜਾਬ ਵਲ ਨਹੀਂ ਦੇਖਿਆ, ਰਣਜੀਤ ਸਿੰਘ ਪੱਛਮ ਵੱਲ ਵਧਣ ਲੱਗਾ।

1834 ਵਿਚ ਫਰਾਂਸ ਦੇ ਜਰਨੈਲ ਐਲਾਰਡ ਨੇ ਮਹਾਰਾਜੇ ਪਾਸੋਂ ਆਗਿਆ ਲਈ ਕਿ ਮੈਨੂੰ ਦੇਸ ਜਾਣ ਦਿਉ, ਮੈਂ ਆਪਣੇ ਬੱਚੇ ਈਸਾਈ ਮਾਹੌਲ ਵਿਚ ਪੜ੍ਹਾਉਣੇ ਹਨ। ਮਹਾਰਾਜੇ ਨੇ ਆਗਿਆ ਦਿੰਦਿਆਂ ਕਿਹਾ- ਹਰੇਕ ਨੂੰ ਹੱਕ ਹੈ ਕਿ ਆਪਣੇ ਧਰਮ ਨੂੰ ਪਿਆਰ ਕਰੇ। ਮਹਾਰਾਜੇ ਦਾ ਵਾਕ ਫਰਾਂਸ ਦੇ ਅਖਬਾਰਾਂ ਵਿਚ ਛਪਿਆ।

ਲਾਰਡ ਆਕਲੈਂਡ ਮਹਾਰਾਜੇ ਨੂੰ ਮਿਲਣ ਫਿਰੋਜ਼ਪੁਰ ਆਇਆ, ਆਪਣੀ ਭੈਣ ਐਮਿਲੀ ਈਡਨ ਨੂੰ ਵੀ ਲੈ ਆਇਆ। ਐਮਿਲੀ ਲਿਖਦੀ ਹੈ - ਮਹਾਰਾਜੇ ਨੇ ਮੈਨੂੰ ਕਿਹਾ - ਪਤਾ ਲੱਗਾ ਹੈ ਕਿ ਕਿਤਾਬਾਂ ਵਿਚ ਸ਼ਰਾਬ ਪੀਣ ਵਿਰੁੱਧ ਗੱਲਾਂ ਲਿਖੀਆਂ ਹੋਈਆਂ ਹਨ। ਚੰਗੈ ਮੈਨੂੰ ਕਿਤਾਬ ਪੜ੍ਹਨੀ ਨਹੀਂ ਆਉਂਦੀ।

ਪੰਜਾਬ ਜਦੋਂ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ ਤਾਂ ਰੈਜ਼ੀਡੈਂਟ ਜਾਨ ਲਾਰੰਸ ਨੂੰ ਪਤਾ ਲੱਗਾ ਕਿ ਬੇਦੀਆਂ ਵਿਚ ਕੁੜੀ ਜੰਮਦਿਆਂ ਮਾਰਨ ਦਾ ਰਿਵਾਜ ਹੈ। ਉਸਨੇ ਇਸ ਰਸਮ ਨੂੰ ਬੰਦ ਕਰਨ ਲਈ ਫੁਰਮਾਨ ਜਾਰੀ ਕੀਤਾ। ਰਸੂਖ ਵਾਲੇ ਬੇਦੀ ਲਾਰੰਸ ਨੂੰ ਮਿਲੇ ਤੇ ਕਿਹਾ - ਬੇਦੀਆਂ ਦੀ ਕੁਲ ਪਵਿੱਤਰ ਹੈ, ਇਹ ਆਪਣੀ ਕੁੜੀਆਂ ਬੇਦੀਆਂ ਦੇ ਘਰ ਤਾਂ ਵਿਆਹ ਨਹੀਂ ਸਕਦੇ, ਗੁਰੂ ਨਾਨਕ ਦੇ ਖਾਨਦਾਨ ਵਿੱਚੋਂ ਹੋਰ ਜਾਤਾਂ ਵਿਚ ਧੀਆਂ ਕਿਵੇਂ ਵਿਆਹੀਏ ? ਚਾਰ ਸੌ ਸਾਲਾਂ ਤੋਂ ਇਹ ਰਸਮ ਚਲੀ ਆ ਰਹੀ ਹੈ। ਸਾਡੇ ਧਰਮ ਵਿਚ ਦਖਲ ਨਾ ਦਿਉ। ਲਾਰੰਸ ਨੇ ਕਿਹਾ - ਮੈਂ ਤੁਹਾਡੇ ਧਰਮ ਗ੍ਰੰਥ ਦੇ ਅਰਥ ਸੁਣੇ ਹਨ। ਗੁਰੂ ਨਾਨਕ ਦੇਵ ਜੀ ਕੁੜੀ ਮਾਰਨ ਦੇ ਖਿਲਾਫ ਸਨ। ਜੇ ਮੈਨੂੰ ਪਤਾ ਲੱਗ ਗਿਆ ਕਿ ਕਿਸੇ ਬੇਦੀ ਨੇ ਧੀ ਮਾਰੀ ਹੈ, ਮੈਂ ਚੁਰਾਹੇ ਵਿਚ ਦੋਸ਼ੀਆਂ ਨੂੰ ਫਾਂਸੀ ਚਾੜ੍ਹ ਦਿਆਂਗਾ। ਜਦੋਂ ਹਾਰੀਆਂ ਹੋਈਆਂ ਸਿੱਖ ਫੌਜਾਂ ਪਾਸੋਂ ਇਕ ਲੱਖ ਵੀਹ ਹਜ਼ਾਰ ਹਥਿਆਰ ਕਾਬੂ ਕੀਤੇ ਤਾਂ ਇਨ੍ਹਾਂ ਕੋਲੋਂ ਪੋਰਸ-ਸਿਕੰਦਰ ਵੇਲੇ ਦੇ ਤੀਰ ਕਮਾਨ ਵੀ ਮਿਲੇ।

ਡੀਸੀ ਨਿਕਲਸਨ ਨੂੰ ਵਜ਼ੀਰਾਬਾਦ ਦਾ ਇਕ ਮੁੰਡਾ ਮਿਲਾਇਆ ਗਿਆ ਜਿਹੜਾ ਜ਼ਹਿਰ ਦੇ ਕੇ ਮਾਰਨ ਵਿਚ ਉਸਤਾਦ ਸੀ। ਡੀਸੀ ਨੇ ਬੱਚੇ ਨੂੰ ਪੁੱਛਿਆ - ਤੈਨੂੰ ਬੰਦਾ ਮਾਰਨਾ ਚੰਗਾ ਲਗਦੈ ? ਬਚੇ ਨੇ ਕਿਹਾ - ਚਾਕੂ ਜਾਂ ਤਲਵਾਰ ਨਾਲ ਮਾਰਨਾ ਠੀਕ ਨਹੀਂ ਲਗਦਾ।

ਲਾਰੰਸ ਨੇ ਲਿਖਿਆ - ਸਿੱਖਾਂ ਵਾਂਗ ਪਠਾਣ ਵੀ ਬਹਾਦਰ ਹਨ ਪਰ ਇਨ੍ਹਾਂ ਦਾ ਸਟੈਮਿਨਾ ਸਿੱਖਾਂ ਜਿੰਨਾ ਲੰਮਾ ਨਹੀਂ ਤੇ ਸਿੱਖਾਂ ਵਾਂਗ ਇਹ ਅਨੁਸ਼ਾਸਨ ਵਿਚ ਨਹੀਂ ਰਹਿੰਦੇ। ਮਾੜੇ ਮੋਟੇ ਲਾਲਚ ਵਿਚ ਆਕੇ ਪਠਾਣ ਧੋਖਾ ਦੇ ਸਕਦੈ।

1857 ਦੇ ਗਦਰ ਵਕਤ 55ਵੀਂ ਬਟਾਲੀਅਨ ਦੇ 120 ਜੁਆਨਾਂ ਨੇ ਬਗਾਵਤ ਕਰ ਦਿੱਤੀ ਤੇ ਫੜੇ ਗਏ। ਨਿਕਲਸਨ ਨੇ ਲਾਰੰਸ ਨੂੰ ਸਲਾਹ ਦਿੱਤੀ ਕਿ 12 ਤੋਪਾਂ ਬੀੜ ਕੇ, ਬੈਰਲਾਂ ਅਸਮਾਨ ਵੱਲ ਕਰਕੇ, ਇਕ ਇਕ ਤੋਪ ਦੇ ਮੂੰਹ ਉੱਪਰ ਪੰਜ ਪੰਜ ਗੱਦਾਰਾਂ ਨੂੰ ਬੰਨ੍ਹ ਕੇ ਇੱਕੋ ਵਾਰ ਘੋੜੇ ਨੱਪਣੇ ਹਨ। ਦੋ ਗੇੜਾਂ ਵਿਚ ਸਾਰੇ ਬਾਗੀਆਂ ਦੀਆਂ ਲਾਸ਼ਾਂ ਅਸਮਾਨ ਵਿਚ ਉੱਡਦੀਆਂ ਦੇਖ ਕੇ ਬਾਕੀਆਂ ਦੀ ਅਕਲ ਟਿਕਾਣੇ ਆ ਜਾਵੇਗੀ। ਲਾਰੰਸ ਨੇ ਕਿਹਾ - ਨਹੀਂ, ਤੈਨੂੰ ਪਤਾ ਨਹੀਂ, ਇਸ ਤਮਾਸ਼ੇ ਕਾਰਨ ਪੰਜਾਬੀਆਂ ਵਿਚ ਗੁੱਸਾ ਫੈਲ ਸਕਦਾ ਹੈ ਜੋ ਖਤਰਨਾਕ ਹੈ।

ਮਹਾਰਾਣੀ ਵਿਕਟੋਰੀਆ ਕੋਲ ਮਹਾਰਾਜਾ ਦਲੀਪ ਸਿੰਘ ਵਿਰੁੱਧ ਸ਼ਿਕਾਇਤ ਲਾਈ ਗਈ ਕਿ 19 ਸਾਲਾ ਦਲੀਪ ਸਿੰਘ 1857 ਦੇ ਗਦਰ ਖਿਲਾਫ ਬਿਆਨ ਜਾਰੀ ਨਹੀਂ ਕਰਦਾ। ਮਹਾਰਾਣੀ ਨੇ ਕਿਹਾ - ਪਰਦੇਸ ਵਿਚ ਜਲਾਵਤਨੀ ਭੁਗਤ ਰਿਹਾ ਗੱਦੀਓਂ ਲੱਥਾ ਪੰਜਾਬੀ ਸ਼ਾਹਜ਼ਾਦਾ ਭਾਰਤੀਆਂ ਖਿਲਾਫ ਬਿਆਨ ਦੇਵੇ, ਇਹ ਤੁਸੀਂ ਕਿਵੇਂ ਸੋਚ ਲਿਆ ?

ਪੰਜਾਬ ਦੀ ਸਾਰੀ ਫੌਜ ਦਿੱਲੀ ਦਾ ਗਦਰ ਦਬਾਉਣ ਲਈ ਚਲੀ ਗਈ, ਕੇਵਲ ਇਕ ਹਜ਼ਾਰ ਸਿਪਾਹੀ ਪਿੱਛੇ ਰਹੇ ਕਿਉਂਕਿ ਬਿਮਾਰ ਸਨ। ਪੰਜਾਬੀਆਂ ਦੀ ਲੀਡਰਸ਼ਿਪ ਹੀ ਨਹੀਂ ਰਹੀ ਸੀ, ਸੋ ਪੰਜਾਬ ਸ਼ਾਂਤ ਰਿਹਾ।

ਗਦਰ ਦਬਾਉਣ ਬਾਦ ਅੰਗਰੇਜ਼ਾਂ ਨੇ ਜਾਤ/ਕਬੀਲੇ ਤੇ ਆਧਾਰਤ ਫੌਜੀ ਰਜਮੈਂਟਾਂ ਖੜ੍ਹੀਆਂ ਕੀਤੀਆਂ, ਸਿੱਖ ਰਜਮੈਂਟ, ਜਾਟ ਰਜਮੈਂਟ, ਰੋਹੇਲਾ ਰਜਮੈਂਟ, ਪਠਾਣ ਰਜਮੈਂਟ ਆਦਿਕ ਤਾਂ ਕਿ ਇਕ ਬਗਾਵਤ ਕਰ ਦੇਵੇ ਤਾਂ ਦੂਜੀ ਰਜਮੈਂਟ ਉਸਨੂੰ ਭੁੰਨਣ ਵਾਸਤੇ ਤਿਆਰ ਰਹੇ।

ਅੰਗਰੇਜ਼ਾਂ ਨੇ ਸਮਝ ਲਿਆ ਕਿ ਪੰਜਾਬੀ ਲੜਾਕੂ ਸੁਭਾਅ ਦਾ ਹੈ, ਜੇ ਇਸ ਨੂੰ ਆਪਣੀ ਫੌਜ ਵਿਚ ਭਰਤੀ ਕਰਕੇ ਲੜਾਈਏ ਤਾਂ ਠੀਕ, ਨਹੀਂ ਤਾਂ ਇਹ ਸਾਡੇ ਖਿਲਾਫ ਹਥਿਆਰ ਚੁੱਕੇਗਾ। ਸਨ 1900 ਤੱਕ ਸਾਰੇ ਭਾਰਤ ਵਿਚਲੀ ਅੱਧੀ ਫੌਜ ਪੰਜਾਬੀਆਂ ਦੀ ਸੀ। ਸਾਲ 1881 ਤੋਂ 1921 ਤੱਥ ਪੰਜਾਬੀ ਮੁਸਲਮਾਨਾਂ ਦੀ ਵਸੋਂ 47% ਤੋਂ ਵਧ ਕੇ 51%, ਹਿੰਦੂ ਗਿਣਤੀ ਘਟ ਕੇ 43% ਤੋਂ 35% ਤੇ ਸਿੱਖ ਗਿਣਤੀ 8% ਤੋਂ ਵਧ ਕੇ 12.4% ਹੋ ਗਈ। ਪੰਜਾਬੀਆਂ ਨੂੰ ਵਫਾਦਾਰ ਰੱਖਣ ਲਈ ਅੰਗਰੇਜ਼ਾਂ ਨੇ ਨਹਿਰਾਂ ਖੋਦ ਕੇ ਮੁਰੱਬੇ ਵੰਡੇ ਤਾਂ ਬਾਬਾ ਖੇਮ ਸਿੰਘ ਬੇਦੀ ਕੋਲ 8 ਹਜ਼ਾਰ ਏਕੜ ਜ਼ਮੀਨ ਹੋ ਗਈ। ਉਮਰ ਹਯਾਤਖਾਨ ਟਿਵਾਣਾ ਕਦੀ ਰਣਜੀਤ ਸਿੰਘ ਦਾ ਵਫਾਦਾਰ ਰਿਹਾ ਸੀ ਪਰ 1857 ਦੇ ਗਦਰ ਵਿਚ ਉਸਨੇ ਅੰਗਰੇਜ਼ਾਂ ਦੀ ਖੁਸ਼ੀ ਹਾਸਲ ਕਰਨ ਲਈ ਸੈਨਿਕ ਦਿੱਤੇ ਤੇ ਜਗੀਰਾਂ ਪ੍ਰਾਪਤ ਕੀਤੀਆਂ। ਇਨ੍ਹਾਂ ਟਿਵਾਣਿਆਂ ਨੇ ਪੰਜਾਬ ਵਿਚ ਰਾਜ ਕੀਤਾ। ਇਹ ਮੁਸਲਿਮ ਲੀਗ ਨਾਲ ਨਹੀਂ, ਸਰ ਛੋਟੂ ਰਾਮ ਦੀ ਯੂਨੀਅਨਿਸਟ ਪਾਰਟੀ ਵਿਚ ਸ਼ਾਮਲ ਸਨ।

ਮੰਦਾ ਆਇਆ, ਸੋਕੇ ਦੇਖੇ, ਕਾਲ ਪਏ, ਕਿਸਾਨ ਆੜ੍ਹਤੀਆਂ ਦੇ ਕਰਜ਼ਈ ਹੋ ਗਏ, ਵਿਆਜ ਵਿਚ ਜ਼ਮੀਨਾਂ ਵਿਕਣ ਲੱਗੀਆਂ। ਦੁਖੀ ਕਿਸਾਨ ਆੜ੍ਹਤੀਆਂ ਨੂੰ ਕਤਲ ਕਰਨ ਤੇ ਵਹੀਆਂ ਨੂੰ ਅੱਗਾਂ ਲਾਉਣ ਲੱਗੇ ਤਦ ਛੋਟੂ ਰਾਮ ਦੇ ਉੱਦਮ ਸਦਕਾ ਬਿੱਲ ਪਾਸ ਹੋਇਆ ਕਿ ਆੜ੍ਹਤੀਆ ਕਰਜ਼ੇ ਦੀ ਅਦਾਇਗੀ ਵਾਸਤੇ ਕਿਸਾਨ ਦੀ ਜ਼ਮੀਨ, ਘਰ ਅਤੇ ਬਲਦਾਂ ਦੀ ਜੋੜੀ ਨਹੀਂ ਖਰੀਦ ਸਕਦਾ। ਇਹ ਬਹੁਤ ਵੱਡੀ ਰਾਹਤ ਮੰਨੀ ਗਈ ਸੀ।

ਗਾਂਧੀ ਜੀ ਨੇ ਦੇਸਵਾਸੀਆਂ ਅੱਗੇ ਅਪੀਲ ਕੀਤੀ ਕਿ 6 ਅਪ੍ਰੈਲ 1919 ਨੂੰ ਰੋਲਟ ਐਕਟ ਵਿਰੁੱਧ ਸ਼ਾਂਤਮਈ ਰੋਸ ਪ੍ਰਗਟ ਕੀਤਾ ਜਾਵੇ, ਪ੍ਰਾਰਥਨਾ ਕਰੋ, ਰੱਖ ਸਕੋ ਤਾਂ ਵਰਤ ਰੱਖੋ। ਪੰਜਾਬੀਆਂ ਨੂੰ ਸ਼ਾਂਤਮਈ ਰੋਸ ਦਾ ਕੀ ਪਤਾ ? ਪੰਜਾਬ ਵਿਚ ਹਿੰਸਾ ਭੜਕ ਪਈ, ਅੱਗਜ਼ਨੀ ਹੋਈ ਛੇ ਅਪ੍ਰੈਲ ਨੂੰ ਬੈਂਕ ਲੁੱਟੇ ਗਏ, ਡਾਕਖਾਨੇ, ਰੇਲਵੇ ਸਟੇਸ਼ਨ ਸਾੜ ਦਿੱਤੇ, ਪੁਲਸੀਆਂ ਵੱਲ ਗੋਲੀਆਂ ਚਲਾ ਦਿੱਤੀਆਂ। ਪੰਜ ਗੋਰੇ ਅਫਸਰ ਕਤਲ ਕੀਤੇ।ਸ਼ੇਰਵੁੱਡ ਨਾਮ ਦੀ ਗੋਰੀ ਆਪਣਾ ਸਕੂਲ ਬੰਦ ਕਰਕੇ ਆ ਰਹੀ ਸੀ, ਘੇਰ ਕੇ ਬਦਸਲੂਕੀ ਕੀਤੀ। ਮਹਾਤਮਾ ਗਾਂਧੀ ਨੇ ਪਛਤਾਵਾ ਕਰਦਿਆਂ ਕਿਹਾ - ਮੈਥੋਂ ਹਿਮਾਲਾ ਜਿੱਡੀ ਗਲਤੀ ਹੋਈ। ਜਿਨ੍ਹਾਂ ਨੂੰ ਅੰਦੋਲਨ ਦੀ



ਸਿੱਖਿਆ ਨਹੀਂ ਮਿਲੀ, ਮੈਂ ਉਨ੍ਹਾਂ ਤੋਂ ਕੀ ਆਸ ਕਰ ਬੈਠਾ! ਓਡਵਾਇਰ ਪੰਜਾਬ ਦਾ ਗਵਰਨਰ ਸੀ। ਉਸਨੇ ਕਿਹਾ - "ਇਨ੍ਹਾਂ ਜਾਹਲ ਲੋਕਾਂ ਨੂੰ ਮੈਂ ਅਜਿਹਾ ਸਬਕ ਸਿਖਾਵਾਂਗਾ ਕਿ ਭੁੱਲਣਗੇ ਨਹੀਂ।" 13 ਅਪ੍ਰੈਲ ਵਿਸਾਖੀ 1919 ਨੂੰ ਜਲ੍ਹਿਆਂਵਾਲੇ ਬਾਗ ਵਿਚ ਪੰਜਾਬੀਆਂ ਨੂੰ ਆਖਰ ਸਬਕ ਸਿਖਾ ਦਿੱਤਾ।

9 ਅਪ੍ਰੈਲ ਨੂੰ ਮਹਾਤਮਾ ਗਾਂਧੀ ਅਤੇ ਸੈਫੁੱਦੀਨ ਕਿਚਲੂ ਨੇ ਸ਼ਾਂਤੀ ਦੀ ਅਪੀਲ ਕਰਨ ਲਈ ਪੰਜਾਬ ਆਉਣਾ ਸੀ। ਦੋਹਾਂ ਨੂੰ ਗ੍ਰਿਫਤਾਰ ਕਰਕੇ ਮਾਲ ਗੱਡੀ ਵਿਚ ਬਿਠਾ ਕੇ ਵਾਪਸ ਭੇਜ ਦਿੱਤੇ। ਉੱਧਰ ਓਡਵਾਇਰ ਨੇ ਫੌਜਾਂ ਨੂੰ ਕਿਹਾ - ਜਦੋਂ ਹੁਕਮ ਮਿਲੇ ਕਿ ਗੋਲੀ ਚਲਾਉ, ਹਵਾਈ ਫਾਇਰ ਨਹੀਂ ਕਰਨਾ।

ਡਾਇਰ ਪੁਲਸ ਅਫਸਰ ਸੀ। ਜਲ੍ਹਿਆਂਵਾਲੇ ਕਾਂਡ ਬਾਰੇ ਲਿਖਿਆ, "ਅੰਮ੍ਰਿਤਸਰ ਸ਼ਹਿਰ ਸ਼ਾਂਤ ਕਰ ਦਿੱਤਾ, ਪਰਿੰਦਾ ਖੰਭ ਨਹੀਂ ਪਟਕਦਾ ਸੀ। ਕੁੱਤੇ ਤੇ ਗਿਰਝਾਂ ਲਾਸ਼ਾਂ ਢੂੰਡਦੇ ਰਹੇ।"

13 ਅਪ੍ਰੈਲ ਅਹਿਮਦਾਬਾਦ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਗਾਂਧੀ ਨੇ ਪੰਜਾਬ ਵਿਚਲੀ ਹਿੰਸਾ ਦਾ ਜ਼ਿਕਰ ਕਰਦਿਆਂ ਕਿਹਾ, "ਜੇ ਗੋਰਿਆਂ ਦੇ ਕਤਲਾਂ ਨਾਲ ਸਵਰਾਜ ਮਿਲਣਾ ਹੈ, ਮੈਨੂੰ ਅਜਿਹੇ ਸਵਰਾਜ ਦੀ ਕੋਈ ਜਰੂਰਤ ਨਹੀਂ।" ਜਦੋਂ ਗਾਂਧੀ ਨੂੰ ਜਲ੍ਹਿਆਂਵਾਲਾ ਬਾਗ ਕਾਂਡ ਦੀ ਨਿਖੇਧੀ ਕਰਨ ਲਈ ਕਿਹਾ ਤਾਂ ਉਸਨੇ ਜ਼ਿਦ ਕੀਤੀ ਕਿ ਉਹ ਪੰਜਾਬੀਆਂ ਵਲੋਂ ਗੋਰਿਆਂ ਦੀ ਹੱਤਿਆਂ ਦੀ ਨਿਖੇਧੀ ਵੀ ਕਰੇਗਾ। ਉਸ ਨੂੰ ਅਜਿਹਾ ਕਰਨ ਤੋਂ ਹਟਣ ਲਈ ਮਨਾਇਆ ਗਿਆ, ਤਾਂ ਵੀ ਇਹ ਪੰਕਤੀ ਉਸਨੇ ਲਿਖ ਹੀ ਦਿੱਤੀ, "ਜੇ ਸਰਕਾਰ ਪਾਗਲ ਹੋ ਜਾਏ, ਅਸੀਂ ਪਾਗਲ ਨਹੀਂ ਹੋਵਾਂਗੇ। ਪਾਗਲਪਣ ਦਾ ਜਵਾਬ ਜੇ ਸਿਆਣਪ ਅਤੇ ਸ਼ਾਂਤੀ ਨਾਲ ਦਿਆਂਗੇ ਤਾਂ ਜਿੱਤ ਸਾਡੀ ਹੋਵੇਗੀ।"

ਅੰਗਰੇਜ਼ਾਂ ਨੇ ਤੁਰਕੀ ਵਿਰੁੱਧ ਜੰਗ ਛੇੜ ਦਿੱਤਾ ਤਾਂ ਦੁਨੀਆਂ ਭਰ ਦੇ ਮੁਸਲਮਾਨ ਬੇਚੈਨ ਹੋ ਗਏ। ਮੱਕਾ, ਮਦੀਨਾ, ਕਰਬਲਾ, ਨਜਫ, ਜੇਰੂਸਲਮ ਸਭ ਅੰਗਰੇਜ਼ਾਂ ਦੇ ਕਬਜ਼ੇ ਵਿਚ: ਮੁਸਲਿਮ ਲੀਗ ਦੇ ਲੀਡਰ ਸ਼ੌਕਤ ਅਲੀ ਨੇ ਅੰਮ੍ਰਿਤਸਰ ਵਿਚ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਕਿਹਾ - ਜਦੋਂ ਹਿੰਦੂ, ਤੁਰਕੀ ਦੇ ਮਸਲੇ ਵਿਚ ਮੁਸਲਮਾਨਾਂ ਦਾ ਸਮਰਥਨ ਕਰ ਰਹੇ ਹਨ ਤਾਂ ਕੀ ਮੁਸਲਮਾਨਾਂ ਨੂੰ ਨਹੀਂ ਚਾਹੀਦਾ ਉਹ ਗਊ ਹੱਤਿਆ ਨਾ ਕਰਨ ? ਮੁਸਲਮਾਨਾਂ ਨੇ ਈਦ ਦਿਹਾੜੇ ਗਊ ਹੱਤਿਆ ਨਹੀਂ ਕੀਤੀ।

ਗੋਰਖਪੁਰ ਨੇੜੇ ਚੌਰੀ ਚੌਰਾ ਵਿਚ 4 ਹਜ਼ਾਰ ਹਿੰਦੂ ਮੁਸਲਮਾਨਾਂ ਦੇ ਹਜੂਮ ਨੇ 22 ਸਿਪਾਹੀਆਂ ਦੇ ਵੱਢ ਵੱਢ ਕੇ ਟੋਟੇ ਕਰ ਦਿੱਤੇ। ਗਾਂਧੀ ਨੇ ਆਪਣਾ ਅੰਦੋਲਨ ਵਾਪਸ ਲੈ ਲਿਆ, ਵਾਰਦਾਤ ਦੀ ਨਿਖੇਧੀ ਕੀਤੀ। ਗਾਂਧੀ ਦੀ ਭਰਪੂਰ ਅਲੋਚਨਾ ਹੋਈ, ਲਾਜਪਤ ਰਾਇ ਨੇ ਜੇਲ੍ਹ ਵਿੱਚੋਂ 70 ਪੰਨਿਆ ਦਾ ਗੁਸੈਲਾ ਖਤ ਲਿਖਿਆ, ਕੋਈ ਅਸਰ ਨਹੀਂ। ਦੇਸ ਵਿਰੁੱਧ ਬਗਾਵਤ ਕਰਨ ਦਾ ਦੋਸ਼ ਲਾਕੇ ਗਾਂਧੀ ਨੂੰ 6 ਸਾਲ ਦੀ ਸਜ਼ਾ ਕਰ ਦਿੱਤੀ। ਲਾਲਾ ਲਾਜਪਤ ਰਾਇ ਪਹਿਲਾ ਕਾਂਗਰਸੀਆਂ ਸੀ ਜਿਸਨੇ ਬੰਗਾਲ ਅਤੇ ਪੰਜਾਬ ਦੀ ਵੰਡ ਦਾ ਮਤਾ ਰੱਖਿਆ ਤੇ ਪਾਸ ਕਰਵਾਇਆ ਕਿਉਂਕਿ ਜੇ ਮੁਸਲਮਾਨਾਂ ਦੀ ਬਹੁਗਿਣਤੀ ਵਾਲੇ ਰਾਜ ਵਿਚ ਰਹਿਣਾ ਪੈ ਗਿਆ, ਉਸ ਨਾਲੋਂ ਤਾਂ ਚੰਗਾ ਹੈ ਅੰਗਰੇਜ਼ ਹੀ ਰਾਜ ਕਰਨ।

1925 ਵਿਚ ਰਾਸ਼ਟਰੀ ਸਵੈ ਸੇਵਕ ਸੰਘ ਸਥਾਪਤ ਕੀਤਾ ਗਿਆ ਜਿਸਦਾ ਉਦੇਸ਼ ਹਥਿਆਰਬੰਦ ਹੋਣਾ ਸੀ, ਅੰਗਰੇਜ਼ਾਂ ਵਿਰੁੱਧ ਨਹੀਂ, ਮੁਸਲਮਾਨਾਂ ਵਿਰੁੱਧ। ਜਦੋਂ 23 ਮਾਰਚ 1931 ਨੂੰ ਭਗਤ ਸਿੰਘ ਅਤੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ, ਦੇਸ ਹਿੱਲ ਗਿਆ। ਬੇਸ਼ਕ ਭਗਤ ਸਿੰਘ ਪੰਜਾਬੀਆਂ ਦਾ ਹੀਰੋ ਬਣ ਗਿਆ ਪਰ ਉਸਦੀ ਨੌਜਵਾਨ ਭਾਰਤ ਸਭਾ ਨੂੰ ਹੁੰਗਾਰਾ ਨਹੀਂ ਮਿਲਿਆ। ਭਗਤ ਸਿੰਘ ਪਿੱਛੋਂ ਜਾ ਕੇ ਹਿੰਸਾ ਦੇ ਵਿਰੁੱਧ ਹੋ ਗਿਆ ਤੇ ਕਿਹਾ ਕਿ ਬੰਬ ਸੁੱਟਣ ਦੀ ਘਟਨਾ ਨਾ ਕੇਵਲ ਫਜ਼ੂਲ ਸੀ, ਸਗੋਂ ਨੁਕਸਾਨਦਾਇਕ ਵੀ ਸੀ।

ਗੋਰੀ ਸਰਕਾਰ ਨੇ ਕਮਿਊਨਲ ਐਵਾਰਡ ਲਿਆਂਦਾ ਜਿਸ ਅਨੁਸਾਰ ਪੰਜਾਬ ਅਸੈਂਬਲੀ ਵਿਚ ਸਿੱਖਾਂ ਨੂੰ 18% ਸੀਟਾਂ ਦਿੱਤੀਆਂ, ਮੰਗ 30% ਦੀ ਸੀ ਪਰ ਜੋ ਮਿਲਿਆ ਉਹ ਕਾਫੀ ਸੀ ਕਿਉਂਕਿ ਆਬਾਦੀ ਤੋਂ ਵਧੀਕ ਮਿਲ ਗਿਆ। ਡਾ. ਸਤਪਾਲ ਚੁੱਪ ਕਰ ਗਿਆ ਕਿਉਂਕਿ ਮੁਸਲਮਾਨਾਂ ਨੂੰ ਵੀ ਐਵਾਰਡ ਪਸੰਦ ਆਇਆ, ਫਲਸਰੂਪ, ਪੰਜਾਬ, ਕਾਂਗਰਸ ਤੋਂ ਹੋਰ ਦੂਰ ਚਲਾ ਗਿਆ ਕਿਉਂਕਿ ਕਾਂਗਰਸ ਨੇ ਐਵਾਰਡ ਰੱਦ ਕਰ ਦਿੱਤਾ।

ਡਾ. ਮੁਹੰਮਦ ਇਕਬਾਲ ਕਦੀ ਅੰਗਰੇਜ਼ਾਂ ਦੇ ਖਿਲਾਫ ਨਹੀਂ ਹੋਇਆ। ਉਸ ਉੱਤੇ ਬੜਾ ਦਬਾਉ ਪਿਆ ਕਿ ਸਰ ਦਾ ਖਿਤਾਬ ਵਾਪਸ ਕਰੋ, ਉਸਨੇ ਨਹੀਂ ਕੀਤਾ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਅੰਗਰੇਜ਼ਾਂ ਦਾ ਜ਼ੋਰ ਸੀ। ਉਸਦੇ ਮੁਕਾਬਲੇ ਅੰਗਰੇਜ਼ਾਂ ਵਿਰੁੱਧ ਮੁਸਲਿਮ ਯੂਥ ਨੇ ਜਾਮੀਆ ਮਿਲੀਆ ਇਸਲਾਮੀਆਂ ਯੂਨੀਵਰਸਿਟੀ ਖੜ੍ਹੀ ਕਰ ਦਿੱਤੀ। ਗਾਂਧੀ ਨੇ ਇਕਬਾਲ ਨੂੰ ਲਿਖਿਆ - ਜਾਮੀਆ ਮਿਲੀਆ ਤੁਹਾਡਾ ਇੰਤਜ਼ਾਰ ਕਰ ਰਹੀ ਹੈ, ਆਓ, ਇਸਦੇ ਪਹਿਲੇ ਰੈਕਟਰ ਵਜੋਂ ਜ਼ਿਮੇਵਾਰੀ ਸੰਭਾਲੋ। ਇਕਬਾਲ ਨੇ ਇਨਕਾਰ ਕਰ ਦਿੱਤਾ। ਇਕਬਾਲ ਦਾ ਫੈਸਲਾ ਅੰਗਰੇਜ਼ਾਂ ਨਾਲ ਮਿਲ ਕੇ ਚੱਲਣ ਦਾ ਸੀ, ਪਾਕਿਸਤਾਨ ਅੰਗਰੇਜ਼ ਦੇਣਗੇ ਨਾ ਕਿ ਕਾਂਗਰਸ, ਜੇ ਪਾਕਿਸਤਾਨ ਚਾਹੀਦੈ ਤਾਂ ਅੰਗਰੇਜ਼ਾਂ ਦੇ ਇੱਥੇ ਰਹਿਣ ਜਾਂ ਚਲੇ ਜਾਣ ਨਾਲ ਫਰਕ ਨਹੀਂ ਪੈਂਦਾ, ਪਾਕਿਸਤਾਨ, ਕੇਵਲ ਪਾਕਿਸਤਾਨ। 175 ਮੈਂਬਰੀ ਪੰਜਾਬ ਵਿਧਾਨ ਸਭਾ ਦੀ ਚੋਣ ਵਿਚ ਮੁਸਲਮਾਨਾਂ ਨੂੰ 48%,ਹਿੰਦੂਆਂ ਨੂੰ 24% ਅਤੇ ਸਿਖਾਂ ਨੂੰ 18% ਸੀਟਾਂ ਮਿਲੀਆਂ। 1937 ਦੀ ਚੋਣ ਵਿਚ ਯੂਨੀਅਨਿਸਟ ਪਾਰਟੀ 95 ਸੀਟਾਂ ਨਾਲ ਜਿੱਤੀ, ਮੁਸਲਿਮ ਲੀਗ ਨੂੰ ਕੇਵਲ ਦੋ ਸੀਟਾਂ ਤੇ ਜਿੱਤ ਨਸੀਬ ਹੋਈ ਤੇ ਕਾਂਗਰਸ ਨੂੰ 28 ਸੀਟਾਂ ਮਿਲੀਆਂ। ਬਾਕੀ ਆਜ਼ਾਦ ਉਮੀਦਵਾਰ ਜਿੱਤੇ।

ਜਿਨਾਹ ਦੀ ਚੜ੍ਹਤ ਦੇਖ ਕੇ ਪੰਡਿਤ ਨਹਿਰੂ ਨੇ ਬਿਆਨ ਦਿੱਤਾ - ਜਿਨਾਹ ਫਿਰਕਾ ਪ੍ਰਸਤੀ ਨੂੰ ਹਵਾ ਦੇ ਰਿਹੈ। ਮੁਸਲਿਮ ਲੀਗ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੀ ਪਾਰਟੀ ਹੈ, ਆਮ ਮੁਸਲਮਾਨ ਉਸ ਨਾਲ ਨਹੀਂ ਹਨ। ਜਿਨਾਹ ਨੇ ਬਿਆਨ ਦਿੱਤਾ - ਨਹਿਰੂ ਨਿੱਕਾ ਬੱਚਾ ਹੈ ਜਿਸਨੇ ਵੱਡਾ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਉਸ ਦੀ ਖੁਰਲੀ ਕਾਂਗਰਸ ਪਾਰਟੀ ਹੈ ਪਰ ਉਸਦੀ ਇੱਧਰ ਉੱਧਰ ਮੂੰਹ ਮਾਰਨ ਦੀ ਆਦਤ ਹੈ। ਨਹਿਰੂ ਦਾ ਬਿਆਨ ਆਇਆ - ਕਾਂਗਰਸ ਵਿਚ ਇਕ ਦੋ ਨਹੀਂ, ਅਣਗਿਣਤ ਮੁਸਲਮਾਲ ਹਨ ਜਿਹੜੇ ਹਜ਼ਾਰਾਂ ਜਿਨਾਹਾਂ ਨੂੰ ਰਸਤਾ ਦਿਖਾਉਣਗੇ।

ਨਹਿਰੂ ਦੇ ਬਿਆਨ ਨੇ ਜਿਨਾਹ ਨੂੰ ਪੱਕਾ ਮੁਸਲਮਾਨ ਲੀਡਰ ਬਣਾ ਦਿੱਤਾ। ਦੂਜਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਪੰਜਾਬ ਦੇ ਪ੍ਰੀਮੀਅਰ (ਪ੍ਰਧਾਨ ਮੰਤਰੀ) ਸਿਕੰਦਰ ਹਯਾਤ ਖਾਨ ਨੇ ਅੰਗਰੇਜ਼ਾਂ ਨੂੰ ਭਰੋਸਾ ਦਿਵਾਇਆ ਕਿ ਉਹ ਹਜ਼ਾਰਾਂ ਦੀ ਗਿਣਤੀ ਵਿਚ ਸਿਪਾਹੀ ਭਰਤੀ ਕਰਕੇ ਦਏਗਾ। ਕਾਂਗਰਸ ਨੇ ਕਿਹਾ- ਯੁੱਧ ਤੋਂ ਬਾਦ ਦੇ ਅੰਗਰੇਜ਼ ਆਪਣੀ ਯੋਜਨਾ ਦੱਸਣ, ਅਸੀਂ ਮਦਦ ਬਾਰੇ ਫਿਰ ਫੈਸਲਾ ਕਰਾਂਗੇ। ਜਿਨਾਹ ਨੇ ਕਿਹਾ - ਮੁਸਲਿਮ ਲੀਗ ਦੀ ਸਲਾਹ ਬਗੈਰ ਅੰਗਰੇਜ਼ ਭਵਿੱਖ ਦੇ ਭਾਰਤੀ ਸੰਵਿਧਾਨ ਦਾ ਫੈਸਲਾ ਹਰਗਿਜ਼ ਨਾ ਕਰਨ। ਸੁਭਾਸ਼ ਚੰਦਰ ਬੋਸ ਪਹਿਲਾਂ 1938 ਵਿਚ ਫਿਰ 1939 ਵਿਚ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ। ਉਸਨੇ ਐਲਾਨ ਕੀਤਾ - ਕੋਈ ਭਾਰਤੀ ਅੰਗਰੇਜ਼ਾਂ ਦੀ ਮਦਦ ਨਹੀਂ ਕਰੇਗਾ। ਸੰਸਾਰ ਯੁੱਧ ਵਿਚ ਨਾ ਪੈਸਾ ਦਿਆਂਗੇ, ਨਾ ਬੰਦੇ, ਨਾ ਹੋਰ ਸਾਧਨ। ਫਲਸਰੂਪ ਗਾਂਧੀ ਦੇ ਹੁਕਮ ਅਨੁਸਾਰ ਬੋਸ ਨੂੰ ਕਾਂਗਰਸ ਵਿੱਚੋਂ ਕੱਢ ਦਿੱਤਾ ਗਿਆ। ਸਿਕੰਤਰ ਹਯਾਤ ਖਾਨ ਨੇ ਗਵਰਨਰ ਪੰਜਾਬ ਹੈਨਰੀ ਕਰੀਕ ਨੂੰ ਕਿਹਾ - ਮੈਂ ਹਫਤੇ ਵਿਚ ਪੰਜ ਲੱਖ ਸਿਪਾਹੀ ਦੇ ਸਕਦਾ ਹਾਂ।

ਕਿਸਾਨ ਪਰਜਾ ਪਾਰਟੀ ਵਲੋਂ ਚੁਣਿਆ ਬੰਗਾਲ ਦਾ ਪ੍ਰੀਮਿਅਰ ਲਾਹੌਰ ਆਇਆ ਤੇ ਐਲਾਨ ਕੀਤਾ - ਬੰਗਾਲ ਵਿਚ ਬਹੁਗਿਣਤੀ ਮੁਸਲਮਾਨਾਂ ਵਾਲੇ ਇਲਾਕਿਆਂ ਉੱਪਰ ਰਾਜ ਕਰਨ ਦਾ ਹੱਕ ਕੇਵਲ ਮੁਸਲਮਾਨਾਂ ਨੂੰ ਮਿਲੇ, ਮੇਰਾ ਇਹ ਫੈਸਲਾ ਹੈ। ਮਹਾਤਮਾ ਗਾਂਧੀ ਨੇ ਬਿਆਨ ਦਿੱਤਾ - ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਵਿਚ ਫਰਕ ਕੀ ਹੈ ? ਕੀ ਸਾਰੇ ਉਹੀ ਪਾਣੀ ਨਹੀਂ ਪੀਂਦੇ ? ਇੱਕੋ ਹਵਾ ਵਿਚ ਸਾਹ ਨਹੀਂ ਲੈਂਦੇ ? ਇਹ ਬਿਆਨ ਮਹਿਜ਼ ਬਿਆਨ ਸੀ ਜਦੋਂ ਕਿ ਰੇਲਵੇ ਸਟੇਸ਼ਨਾਂ ਉੱਪਰ ਰੱਖੇ ਘੜਿਆਂ ਉੱਪਰ ਲਿਖਿਆ ਹੁੰਦਾ ਸੀ - ਮੁਸਲਮਾਨ ਪਾਣੀ, ਹਿੰਦੂ ਪਾਣੀ। ਸਿੱਖ, ਹਿੰਦੂ ਘੜੇ ਦਾ ਪਾਣੀ ਪੀਂਦੇ ਸਨ। ਸਰ. ਸੁੰਦਰ ਸਿੰਘ ਮਜੀਠੀਆ ਦਾ ਬਿਆਨ ਛਪਿਆ - ਪੰਜਾਬ ਸਿੱਖਾਂ ਦੇ ਹਵਾਲੇ ਕਰੋ। ਇਹੋ ਹਾਲ ਬਾਦ ਵਿਚ ਮਾਸਟਰ ਤਾਰਾ ਸਿੰਘ ਦਾ ਹੋਇਆ ਜਿਸਨੇ ਮੁਸਲਿਮ ਲੀਗ ਦਾ ਝੰਡਾ ਪਾੜ ਦਿੱਤਾ। ਤਾਣੀ ਏਨੀ ਉਲਝੀ ਕਿ ਕਮਿਊਨਿਸਟਾਂ ਨੇ ਵੀ ਇਕ ਵਾਰ ਖਾਲਿਸਤਾਨ ਦੀ ਮੰਗ ਦਾ ਸਮਰਥਨ ਕੀਤਾ। ਸਿਕੰਦਰ ਹਯਾਤ ਖਾਨ ਅਤੇ ਸਿੱਖ ਲੀਡਰਸ਼ਿਪ ਨੂੰ ਲੋਕਤੰਤਰ ਦੀ ਕੋਈ ਸਮਝ ਨਹੀਂ ਸੀ, ਉਹ ਭੂਤਕਾਲ ਵਿਚ ਰਹਿ ਰਹੇ ਸਨ, ਸਿਕੰਦਰ ਹਯਾਤ ਮਹਾਨ ਮੁਗਲ ਹਕੂਮਤ ਦੇਖ ਰਿਹਾ ਸੀ, ਸਿੱਖ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੇਖ ਰਹੇ ਸਨ, ਜਿਨਾਹ ਵਰਤਮਾਨ ਅਤੇ ਭਵਿੱਖ ਦੇਖ ਰਿਹਾ ਸੀ। ਜਿੱਤ ਉਸਦੀ ਹੋਈ ਜਿਸਨੇ ਭਵਿੱਖ ਦੇਖਿਆ।

(ਚਲਦਾ...)

# ਜਬਰੀ ਚੁੱਪ : ਭਾਰਤ ਦੀ ਸਿੱਖ ਸੋਸ਼ਲ ਮੀਡੀਆ ਖ਼ਿਲਾਫ਼ ਜੰਗ

ਸੰਸਾਰ ਵਿੱਚ ਇਹ ਇੱਕ ਸਥਾਪਿਤ ਮਨੌਤ ਹੈ ਕਿ ਮਨੁੱਖ ਬੁਨਿਆਦੀ ਤੌਰ ਉੱਤੇ ਅਜ਼ਾਦ ਹੈ। ਇਹ ਅਜ਼ਾਦੀ ਮਨੁੱਖ ਨੂੰ ਆਪਣੀ ਹੋਂਦ ਕਰਕੇ ਕੁਦਰਤੀ ਤੌਰ ਉੱਤੇ ਹੀ ਮਿਲੀ ਹੋਈ ਹੈ। ਜਦੋਂ ਰਾਜ ਪ੍ਰਬੰਧ ਉੱਸਰੇ ਤੇ ਮੌਜੂਦਾ ਸੰਸਾਰ ਦਾ ਸਿਆਸੀ ਢਾਂਚਾ ਹੋਂਦ ਵਿੱਚ ਆਇਆ ਤਾਂ ਕੁਝ ਬੁਨਿਆਦੀ ਨਿਯਮ ਮਿੱਥੇ ਗਏ ਜਿਨ੍ਹਾਂ ਵਿੱਚ ਮਨੁੱਖ ਦੀਆਂ ਬੁਨਿਆਦੀ ਅਜ਼ਾਦੀਆਂ ਨੂੰ ਕੁਦਰਤੀ ਤੇ ਲਾਜ਼ਮੀ ਮੰਨਿਆ ਗਿਆ ਹੈ। ਬੋਲਣ ਅਤੇ ਵਿਚਾਰਾਂ ਦੀ ਅਜ਼ਾਦੀ ਇਨ੍ਹਾਂ ਬੁਨਿਆਦੀ ਹੱਕਾਂ ਵਿੱਚ ਅਹਿਮ ਥਾਂ ਰੱਖਦੀ ਹੈ। ਸੰਸਾਰ ਦੇ ਜ਼ਿਆਦਾਤਰ ਪ੍ਰਬੰਧ ਵਿਚਾਰਾਂ ਦੀ ਅਜ਼ਾਦੀ ਦੇ ਬੁਨਿਆਦੀ ਹੱਕ ਨੂੰ ਮੁੱਢਲੀ ਗੱਲ ਮੰਨਦੇ ਹਨ। ਅਜੋਕੇ ਸਮੇਂ ਵਿੱਚ ਬਿਜਲ-ਸੱਥ (ਸੋਸ਼ਲ ਮੀਡੀਆ) ਨੂੰ ਵਿਚਾਰਾਂ ਦੀ ਅਜ਼ਾਦੀ ਲਈ ਇੱਕ ਅਹਿਮ ਜ਼ਮੀਨ ਮੰਨਿਆ ਜਾਂਦਾ ਹੈ, ਜਿੱਥੇ ਅਰਬਾਂ ਲੋਕ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦੇ ਹੱਕ ਦਾ ਇਸਤੇਮਾਲ ਕਰਦੇ ਹਨ।ਭਾਵੇਂ ਕਿ ਅਜ਼ਾਦੀ, ਸਮੇਤ ਵਿਚਾਰਾਂ ਦੀ ਅਜ਼ਾਦੀ ਦੇ, ਨੂੰ ਮਨੁੱਖ ਦਾ ਕੁਦਰਤੀ ਹੱਕ ਪ੍ਰਵਾਨਿਆ ਗਿਆ ਹੈ ਪਰ ਇਹ ਵੀ ਸੱਚ ਹੈ ਕਿ ਇਤਿਹਾਸ ਹਕੂਮਤਾਂ ਵੱਲੋਂ ਇਨ੍ਹਾਂ ਹੱਕਾਂ ਦੀ ਉਲੰਘਣਾ ਤੇ ਘਾਣ ਕਰਨ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ।ਸਿੱਖ, ਖਾਸ ਕਰਕੇ ਇੰਡੀਆ ਵਿੱਚ ਰਹਿੰਦੇ ਸਿੱਖ, ਬਿਪਰਵਾਦੀ ਹਕੂਮਤ ਦੇ ਬਿਰਤਾਂਤਿਕ ਹਮਲੇ ਦੀ ਮਾਰ ਹੇਠ ਚੱਲੇ ਆ ਰਹੇ ਹਨ। ਇਸ ਬਿਰਤਾਂਤ ਦੀ ਟੱਕਰ ਵਿੱਚ ਸਿੱਖ ਖਬਰਖਾਨਾ (ਮੀਡੀਆ), ਜਿਸ ਦਾ ਵੱਡਾ ਹਿੱਸਾ ਅਰਸ਼ੀ ਤੌਰ 'ਤੇ (ਭਾਵ ਇੰਟਰਨੈਟ ਉੱਤੇ) ਹੀ ਚੱਲਦਾ ਹੈ, ਇੱਕ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਆਪਣੇ ਬਿਰਤਾਂਤ ਨੂੰ ਸਿੱਖਾਂ ਵੱਲੋਂ ਮਿਲ ਰਹੀ ਟੱਕਰ ਕਰਕੇ ਬਿਪਰਵਾਦੀ ਹਕੂਮਤ ਨੇ ਹੁਣ ਸਿੱਖ ਬਿਜਲ-ਸੱਥ (ਸੋਸ਼ਲ ਮੀਡੀਏ) ਵਿਰੁੱਧ ਜੰਗ ਛੇੜ ਦਿੱਤੀ ਹੈ। ਕਈ ਅਦਾਰਿਆਂ ਦੀ ਪੰਜਾਬ ਅਤੇ ਇੰਡੀਆ ਵਿੱਚ ਪਾਠਕਾਂ, ਸਰੋਤਿਆਂ ਤੇ ਦਰਸ਼ਕਾਂ ਤੱਕ ਪਹੁੰਚ ਰੋਕ ਦਿੱਤੀ ਹੈ। ਬਿਜਲ ਸੱਥ ਉੱਤੇ ਲਿਖ-ਬੋਲ ਕੇ ਆਪਣੇ ਵਿਚਾਰ ਪੇਸ਼ ਕਰਨ ਵਾਲੇ ਸਿੱਖਾਂ ਵਿਰੁੱਧ ਟਾਡਾ-ਪੋਟਾ ਜਿਹੇ ਮਾਰੂ ਕਾਨੂੰਨਾਂ ਦੇ ਨਵੇਂ ਅਵਤਾਰ ਯੂ ਏ ਪੀ ਏ ਤਹਿਤ ਮੁਕਦਮੇਂ ਦਰਜ਼ ਕਰਕੇ ਉਨ੍ਹਾਂ ਨੂੰ ਜੇਲ੍ਹੀਂ ਡੱਕਿਆ ਜਾ ਰਿਹਾ ਹੈ।ਕਨੇਡਾ ਵਿਚਲੀ ਸਿੱਖ ਸੰਸਥਾ ਵਰਲਡ ਸਿੱਖ ਆਰਗੇਨਾਈਜੇਸ਼ਨ ਆਫ ਕੈਨੇਡਾ ਨੇ ਹਾਲ ਵਿੱਚ ਹੀ ਇੰਡੀਆ ਵੱਲੋਂ ਸਿੱਖ ਬਿਜਲ-ਸੱਥ ਵਿਰੁੱਧ ਵਿੱਢੀ ਗਈ ਜੰਗ ਬਾਰੇ ਇੱਕ ਵਿਸਤਾਰਤ ਲੇਖਾ ਜਾਰੀ ਕੀਤਾ ਹੈ। ਮੂਲ ਰੂਪ ਵਿੱਚ ਅੰਗਰੇਜ਼ੀ ਵਿੱਚ ਜਾਰੀ ਕੀਤੇ ਗਏ ਇਸ ਲੇਖੇ ਦਾ ਪੰਜਾਬੀ ਉਲੱਥਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਦੇ ਪਾਠਕਾਂ ਲਈ ਛਾਪ ਰਹੇ ਹਾਂ

– ਸੰਪਾਦਕ।

**ਜਾਣ ਪਛਾਣ ਅਤੇ ਮੁੱਢਲੀ ਸਮਝ**

ਭਾਰਤੀ ਅਧਿਕਾਰੀਆਂ ਵੱਲੋਂ ਸੋਸ਼ਲ ਮੀਡੀਆ ਦੇ ਬਹਾਨੇ ਉਨ੍ਹਾਂ ਸਿੱਖਾਂ ਅਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਕਨੂੰਨੀ ਸ਼ਿਕੰਜੇ ਵਿੱਚ ਕਸਿਆ ਜਾ ਰਿਹਾ ਹੈ ਜੋ ਕਿ ਮਨੁੱਖੀ ਅਧਿਕਾਰਾਂ ਅਤੇ ਹੋਰ ਸਿਆਸੀ ਮੁੱਦਿਆਂ ਉੱਤੇ ਆਪਣਾ ਪੱਖ ਰੱਖਦੇ ਆ ਰਹੇ ਹਨ। ਜਿਨ੍ਹਾਂ ਸੋਸ਼ਲ ਮੀਡੀਆ ਪੋਸਟਾਂ ਨੂੰ ਇੰਡੀਆ ਲਈ ਖਤਰਨਾਕ ਅਤੇ ਵੱਖਵਾਦੀ ਲਹਿਰਾਂ ਦਾ ਸਮਰਥਕ ਸਮਝਿਆ ਜਾਂਦਾ ਹੈ ਉਨ੍ਹਾਂ ਨੂੰ ਹਟਾਉਣ ਦੀ ਕਵਾਇਦ ਦੇ ਨਾਲ ਨਾਲ ਜੁੜੇ ਕਾਰਕੁਨਾਂ ਉੱਤੇ ਅੱਤਵਾਦ ਸੰਬੰਧਤ ਧਰਾਵਾਂ ਲਾ ਕੇ ਅੰਦਰ ਬੰਦ ਕੀਤਾ ਜਾ ਰਿਹਾ ਹੈ। ਖਾਲਿਸਤਾਨ ਦਾ ਸਮਰਥਨ ਕਰ ਰਹੇ ਸਿੱਖਾਂ ਨੂੰ ਉਚੇਚੇ ਤੌਰ ਉੱਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਲੰਘੇ ਮਹੀਨੇ ਤੋਂ ਲੈ ਕੇ ਹੁਣ ਤੱਕ ਸੈਂਕੜੇ ਸਿੱਖਾਂ ਨੂੰ




ਸਿਰਫ ਸੋਸ਼ਲ ਮੀਡੀਆ ਉੱਤੇ ਆਪਣੀ ਗੱਲ ਰੱਖਣ ਦੇ ਹਰਜਾਨੇ ਵਜੋਂ ਯੂ ਏ ਪੀ ਏ ਜਿਹੇ ਖਤਰਨਾਕ ਕਨੂੰਨ ਹੇਠ ਅੱਤਵਾਦ ਅਤੇ ਖਾਲਿਸਤਾਨ ਸਮਰਥਨ ਦੇ ਨਾਂ ਹੇਠ ਨਜ਼ਰਬੰਦ ਕਰਕੇ ਤਸ਼ੱਦਦ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਇੰਡੀਆ ਦੇ ਖਿਲਾਫ ਸਮਝੇ ਜਾਂਦੇ ਖਾਸਕਰ ਖਾਲਿਸਤਾਨ ਨਾਲ ਸਬੰਧਤ ਪੋਸਟਾਂ ਨੂੰ ਨਿਸ਼ਾਨਾ ਬਣਾ ਕੇ ਵੱਡੇ ਪੱਧਰ ਉੱਤੇ ਹਟਵਾਇਆ ਜਾ ਰਿਹਾ ਹੈ।

ਖਾਲਿਸਤਾਨ ਦਾ ਮਤਲਬ ਗੁਰੂ ਆਸ਼ੇ ਅਨੁਸਾਰ ਬਣਿਆ ਪ੍ਰਭੂਸੱਤਾ ਸੰਪੰਨ ਰਾਜ ਹੈ ਜੋ ਕਿ ਸਿੱਖ ਅਸੂਲਾਂ ਅਤੇ ਕਦਰਾਂ ਕੀਮਤਾਂ ਦੀ ਤਰਜਮਾਨੀ ਕਰਦਾ ਹੋਵੇ। ਖਾਲਿਸਤਾਨ ਉਹ ਢਾਂਚਾ ਹੈ ਜੋ ਕਿ ਵੱਖ ਵੱਖ ਧਿਰਾਂ ਵੱਲੋਂ ਵੱਖ ਵੱਖ ਤਰੀਕੇ ਨਾਲ ਸਮਝਿਆ ਜਾਂਦਾ ਰਿਹਾ ਹੈ ਤੇ ਜੋ ਕਿ ਸੰਸਾਰ ਭਰ ਵਿੱਚ ਸਿੱਖਾਂ ਵੱਲੋਂ ਨਿੱਠ ਕੇ ਕੀਤੀ ਜਾਂਦੀ ਵਿਚਾਰ ਦਾ ਮੁੱਦਾ ਰਿਹਾ ਹੈ। ਖਾਲਿਸਤਾਨ ਦੀ ਗੱਲ ਕਰਨੀ ਬੋਲਣ ਦੀ ਆਜ਼ਾਦੀ ਦੀ ਮੱਦ ਹੇਠ ਆਉਂਦਾ ਹੈ ਅਤੇ ਕਿਸੇ ਵੀ ਤਰ੍ਹਾਂ ਅੱਤਵਾਦ ਨਾਲ ਤੋਲਿਆ ਨਹੀਂ ਜਾ ਸਕਦਾ। ਪਰ ਭਾਰਤੀ ਅਧਿਕਾਰੀ ਹਰ ਹੀਲੇ ਇਸ ਵੱਖਰੀ ਸੁਰ ਨੂੰ ਯੂ ਏ ਪੀ ਏ ਜਿਹੇ ਖਤਰਨਾਕ ਕਨੂੰਨਾਂ ਰਾਹੀਂ ਦੱਬੀ ਰੱਖਣ ਦੇ ਆਹਰ ਵਿੱਚ ਲੱਗੇ ਰਹਿੰਦੇ ਹਨ। ਕਨੂੰਨੀ ਤਰੀਕੇ ਵਿਚਾਰੀ ਜਾ ਰਹੀ ਇਸ ਸਿਆਸੀ ਆਵਾਜ਼ ਨੂੰ ਇੰਡੀਆ ਇਤਰਾਜ਼ ਯੋਗ ਮੰਨਦਾ ਹੈ ਅਤੇ ਉਹਦੇ ਉੱਤੇ ਅੱਤਵਾਦ ਦਾ ਠੱਪਾ ਲਾਉਂਦਾ ਹੈ ਤੇ ਇਸ ਆਵਾਜ਼ ਨੂੰ ਚੁੱਕਣ ਵਾਲਿਆਂ ਨੂੰ ਸਟੇਟ ਆਪਣਾ ਨਿਸ਼ਾਨਾ ਬਣਾਉਂਦੀ ਹੈ।

**ਗੈਰ ਕਨੂੰਨੀ ਗਤੀਵਿਧੀਆਂ ਰੋਕੂ ਕਨੂੰਨ ਯੂ ਏ ਪੀ ਏ**

ਯੂ ਏ ਪੀ ਏ ਉਹ ਖ਼ਤਰਨਾਕ ਤੇ ਕਠੋਰ ਕਨੂੰਨ ਹੈ ਜੋ ਅਧਿਕਾਰੀਆਂ ਨੂੰ ਕਿਸੇ ਵੀ ਮਨੁੱਖ ਨੂੰ ਪੈਂਦੀ ਸੱਟੇ ਸਾਲਾਂ ਬੱਧੀ ਬਿਨਾਂ ਕਿਸੇ ਸੁਣਵਾਈ ਤੋਂ ਅੰਦਰ ਡੱਕੀ ਰੱਖਣ ਦੇ ਸਮਰੱਥ ਹੈ। ਆਮ ਕਨੂੰਨ ਅਧੀਨ ਕਿਸੇ ਵੀ ਪੁਲਸ ਅਫਸਰ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸਭ ਤੋਂ ਪਹਿਲਾਂ ਸਬੰਧਤ ਬੰਦੇ ਨੂੰ ਉਸ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਕਾਰਨ ਦੱਸੇ। ਪਰ ਯੂ ਏ ਪੀ ਏ ਨਾਂ ਦਾ ਕਨੂੰਨ ਇਸ ਬੰਦਸ਼ ਤੋਂ ਠਜਿੰਨੀ ਜਲਦੀ ਹੋ ਸਕੂ ਦੀ ਮੱਦ ਲਾ ਕੇ ਅਧਿਕਾਰੀਆਂ ਨੂੰ ਮੁਕਤ ਕਰਦਾ ਹੈ। ਹਿਰਾਸਤ ਵਿੱਚ ਲਏ ਜਾ ਰਹੇ ਬੰਦੇ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਉਸ ਨੂੰ ਕਿਹੜੇ ਗੁਨਾਹ ਕਰਕੇ ਕੈਦ ਕੀਤਾ ਜਾ ਰਿਹਾ ਹੈ। ਯੂ ਏ ਪੀ ਏ ਦੀਆਂ ਧਾਰਾਵਾਂ ਅਜਿਹੀਆਂ ਹਨ ਕਿ ਜਦੋਂ ਤੱਕ ਜਾ ਕੇ ਪੁਲਸ ਇਹ ਫੈਸਲਾ ਕਰਦੀ ਹੈ ਕਿ ਦੋਸ਼ ਪੱਤਰ ਦਾਖਲ ਕਰਨਾ ਹੈ ਉਦੋਂ ਤੱਕ ਕੈਦੀ ਵਲੋਂ ਇਹ ਵੀ ਸਾਬਤ ਨਹੀਂ ਕੀਤਾ ਜਾ ਸਕਦਾ ਕਿ ਪਹਿਲੀ ਨਜ਼ਰੇ ਕੋਈ ਦੋਸ਼ ਬਣਦਾ ਹੀ ਨਹੀਂ।

ਯੂ ਏ ਪੀ ਏ ਜਿਹੜਾ ਕਿ ਮਿੱਥ ਕੇ ਅੱਤਵਾਦ ਖਿਲਾਫ ਲੜਨ ਲਈ ਬਣਾਇਆ ਗਿਆ ਹੈ ਹੁਣ ਮਨੁੱਖੀ ਅਧਿਕਾਰ ਕਾਰਕੁਨਾਂ, ਸਿਆਸੀ ਤੌਰ ਉੱਤੇ ਵੱਖ ਵੱਖ ਵਿਚਾਰ ਰੱਖਣ ਵਾਲੇ ਬੰਦਿਆਂ ਤੇ ਘੱਟ ਗਿਣਤੀਆਂ ਖਿਲਾਫ ਖੁੱਲ੍ਹੇਆਮ ਵਰਤਿਆ ਜਾ ਰਿਹਾ ਹੈ। ਸੱਜੇ ਪੱਖੀ ਭਾਜਪਾ ਸਰਕਾਰ ਵੱਲੋਂ ਜੁਲਾਈ 2019 ਵਿੱਚ ਯੂ ਏ ਪੀ ਏ ਦਾ ਘੇਰਾ ਹੋਰ ਵਧਾ ਕੇ ਇਸ ਨੂੰ ਹੋਰ ਮਜ਼ਬੂਤ ਕਰ ਦਿੱਤਾ ਗਿਆ ਹੈ।

ਐਮਨੈਸਟੀ ਇੰਟਰਨੈਸ਼ਨਲ ਅਨੁਸਾਰ ਯੂ ਏ ਪੀ ਏ ਜੋ ਕਿ ਇੰਡੀਆ ਦਾ ਪ੍ਰਮੁੱਖ ਅੱਤਵਾਦ ਵਿਰੋਧੀ ਕਨੂੰਨ ਹੈ ਨੂੰ ਸਰਕਾਰ ਨੇ ਸੋਧ ਕੇ ਇਸ ਯੋਗ ਬਣਾ ਦਿੱਤਾ ਹੈ ਕਿ ਉਹ ਕਿਸੇ ਵੀ ਆਮ ਮਨੁੱਖ ਨੂੰ ਅੱਤਵਾਦੀ ਗਰਦਾਨ ਸਕਦੀ ਹੈ। ਅੱਤਵਾਦੀ ਕਾਰਵਾਈ ਦੀ ਇੱਕ ਅਜਿਹੀ ਅਸਪੱਸ਼ਟ ਜਿਹੀ ਪਰਿਭਾਸ਼ਾ ਬਣਾਈ ਗਈ ਹੈ ਜਿਸ ਤਹਿਤ ਸਮਾਜ ਦਾ ਕੋਈ ਵੀ ਆਮ ਨਾਗਰਿਕ ਅੱਤਵਾਦੀ ਗਰਦਾਨਿਆਂ ਜਾ ਸਕੇ। ਇਹ ਕਨੂੰਨ ਇਸ ਗੱਲ ਵਿੱਚ ਬਾਖੂਬੀ ਸਮਰੱਥ ਹੈ ਕਿ ਸਮਾਜ ਦੇ ਕਿਸੇ ਆਮ ਇਨਸਾਨ ਨੂੰ ਵੱਖਰੀ ਸੁਰ ਰੱਖਣ ਕਰਕੇ ਤੇ ਇੱਥੋਂ ਤੱਕ ਕਿ ਸਮਾਜ ਵਿੱਚ ਜ਼ਿਆਦਾ ਵਿਚਰਦੇ ਹੋਣ ਕਰਕੇ ਮੁਜਰਮ ਕਰਾਰ ਦੇ ਕਈ ਅੱਤਵਾਦੀ ਗਰਦਾਨਿਆ ਜਾ ਸਕਦਾ ਹੈ।

ਪੰਜਾਬ ਦੇ ਉੱਘੇ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਸੰਨ 2007 ਤੋਂ ਲਗਾਤਾਰ ਯੂ ਏ ਪੀ ਏ ਦੇ ਕੇਸਾਂ ਦੀ ਪੈਰਵਾਈ ਕਰਦੇ ਆ ਰਹੇ ਹਨ। ਉਹ 235, ਜਿਨ੍ਹਾਂ ਨੂੰ ਯੂ ਏ ਪੀ ਏ ਕਨੂੰਨ ਤਹਿਤ ਕਾਬੂ ਕੀਤਾ ਗਿਆ ਵਿੱਚੋਂ 162 ਬਾ-ਇੱਜਤ ਬਰੀ ਹੋ ਚੁੱਕੇ ਹਨ 3 ਨੂੰ ਸਜਾ ਹੋਈ ਹੈ ਅਤੇ ਬਾਕੀ ਅਜੇ ਕਨੂੰਨੀ ਲੜਾਈ ਲੜ ਰਹੇ ਹਨ। ਇਸ ਕਨੂੰਨ ਤਹਿਤ ਮੌਜੂਦਾ ਸਰਕਾਰ ਦੇ ਸਮੇਂ ਵਿੱਚ ਮਾਰਚ 2017 ਤੋਂ ਲੈ ਕੇ ਹੁਣ ਤੱਕ ਕਰੀਬ 175 ਸਿੱਖ ਨੌਜਵਾਨਾਂ ਨੂੰ ਬੰਦੀ ਬਣਾਇਆ ਜਾ ਚੁੱਕਿਆ ਹੈ। ਭਾਈ ਮੰਝਪੁਰ ਅਗਾਂਹ ਦੱਸਦੇ ਹਨ ਕਿ ਯੂ ਏ ਪੀ ਏ ਦੇ ਅਧੀਨ ਫੜ੍ਹੇ ਗਏ ਨੌਜੁਆਨਾਂ ਨੂੰ ਦੋਸ਼ ਲਾ ਕੇ ਕਨੂੰਨ ਅੱਗੇ ਪੇਸ਼ ਹੀ ਨਹੀਂ ਕੀਤਾ ਜਾਂਦਾ ਸਗੋਂ ਲੰਮਾ ਸਮਾਂ ਹਿਰਾਸਤ ਵਿੱਚ ਹੀ ਕੈਦ ਰੱਖਿਆ ਜਾਂਦਾ ਹੈ। ਬਹੁਤੇ ਅਜਿਹੇ ਕੇਸਾਂ ਵਿੱਚ ਤਾਂ ਕੋਈ ਅਪਰਾਧਕ ਕਾਰਵਾਈ ਹੋਈ ਹੀ ਨਹੀਂ ਹੁੰਦੀ। ਬਹੁਤੇ ਕੇਸਾਂ ਵਿੱਚ ਪੁਲਸ ਕਚਹਿਰੀ ਵਿੱਚ ਬਿਆਨ ਦਰਜ ਕਰਾਉਂਦੀ ਹੈ ਕਿ ਦੋਸ਼ੀ ਕਿਸੇ ਅਪਰਾਧਕ ਕਾਰਵਾਈ ਨੂੰ ਅੰਜਾਮ ਦੇਣ ਦੀ ਤਿਆਰੀ ਵਿੱਚ ਸੀ ਤੇ ਫੇਰ ਉਹਦੇ ਉੱਤੇ ਯੂ ਏ ਪੀ ਏ ਲਾ ਕੇ ਇਸ ਗੱਲ ਦਾ ਖਿਆਲ ਰੱਖਿਆ ਜਾਂਦਾ ਹੈ ਕਿ ਉਹ ਜ਼ਮਾਨਤ ਲੈ ਕੇ ਬਾਹਰ ਆ ਹੀ ਨਾ ਸਕੇ।

ਕਿਸੇ ਬੰਦੇ ਨੂੰ ਬਰੀ ਹੋ ਕੇ ਜਾਂ ਜਮਾਨਤ ਲੈ ਕੇ ਬਾਹਰ ਆਉਣ ਤੱਕ ਸੱਤ ਸਾਲ ਦੇ ਸਮੇਂ ਤੱਕ ਵੀ ਅੰਦਰ ਰਹਿਣਾ ਪੈ ਸਕਦਾ ਹੈ।

ਸਿੱਖਾਂ ਨੂੰ ਨਿਸ਼ਾਨਾ ਬਣਾਉਣ ਲਈ ਸੋਸ਼ਲ ਮੀਡੀਆ ਦੀ ਵਰਤੋਂ

ਪਿਛਲੇ ਕੁਝ ਸਾਲਾਂ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਘਟਨਾਵਾਂ ਵਿਚ ਕਾਫੀ ਵਾਧਾ ਹੋਇਆ ਹੈ ਤੇ ਇਹ ਵਾਧਾ ਸੰਨ 2020 ਵਿੱਚ ਕਾਫ਼ੀ ਵੱਡੇ ਪੱਧਰ ਤੇ ਹੋਇਆ ਹੈ। ਹੇਠਾਂ ਅਸੀਂ ਕੁਝ ਉਦਾਹਰਨਾਂ ਦੇ ਰਹੇ ਹਾਂ ਜਿੱਥੇ ਕਿ 2018 ਤੋਂ ਬਾਅਦ ਭਾਰਤ ਵਿੱਚ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਲੈ ਕੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

1. ਅਪ੍ਰੈਲ ਦੋ ਹਜ਼ਾਰ ਅਠਾਰਾਂ ਵਿੱਚ ਪੰਜਾਬ ਪੁਲੀਸ ਨੇ ਚਾਰ ਨੌਜਵਾਨਾਂ ਨੂੰ ਸਿਰਫ਼ ਇਸ ਸ਼ੱਕ ਤੇ ਕਾਬੂ ਕਰ ਲਿਆ ਕਿ ਉਹ ਆਈਪੀਐੱਲ ਕ੍ਰਿਕਟ ਮੈਚਾਂ ਵਿੱਚ ਖ਼ਾਲਿਸਤਾਨ ਦਾ ਮੁੱਦਾ ਉਭਾਰਨ ਦੀ ਤਿਆਰੀ ਵਿੱਚ ਸੀ। ਸਾਈਬਰ ਸੈੱਲ ਨੇ ਰੈਫਰੈਂਡਮ 2020 ਨਾਂ ਦੇ ਫੇਸਬੁੱਕ ਪੇਜ ਤੋਂ ਇਨ੍ਹਾਂ ਨੌਜਵਾਨਾਂ ਦੀ ਪੈੜ ਨੱਪੀ। ਇਨ੍ਹਾਂ ਨੌਜਵਾਨਾਂ ਨੂੰ ਕਥਿਤ ਤੌਰ ਤੇ ਰੈਫਰੈਂਡਮ 2020 ਦੇ ਹੋਰ ਪਰਚੇ ਵੰਡ ਕੇ ਮੀਡੀਆ ਦਾ ਧਿਆਨ ਖਿੱਚਣ ਦਾ ਦੋਸ਼ ਲਾਇਆ ਗਿਆ।
2. ਦਸੰਬਰ ਦੋ ਹਜ਼ਾਰ ਅਠਾਰਾਂ ਵਿੱਚ ਪੂਨੇ ਤੋਂ ਹਰਪਾਲ ਸਿੰਘ ਨਾਇਕ ਅਤੇ ਮੁਇਨਉਦੀਨ ਸਦੀਕੀ ਨਾਂਅ ਦੇ ਨੌਜਵਾਨਾਂ ਨੂੰ ਯੂ ਏ ਪੀ ਏ ਤਹਿਤ ਕਾਬੂ ਕੀਤਾ ਗਿਆ। ਉਨ੍ਹਾਂ ਉੱਤੇ ਕਥਿਤ ਤੌਰ ਤੇ ਖਾਲਿਸਤਾਨ ਪੱਖੀ ਫੇਸਬੁੱਕ ਗਰੁੱਪ ਠਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨਠ ਬਣਾਉਣ ਦਾ ਦੋਸ਼ ਲਾਇਆ ਗਿਆ। ਇਸ ਫੇਸਬੁੱਕ ਗਰੁੱਪ ਤੇ 2315 ਬੰਦੇ ਜੁੜੇ ਦੱਸੇ ਜਾਂਦੇ ਹਨ। ਇਨ੍ਹਾਂ ਦੋਹਾਂ ਉੱਤੇ ਸਾਕਾ ਨੀਲਾ ਤਾਰਾ ਅਤੇ ਖਾਲਿਸਤਾਨ ਪੱਖੀ ਫੋਟੋਆਂ ਅਤੇ ਵੀਡੀਓ ਪਾਉਣ ਦਾ ਅਤੇ ਰੈਫਰੈਂਡਮ 2020 ਦਾ ਪ੍ਰਚਾਰ ਕਰਨ ਦਾ ਦੋਸ਼ ਲਾਇਆ ਗਿਆ।
3. ਫਰਵਰੀ 2019 ਵਿੱਚ ਇੱਕ ਅਠਾਰਾਂ ਸਾਲ ਦੇ ਜੁਆਨ ਨੂੰ ਖਾਲਿਸਤਾਨੀ ਪੱਖੀ ਕਵਿਤਾ ਨੂੰ ਫੇਸਬੁੱਕ ਉੱਤੇ ਪਸੰਦ ਕਰਨ ਦੇ ਦੋਸ਼ ਵਿੱਚ ਹੀ ਕੈਦ ਕਰ ਲਿਆ ਗਿਆ। ਬਾਅਦ ਵਿੱਚ ਉਸ ਤੋਂ ਲਿਖਤੀ ਮੁਆਫੀ ਲੈ ਕੇ ਅਤੇ ਉਸ ਦਾ ਫੇਸਬੁੱਕ ਖਾਤਾ ਬੰਦ ਕਰਕੇ ਉਸ ਨੂੰ ਛੱਡਿਆ ਗਿਆ। ਅਧਿਕਾਰੀਆਂ ਨੇ ਕਿਹਾ ਕਿ ਹੁਣ ਉਹ ਉਨ੍ਹਾਂ ਲੋਕਾਂ ਨੂੰ ਲੱਭ ਰਹੇ ਹਨ ਜਿਨ੍ਹਾਂ ਨੇ ਕਿ ਇਹ ਪੋਸਟ ਅੱਗੇ ਸਾਂਝੀ ਕੀਤੀ ਹੈ।
4. ਫਰਵਰੀ 2019 ਵਿੱਚ ਹੀ ਅਰਵਿੰਦਰ ਸਿੰਘ, ਸੁਰਜੀਤ ਸਿੰਘ ਅਤੇ ਰਣਜੀਤ ਸਿੰਘ ਨਾਂ ਦੇ ਨੌਜਵਾਨਾਂ ਨੂੰ ਰਾਜ ਖਿਲਾਫ ਜੰਗ ਛੇੜਨ ਦਾ ਦੋਸ਼ ਲਾ ਕੇ ਉਮਰ ਭਰ ਦੀ ਕੈਦ ਵਿੱਚ ਸੁੱਟ ਦਿੱਤਾ ਗਿਆ। ਉਨ੍ਹਾਂ ਉੱਤੇ ਖਤਰਨਾਕ ਹਮਲਿਆਂ ਦੀ ਵਿਉਂਤਬੰਦੀ ਕਰਨ ਤੇ ਖਤਰਨਾਕ ਹਥਿਆਰ ਰੱਖਣ ਅਤੇ ਖਾਲਿਸਤਾਨ ਪੱਖੀ ਕਿਤਾਬਾਂ ਅਤੇ ਫੋਟੋਆਂ ਰੱਖਣ ਦਾ ਦੋਸ਼ ਮੜ੍ਹਿਆ ਗਿਆ। ਬਾਅਦ ਵਿੱਚ ਖ਼ਤਰਨਾਕ ਹਮਲੇ ਅਤੇ ਖਤਰਨਾਕ ਹਥਿਆਰਾਂ ਵਾਲੀ ਗੱਲ ਦੇ ਹੱਕ ਵਿੱਚ ਕੋਈ ਸਬੂਤ ਪੇਸ਼ ਨਾ ਕੀਤਾ ਜਾ ਸਕਿਆ ਤੇ ਸਿਰਫ ਖਾਲਿਸਤਾਨ ਪੱਖੀ ਫੋਟੋਆਂ ਅਤੇ ਕਿਤਾਬਾਂ ਰੱਖਣ ਤੇ ਖ਼ਾਲਿਸਤਾਨ ਪੱਖੀ ਪੋਸਟਰ ਫੇਸਬੁੱਕ ਉੱਤੇ ਪਾਉਣ ਅਤੇ ਵਟਸਐਪ ਉੱਤੇ ਖਾਲਿਸਤਾਨ ਪੱਖੀ ਸੁਨੇਹੇ ਭੇਜਣ ਦੇ ਦੋਸ਼ ਲਾ ਕੇ ਸਜਾ ਸੁਣਾਈ ਗਈ।
5. ਜੁਲਾਈ 2019 ਵਿੱਚ ਜਰਮਨ ਸਿੰਘ ਨਾਂ ਦੇ ਨੌਜਵਾਨ ਨੂੰ ਅੱਤਵਾਦ ਸੰਬੰਧਤ ਧਾਰਾਵਾਂ ਲਾ ਕੇ ਕੈਦ ਕੀਤਾ ਗਿਆ। ਇੰਡੀਆ ਨੇ ਵਟਸਐਪ ਅਤੇ ਫੇਸਬੁੱਕ ਦੇ ਅਮਰੀਕਾ ਵਿਚਲੇ ਅਦਾਰਿਆਂ ਤੋਂ ਸਹਾਇਤਾ ਲੈ ਕੇ ਸਜਾ ਦਿੱਤੀ ਜਾਣੀ ਯਕੀਨੀ ਬਣਾਈ ਗਈ। ਇੰਡੀਅਨ ਅਧਿਕਾਰੀਆਂ ਨੇ ਵਟਸਐਪ ਅਤੇ ਫੇਸਬੁੱਕ ਤੋਂ ਉਸ ਦੇ ਨਿੱਜੀ ਸੁਨੇਹਿਆਂ ਤੱਕ ਪਹੁੰਚ ਬਣਾਈ ਗਈ। ਜਰਮਨ ਸਿੰਘ ਇੱਕ ਅਜਿਹੇ ਵਟਸਐਪ ਗਰੁੱਪ ਦਾ ਮੈਂਬਰ ਸੀ ਜੋ ਕਿ ਰੈਫਰੈਂਡਮ 2020 ਨੂੰ ਉਤਸ਼ਾਹਤ ਕਰਦਾ ਸੀ। ਐੱਨਆਈਏ ਨੇ ਦੋਸ਼ ਲਾਇਆ ਕਿ ਨੌਜਵਾਨ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜੋ ਕਿ ਸਾਕਾ ਨੀਲਾ ਤਾਰਾ ਵਿੱਚ ਸ਼ਹੀਦ ਹੋ ਗਏ ਸੀ ਉਨ੍ਹਾਂ ਉੱਤੇ ਬਣੇ ਕਿਸੇ ਗਾਣੇ ਨੂੰ ਅੱਗੇ ਸਾਂਝਾ ਕੀਤਾ ਹੈ।
6. ਜਨਵਰੀ 2020 ਵਿੱਚ ਤੀਰਥ ਸਿੰਘ ਨਾਂ ਦੇ ਨੌਜਵਾਨ ਨੂੰ ਮੇਰਠ ਤੋਂ ਯੂ ਏ ਪੀ ਏ ਕਨੂੰਨ ਤਹਿਤ ਸੋਸ਼ਲ ਮੀਡੀਆ ਉੱਤੇ ਖਾਲਿਸਤਾਨ ਦਾ ਮੁੱਦਾ ਉਭਾਰਨ ਦੇ ਦੋਸ਼ ਵਿੱਚ ਕੈਦ ਕੀਤਾ ਗਿਆ। ਉਸ ਕੋਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜੋ ਕਿ ਜੂਨ 1984 ਵਿੱਚ ਭਾਰਤੀ ਫੌਜ ਵੱਲੋਂ ਦਰਬਾਰ ਸਾਹਿਬ ਉੱਤੇ ਕੀਤੇ ਹਮਲੇ ਵਿੱਚ ਸ਼ਹੀਦ ਹੋ ਗਏ ਸੀ ਦੇ ਪੋਸਟਰ ਵੀ ਮਿਲੇ। ਜਿਕਰਯੋਗ ਹੈ ਕਿ ਭਾਰਤ ਅਤੇ ਇੱਥੋਂ ਤੱਕ ਕਿ ਪੂਰੀ ਦੁਨੀਆਂ ਦੇ ਬਹੁਤ ਸਾਰੇ ਗੁਰਦੁਆਰਿਆਂ ਅਤੇ ਘਰਾਂ ਵਿੱਚ ਸੰਤਾਂ ਦੇ ਪੋਸਟਰ ਤੇ ਤਸਵੀਰਾਂ ਆਮ ਲੱਗੀਆਂ ਹਨ।
7. ਜੂਨ 2020 ਵਿੱਚ ਪੰਜਾਬ ਪੁਲਸ ਨੇ ਸੁਖਚੈਨ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਜਸਪ੍ਰੀਤ ਸਿੰਘ ਨਾਂ ਦੇ ਨੌਜਵਾਨਾਂ ਨੂੰ ਯੂ ਏ ਪੀ ਏ ਤਹਿਤ ਕੈਦ ਕੀਤਾ। ਦੋਸ਼ ਮੜ੍ਹਿਆ ਗਿਆ ਕਿ ਇਹ ਤਿੰਨੇ ਸੋਸ਼ਲ ਮੀਡੀਆ ਉੱਪਰ ਮਿਲੇ ਤੇ ਜਥੇਬੰਦ ਹੋਏ ਤੇ ਪਾਕਿਸਤਾਨ ਵਿਚਲੇ ਕਿਸੇ ਧੜੇ ਵੱਲੋਂ ਇਨ੍ਹਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾ ਰਹੇ ਸੀ। ਜਸਪ੍ਰੀਤ ਸਿੰਘ ਨੂੰ ਸੋਲ੍ਹਾਂ ਦਿਨਾਂ ਬਾਅਦ ਹੀ ਹਿਰਾਸਤ ਵਿਚੋਂ ਛੱਡ ਦਿੱਤਾ ਗਿਆ ਜਦੋਂ ਪੁਲਸ ਨੇ ਇਹ ਇਕਬਾਲ ਕੀਤਾ ਕਿ ਉਨ੍ਹਾਂ ਦੇ ਕੋਲ ਉਹਦੇ ਖ਼ਿਲਾਫ਼ ਕੋਈ ਸਬੂਤ ਨਹੀਂ ਹੈ।

ਜਸਪ੍ਰੀਤ ਸਿੰਘ ਦੇ ਪਿਤਾ ਅਨੁਸਾਰ ਹੁਣ ਇਨ੍ਹਾਂ ਸੋਲਾਂ ਦਿਨਾਂ ਵਿੱਚ ਬਹੁਤ ਕੁਝ ਵੇਖ ਲਿਆ ਹੈ। ਉਸ ਨੇ ਪੁਲਸ ਵੱਲੋਂ ਉਸ ਦੇ ਸਾਥੀਆਂ ਉੱਪਰ ਢਾਹੇ ਜਾ ਰਹੇ ਤੀਜੇ ਦਰਜੇ ਦੇ ਤਸ਼ੱਦਦ ਨੂੰ ਅੱਖੀਂ ਵੇਖਿਆ ਹੈ। ਉਸ ਨੂੰ ਵੀ ਪੁਲਸ ਵੱਲੋਂ ਤੀਜੇ ਦਰਜੇ ਦੇ ਤਸ਼ੱਦਦ ਲਈ ਢਾਹਿਆ ਗਿਆ ਪਰ ਉਹ ਬਚ ਗਿਆ ਕਿਉਂਕਿ ਉਸ ਨੇ ਹਿਰਾਸਤ ਵਿੱਚ ਕੁਝ ਵੀ ਨਹੀਂ ਸੀ ਖਾਧਾ ਤੇ ਉਹ ਠੀਕ ਨਹੀਂ ਸੀ ਸ਼ਾਇਦ ਇਸ ਲਈ। ਪਰ ਦੂਜੇ ਦੋ ਸਾਥੀਆਂ ਨੂੰ ਉਹਦੇ ਸਾਹਮਣੇ ਬੁਰੀ ਤਰ੍ਹਾਂ

ਕੁੱਟਿਆ ਗਿਆ।

8. 28 ਜੂਨ 2020 ਨੂੰ ਪੁਲਸ ਨੇ ਮਹਿੰਦਰ ਪਾਲ ਸਿੰਘ, ਗੁਰਤੇਜ ਸਿੰਘ ਅਤੇ ਲਵਪ੍ਰੀਤ ਸਿੰਘ ਨੂੰ ਕਾਬੂ ਕੀਤਾ ਤੇ ਉਨ੍ਹਾਂ ਉੱਤੇ ਅੱਤਵਾਦ ਸੰਬੰਧਤ ਧਾਰਾਵਾਂ ਲਾ ਦਿੱਤੀਆਂ। ਪੁਲਿਸ ਅਨੁਸਾਰ ਉਨ੍ਹਾਂ ਕੋਲੋਂ ਬਰਾਮਦ ਹੋਏ ਤਿੰਨ ਮੋਬਾਈਲਾਂ ਵਿੱਚ ਖਾਲਿਸਤਾਨ ਪੱਖੀ ਲਹਿਰ ਦੇ ਸੰਬੰਧਿਤ ਫੋਟੋਆਂ ਅਤੇ ਵੀਡੀਓ ਦੇ ਨਾਲ ਨਾਲ ਉਨ੍ਹਾਂ ਨੂੰ ਪ੍ਰਚਾਰ ਰਹੇ ਧੜੇ ਦੀਆਂ ਵੀ ਫੋਟੋਆਂ ਵੀ ਮਿਲੀਆਂ। ਲਵਪ੍ਰੀਤ ਕੁਝ ਸਮੇਂ ਤੋਂ ਸੋਸ਼ਲ ਮੀਡੀਆ ਮੰਚਾਂ ਉੱਤੇ ਹੋਰ ਖਾਲਿਸਤਾਨੀ ਸਮਰਥਕਾਂ ਦੇ ਨਾਲ ਸਰਗਰਮ ਸੀ। ਉਸਨੇ ਠਖ਼ਾਲਸਾ ਭਿੰਡਰਾਂਵਾਲੇ ਜੀਠ ਨਾਂ ਦਾ ਇੱਕ ਫੇਸਬੁੱਕ ਪੰਨਾ ਵੀ ਬਣਾਇਆ ਸੀ ਜਿਸ ਉੱਤੇ ਕਿ ਉਹ ਖਾਲਿਸਤਾਨ ਪੱਖੀ ਨੇਤਾਵਾਂ ਅਤੇ ਖਾਲਿਸਤਾਨ ਲਹਿਰ ਸਬੰਧਤ ਪੋਸਟਾਂ ਵੀਡੀਓ ਗਾਣੇ ਅਤੇ ਫੋਟੋਆਂ ਪਾਉਂਦਾ ਰਹਿੰਦਾ ਸੀ। ਲਵਪ੍ਰੀਤ ਨੇ ਸ਼ਾਹੀਨ ਬਾਗ ਮੋਰਚੇ ਵਿੱਚ ਦਿੱਲੀ ਵਿਖੇ ਮੁਸਲਮਾਨ ਧਰਨਾਕਾਰੀਆਂ ਨੂੰ ਲੰਗਰ ਵੀ ਵਰਤਾਇਆ ਸੀ ਜਿਸ ਕਰਕੇ ਕਿ ਸ਼ਾਇਦ ਉਹ ਅਧਿਕਾਰੀਆਂ ਦੀ ਨਜ਼ਰੀਂ ਚੜ੍ਹ ਗਿਆ ਸੀ।

9. ਵੱਡੀ ਗਿਣਤੀ ਵਿੱਚ ਸਿੱਖ ਵੈਬਸਾਈਟਾਂ, ਸੋਸ਼ਲ ਮੀਡੀਆ ਖਾਤੇ ਅਤੇ ਹੈਸ਼ਟੈਗ ਇੰਡੀਆ ਵਿੱਚ ਬੰਦ ਕਰ ਦਿੱਤੇ ਗਏ ਹਨ। ਪੰਜਾਬ ਵਿੱਚੋਂ ਚੱਲ ਰਹੀ ਸਿੱਖ ਸਿਆਸਤ ਨਾਂ ਦੀ ਵੈੱਬਸਾਈਟ ਨੂੰ ਜੂਨ 2020 ਵਿੱਚ ਇੰਡੀਆ ਵਿੱਚ ਬੰਦ ਕਰ ਦਿੱਤਾ ਗਿਆ। ਸਿੱਖਾਂ ਦੇ ਸੰਬੰਧਤ ਅਕਾਲ ਚੈਨਲ, ਕੇ ਟੀਵੀ ਅਤੇ ਟੀਵੀ84 ਨੂੰ ਯੂ ਟਿਊਬ ਉੱਤੇ ਬੰਦ ਕਰ ਕਰ ਦਿੱਤਾ ਗਿਆ। ਜਿੱਥੇ ਹੁਣ ਅਕਾਲ ਚੈਨਲ ਮੁੜ ਕੰਮ ਕਰਨ ਲੱਗ ਗਿਆ ਹੈ ਟੀਵੀ84 ਅਤੇ ਕੇ ਟੀਵੀ ਉੱਤੇ ਲਾਈ ਪਾਬੰਦੀ ਹਲੇ ਵੀ ਆਇਦ ਹੈ। ਅਦਾਰਾ ਸਿੱਖ ਸਿਆਸਤ ਦੀ ਅੰਗਰੇਜ਼ੀ ਵੈੱਬਸਾਈਟ ਵੀ ਹਾਲੇ ਤੱਕ ਬੰਦ ਹੈ।

10. ਸਿੱਖਾਂ ਵੱਲੋਂ ਚਲਾਈ ਜਾ ਰਹੀ ਰਿਕਾਰਡਿੰਗ ਕੰਪਨੀ ਇੰਮੋਰਟਲ ਪ੍ਰੋਡਕਸ਼ਨ ਨੇ 10 ਜੂਨ ਨੂੰ ਟਵੀਟ ਕੀਤਾ ਕਿ ਉਨ੍ਹਾਂ ਦੇ ਫੇਸਬੁੱਕ ਪੇਜ ਅਤੇ ਇੰਸਟਾਗਰਾਮ ਖਾਤੇ ਨੂੰ ਬਿਨਾਂ ਕਿਸੇ ਚਿਤਾਵਨੀ ਦੇ ਬੰਦ ਕਰ ਦਿੱਤਾ ਗਿਆ ਹੈ। ਧਾਰਮਿਕ ਸੰਗੀਤ ਬਣਾਉਣ ਅਤੇ ਰਿਕਾਰਡ ਕਰਨ ਵਾਲੀ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਇਹ ਪਾਬੰਦੀਆਂ ਉਨ੍ਹਾਂ ਦੀ ਆ ਰਹੀ ਨਵੀਂ ਰਿਕਾਰਡਿੰਗ ਤੋਂ ਪਹਿਲਾਂ ਲਾਉਣਾ ਗਿਣ ਮਿਥ ਕੇ ਕੀਤਾ ਜਾ ਰਿਹੈ ਹਮਲਾ ਹੈ ਜਿਸ ਦਾ ਕੀ ਮਕਸਦ ਸਿੱਖਾਂ ਨੂੰ ਚੁੱਪ ਕਰਾਉਣਾ ਹੈ।

11. ਜੁਲਾਈ 2020 ਵਿੱਚ ਇੰਡੀਆ ਸਰਕਾਰ ਨੇ ਸਿਖਸ ਫਾਰ ਜਸਟਿਸ ਦੀਆਂ 40 ਦੇ ਕਰੀਬ ਵੈੱਬਸਾਈਟਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਸਿਖਸ ਫਾਰ ਜਸਟਿਸ ਖਾਲਿਸਤਾਨੀ ਪੱਖੀ ਜਥੇਬੰਦੀ ਹੈ ਜੋ ਕਿ ਰਿਫਰੈਂਡਮ ਰਾਹੀਂ ਖਾਲਿਸਤਾਨ ਬਾਰੇ ਲੋਕ ਮਤ ਜਾਨਣ ਦੀ ਕਵਾਇਦ ਵਿਚ ਲੱਗੀ ਹੋਈ ਹੈ। ਇੰਡੀਆ ਸਰਕਾਰ ਨੇ ਇਸ ਜਥੇਬੰਦੀ ਨੂੰ ਅੱਤਵਾਦੀ ਸੰਗਠਨ ਗਰਦਾਨ ਦਿੱਤਾ ਹੈ ਤੇ ਇਸ ਦੇ ਅਮਰੀਕਾ ਵਿਚਲੇ ਬਾਨੀ ਗੁਰਪਤਵੰਤ ਸਿੰਘ ਪੰਨੂ ਨੂੰ ਯੂ ਏ ਪੀ ਏ ਤਹਿਤ ਅੱਤਵਾਦੀ ਕਰਾਰ ਦੇ ਦਿੱਤਾ ਹੈ। ਇਸ ਅਦਾਰੇ ਦੀ ਵੈੱਬਸਾਈਟ, ਫੇਸਬੁੱਕ ਪੰਨਾ ਅਤੇ ਹੋਰ ਸੋਸ਼ਲ ਮੀਡੀਆ ਖਾਤੇ ਹੁਣ ਇੰਡੀਆ ਵਿੱਚੋਂ ਨਹੀਂ ਵੇਖੇ ਕਰੇ ਜਾ ਸਕਦੇ।

12. 1 ਜੁਲਾਈ 2020 ਨੂੰ ਸਿੱਖਾਂ ਦੀ ਸਭ ਤੋਂ ਸਿਰਮੌਰ ਧਾਰਮਿਕ ਸ਼ਖ਼ਸੀਅਤ ਜਥੇਦਾਰ ਅਕਾਲ ਤਖ਼ਤ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੋਸ਼ਲ ਮੀਡੀਆ ਉੱਤੇ ਇੱਕ ਨਵੀਂ ਕਿਸਮ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਸੋਸ਼ਲ ਮੀਡੀਆ ਉੱਤੇ ਚੁਕੰਨੇ ਰਹਿ ਕੇ ਵਿਚਰਣ ਦੀ ਤਾਕੀਦ ਵੀ ਕੀਤੀ ਤੇ ਸੋਸ਼ਲ ਮੀਡੀਆ ਉੱਤੇ ਕਿਸੇ ਪੋਸਟ ਨੂੰ ਪਾਉਣ ਤੋਂ ਪਹਿਲਾਂ ਦੋ ਵਾਰ ਸੋਚ ਸਮਝ ਲੈਣ ਦੀ ਸਲਾਹ ਵੀ ਦਿੱਤੀ।

13. ਮੁੜ 7 ਜੁਲਾਈ ਨੂੰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਨੌਜਵਾਨਾਂ ਨੂੰ ਖਾਲਿਸਤਾਨ ਪੱਖੀ ਪੋਸਟਾਂ ਸਾਂਝੇ ਕਰਨ ਦੇ ਨਾਂ ਹੇਠ ਪੁਲਸ ਥਾਣਿਆਂ ਵਿੱਚ ਲਿਜਾ ਕੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਤੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

14. 9 ਜੁਲਾਈ 2020 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੁਰਾਣੇ ਮੈਂਬਰ ਭਾਈ ਕਰਨੈਲ ਸਿੰਘ ਪੰਜੋਲੀ ਨੂੰ ਉਨ੍ਹਾਂ ਦੇ ਫੇਸਬੁੱਕ ਖਾਤੇ ਉੱਤੇ ਪਾਈਆਂ ਪੋਸਟਾਂ ਦੇ ਸਬੰਧ ਵਿੱਚ ਪੁਲੀਸ ਵੱਲੋਂ ਪੁੱਛ ਪੜਤਾਲ ਕੀਤੀ ਗਈ। ਭਾਈ ਪੰਜੋਲੀ ਨੇ ਕਿਹਾ ਕਿ ਮੈਂ ਆਪਣੀ ਪੋਸਟ ਵਿੱਚ ਕੁਝ ਵੀ ਗ਼ਲਤ ਨਹੀਂ ਲਿਖਿਆ। ਇੰਡੀਆ ਸਰਕਾਰ ਵੱਲੋਂ ਗੁਰਪਤਵੰਤ ਸਿੰਘ ਪੰਨੂ ਨੂੰ ਅੱਤਵਾਦੀ ਗਰਦਾਨੇ ਜਾਣ ਉੱਤੇ ਉਨ੍ਹਾਂ ਆਪਣਾ ਇਤਰਾਜ਼ ਜ਼ਾਹਿਰ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੋਈ ਅੱਤਵਾਦੀ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਜੇ ਉਹ ਪੰਜਾਬ ਵਿੱਚ ਸ਼ਾਂਤੀਪੂਰਨ ਤਰੀਕੇ ਨਾਲ ਰੈਫਰੈਂਡਮ ਕਰਵਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਆਗਿਆ ਦੇ ਦੇਣੀ ਚਾਹੀਦੀ ਹੈ ਤਾਂ ਜੋ ਉਸ ਦੇ ਪੰਜਾਬ ਅਤੇ ਸਿੱਖਾਂ ਬਾਰੇ ਸ਼ੱਕ ਦੂਰ ਹੋ ਸਕਣ। ਮੈਨੂੰ ਸਿੱਖ ਨੌਜਵਾਨਾਂ ਦੇ ਇਸ ਤਰ੍ਹਾਂ ਦੇ ਬਹੁਤ ਸਾਰੇ ਫੋਨ ਆਉਂਦੇ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਪੁਲਿਸ ਅਜਿਹੇ ਮਾਮਲਿਆਂ ਵਿੱਚ ਘੇਰ ਲੈਂਦੀ ਹੈ। ਫੇਸਬੁੱਕ ਉੱਤੇ ਪਾਈ ਕਿਸੇ ਪੋਸਟ ਉੱਤੇ ਟਿੱਪਣੀ ਕਰਨ ਜਾਂ ਉਸ ਨੂੰ ਪਸੰਦ ਕਰਨਾ ਜੁਰਮ ਕਿਸ ਤਰੀਕੇ ਨਾਲ ਮੰਨਿਆ ਜਾ ਰਿਹਾ ਹੈ ਜਿਸ ਕਰਕੇ ਤੇ ਨੌਜਵਾਨਾਂ ਨੂੰ ਪੁਲਿਸ ਥਾਣਿਆਂ ਵਿੱਚ ਸੱਦਿਆ ਜਾਂਦਾ ਹੈ। ਖਾਸਕਰ ਜਦੋਂ ਇਹ ਕਿਸੇ ਹੋਰ ਕੌਮ ਖਿਲਾਫ ਨਫਰਤੀ ਨਫਰਤ ਪੈਦਾ ਨਾ ਕਰ ਰਹੇ ਹੋਣ।

ਹਿਊਮਨ ਰਾਈਟਸ ਵਾਚ ਦੀ ਦੱਖਣੀ ਏਸ਼ੀਆ ਦੀ ਡਰੈਕਟਰ ਬੀਬੀ ਮੀਨਾਕਸ਼ੀ ਗਾਂਗੁਲੀ ਅਨੁਸਾਰ ਭਾਰਤੀ ਅਧਿਕਾਰੀ ਅੱਤਵਾਦ ਵਿਰੋਧੀ ਖਤਰਨਾਕ ਕਨੂੰਨਾਂ ਨੂੰ ਆਮ ਕਾਰਕੁਨਾਂ ਖ਼ਿਲਾਫ਼ ਸਿਰਫ਼ ਇਸੇ ਲਈ ਵਰਤ ਰਹੀ ਹੈ ਕਿਉਂਕਿ ਉਹ ਸਰਕਾਰ ਦੇ ਅਨਿਆਂ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰਦੇ ਹਨ। ਭਾਰਤੀ ਸਰਕਾਰ ਦੇ ਅਧਿਕਾਰੀਆਂ ਵੱਲੋਂ ਮਨੁੱਖੀ ਅਧਿਕਾਰਾਂ ਦੇ ਰਾਖਿਆਂ, ਕਾਰਕੁਨਾਂ ਤੇ ਪੱਤਰਕਾਰਾਂ ਨੂੰ ਸਰਕਾਰ ਖਿਲਾਫ ਆਪਣਾ ਪੱਖ ਰੱਖਣ ਕਰਕੇ ਨਿਸ਼ਾਨਾ ਬਣਾਇਆ ਜਾਣਾ ਬੰਦ ਹੋਣਾ ਚਾਹੀਦਾ ਹੈ। ਕਰੋਨਾ ਵਾਇਰਸ ਵਰਗੇ ਇਸ ਖਤਰਨਾਕ ਸਮੇਂ ਜਿੱਥੇ ਦੁਨੀਆਂ ਭਰ ਦੀਆਂ ਸਰਕਾਰਾਂ ਕੈਦੀਆਂ ਨੂੰ ਰਿਹਾ ਕਰਨ ਬਾਰੇ ਸੋਚ ਰਹੀਆਂ ਹਨ ਇਹ ਜੱਗੋਂ ਤੇਰਵੀਂ ਗੱਲ ਹੈ ਕਿ ਭਾਰਤੀ ਅਧਿਕਾਰੀ ਕਾਰਕੁਨਾਂ ਨੂੰ ਕੈਦ ਕਰਕੇ ਜੇਲ੍ਹੀਂ ਡੱਕਣ ਦੀ ਫਿਰਾਕ ਵਿੱਚ ਹਨ। ਖਾਸ ਕਰਕੇ ਉਨ੍ਹਾਂ ਨੂੰ ਜਿਹੜੇ ਕਿ ਕਿਸੇ ਗੱਲੋਂ ਵੀ ਕਨੂੰਨੀ ਤੌਰ ਤੇ ਕੈਦ ਕੀਤੇ ਹੀ ਨਹੀਂ ਜਾ ਸਕਦੇ।

### ਇਸ ਮਾੜੀ ਸੋਚ ਵਾਲੀ ਮੁਕੱਦਮੇਬਾਜ਼ੀ ਅਤੇ ਬੋਲਣ ਦੀ ਆਜ਼ਾਦੀ ਉੱਤੇ ਪਾਬੰਦੀਆਂ ਦੇ ਖਿਲਾਫ ਸੰਭਾਵੀ ਹੱਲ

ਇੰਸਟਾਗ੍ਰਾਮ ਦਾ ਸਮਾਜਕ ਵਿਧਾਨ ਇਹ ਦੱਸਦਾ ਹੈ ਕਿ ਇੰਸਟਾਗ੍ਰਾਮ ਅੱਤਵਾਦ ਨੂੰ ਹੱਲਾਸ਼ੇਰੀ ਦੇਣ, ਜਥੇਬੰਦਕ ਜੁਰਮ ਕਰਨ ਜਾਂ ਨਫਰਤੀ ਸਮੂਹਾਂ ਲਈ ਬਣੀ ਹੋਈ ਥਾਂ ਨਹੀਂ ਹੈ। ਫੇਸਬੁੱਕ ਦੇ ਸਮਾਜਿਕ ਨਿਯਮ ਅੱਤਵਾਦੀ ਗਤੀਵਿਧੀ ਨੂੰ ਰਾਜ ਤੋਂ ਹਟਵਾਂ ਵਰਤਾਰਾ ਮੰਨਦੇ ਹਨ ਜਿਹੜਾ ਕਿ:

* ਹਿੰਸਾ ਦੇ ਗਿਣੇ ਮਿੱਥੇ ਕੰਮਾਂ ਨੂੰ ਸਮਰਥਨ ਦੇਵੇ ਜਾਂ ਉਸ ਵਿੱਚ ਸਹਾਇਕ ਹੋਵੇ
* ਜਿਹੜਾ ਕਿ ਕਿਸੇ ਆਮ ਨਾਗਰਿਕ ਜਾਂ ਕਿਸੇ ਹੋਰ ਬੰਦੇ ਜਿਹੜੇ ਕਿ ਕਿਸੇ ਹਥਿਆਰਬੰਦ ਝਗੜੇ ਦਾ ਹਿੱਸਾ ਨਾ ਹੋਵੇ ਨੂੰ ਸੱਟ ਫੇਟ ਪਹੁੰਚਾਉਣ ਦੀ ਨੁਕਸਾਨ ਕਰਨ ਜਾਂ ਮਾਰਨ ਦੀ ਮਨਸ਼ਾ ਨਾਲ ਹੋਵੇ।
* ਜਿਹੜਾ ਕਿ ਕਿਸੇ ਆਮ ਵਸੋਂ, ਸਰਕਾਰ ਜਾਂ ਅੰਤਰਰਾਸ਼ਟਰੀ ਜਥੇਬੰਦੀ ਨੂੰ ਡਰਾਵੇ, ਮਜਬੂਰ ਕਰੇ ਜਾਂ ਪ੍ਰਭਾਵਿਤ ਕਰੇ।
* ਤੇ ਇਹ ਸਭ ਕਿਸੇ ਸਿਆਸੀ ਧਾਰਮਿਕ ਜਾਂ ਵਿਚਾਰਧਾਰਕ ਮਨਸ਼ਾ ਨੂੰ ਪੂਰਾ ਕਰਨ ਲਈ।

ਇੰਡੀਆ ਖਾਲਿਸਤਾਨ ਪੱਖੀ ਸਮਰਥਨ ਨੂੰ ਅੱਤਵਾਦ ਦਾ ਠੱਪਾ ਲਾ ਕੇ ਸਾਰੇ ਸੋਸ਼ਲ ਮੀਡੀਆ ਮੰਚਾਂ ਤੇ ਪ੍ਰਚਾਰ ਪ੍ਰਸਾਰ ਰਿਹਾ ਹੈ। ਸਿਰਫ ਖਾਲਿਸਤਾਨ ਸੰਬੰਧਤ ਸਮੱਗਰੀ ਦੇ ਆਧਾਰ ਤੇ ਅੱਤਵਾਦ ਦਾ ਦੋਸ਼ ਲਾਓਣਾ ਕਿਸੇ ਵੀ ਤਰ੍ਹਾਂ ਨਿਆਪੂਰਨ ਨਹੀਂ। ਇੰਡੀਅਨ ਅਧਿਕਾਰੀਆਂ ਨੂੰ ਇਸ ਸਭ ਨੂੰ ਫੇਸਬੁੱਕ ਅਤੇ ਹੋਰ ਮੰਚਾਂ ਦੇ ਅਨੁਸਾਰ ਅੱਤਵਾਦੀ ਸਾਬਿਤ ਕਰਨ ਲਈ ਲੋੜੀਂਦੇ ਸਬੂਤ ਪੇਸ਼ ਕਰਨੇ ਚਾਹੀਦੇ ਹਨ।

ਫੇਸਬੁੱਕ ਦੇ ਸਮਾਜਕ ਨਿਯਮ ਵੀ ਕਹਿੰਦੇ ਹਨ ਕਿ ਅੱਤਵਾਦ ਸੰਬੰਧੀ ਗਤੀਵਿਧੀਆਂ ਵਿੱਚ ਗਲਤਾਨ ਕਿਸੇ ਮਨੁੱਖ, ਨੇਤਾ ਜਾਂ ਧੜੇ ਦੀ ਸਿਫ਼ਤ ਸਲਾਹ ਜਾਂ ਉਸ ਦੇ ਹੱਕ ਵਿੱਚ ਜਾ ਰਹੀ ਸਮੱਗਰੀ ਨੂੰ ਹਟਾ ਦਿੱਤਾ ਜਾਵੇਗਾ। ਇਤਿਹਾਸਕ ਸਿੱਖ ਸ਼ਖ਼ਸੀਅਤਾਂ ਅਤੇ ਹੋਰ ਜੋ ਕੇ ਖਾਲਿਸਤਾਨ ਦੀ ਗੱਲ ਕਰਦੇ ਹਨ ਨੂੰ ਇੰਡੀਆ ਸਰਕਾਰ ਅੱਤਵਾਦ ਦਾ ਠੱਪਾ ਲਾ ਰਹੀ ਹੈ। ਅਸੀਂ ਮੰਗ ਕਰਦੇ ਹਾਂ ਕਿ ਸੋਸ਼ਲ ਮੀਡੀਆ ਮੰਚ ਡਬਲਯੂ ਐੱਸ ਓ ਅਤੇ ਹੋਰ ਸਿੱਖ ਅਦਾਰਿਆਂ ਨਾਲ ਖਾਲਿਸਤਾਨ ਅਤੇ 1984 ਦੇ ਮੁੱਦਿਆਂ ਉੱਤੇ ਵਿਚਾਰ ਚਰਚਾ ਕਰਨ ਤਾਂ ਜੋ ਇਸ ਵਰਤਾਰੇ ਅਤੇ ਹੋਰ ਇਤਿਹਾਸਕ ਸਿੱਖ ਸ਼ਖ਼ਸੀਅਤਾਂ ਨੂੰ ਸਹੀ ਤਰੀਕੇ ਸਮਝਿਆ ਜਾ ਸਕੇ।

ਹਿਊਮਨ ਰਾਈਟਸ ਵਾਚ ਅਤੇ ਐਮਨੈਸਟੀ ਇੰਟਰਨੈਸ਼ਨਲ ਵੱਲੋਂ ਜਾਰੀ ਰਿਪੋਰਟਾਂ ਅਨੁਸਾਰ ਇੰਡੀਆ ਦਾ ਮਨੁੱਖੀ ਅਧਿਕਾਰ ਰਿਕਾਰਡ ਗੜਬੜੀ ਵਾਲਾ ਹੀ ਰਿਹਾ ਹੈ। ਇਸ ਦੇ ਮੱਦੇਨਜ਼ਰ ਅਸੀਂ ਸੋਸ਼ਲ ਮੀਡੀਆ ਮੰਚਾਂ ਨੂੰ ਬੇਨਤੀ ਕਰਦੇ ਹਾਂ ਕਿ ਖਾਲਿਸਤਾਨ ਦੇ ਸਬੰਧ ਵਿੱਚ ਭਾਰਤੀ ਜਾਂਚ ਪੜਤਾਲ ਵਿੱਚ ਸਹਾਇਤਾ ਕਰਦਿਆਂ ਇਸ ਗੱਲ ਦਾ ਉਚੇਚਾ ਖਿਆਲ ਰੱਖਿਆ ਜਾਵੇ ਕਿ ਕੀ ਇਹ ਅਸਲ ਵਿੱਚ ਹੋਈ ਕਿਸੇ ਹਿੰਸਕ ਕਾਰਵਾਈ ਦੇ ਆਧਾਰ ਤੇ ਹੈ ਜਾਂ ਵੱਖਰੀ ਸੁਰ ਰੱਖਣ ਵਾਲੀਆਂ ਆਵਾਜ਼ਾਂ ਨੂੰ ਦੱਬੀ ਰੱਖਣ ਦੀ ਕਵਾਇਦ ਹੈ।

ਅਸੀਂ ਹੋਰ ਇਹ ਕਹਿਣਾ ਚਾਹੁੰਦੇ ਹਾਂ ਕਿ ਕਿਸੇ ਦੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਰਨ ਨਾਲ ਉਸ ਦੀ ਖੱਜਲ ਖੁਆਰੀ ਦਾ ਮੁੱਢ ਬੱਝ ਸਕਦਾ ਹੈ ਤੇ ਅਸੀਂ ਸੋਸ਼ਲ ਮੀਡੀਆ ਮੰਚਾਂ ਨੂੰ ਸਲਾਹ ਦਿੰਦੇ ਹਾਂ ਦਿੰਦੇ ਹਾਂ ਕਿ ਅਜਿਹੀ ਜਾਣਕਾਰੀ ਸਾਂਝੀ ਨਾ ਕੀਤੀ ਜਾਵੇ। ਸੋਸ਼ਲ ਮੀਡੀਆ ਮੰਚ ਇਸ ਤਰ੍ਹਾਂ ਦੀ ਵੱਖਰੀ ਸੁਰ ਰੱਖਣ ਵਾਲੀਆਂ ਆਵਾਜ਼ਾਂ ਨੂੰ ਦੱਬਣ ਦੀ ਥਾਂ ਤੇ ਉਨ੍ਹਾਂ ਨੂੰ ਚੁੱਪ ਕਰਾਉਣ ਦੀ ਥਾਂ ਆਪਣੇ ਮੰਚ ਤੋਂ ਉਨ੍ਹਾਂ ਦੀ ਰਾਖੀ ਲਈ ਜ਼ਰੂਰੀ ਪ੍ਰਬੰਧ ਕਰਨ ਤਾਂ ਜੋ ਇਹ ਕਾਰਵਾਈ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਬੱਬ ਨਾ ਬਣੇ। ਇੰਡੀਆ ਵਰਗੇ ਰਾਜ ਜਿੱਥੇ ਕਿ ਤਸ਼ੱਦਦ ਇੱਕ ਆਮ ਵਰਤਾਰਾ ਹੈ ਉਨ੍ਹਾਂ ਨਾਲ ਅਜਿਹੀ ਜਾਣਕਾਰੀ ਸਾਂਝੀ ਕਰਨ ਨਾਲ ਸੋਸ਼ਲ ਮੀਡੀਆ ਮੰਚ ਕਿਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਹਿੱਸੇਦਾਰ ਨਾ ਹੋ ਨਿੱਬੜਨ।

ਅਖੀਰ ਜਿੱਥੇ ਇਸ ਤਰ੍ਹਾਂ ਦੀ ਸਮੱਗਰੀ ਤੇ ਕੋਈ ਰੋਕ ਲਾਈ ਜਾਣੀ ਬਣਦੀ ਹੋਵੇ ਉਹਦੇ ਸਬੰਧੀ ਸਾਫ਼ ਸਪੱਸ਼ਟ ਤਰੀਕਾਕਾਰ ਸੋਸ਼ਲ ਮੀਡੀਆ ਮੰਚਾਂ ਕੋਲ ਹੋਣਾ ਚਾਹੀਦਾ ਹੈ। ਜੋ ਕਿ ਕਿਸੇ ਮਨੁੱਖੀ ਵਿਚੋਲੇ ਰਾਹੀਂ ਨਜਿੱਠਿਆ ਜਾਵੇ ਜੋ ਇਨ੍ਹਾਂ ਵਿਸ਼ਿਆਂ ਬਾਰੇ ਡੂੰਘੀ ਜਾਣਕਾਰੀ ਰੱਖਦਾ ਹੋਵੇ। ਜਿੱਥੇ ਕਿਤੇ ਵੀ ਰੋਕੀ ਗਈ ਸਮੱਗਰੀ ਪਿਛਲੇ ਕਾਰਨ ਜਾਨਣ ਬਾਰੇ ਕੋਈ ਬੇਨਤੀ ਕਰੇ ਤਾਂ ਉਹ ਉਸ ਨੂੰ ਮੁਹੱਈਆ ਕੀਤੇ ਜਾਣ। -0-

## ਏਜੀਪੀਸੀ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਨਿਊਯਾਰਕ ਵਲੋਂ ਲਾਹੌਰ ਵਿਚ ਸ਼ਹੀਦ ਭਾਈ ਤਾਰੂ ਸਿੰਘ ਦੇ ਗੁਰਦੁਆਰਾ ਸਾਹਿਬ ਸੰਬੰਧੀ ਪੈਦਾ ਹੋਏ ਤਨਾਅ ਨੂੰ ਘਟਾਉਣ ਵਾਸਤੇ ਪਾਕਿਸਤਾਨ ਸਰਕਾਰ ਨੂੰ ਬੇਨਤੀ

ਪਾਕਿਸਤਾਨ-ਲਾਹੌਰ (ਬਲਵਿੰਦਰਪਾਲ ਸਿੰਘ ਖਾਲਸਾ)- ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਆਗੂਆਂ ਨੇ ਕਿਹਾ ਹੈ ਕਿ ਉਹ ਪਾਕਿਸਤਾਨੀ ਵਕਫ ਬੋਰਡ ਦੇ ਉੱਚ ਅਧਿਕਾਰੀਆਂ ਦੇ ਸੰਪਰਕ ਵਿਚ ਹਨ ਤੇ ਪਾਕਿਸਤਾਨ ਪੰਜਾਬ ਸਰਕਾਰ ਤੇ ਗਵਰਨਰ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ ਤਾਂ ਕਿ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਅਸਥਾਨ ਬਾਰੇ ਪੈਦਾ ਹੋਏ ਤਨਾਅ ਨੂੰ ਘਟਾਇਆ ਜਾਵੇ ਤੇ ਹਾਲਾਤ ਸ਼ਾਂਤ ਕੀਤੇ ਜਾਣ। ਏਜੀਪੀਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਹਿੰਮਤ ਸਿੰਘ ਨੇ ਖਬਰ ਦਿੰਦਿਆਂ ਕਿਹਾ ਕਿ ਕੁਝ ਅਜਿਹੀਆਂ ਤਾਕਤਾਂ ਹਰ ਥਾਂ ਅਤੇ ਹਰ ਦੇਸ਼ ਵਿਚ ਹੁੰਦੀਆਂ ਹਨ, ਜੋ ਸਹਿਨਸ਼ੀਲਤਾ ਤੇ ਧਰਮਾਂ ਦੀ ਸਹਿਹੋਂਦ ਵਿਚ ਯਕੀਨ ਨਹੀਂ ਰੱਖਦੀਆਂ ਹੁੰਦੀਆਂ ਪਰ ਸਰਕਾਰਾਂ ਆਪਣੇ ਅਸਰ ਰਸੂਖ ਦੀ ਵਰਤੋਂ ਕਰਕੇ ਹਾਲਾਤ ਨੂੰ ਨਾਰਮਲ ਕਰ ਲੈਂਦੀਆਂ ਹੁੰਦੀਆਂ ਹਨ। ਸਿੱਖ ਆਗੂਆਂ ਨੇ ਦੱਸਿਆ ਕਿ ਕੁਝ ਗਲਤ ਫਹਿਮੀਆਂ ਕਰਕੇ ਕਦੇ ਕਦੇ ਹਾਲਾਤ ਟੇਢੇ ਮੇਢੇ ਹੋ ਜਾਂਦੇ ਹਨ ਪਰ ਹੌਲੀ ਹੌਲੀ ਸਭ ਠੀਕ ਕਰ ਲਿਆ ਜਾਵੇਗਾ। ਸਿੱਖ-ਮੁਸਲਿਮ ਦੋਸਤੀ ਬਹੁਤ ਡੂੰਘੀ ਹੈ ਤੇ ਇਸ ਨੂੰ ਕਿਸੇ ਵੀ ਤਰ੍ਹਾਂ ਤੋੜਿਆ ਨਹੀਂ ਜਾ ਸਕਦਾ। ਪਾਕਿਸਤਾਨ ਸਰਕਾਰ ਤੇ ਪਾਕਿਸਤਾਨ ਦੇ ਅਵਾਮ ਨੇ ਪਿਛਲੇ ਸਾਲ ਕਰਤਾਰਪੁਰ ਸਾਹਿਬ ਦੇ ਲਾਂਘੇ ਵਾਸਤੇ ਅਰਬਾਂ ਰੁਪਏ ਲਾ ਕੇ ਜੋ ਸੇਵਾ ਕੀਤੀ ਹੈ, ਉਸਦੀ ਇਤਿਹਾਸ ਵਿਚ ਕਿਤੇ ਮਿਸਾਲ ਨਹੀਂ ਮਿਲਦੀ। ਆਗੂਆਂ ਨੇ ਉਮੀਦ ਜਤਾਉਂਦਿਆਂ ਕਿਹਾ ਹੈ ਕਿ ਬਹੁਤ ਛੇਤੀ ਹਾਲਤ ਸੁਧਰ ਜਾਵੇਗੀ।




# ਇਨਸਾਫ ਦੀ ਚੱਕੀ ਗਿੜਦੀ ਜ਼ਰੂਰ ਹੈ

## (ਜਰਮਨੀ ਵਿੱਚ ਹੌਲੋਕੌਸਟ ਦੇ ਆਖਰੀ ਮੁਕਦਮੇਂ ਚ 93 ਸਾਲਾ ਨਾਜ਼ੀ ਨੂੰ 76 ਸਾਲ ਬਾਅਦ ਸਜ਼ਾ ਸੁਣਾਈ)

ਪਰਮਜੀਤ ਸਿੰਘ
(ਸੰਪਾਦਕ, ਸਿੱਖ ਸਿਆਸਤ)
@iamparmjit



ਕਹਿੰਦੇ ਨੇ ਕਿ ਇਨਸਾਫ ਦੀ ਚੱਕੀ ਗਿੜਦੀ ਜ਼ਰੂਰ ਹੈ, ਕਦੇ ਮੌਕੇ ਉੱਤੇ ਤੇ ਕਦੇ ਚਿਰਾਂ ਬਾਅਦ, ਕਿਸੇ ਲਈ ਤੇਜ ਤੇ ਕਿਸੇ ਲਈ ਹੌਲੀ। ਦੂਜੀ ਸੰਸਾਰ ਜੰਗ ਮੌਕੇ ਵਾਪਰੇ ਮਹਾਂਨਾਸ (ਹੌਲੋਕੌਸਟ) ਦੇ ਮਾਮਲੇ ਵੇਖੀਏ ਤਾਂ ਇਹ ਗੱਲ ਸਹੀ ਸਾਬਿਤ ਹੁੰਦੀ ਹੈ। ਜਿੱਥੇ ਦੂਜੀ ਸੰਸਾਰ ਜੰਗ ਦੇ ਖਾਤਮੇ ਤੋਂ ਬਾਅਦ ਨਾਜ਼ੀਆਂ ਉੱਤੇ ਫੌਰੀ ਤੌਰ 'ਤੇ ਮੁਕਦਮੇਂ ਚਲਾ ਕੇ ਉਹਨਾਂ ਨੂੰ ਸਜਾਵਾਂ ਦਿੱਤੀਆਂ ਗਈਆਂ ਓਥੇ ਹੁਣ ਪੌਣੀ ਸਦੀ ਬਾਅਦ ਵੀ ਹੌਲੋਕੌਸਟ ਦੇ ਦੋਸ਼ੀਆਂ ਨੂੰ ਲੱਭ ਕੇ ਉਨ੍ਹਾਂ ਉੱਤੇ ਮੁਕਦਮੇਂ ਚਲਾਉਣ ਦੀ ਕਾਰਵਾਈ ਜਾਰੀ ਹੈ, ਤੇ ਉਹਨਾਂ ਨੂੰ ਉਨ੍ਹਾਂ ਦੇ ਕੀਤੇ ਜ਼ੁਰਮਾਂ ਦੀ ਬਣਦੀ ਸਜਾ ਵੀ ਸੁਣਾਈ ਜਾ ਰਹੀ ਹੈ।

ਲੰਘੇ ਵੀਰਵਾਰ (23 ਜੁਲਾਈ 2020 ਨੂੰ) ਅਜਿਹੇ ਹੀ ਇੱਕ ਮਾਮਲੇ ਵਿੱਚ ਕਤਲਾਂ 'ਚ ਸਹਿਯੋਗੀ ਹੋਣ ਦੇ ਦੋਸ਼ਾਂ ਤਹਿਤ 93 ਸਾਲਾਂ ਦੇ ਇੱਕ ਸਾਬਕਾ ਨਾਜ਼ੀ ਪਹਿਰੇਦਾਰ ਨੂੰ ਸਜਾ ਸੁਣਾਈ ਗਈ।

ਬਰੂਨੋ ਡੀ. ਦੀ ਉਮਰ ਉਸ ਵੇਲੇ 17 ਵਰ੍ਹਿਆਂ ਦੀ ਸੀ ਜਦੋਂ ਉਹ 1944 ਵਿੱਚ ਸਟੁਟਹੌਫ ਕੈਂਪ ਵਿੱਚ ਪਹਿਰੇਦਾਰ ਵਜੋਂ ਭਰਤੀ ਹੋਇਆ ਸੀ।

ਅਡੌਲਫ ਹਿਟਲਰ ਦੀ ਅਗਵਾਈ ਵਾਲੇ ਨਾਜ਼ੀਆਂ ਵੱਲੋਂ ਬਣਾਏ ਗਏ ਇਸ ਕੈਂਪ ਵਿੱਚ ਸੱਠ ਹਜ਼ਾਰ ਤੋਂ ਵੱਧ ਬੰਦੀਆਂ ਦੀਆਂ ਮੌਤਾਂ ਹੋਈਆਂ ਸਨ। ਇਨ੍ਹਾਂ ਵਿਚੋਂ ਕਈਆਂ ਨੂੰ ਕਤਲ ਕੀਤਾ ਗਿਆ ਸੀ ਤੇ ਬਾਕੀ ਕੈਂਪ ਵਿੱਚ ਅਤਿ ਮੰਦੇ ਹਾਲਾਤਾਂ ਕਰਕੇ ਬਿਮਾਰੀ ਨਾਲ ਮਾਰੇ ਗਏ ਸਨ।

ਇਸ ਮੁਕਦਮੇਂ ਵਿੱਚ ਬਿਰੂਨੋ ਡੀ. ਨੂੰ 5,232 ਲੋਕਾਂ ਦੇ ਕਤਲ ਵਿੱਚ ਸਹਿਯੋਗੀ ਹੋਣ ਦਾ ਦੋਸ਼ੀ ਪਾਇਆ ਗਿਆ।

ਮੌਤ ਦੇ ਇਸ ਕੈਂਪ ਵਿੱਚ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰਾਂ ਤੇ ਕੈਂਪ ਵਿਚੋਂ ਜਿੰਦਾ ਬਚੇ ਲੋਕਾਂ ਵਿਚੋਂ ਕੁੱਲ 40 ਜਣੇ ਇਸ ਮੁਕਦਮੇਂ ਦੀ ਕਾਰਵਾਈ ਵਿੱਚ ਮੁੱਦਈ ਸਨ, ਜਿਨ੍ਹਾਂ ਵਿੱਚੋਂ ਕਈਆਂ ਨੇ ਇਸ ਮੁਕਦਮੇਂ ਦੌਰਾਨ ਗਵਾਹੀ ਵੀ ਦਿੱਤੀ।

ਸਾਬਕਾ ਐਸ.ਐਸ. ਗਾਰਡ ਬਰੂਨੋ ਡੀ. ਨੇ ਵੀ ਦੋਸ਼ੀ ਵੱਜੋਂ ਮੁਕਦਮੇਂ ਦੀ ਕਾਰਵਾਈ ਵਿੱਚ ਹਿੱਸਾ ਲਿਆ ਅਤੇ ਗਵਾਹਾਂ ਦੇ ਬਿਆਨ ਸੁਣੇ ਪਰ ਉਸ ਨੇ ਆਪਣੇ ਜ਼ੁਰਮ ਨੂੰ ਮੰਨਣ ਤੋਂ ਇਨਕਾਰ ਕੀਤਾ। ਜੱਜ ਦੇ ਸ਼ਬਦਾਂ ਵਿੱਚ ਬਰੂਨੋ ਡੀ. ਖੁਦ ਨੂੰ ਇਸ ਮੌਤ ਦੇ ਕੈਂਪ ਦੇ ਮਾਮਲੇ ਵਿੱਚ ਮਹਿਜ਼ ਇਕ ਦਰਸ਼ਕ ਤਸਲੀਮ ਕਰਦਾ ਹੈ। ਪਰ ਜੱਜ ਉਸ ਦੀ ਇਸ ਧਾਰਨਾਂ ਨਾਲ ਸਹਿਮਤ ਨਹੀਂ ਸੀ।

ਜੱਜ ਨੇ ਕਿਹਾ ਕਿ ਉਹ ਬਰੂਨੋ ਡੀ. ਦੇ ਇਸ ਦਾਅਵੇ ਨਾਲ ਸਹਿਮਤ ਨਹੀਂ ਹੈ ਕਿ ਉਸ ਨੂੰ ਪਤਾ ਨਹੀਂ ਸੀ ਕਿ ਕੈਂਪ ਦੇ ਅੰਦਰ ਲੋਕ ਮਰ ਰਹੇ ਹਨ ਜਦਕਿ ਉਸਨੇ ਇਕ ਵਾਰ ਆਪ ਵੀ ਇਸ ਗੱਲ ਦਾ ਇੱਕਸ਼ਾਫ ਕੀਤਾ ਹੈ ਕਿ ਉਸ ਨੇ ਗੈਂਸ ਚੈਂਬਰਾਂ ਵਿਚੋਂ ਲੋਕਾਂ ਦੀਆਂ ਚੀਕਾ ਸੁਣੀਆਂ ਸਨ। "ਯਕੀਨਨ ਤੈਨੂੰ ਪਤਾ ਸੀ ਕਿ ਲੋਕ ਮਰ ਰਹੇ ਸਨ। ਉਹ ਸਟੁਟਹੌਫ ਦੇ ਮਨੁੱਖੀ ਨਰਕ ਵਿੱਚ ਮਰੇ", ਜੱਜ ਨੇ ਕਿਹਾ।

ਬਰੂਨੋ ਡੀ. ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਕਿ ਜੇਕਰ ਉਸ ਕੋਲ ਉਸ ਹਾਲਾਤ ਵਿੱਚੋਂ ਬਾਹਰ ਨਿੱਕਲਣ ਦਾ ਰਾਹ ਹੁੰਦਾ ਤਾਂ ਉੱਥੇ ਕਦੇ ਵੀ ਨਾ ਠਹਿਰਦਾ। ਇਸ ਦਾਅਵੇ ਨੂੰ ਰੱਦ ਕਰਦਿਆਂ ਜੱਜ ਨੇ ਕਿਹਾ ਕਿ "ਇਹ ਸੱਚ ਨਹੀਂ ਹੈ"। "ਤੁਸੀਂ ਬਾਹਰ ਨਿੱਕਲਣ ਦਾ ਰਾਹ ਤੱਕਿਆ ਹੀ ਨਹੀਂ ਸੀ", ਜੱਜ ਨੇ ਕਿਹਾ।

**ਮੁਕਦਮਾ ਨਾਬਾਲਗਾਂ ਦੀ ਅਦਾਲਤ ਵਿੱਚ ਚੱਲਿਆ:**

11 ਮਹੀਨੇ ਚੱਲਿਆ ਇਹ ਮੁਕਦਮਾ ਉਸੇ ਸਮੇਂ/ਕਾਲ ਵਿੱਚ ਚਲਾਇਆ ਗਿਆ ਹੈ ਅਤੇ ਵਿਚਕਾਰਲੇ 76 ਸਾਲਾਂ ਦੇ ਸਮੇਂ ਨੂੰ ਨਾ ਚਿਤਾਰਦਿਆਂ ਬਰੂਨੋ ਡੀ. ਖਿਲਾਫ ਨਾਬਾਲਗ ਮੁਜ਼ਰਮਾਂ ਦੀ ਅਦਾਲਤ ਵਿੱਚ ਹੀ ਮੁਕਦਮੇਂ ਸੁਣਵਾਈ ਹੋਈ ਕਿਉਂਕਿ ਜੁਰਮ ਕਰਨ ਵੇਲੇ ਉਸ ਦੀ ਉਮਰ ਮਹਿਜ਼ 17 ਸਾਲਾਂ ਦੀ ਸੀ। ਵਿਚਕਾਰਲੇ 76 ਸਾਲ ਕਾਨੂੰਨੀ ਤੌਰ ਉੱਤੇ ਮਾਅਨੇ ਨਹੀਂ ਸਨ ਰੱਖਦੇ।

**ਮੁਲਜਮ ਵੱਲੋਂ ਬਚਾਅ ਚ ਦਿੱਤੀਆਂ ਦਲੀਲਾਂ:**
ਇਸ ਮੁਕਦਮੇਂ ਦੌਰਾਨ ਬਰੂਨੋ ਡੀ. ਦੇ ਬਚਾਅ ਪੱਖ ਨੇ ਇਹ ਦਲੀਲ ਲਈ ਕਿ ਕੈਂਪ ਦੇ ਬਾਹਰ ਪਹਿਰਾ ਦੇਣ ਵਾਲੇ ਚੌਂਕੀਦਾਰ ਨੂੰ ਕੈਂਪ ਦੇ ਅੰਦਰ ਹੋਏ ਜ਼ੁਰਮਾਂ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

**ਮਨੁੱਖੀ ਘਾਣ ਦੀ ਮਸ਼ੀਨ ਦੇ ਕਲਪੁਰਜੇ ਨਿਰਦੋਸ਼ ਨਹੀਂ ਹੋ ਸਕਦੇ:**

ਸਰਕਾਰੀ ਵਕੀਲਾਂ ਨੇ ਬਰੂਨੋ ਡੀ. ਦੇ ਬਚਾਅ ਪੱਖ ਦੀ ਦਲੀਲ ਦੀ ਕਾਟ ਕਰਦਿਆਂ ਕਿਹਾ ਕਿ ਉਸ ਜਿਹੇ ਚੌਂਕੀਦਾਰਾਂ ਨੂੰ ਪਤਾ ਸੀ ਕਿ ਓਥੇ ਕੀ ਹੋ ਰਿਹਾ ਸੀ, ਉਹ ਕੈਦੀਆਂ ਦੇ ਸੰਪਰਕ ਵਿੱਚ ਆਉਂਦੇ ਸਨ ਜਦੋਂ ਕੈਦੀਆਂ ਨੂੰ ਕੰਮ ਕਰਵਾਉਣ ਲਈ ਕੈਂਪ ਤੋਂ ਬਾਹਰ ਲਿਜਾਇਆ ਜਾਂਦਾ ਸੀ, ਅਤੇ ਇਨ੍ਹਾਂ ਪਹਿਰੇ ਵਾਲਿਆਂ ਦਾ ਕੰਮ ਕੈਦੀਆਂ ਨੂੰ ਹਰ ਹਾਲ ਭੱਜਣ ਤੋਂ ਰੋਕਣਾ ਹੁੰਦਾ ਸੀ।

"ਜਦੋਂ ਤੁਸੀਂ ਮਹਾਂਨਾਸ ਦੀ ਮਸ਼ੀਨ ਦੇ ਕਲਪੁਰਜੇ ਹੋ ਤਾਂ ਮਹਿਜ਼ ਇੰਨੀ ਗੱਲ ਕਾਫੀ ਨਹੀਂ ਕਿ ਤੁਸੀਂ ਪਰ੍ਹਾਂ ਨੂੰ ਵੇਖ ਰਹੇ ਸੀ", ਸਰਕਾਰੀ ਵਕੀਲ ਲਾਰਸ ਮਹਨਕੇ ਨੇ ਕਿਹਾ।

**ਸਜ਼ਾ:** ਬਰੂਨੋ ਡੀ. ਨੂੰ 5,232 ਲੋਕਾਂ ਦੇ ਕਤਲਾਂ ਵਿੱਚ ਸਹਿਯੋਗੀ ਹੋਣ ਦੇ ਦੋਸ਼ਾਂ ਤਹਿਤ ੨ ਸਾਲ ਦੀ ਮੁਅੱਤਲ ਕੈਦ ਦੀ ਸਜਾ ਸੁਣਾਈ ਗਈ ਹੈ।

**ਸਟੁਟਹੌਫ ਕੈਂਪ:** ਸਟੁਟਹੌਫ ਕੈਂਪ ਨਾਜ਼ੀਆਂ ਵੱਲੋਂ ਜਰਮਨੀ ਦੀ ਸਰਹੱਦ ਤੋਂ ਬਾਹਰ ਬਣਾਇਆ ਗਿਆ ਪਹਿਲਾ ਮੌਤ ਦਾ ਕੈਂਪ ਸੀ ਅਤੇ ਇਹੀ ਕੈਂਪ ਸਭ ਤੋਂ ਅਖੀਰ ਵਿੱਚ ਅਜ਼ਾਦ ਕਰਵਾਇਆ ਜਾ ਸਕਿਆ ਸੀ। ਇਹ ਕੈਂਪ ਪੋਲੈਂਡ ਵਿੱਚ ਡਾਂਸਿਕ ਤੋਂ ਵੀਹ ਮੀਲ ਚੜ੍ਹਦੇ ਵੱਲ ਜਟੁਟੋਵੋ ਨੇੜੇ ਬਣਾਇਆ ਗਿਆ ਸੀ। 1 ਸਤੰਬਰ 1939 ਨੂੰ ਪੋਲੈਂਡ ਉੱਤੇ ਹਮਲੇ ਮੌਕੇ ਇਹ ਕੈਂਪ ਅਗਲੇ ਦਿਨ ਹੀ ਚਾਲੂ ਕਰ ਲਿਆ ਗਿਆ ਸੀ।

**ਸਟੁਟਹੌਫ ਕੈਂਪ ਦੇ ਹਾਲਾਤ:**

ਮੁਕਦਮੇਂ ਦੀ ਕਾਰਵਾਈ ਦੌਰਾਨ ਜਨਵਰੀ 2020 ਵਿੱਚ 97 ਸਾਲਾਂ ਦੇ ਸਾਬਕਾ ਸਟੁਟਹੌਫ ਕੈਂਪ ਕੈਦੀ ਜੌਹਾਨ ਸੋਲਬਰਗ, ਜੋ ਕਿ ਹੁਣ ਨਾਰਵੇ ਦਾ ਵਾਸੀ ਹੈ, ਨੇ ਕਿਹਾ ਕਿ ਉਸ ਨੇ ਇੱਕ ਬੱਚੇ ਨੂੰ ਫਾਹੇ ਟੰਗਣ ਸਮੇਤ 11 ਲੋਕਾਂ ਦੇ ਕਤਲ ਆਪਣੀ ਅੱਖੀਂ ਵੇਖੇ ਸਨ ਅਤੇ ਹਰ ਰੋਜ਼ ਕਰੀਬ 100 ਕੈਦੀਆਂ ਨੂੰ, ਜੋ ਕਿ ਤਕਰੀਬਨ ਸਾਰੇ ਹੀ ਯਹੂਦੀ ਹੁੰਦੇ ਸਨ, ਗੈਸ ਚੈਂਬਰਾਂ ਵਿੱਚ ਭੇਜਿਆ ਜਾਂਦਾ ਸੀ।

**ਸਟੁਟਹੌਫ ਕੈਂਪ ਵਿੱਚ ਹੋਈ ਨਸਲਕੁਸ਼ੀ ਤੇ ਕਤਲੇਆਮ:**

1939 ਤੋਂ ਬਾਅਦ ਛੇ ਸਾਲਾਂ ਵਿੱਚ ਇਸ ਕੈਂਪ ਚ 63000 ਤੋਂ 65000 ਤੱਕ ਲੋਕ, ਸਮੇਤ 28000 ਯਹੂਦੀਆਂ ਦੇ, ਮਾਰੇ ਗਏ ਸਨ। ਇਹਨਾਂ ਵਿਚੋਂ ਕਈ ਲੋਕ ਬਿਮਾਰੀ, ਕੰਮ ਦੇ ਅਤਿ ਮਾੜੇ ਹਾਲਾਤ ਅਤੇ ਲੋੜੀਂਦੀਆਂ ਸਹੂਲਤਾਂ ਤੇ ਦਵਾਈਆਂ ਦੀ ਅਣਹੋਂਦ ਕਰਕੇ ਮਰੇ ਸਨ। ਕਈਆਂ ਨੂੰ ਗੋਲੀਆਂ ਮਾਰ ਕੇ ਜਾਂ ਗੈਸ ਚੈਂਬਰਾਂ ਵਿੱਚ ਤਾੜ ਕੇ ਕਤਲ ਕੀਤਾ ਗਿਆ ਸੀ। ਕਈ ਹੋਰ ਕੈਦੀ ਜੰਗ ਦੇ ਅਖਰੀਲੇ ਦੌਰ ਦੇ ਮੌਤ ਦੇ ਮਾਰਚਾਂ ਵਿੱਚ ਮਾਰੇ ਗਏ ਸਨ।

**ਹੌਲੋਕੌਸਟ ਦਾ ਆਖਰੀ ਮੁਕਦਮਾ?**

ਭਾਵੇਂ ਕਿ ਹੌਲੋਕੌਸਟ ਦੇ ਕੁਝ ਹੋਰ ਮਾਮਲਿਆਂ ਦੀ ਅਜੇ ਵੀ ਜਾਂਚ ਚੱਲ ਰਹੀ ਹੈ ਪਰ ਮੁਲਜਮਾਂ ਦੀ ਵਡੇਰੀ ਉਮਰ ਦੇ ਚੱਲਦਿਆਂ ਬਰੂਨੋ ਡੀ. ਦਾ ਮੁਕਦਮਾ ਹੌਲੋਕੌਸਟ ਨਾਲ ਸੰਬੰਧਤ ਮਾਮਲਿਆਂ ਬਾਰੇ ਜਰਮਨੀ ਦੀਆਂ ਅਦਾਲਤਾਂ ਵਿੱਚ ਚੱਲਣਾ ਵਾਲਾ ਆਖਰੀ ਮੁਕਦਮਾ ਸਾਬਿਤ ਹੋ ਸਕਦਾ ਹੈ।

**ਜ਼ੁਰਮਾਂ ਦੀ ਸਜਾ ਦੀ ਇਨਸਾਨੀਅਤ ਲਈ ਅਹਿਮੀਅਤ:**

ਕਿਹਾ ਜਾਂਦਾ ਹੈ ਕਿ ਕਿਸੇ ਜ਼ੁਰਮ ਲਈ ਹੋਣ ਵਾਲੀ ਬੇਇਨਸਾਫੀ ਅਗਲੇਰੇ ਹੋਰ ਭਿਆਨਕ ਜ਼ੁਰਮਾਂ ਨੂੰ ਸੱਦਾ ਦਿੰਦੀ ਹੁੰਦੀ ਹੈ ਇਸ ਪੱਖੋਂ ਜ਼ੁਰਮਾਂ ਦੀ ਸਜਾ ਯਕੀਨੀ ਬਣਾਉਣਾ ਇਨਸਾਨੀਅਤ ਲਈ ਬਹੁਤ ਅਹਿਮੀਅਤ ਰੱਖਦਾ ਹੈ। ਹੌਲੋਕੌਸਟ ਦੇ ਮਾਮਲੇ ਵਿੱਚ ਜਿਵੇਂ ਮੁਜ਼ਰਮਾਂ ਨੂੰ ਸਜਾ ਹੋਈ ਹੈ ਉਹ ਸੰਸਾਰ ਇਤਿਹਾਸ ਵਿੱਚ ਇਕ ਅਹਿਮ ਮਿਸਾਲ ਹੈ, ਹਾਲਾਂਕਿ ਨਾ ਇਸ ਨਾਲ ਸੰਸਾਰ ਵਿੱਚ ਜ਼ੁਰਮ ਹੋਣੇ ਬੰਦ ਹੋਏ ਹਨ ਤੇ ਨਾ ਹੀ ਬਾਅਦ ਵਿੱਚ ਹੋਣ ਵਾਲੇ ਹਰ ਮਹਾਂ-ਜ਼ੁਰਮ ਦੇ ਦੋਸ਼ੀਆਂ ਲਈ ਸਜਾਵਾਂ ਨੂੰ ਯਕੀਨੀ ਬਣਾਇਆ ਜਾ ਸਕਿਆ ਹੈ। ਫਿਰ ਵੀ ਇਨ੍ਹਾਂ ਮਾਮਲਿਆਂ ਨੇ ਕੌਮਾਂਤਰੀ ਕਾਨੂੰਨ ਅਤੇ ਨਿਆਂ ਦੇ ਮਾਮਲੇ ਵਿੱਚ ਨਵੇਂ ਮੀਲ-ਪੱਥਰ ਸਥਾਪਿਤ ਕੀਤੇ ਹਨ ਜਿਸ ਲਈ ਇਨ੍ਹਾਂ ਮੁਕਦਮਿਆਂ ਦੀ ਮਿਸਾਲ ਹਮੇਸ਼ਾਂ ਦਿੱਤੀ ਜਾਂਦੀ ਰਹੇਗੀ।






# ਮਹਾਰਾਜਾ ਰਣਜੀਤ ਸਿੰਘ ਜੀ ਸੰਬੰਧੀ ਗੁੰਮ ਹੋ ਰਹੀਆਂ ਕਥਾਵਾਂ

(ਮਾ. ਬੀਰ ਸਿੰਘ, ਸਿੱਖ ਕੰਨਿਆ ਮਹਾਂਵਿਦਿਆਲਾ, ਫਿਰੋਜ਼ਪੁਰ)

ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਪਰ ਅਸੀਂ ਜਿਤਨਾ ਫ਼ਖ਼ਰ ਕਰੀਏ ਥੋੜ੍ਹਾ ਹੈ। ਆਪ ਨੂੰ ਸਿੱਖੀ ਤੇ ਸਿੱਖਾਂ ਨਾਲ ਜਿੰਨਾ ਪਿਆਰ ਸੀ ਉਸ ਦਾ ਅੰਦਾਜ਼ਾ ਨਹੀਂ ਲੱਗ ਸਕਦਾ। ਧਿਆਨ ਸਿੰਘ ਵਜੀਰ ਨੇ ਬੇਨਤੀ ਕੀਤੀ, 'ਪਾਤਸ਼ਾਹ, ਆਪ ਸਾਡੇ ਸ਼ਹਿਨਸ਼ਾਹ ਹੋ, ਲੱਕ ਨੂੰ ਪਟਕਾ ਤਾਂ ਸਾਨੂੰ, ਆਪ ਦੇ ਸੇਵਕਾਂ ਨੂੰ ਬੰਨ੍ਹਣਾ ਚਾਹੀਦਾ ਹੈ, ਆਪ ਸ਼ਹਿਨਸ਼ਾਹ ਹੋ ਕੇ ਪਟਕਾ ਕਿਉਂ ਬੰਨ੍ਹਦੇ ਹੋ? ਮਹਾਰਾਜ ਨੇ ਉੱਤਰ ਦਿੱਤਾ, 'ਧਿਆਨ ਸਿੰਘ, ਸਿੱਕਾ ਕਿਸ ਦਾ ਹੈ?' ਧਿਆਨ ਸਿੰਘ ਨੇ ਕਿਹਾ, 'ਸਿੱਕਾ ਤਾਂ ਸਰਕਾਰ ਨੇ ਨਾਨਕ ਸ਼ਾਹੀ ਚਲਾਇਆ ਹੋਇਆ ਹੈ।' ਸ਼ੇਰਿ ਪੰਜਾਬ ਹੱਸ ਕੇ ਬੋਲੇ 'ਭਲਿਆ ਲੋਕਾ! ਜਿਸ ਦਾ ਸਿੱਕਾ ਹੋਵੇ ਓਹੋ ਪਾਤਸ਼ਾਹ ਹੁੰਦਾ ਹੈ, ਮੈਂ ਤਾਂ ਗੁਰੂ ਨਾਨਕ ਸਾਹਿਬ ਦਾ ਅਧਮ ਸੇਵਕ ਹਾਂ ਤੇ ਹਰ ਵੇਲੇ ਉਨ੍ਹਾਂ ਦੇ ਹੁਕਮ ਵਿਚ ਲੱਕ ਬੰਨ੍ਹੀ ਹਾਜ਼ਰ ਰਹਿੰਦਾ ਹਾਂ। ਗੁਰੂ ਮਹਾਰਾਜ ਦੀ ਅਪਾਰ ਕਿਰਪਾਲਤਾ ਹੈ ਕਿ ਓਹ ਮੈਥੋਂ ਪੰਥ ਦੀ ਸੇਵਾ ਕਰਵਾ ਰਹੇ ਹਨ। ਮੈਂ ਗੁਰੂ ਨਾਨਕ ਸਾਹਿਬ ਦੇ ਦਰ ਦਾ ਕੂਕਰ ਹਾਂ, ਪਾਤਿਸ਼ਾਹ ਸਤਿਗੁਰੂ ਆਪ ਹਨ।'

ਉਪਰੋਕਤ ਵਾਰਤਾ ਆਮ ਲੋਕਾਂ ਦੇ ਕੰਨੀਂ ਪਈ ਹੋਈ ਹੈ। ਇਸ ਦੀ ਪ੍ਰੋੜਤਾ ਹੇਠਲੇ ਦੂਜੇ ਪ੍ਰਸੰਗ ਤੋਂ ਹੋਰ ਵੀ ਵੱਧ ਕੇ ਹੁੰਦੀ ਹੈ, ਜੁ ਸ਼ੇਰਿ-ਪੰਜਾਬ ਆਪਣੇ ਆਪ ਨੂੰ ਗੁਰੂ ਮਹਾਰਾਜ ਦਾ ਅਦਨਾ ਜਿਹਾ ਸੇਵਕ ਮੰਨਦੇ ਸਨ। ਆਪ ਦੀ ਇਹ ਨਿਰਮਾਣਤਾ ਅਰ ਸ਼ਰਧਾ ਹੀ ਸੀ ਜਿਸ ਕਰਕੇ ਗੁਰਸਿੱਖ ਆਪ ਪਰ ਕੁਰਬਾਨ ਜਾਂਦੇ ਸਨ। ਲਾਹੌਰ ਦੇ ਸ਼ਾਹੀ ਕਿਲੇ ਵਿਚ ਸੰਮਣ ਬੁਰਜ ਦੇ ਅੱਗੇ ਸ੍ਰੀ ਅੰਮ੍ਰਿਤਸਰ ਦੇ ਪਾਸੇ, ਇਕ ਛੋਟਾ ਜਿਹਾ ਘਾਹ ਦਾ ਕਿੱਤਾ ਸੀ। ਸੰਤ ਨਿਹਾਲ ਸਿੰਘ ਜੀ ਕੇਸਰੀ ਦਸਿਆ ਕਰਦੇ ਸਨ ਕਿ ਉਨ੍ਹਾਂ ਦੇ ਇਕ ਪ੍ਰੇਮੀ ਮਹਾਰਾਜ ਦੇ ਨਫ਼ਰ ਸਨ, ਜਿਹੜੇ ਸੰਤਾਂ ਨੂੰ ਦੱਸਦੇ ਸਨ ਕਿ ਮਹਾਰਾਜਾ ਸਾਹਿਬ ਜਦੋਂ ਲਾਹੌਰ ਹੁੰਦੇ ਤਾਂ ਸ਼ਾਮ ਨੂੰ ਸ੍ਰੀ ਅੰਮ੍ਰਿਤਸਰ ਜੀ ਵੱਲ ਮੂੰਹ ਕਰਕੇ ਉਸ ਘਾਹ ਦੇ ਕਿੱਤੇ ਪਰ ਬੈਠ ਜਾਂਦੇ ਅਰ ਬੇਨਤੀ ਕਰਦੇ-'ਗੁਰੂ ਰਾਮਦਾਸ ਜੀ! ਤੈਂ ਮੈਂ ਨਾਚੀਜ਼ ਅਨਪੜ੍ਹ ਨੂੰ ਆਪਣੀ ਕੌਮ ਦਾ ਜਿੰਮੇਵਾਰ ਪਹਿਰੇਦਾਰ ਥਾਪਿਆ ਹੈ, ਅਥਵਾ ਆਪਣੇ ਵਗ ਦਾ ਅਯਾਲੀ ਬਣਾਇਆ ਹੈ, ਐਸੀ ਮਿਹਰ ਕਰੋ ਤੇ ਬਲ ਬਖਸ਼ੋ ਕਿ ਇਸ ਸੇਵਾ ਵਿਚ ਕੋਈ ਮਨ-ਮਤਿ ਨਾ ਹੋ ਜਾਵੇ ਤੇ ਆਪ ਦੀ ਨਰਾਜ਼ਗੀ ਦਾ ਕਾਰਨ ਨਾ ਬਣੇ।' ਮੁੜ ਮੁੜ ਬੇਨਤੀਆਂ ਤੇ ਜੋਦੜੀਆਂ ਕਰਦੇ ਅਰ ਜ਼ਾਰ ਜ਼ਾਰ ਰੋਂਦੇ। ਉਨ੍ਹਾਂ ਦੇ ਸਫੈਦ ਲੰਬੇ ਦਾੜ੍ਹੇ ਪਰ ਅੱਥਰੂ ਮੋਤੀਆਂ ਵਤ ਚਮਕਦੇ ਹੁੰਦੇ। ਜਿਨ੍ਹਾਂ ਨੇ ਉਸ ਸਮੇਂ ਮਹਾਰਾਜ ਨੂੰ ਦੇਖਿਆ ਓਹ ਕੰਬ ਉਠਦੇ ਤੇ ਮਹਾਰਾਜ ਦੇ ਹਕੀਕੀ ਸਿਦਕ ਦੀ ਸ਼ਲਾਘਾ ਕਰਦੇ।



ਅਗਲੀ ਵਾਰਤਾ ਹੋਰ ਵੀ ਦਿਲ ਖਿੱਚਵੀਂ ਹੈ। ਸਿੱਖ ਰਾਜ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਭਾਈ ਮਨਸਾ ਸਿੰਘ ਜੀ ਰਾਗੀ ਐਨੇ ਗਰੀਬ ਸਨ ਕਿ ਤਵਾ ਤੱਕ ਖਰੀਦਣ ਲਈ ਮਾਇਆ ਨਹੀਂ ਸੀ। ਮਿੱਟਾ ਦਾ ਤਵਾ ਸੀ। ਉਨ੍ਹਾਂ ਦੀ ਗਰੀਬੀ ਦਾ ਅੰਦਾਜ਼ਾ ਖੁਦ ਬ ਖੁਦ ਲਗਾ ਸਕੀਦਾ ਹੈ। ਮਹਾਰਾਜ ਐਸੇ ਗੁਰਮੁਖ ਪ੍ਰੇਮੀਆਂ ਦੀ ਵੱਡੀ ਕਦਰ ਕਰਦੇ ਅਰ ਸੇਵਾ ਕਰਨ ਨੂੰ ਧੰਨ ਭਾਗ ਸਮਝਦੇ ਸਨ। ਸੋ ਭਾਈ ਹੁਰਾਂ ਦੀ ਅਤਿ ਗਰੀਬੀ ਦੀ ਸੋਅ ਕਿਸੇ ਤਰ੍ਹਾਂ ਮਹਾਰਾਜ ਤੱਕ ਵੀ ਪੁੱਜ ਗਈ। ਆਪ ਕੰਬ ਉਠੇ ਕਿ ਸ੍ਰੀ ਦਰਬਾਰ ਸਾਹਿਬ ਦੇ ਰਾਗੀ ਤੇ ਐਨੇ ਗਰੀਬ। ਮੇਰੀ ਪਾਤਸ਼ਾਹੀ ਕਿਸ ਕੰਮ? ਉਸੇ ਵੇਲੇ ਹਾਥੀ 'ਤੇ ਸਵਾਰ ਹੋਏ, ਰੁਪਈਆਂ ਦੀਆਂ ਥੈਲੀਆਂ ਨਾਲ ਅੰਬਰੀ ਭਰ ਕੇ ਹਾਥੀ ਪਰ ਚੱਲ ਪਏ। ਉਸ ਸਮੇਂ ਅੱਜ ਕੱਲ੍ਹ ਜਿੰਨੀ ਵਸੋਂ ਨਹੀਂ ਸੀ। ਹਾਥੀ ਅਕਾਲ ਤਖਤ ਦੇ ਪਿਛੋਂ ਦੀ ਹੁੰਦਾ ਹੋਇਆ ਭਾਈ ਮਨਸਾ ਸਿੰਘ ਹੁਰਾਂ ਦੇ ਘਰ ਵੱਲ ਮੁੜ ਪਿਆ। ਭਾਈ ਹੁਰਾਂ ਸਾਹਮਣੇ ਆਪਣੇ ਮਕਾਨ ਦੀ ਤਾਕੀ ਥਾਣੀ ਦੇਖਦੇ ਸਨ, ਜਿਉਂ ਜਿਉ ਹਾਥੀ ਉਧਰ ਨੂੰ ਆਉਂਦਾ ਸੀ ਇਨ੍ਹਾਂ ਦੀ ਹੈਰਾਨਗੀ ਵਧਦੀ ਗਈ। ਜਦੋਂ ਬਿਲਕੁਲ ਨਜ਼ਦੀਕ ਹੀ ਆ ਗਿਆ ਤਾਂ ਭਾਈ ਹੁਰਾਂ ਨੇ ਤਾਕੀ ਬੰਦ ਕਰ ਲਈ। ਹਾਥੀ ਬਿਠਾ ਦਿੱਤਾ ਗਿਆ, ਮਹਾਰਾਜ ਦੇ ਨੌਕਰ ਵੱਡੇ ਜ਼ੋਰ ਨਾਲ ਆਵਾਜ਼ਾਂ ਮਾਰਨ ਲੱਗੇ-'ਭਾਈ ਸਾਹਿਬ, ਬੂਹਾ ਖੋਲ੍ਹੋ, ਮਹਾਰਾਜ ਤੁਹਾਨੂੰ ਮਿਲਣ ਆਏ ਹਨ, ਛੇਤੀ ਕਰੋ' ਆਦਿ। ਪਰ ਭਾਈ ਹੁਰੀਂ ਵੱਡੇ ਪ੍ਰੇਮ ਤੇ ਸਤਿਕਾਰ ਨਾਲ ਬੇਨਤੀ ਕਰਦੇ ਹਨ-'ਪ੍ਰੇਮੀਓ! ਨਾ ਬੂਹਾ ਖੋਲ੍ਹਾਂ ਨਾ ਤਾਕੀ। ਮੇਰੇ ਘਰ ਵਿਚ ਮਹਾਰਾਜ ਦੇ ਲਾਇਕ ਬਿਠਾਵਣ ਲਈ ਥਾਂ ਨਹੀਂ। ਦੂਜੇ ਇਨ੍ਹਾਂ ਦੇ ਚਰਨਾਂ ਵਿਚ ਲਛਮੀ ਦਾ ਨਿਵਾਸ ਹੈ। ਇਨ੍ਹਾਂ ਦੇ ਚਰਨ ਪੈਂਦੇ ਸਾਰ 'ਗਰੀਬੀ ਗਦਾ' ਜਾਂਦੀ ਰਹੇਗੀ ਤੇ ਮੇਰਾ ਮਿੱਟੀ ਦਾ ਤਵਾ ਨਹੀਂ ਰਹੇਗਾ, ਜੋ ਮੇਰੀ ਸਿੱਖੀ ਦੀ ਜਿੰਦ-ਜਾਨ ਹੈ।

ਅਹਿਲਕਾਰਾਂ ਨੇ ਬਥੇਰਾ ਜ਼ੋਰ ਲਾਇਆ, ਪਰ ਭਾਈ ਹੁਰਾਂ ਦਰਵਾਜਾ ਨਾ ਹੀ ਖੋਲ੍ਹਿਆ। ਬਸ ਇਹੋ ਕਹੀ ਗਏ-'ਗੁਰਮੁਖੋ, ਮੇਰਾ ਮਿੱਟੀ ਦਾ ਤਵਾ ਨਹੀਂ ਰਹੇਗਾ, ਮਾਫ ਕਰੋ। ਮਹਾਰਾਜ ਦਾ ਮੇਰੇ ਦਿਲ ਵਿਚ ਵੱਡਾ ਮਾਣ ਤੇ ਸਤਿਕਾਰ ਹੈ, ਪਰ ਜਿੱਥੇ ਮਹਾਰਾਜ ਦੇ ਚਰਨ ਪੈਂ ਜਾਂਦੇ ਹਨ, ਓਹ ਥਾਂ ਹੀਰੇ ਮੋਤੀਆਂ ਨਾਲ ਜੜ੍ਹੀ ਜਾਂਦੀ ਹੈ, ਗਰੀਬੀ ਉੱਡ ਜਾਂਦੀ ਹੈ ਤੇ ਦੁਨੀਆ ਦੇ ਸ਼ਾਨ ਮਾਨ ਆ ਡੇਰੇ ਲਾਉਂਦੇ ਹਨ। ਤਾਂ ਤੇ ਇਸ ਗਰੀਬੀ ਅਸਥਾਨ 'ਤੇ ਮਿਹਰਬਾਨੀ ਕਰੋ।' ਅਹਿਲਕਾਰਾਂ ਤੇ ਮਹਾਰਾਜ ਨੇ ਥੈਲੀਆਂ ਦੇਣ ਦੀ ਬਥੇਰੀ ਕੋਸ਼ਿਸ਼ ਕੀਤੀ, ਪਰ ਭਾਈ ਹੁਰੀਂ ਨਹੀਂ ਮੰਨੇ। ਅੰਤ ਮਹਾਰਾਜ ਵੱਡੇ ਅਫਸੋਸ ਵਿਚ ਮੱਥੇ 'ਤੇ ਹੱਥ ਮਾਰ ਕੇ ਬੜੇ ਸ਼ੋਕ ਵਿਚ ਬੋਲੇ-'ਜਿਨ੍ਹਾਂ ਨੂੰ ਮੈਂ ਚਾਹੁੰਦਾ ਹਾਂ ਓਹ ਮੈਨੂੰ ਨਹੀਂ ਚਾਹੁੰਦੇ, ਜਿਹੜੇ ਮੈਨੂੰ ਚਾਹੁੰਦੇ ਹਨ, ਉਨ੍ਹਾਂ ਨੂੰ ਮੈਂ ਨਹੀਂ ਚਾਹੁੰਦਾ।'

ਇਹ ਕਹਿ ਕੇ ਅਫਸੋਸੇ ਹੋਏ ਮੁੜ ਪਏ। ਭਾਈ ਹੋਰਾਂ ਦੀ ਕਦਰ ਆਪ ਦੇ ਦਿਲ ਵਿਚ ਹੋਰ ਵੀ ਵਧ ਗਈ। ਸਾਰੀ ਉਮਰ ਜਦੋਂ ਵੀ ਇਹ ਘਟਨਾ ਯਾਦ ਆਉਂਦੀ, ਆਪ ਦਾ ਹਿਰਦਾ ਠਰ ਜਾਂਦਾ ਤੇ 'ਧੰਨ ਸਿੱਖੀ! ਧੰਨ ਸਿੱਖੀ! ਧੰਨ ਗੁਰੂ ਕੇ ਸਿੱਖ!!' ਆਪ ਮੁਹਾਰਾ ਆਪ ਦੇ ਮੂੰਹੋਂ ਨਿਕਲ ਜਾਂਦਾ।

ਇੱਦਾ ਹੀ ਇਕੇਰਾਂ ਇਕ ਗੁਰਮੁਖ ਸਿੱਖ ਸ੍ਰੀ ਦਰਬਾਰ ਸਾਹਿਬ ਗੁਰੂ ਕੇ ਬਾਗ ਵਿਚ ਉਤਰੇ ਹੋਏ ਸਨ, ਸਤਸੰਗੀ ਸਨ। ਰਾਤ ਨੂੰ ਸ਼ਾਂਤ ਸਮੇਂ ਸੰਗਤ ਜੁੜਦੀ, ਪ੍ਰੇਮੀ-ਜਨ ਇਕੱਠੇ ਹੁੰਦੇ, ਵਾਰਤਾਲਾਪ ਹੁੰਦੇ। ਇਸ ਦਾ ਪਤਾ ਮਹਾਰਾਜ ਨੂੰ ਵੀ ਲੱਗ ਗਿਆ, ਆਪ ਇਕ ਦੋ ਸੇਵਕਾਂ ਸਮੇਤ ਦੋ ਥਾਲ ਮੋਹਰਾਂ ਨਾਲ ਭਰੇ ਹੋਏ ਤੇ ਫਲ ਫੁਲ ਆਦਿ ਸਮੇਤ ਪੁੱਜ ਗਏ। ਸਤਸੰਗ ਦਾ ਆਨੰਦ ਲਿਆ। ਆਉਣ ਸਮੇਂ ਓਹ ਤਿਲ ਫੁਲ ਮਹਾਤਮਾ ਗੁਰਮੁਖ ਜੀ ਦੇ ਪੇਸ਼ ਕੀਤਾ। ਮਹਾਤਮਾ ਜੀ ਨੇ ਕਿਹਾ, 'ਗੁਰਮੁਖੋ! ਇਹ ਮਾਇਆ ਸਾਡੇ ਕਿਸੇ ਕੰਮ ਨਹੀਂ, ਲੋੜਵੰਦਾਂ ਨੂੰ ਦਿਓ।' ਮਹਾਰਾਜ ਨੇ ਵੱਡੀ ਅਧੀਨਗੀ ਨਾਲ ਕਿਹਾ, 'ਆਪ ਹੀ ਜਿਸਨੂੰ ਲੋੜਵੰਦ ਦੇਖੋ, ਦੇ ਦੇਣੀ।' ਪਰ ਮਹਾਤਮਾ ਨੇ ਨਾ ਹੀ ਪ੍ਰਵਾਨ ਕੀਤੀ। ਅੰਤ ਮਹਾਰਾਜ ਨੇ ਬੇਨਤੀ ਕੀਤੀ, 'ਮੇਰੇ ਲਈ ਕੋਈ ਹੁਕਮ।' ਮਹਾਤਮਾ ਬੋਲੇ, 'ਅੱਗੇ ਨੂੰ ਨਾ ਦਰਸ਼ਨ ਦੇਣੇ ਤੇ ਨਾ ਲੈਣੇ।' ਮਹਾਰਾਜ ਬੜੀ ਵਿਆਕੁਲਤਾ ਵਿਚ ਬੋਲੇ, 'ਜਿਨ੍ਹਾਂ ਨੂੰ ਮੈਂ ਚਾਹੁੰਦਾ ਹਾਂ ਓਹ ਮੈਨੂੰ ਨਹੀਂ ਚਾਹੁੰਦੇ, ਜਿਹੜੇ ਮੈਨੂੰ ਚਾਹੁੰਦੇ ਹਨ ਉਨ੍ਹਾਂ ਨੂੰ ਮੈਂ ਨਹੀਂ ਚਾਹੁੰਦਾ।' ਫਤਿਹ ਗਜਾ ਕੇ ਅਫਸੋਸ ਕਰਦੇ ਚਲੇ ਆਏ।

ਇਹ ਗੱਲਾਂ ਦੱਸਦੀਆਂ ਹਨ ਕਿ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਕਿੰਨੇ ਉੱਚੇ ਤੇ ਮਹਾਨ ਭਾਵਾਂ ਵਾਲੇ ਸਨ। ਉਨ੍ਹਾਂ ਦੇ ਐਸੇ ਨੇਕ ਖਿਆਲ ਹੀ ਸਨ ਕਿ ਆਪ ਦਾ ਪਰਤਾਪ ਐਨਾ ਵਧਦਾ ਗਿਆ ਕਿ ਸੰਸਾਰ ਵਿਚ ਪ੍ਰਕਾਸ਼ਨ ਲੱਗ ਗਿਆ ਸੀ। ਆਮ ਤਾਂ ਗ੍ਰਿਹਸਥੀ ਸਿੱਖਾਂ ਦੇ ਜੀਵਨ ਹਰ ਥਾਂ ਨਜਰ ਪੈਂਦੇ ਹਨ, ਪਰ ਇਸ ਤੋਂ ਪਤਾ ਲਗਦਾ ਹੈ ਕਿ ਸਿੱਖ ਸ਼ਹਿਨਸ਼ਾਹੀ ਪਾ ਕੇ ਵੀ ਗੁਰੂ ਤੇ ਗੁਰ ਸੰਗਤ ਅੱਗੇ ਆਪਣੇ ਆਪ ਨੂੰ ਨਾਚੀਜ ਸਮਝਦਾ ਅਤੇ ਗੁਰਸਿੱਖੀ ਦੇ ਅੱਗੇ ਸਭ ਕਿਸੇ ਨੂੰ ਤੁਛ ਸਮਝਦਾ ਹੈ। -o-

# ਖਾਲਸਾ ਰਾਜ ਦੇ ਉਜਾੜੇ ਦਾ ਖਲਨਾਇਕ ਪੰਡਿਤ ਜੱਲ੍ਹਾ

-ਬਲਰਾਜ ਸਿੰਘ ਸਿੱਧੂ

ਜੰਮੂ ਦਾ ਰਹਿਣ ਵਾਲਾ ਪੰਡਿਤ ਜੱਲ੍ਹਾ, ਧਿਆਨ ਸਿੰਘ ਡੋਗਰਾ ਦਾ ਵਿਸ਼ਵਾਸਪਾਤਰ ਤੇ ਉਸ ਦੇ ਪੁੱਤਰ ਹੀਰਾ ਸਿੰਘ ਡੋਗਰਾ ਦਾ ਉਸਤਾਦ ਸੀ। ਧਿਆਨ ਸਿੰਘ ਡੋਗਰਾ ਦੀ ਸੰਧਾਵਾਲੀਆਂ ਹੱਥੋਂ ਹੋਈ ਮੌਤ (17 ਸਤੰਬਰ 1843) ਤੋਂ ਪਹਿਲਾਂ ਦਾ ਇਤਿਹਾਸ ਉਸ ਬਾਰੇ ਚੁੱਪ ਹੈ ਤੇ ਉਸ ਦੇ ਜੱਦੀ ਪਿੰਡ ਜਾਂ ਮਾਂ-ਬਾਪ ਬਾਰੇ ਕੋਈ ਪਤਾ ਨਹੀਂ ਚਲਦਾ। ਉਹ ਧਿਆਨ ਸਿੰਘ ਡੋਗਰਾ ਦੀ ਕ੍ਰਿਪਾ ਕਾਰਨ ਲਾਹੌਰ ਦਰਬਾਰ ਵਿਚ ਪਹੁੰਚਿਆ। ਬਚਪਨ ਤੋਂ ਹੀ ਜੱਲ੍ਹੇ ਦੀ ਛਤਰ ਛਾਇਆ ਹੇਠ ਵਧੇ ਫੁੱਲੇ ਹੀਰਾ ਸਿੰਘ ਉਤੇ ਉਸ ਦਾ ਜ਼ਬਰਦਸਤ ਪ੍ਰਭਾਵ ਸੀ। ਧਿਆਨ ਸਿੰਘ ਦੀ ਮੌਤ ਤੋਂ ਬਾਅਦ ਹੀਰਾ ਸਿੰਘ, ਮਹਾਰਾਜਾ ਦਲੀਪ ਸਿੰਘ ਦਾ ਪ੍ਰਧਾਨ ਮੰਤਰੀ ਬਣ ਗਿਆ ਤੇ ਜੱਲ੍ਹਾ ਉਸ ਦਾ ਮੁੱਖ ਸਲਾਹਕਾਰ। ਅਸਲ ਵਿਚ ਜੱਲ੍ਹਾ ਹੀ ਪ੍ਰਧਾਨ ਮੰਤਰੀ ਸੀ। ਜੱਲ੍ਹੇ ਦੇ ਚਰਿੱਤਰ ਬਾਰੇ ਸਿੱਖ ਫੌਜ ਦਾ ਕਰਨਲ ਗਾਰਡਨਰ ਲਿਖਦਾ ਹੈ ਕਿ ਉਹ ਧਿਆਨ ਸਿੰਘ ਡੋਗਰੇ ਦਾ ਪਾਲਤੂ ਕੁੱਤਾ ਹੈ ਤੇ ਬਹੁਤ ਹੀ ਸ਼ਾਤਰ ਤੇ ਕਮੀਨਾ ਵਿਅਕਤੀ ਹੈ। ਹੀਰਾ ਸਿੰਘ ਡੋਗਰੇ ਦਾ ਪ੍ਰਮੁੱਖ ਸਲਾਹਕਾਰ ਹੈ। ਉਹ ਅਪਣੇ ਤੋਂ ਤਾਕਤਵਰ ਵਿਅਕਤੀਆਂ ਸਾਹਮਣੇ ਬੇਸ਼ਰਮੀ ਦੀ ਹੱਦ ਤਕ ਝੁੱਕ ਜਾਂਦਾ ਹੈ ਤੇ ਪੈਰ ਚੱਟਣ ਤਕ ਜਾਂਦਾ ਹੈ, ਬਰਾਬਰ ਦੇ ਵਿਅਕਤੀਆਂ ਨਾਲ ਇੱਜਤ ਤੇ ਸਨਮਾਨ ਵਾਲਾ ਵਿਹਾਰ ਕਰਦਾ ਹੈ ਪਰ ਅਪਣੇ ਤੋਂ ਕਾਮਜੋਰਾਂ ਨਾਲ ਉਸ ਦਾ ਵਿਹਾਰ ਬੇਹਦ ਘਟੀਆ, ਬੇਇਜ਼ਤੀ ਭਰਪੂਰ ਤੇ ਆਕੜ ਨਾਲ ਭਰਿਆ ਹੁੰਦਾ ਹੈ। ਉਹ ਏਨਾ ਹੰਕਾਰੀ ਹੈ ਕਿ ਵੱਡੇ ਤੋਂ ਵੱਡੇ ਅਫ਼ਸਰ ਦੇ ਸਲੂਟ ਦਾ ਵੀ ਜਵਾਬ ਨਹੀਂ ਸੀ ਦਿੰਦਾ। ਉਸ ਨੇ ਤਾਕਤ ਹੱਥ ਆਉਂਦੇ ਸਾਰ ਸਭ ਤੋਂ ਪਹਿਲਾਂ ਟੈਕਸ ਬੇਹਦ ਵਧਾ ਦਿਤੇ ਤੇ ਏਨੀ ਸਖਤੀ ਨਾਲ ਉਗਰਾਹੇ ਕਿ ਪਰਜਾ ਨੂੰ ਮੁਗ਼ਲ ਰਾਜ ਚੇਤੇ ਆ ਗਿਆ। ਸਾਰੇ ਪਾਸੇ ਹਾਹਾਕਾਰ ਮੱਚ ਗਈ। ਫਿਰ ਉਹ ਅਪਣੇ ਦੁਸ਼ਮਣਾਂ ਵਲ ਹੋਇਆ। ਭਾਈ ਗੁਰਮੁਖ ਸਿੰਘ ਤੇ ਮਿਸਰ ਬੇਲੀ ਰਾਮ ਵਰਗੇ ਮੋਹਤਬਰ ਕਤਲ ਕਰ ਦਿਤੇ ਗਏ। ਮਹਾਰਾਜਾ ਰਣਜੀਤ ਸਿੰਘ ਦੇ ਪੁਤਰਾਂ ਕੰਵਰ ਕਸ਼ਮੀਰਾ ਸਿੰਘ ਤੇ ਕੁੰਵਰ ਪਿਸ਼ੌਰਾ ਸਿੰਘ ਸਮੇਤ ਕਈ ਸਰਦਾਰਾਂ ਦੀਆਂ ਜਗੀਰਾਂ ਜਬਤ ਕਰ ਲਈਆਂ ਗਈਆਂ। ਜੱਲ੍ਹੇ ਨੇ ਸ਼ਾਹੀ ਪਰਿਵਾਰ ਵਿਰੁੱਧ ਵੀ ਸਾਜਸ਼ਾਂ ਰਚਣੀਆਂ ਸ਼ੁਰੂ ਕਰ ਦਿਤੀਆਂ।



ਅਸਲ ਵਿਚ ਉਸ ਦਾ ਮਕਸਦ ਹੀਰਾ ਸਿੰਘ ਨੂੰ ਲਾਹੌਰ ਦਾ ਮਹਾਰਾਜਾ ਥਾਪਣਾ ਸੀ। ਉਸ ਨੇ ਮਹਾਰਾਜਾ ਦਲੀਪ ਸਿੰਘ ਨੂੰ, ਜੋ ਉਸ ਵੇਲੇ ਸਿਰਫ 5 ਸਾਲ ਦਾ ਸੀ, ਕਈ ਵਾਰ ਸ਼ਰੇਆਮ ਬੁਰੀ ਤਰ੍ਹਾਂ ਨਾਲ ਡਾਂਟਿਆ। ਉਸ ਨੇ ਭਰੇ ਦਰਬਾਰ ਵਿਚ ਮਹਾਰਾਣੀ ਜਿੰਦਾਂ ਉਤੇ ਚਰਿੱਤਰਹੀਣ ਹੋਣ ਦਾ ਇਲਜਾਮ ਲਗਾਇਆ ਕਿ ਉਸ ਦੇ ਰਾਜਾ ਲਾਲ ਸਿੰਘ ਨਾਲ ਨਜਾਇਜ ਸਬੰਧ ਹਨ। ਦਰਬਾਰੀਆਂ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਫ਼ਕੀਰ ਅਜ਼ੀਜ਼ੁਦੀਨ ਵਰਗੇ ਸਿਆਣੇ ਮੰਤਰੀਆਂ ਨੇ ਤਾਂ ਉਸ ਤੋਂ ਦੁਖੀ ਹੋ ਕੇ ਦਰਬਾਰ ਵਿਚ ਜਾਣਾ ਹੀ ਛੱਡ ਦਿਤਾ। ਇਸ ਤੋਂ ਬਾਅਦ ਹੀਰਾ ਸਿੰਘ ਡੋਗਰਾ ਤੇ ਜੱਲ੍ਹੇ ਨੇ ਇਕ ਘੋਰ ਪਾਪ ਕੀਤਾ ਜਿਸ ਕਾਰਨ ਪੰਜਾਬ ਵਿਚ ਉਨ੍ਹਾਂ ਦੀ ਰੱਜ ਕੇ ਬਦਨਾਮੀ ਹੋਈ। ਉਸ ਸਮੇਂ ਦੀ ਪੰਥਕ ਸ਼ਖ਼ਸੀਅਤ ਬਾਬਾ ਬੀਰ ਸਿੰਘ ਦਾ ਡੇਰਾ ਨੌਰੰਗਾਬਾਦ (ਜ਼ਿਲ੍ਹਾ ਤਰਨ ਤਾਰਨ) ਵਿਖੇ ਸੀ ਤੇ ਉਹ ਡੋਗਰਿਆਂ ਦਾ ਘੋਰ ਵਿਰੋਧੀ ਸੀ। ਜੱਲ੍ਹਾ ਡੇਰੇ ਨੂੰ ਹੀਰਾ ਸਿੰਘ ਵਿਰੋਧੀ ਸਰਗਰਮੀਆਂ ਦਾ ਕੇਂਦਰ ਸਮਝਦਾ ਸੀ। ਉਸ ਸਮੇਂ ਡੇਰੇ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਕੁੰਵਰ ਕਸ਼ਮੀਰਾ ਸਿੰਘ, ਅਤਰ ਸਿੰਘ ਸੰਧਾਵਾਲੀਆ (ਧਿਆਨ ਸਿੰਘ ਦਾ ਕਤਲ ਕਰਨ ਵਾਲਾ) ਤੇ ਹਰੀ ਸਿੰਘ ਨਲਵਾ ਦਾ ਪੁੱਤਰ ਜਵਾਹਰ ਸਿੰਘ ਸ਼ਰਨ ਲਈ ਬੈਠੇ ਸਨ। ਹੀਰਾ ਸਿੰਘ ਨੇ ਮੀਆਂ ਲਾਭ ਸਿੰਘ ਡੋਗਰੇ ਦੀ ਕਮਾਨ ਹੇਠ 20 ਹਜਾਰ ਸਿਪਾਹੀ ਤੇ 50 ਤੋਪਾਂ ਡੇਰੇ ਉਤੇ ਹਮਲਾ ਕਰਨ ਲਈ ਰਵਾਨਾ ਕਰ ਦਿਤੀਆਂ।

7 ਮਈ 1844 ਨੂੰ ਇਸ ਫੌਜ ਨੇ ਤੋਪਾਂ ਨਾਲ ਗੋਲਾਬਾਰੀ ਕਰ ਕੇ ਬਾਬਾ ਬੀਰ ਸਿੰਘ, ਕੁੰਵਰ ਕਸ਼ਮੀਰਾ ਸਿੰਘ ਤੇ ਅਤਰ ਸਿੰਘ ਸੰਧਾਵਾਲੀਆਂ ਸਮੇਤ ਸੈਂਕੜੇ ਸ਼ਰਧਾਲੂਆਂ ਦਾ ਬੇਰਹਿਮੀ ਨਾਲ ਕਤਲ ਕਰ ਦਿਤਾ। ਜਦੋਂ ਇਹ ਫੌਜੀ ਟੁਕੜੀ ਵਾਪਸ ਲਾਹੌਰ ਪਹੁੰਚੀ ਤਾਂ ਲੋਕਾਂ ਨੇ ਰੱਜ ਕੇ ਲਾਹਨਤਾਂ ਪਾਈਆਂ ਤੇ ਔਰਤਾਂ ਨੇ ਇਨ੍ਹਾਂ ਵਲ ਚੂੜੀਆਂ ਤਕ ਸੁੱਟੀਆਂ। ਫੌਜ ਵਿਚ ਹੀਰਾ ਸਿੰਘ ਤੇ ਜੱਲ੍ਹੇ ਪ੍ਰਤੀ ਸਖ਼ਤ ਰੋਸ ਫੈਲ ਗਿਆ। ਮੌਕਾ ਸਾਂਭਣ ਲਈ ਹੀਰਾ ਸਿੰਘ ਨੇ ਉਸ ਫੌਜੀ ਟੁਕੜੀ ਨੂੰ ਭਾਰੀ ਇਨਾਮ ਦਿਤੇ ਤੇ 5 ਹਜਾਰ ਰੁਪਏ ਬਾਬਾ ਬੀਰ ਸਿੰਘ ਦੀ ਯਾਦ ਵਿਚ ਕੜਾਹ ਪ੍ਰਸ਼ਾਦ ਵਾਸਤੇ ਭੇਟ ਕੀਤੇ। ਇਸ ਤੋਂ ਇਲਾਵਾ ਉਸ ਨੇ ਅੰਮ੍ਰਿਤ ਛਕਣ ਦਾ ਝੂਠਾ ਵਾਅਦਾ ਵੀ ਕੀਤਾ। 27 ਨਵੰਬਰ 1844 ਨੂੰ ਦਰਬਾਰ ਵਿਚ ਉਸ ਸਮੇਂ ਭੁਚਾਲ ਆ ਗਿਆ ਜਦੋਂ ਹੀਰਾ ਸਿੰਘ ਡੋਗਰਾ ਨੇ ਪ੍ਰਸਿੱਧ ਸਿੱਖ ਜਨਰਲ ਸਰਦਾਰ ਅਤਰ ਸਿੰਘ ਕਾਲਿਆਂਵਾਲੀ ਦੀ ਭਰੇ ਦਰਬਾਰ ਵਿਚ ਇਸ ਕਾਰਨ ਬੇਇੱਜ਼ਤੀ ਕਰ ਦਿਤੀ ਕਿ ਉਸ ਨੇ ਜੱਲ੍ਹੇ ਨੂੰ ਬਣਦਾ ਸਤਿਕਾਰ ਨਹੀਂ ਸੀ ਦਿਤਾ। ਅਤਰ ਸਿੰਘ ਦੀ ਗ਼ਲਤੀ ਸਿਰਫ ਏਨੀ ਸੀ ਕਿ ਉਹ ਜੱਲ੍ਹੇ ਦੇ ਬਰਾਬਰ ਕੁਰਸੀ ਡਾਹ ਕੇ ਬੈਠ ਗਿਆ ਸੀ।

ਇਸ ਉਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਤੇ ਭਾਈ ਰਾਮ ਸਿੰਘ ਸਣੇ ਕਈ ਸਰਦਾਰ ਭੜਕ ਉੱਠੇ ਤੇ ਜੋ ਬੋਲੇ ਸੋ ਨਿਹਾਲ ਦੇ ਜੈਕਾਰੇ ਗਜਾਉਂਦੇ ਹੋਏ ਦਰਬਾਰ ਛੱਡ ਕੇ ਚਲੇ ਗਏ। ਸਰਦਾਰਾਂ ਨੇ ਸ. ਸ਼ਾਮ ਸਿੰਘ ਦੀ ਅਗਵਾਈ ਹੇਠ ਜੱਲ੍ਹੇ ਤੇ ਹੀਰਾ ਸਿੰਘ ਨੂੰ ਕਤਲ ਕਰਨ ਦੀਆਂ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿਤੀਆਂ। ਜੱਲ੍ਹੇ ਤੇ ਹੀਰਾ ਸਿੰਘ ਦੇ ਰੋਜਾਨਾ ਦੇ ਜੁਲਮਾਂ ਤੇ ਕੀਤੀ ਜਾ ਰਹੀ ਰਹੀ ਬੇਇੱਜ਼ਤੀ ਤੋਂ ਦੁਖੀ ਹੋ ਕੇ 8 ਦਸੰਬਰ 1844 ਨੂੰ ਮਹਾਰਾਣੀ ਜਿੰਦਾਂ ਅਪਣੇ ਭਰਾ ਜਵਾਹਰ ਸਿੰਘ ਤੇ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈ ਕੇ ਜਨਰਲ ਵੈਂਤੂਰਾ ਦੀ ਫੌਜ ਦੀ ਸੁਰੱਖਿਆ ਹੇਠ ਲਾਹੌਰ ਛਾਉਣੀ ਵਿਚ ਪਹੁੰਚ ਗਈ। ਉਸ ਨੇ ਇਕ ਭਾਵਪੂਰਤ ਤਕਰੀਰ ਕਰ ਕੇ ਖਾਲਸਾ ਫੌਜ ਅੱਗੇ ਮਹਾਰਾਜਾ ਦਲੀਪ ਸਿੰਘ ਦੀ ਜਾਨ ਹੀਰਾ ਸਿੰਘ ਤੇ ਜੱਲ੍ਹੇ ਕੋਲੋਂ ਬਚਾਉਣ ਲਈ ਫਰਿਆਦ ਕੀਤੀ। ਫੌਜ ਪਹਿਲਾਂ ਹੀ ਜੱਲ੍ਹੇ ਤੇ ਹੀਰਾ ਸਿੰਘ ਤੋਂ ਦੁਖੀ ਬੈਠੀ ਸੀ ਕਿਉਂਕਿ ਦੋ ਦਿਨ ਪਹਿਲਾਂ ਹੀ ਉਨ੍ਹਾਂ ਨੇ 500 ਖਾਲਸਾ ਫੌਜੀਆਂ ਨੂੰ ਬਰਤਰਫ ਕਰ ਕੇ ਉਨ੍ਹਾਂ ਦੀ ਤਨਖਾਹ ਜਬਤ ਕਰ ਲਈ ਸੀ। ਫੌਜ ਨੇ ਗੁਰੂ ਗ੍ਰੰਥ ਸਾਹਿਬ ਸਾਹਮਣੇ ਮਹਾਰਾਣੀ ਅਤੇ ਦਲੀਪ ਸਿੰਘ ਦੀ ਸੁਰੱਖਿਆ ਕਰਨ ਦੀ ਸਹੁੰ ਚੁੱਕ ਲਈ। ਇਸ ਸਾਰੇ ਘਟਨਾਕ੍ਰਮ ਤੋਂ ਘਬਰਾ ਕੇ ਜੱਲ੍ਹੇ ਦੀ ਸਲਾਹ ਨਾਲ ਹੀਰਾ ਸਿੰਘ ਨੇ ਅਪਣੇ ਚਾਚੇ ਗੁਲਾਬ ਸਿੰਘ ਡੋਗਰੇ ਨੂੰ ਮਦਦ ਲਈ ਸੁਨੇਹਾ ਭੇਜ ਦਿਤਾ। ਜੰਮੂ ਤੋਂ 10 ਹਜਾਰ ਡੋਗਰਾ ਫੌਜ ਦੇ ਕੂਚ ਕਰਨ ਬਾਰੇ ਸੁਣ ਕੇ ਖਾਲਸਾ ਫੌਜ ਹੋਰ ਭੜਕ ਉੱਠੀ।

ਘਬਰਾ ਕੇ 21 ਦਸੰਬਰ 1844 ਨੂੰ ਤੜਕੇ ਜੱਲ੍ਹਾ ਤੇ ਹੀਰਾ ਸਿੰਘ ਡੋਗਰਾ 5 ਹਜਾਰ ਸਿਪਾਹੀਆਂ ਸਮੇਤ ਲਾਹੌਰ ਦਰਬਾਰ ਦਾ ਖਜਾਨਾ ਛਕੜਿਆਂ ਉਤੇ ਲੱਦ ਕੇ ਜੰਮੂ ਵਲ ਰਵਾਨਾ ਹੋ ਗਿਆ। ਜਦੋਂ ਉਹ ਰਾਵੀ ਟੱਪੇ ਤਾਂ ਫੌਜ ਨੂੰ ਇਸ ਦੀ ਭਿਣਕ ਲੱਗ ਗਈ। ਖਾਲਸਾ ਫੌਜ ਨੇ ਸ. ਸ਼ਾਮ ਸਿੰਘ ਅਟਾਰੀਵਾਲੇ ਦੀ ਕਮਾਨ ਹੇਠ ਡੋਗਰਿਆਂ ਨੂੰ ਲਾਹੌਰ ਤੋਂ 14 ਕਿ.ਮੀ. ਦੂਰ ਜਾ ਘੇਰ ਲਿਆ। ਇਸ ਲੜਾਈ ਵਿਚ ਸਭ ਤੋਂ ਪਹਿਲਾਂ ਜੱਲ੍ਹਾ ਮਰਿਆ ਜੋ ਬਚਣ ਦੀ ਕੋਸ਼ਿਸ਼ ਕਰਦਾ ਘੋੜੇ ਤੋਂ ਡਿੱਗ ਪਿਆ ਸੀ। ਹੀਰਾ ਸਿੰਘ ਡੋਗਰਾ, ਜੱਲ੍ਹਾ, ਮੀਆਂ ਲਾਭ ਸਿੰਘ ਤੇ ਗੁਲਾਬ ਸਿੰਘ ਡੋਗਰੇ ਦੇ ਬੇਟੇ ਸੋਹਣ ਸਿੰਘ ਦਾ ਸਿਰ ਵੱਢ ਕੇ ਖਜਾਨੇ ਸਮੇਤ ਲਾਹੌਰ ਲਿਆਂਦਾ ਗਿਆ ਜੋ ਕਈ ਦਿਨਾਂ ਤਕ ਕਿਲ੍ਹੇ ਦੀਆਂ ਕੰਧਾਂ ਉਤੇ ਲਟਕਦੇ ਰਹੇ। ਹੀਰਾ ਸਿੰਘ ਦੀ ਮੌਤ ਦੀ ਖਬਰ ਸੁਣ ਕੇ ਗੁਲਾਬ ਸਿੰਘ ਰਸਤੇ ਵਿਚੋਂ ਹੀ ਵਾਪਸ ਮੁੜ ਗਿਆ।

-o-

# ਆਖਰਕਾਰ, 5 ਅਗਸਤ ਦਾ ਦਿਨ ਰਾਮ ਮੰਦਰ ਦੀ ਉਸਾਰੀ ਲਈ ਕਿਉਂ ਚੁਣਿਆ ?

**✪ ਰਾਮ ਮੰਦਰ ਦੀ ਉਸਾਰੀ ਨਾਲ ਭਾਜਪਾ ਪੂਰੇ ਭਾਰਤ 'ਚ ਹਿੰਦੂ ਰਾਸ਼ਟਰਵਾਦ ਦਾ ਸੁਪਨਾ ਪੂਰਾ ਹੁੰਦਾ ਦੇਖ ਰਹੀ ਹੈ**

**✪ 2014 ਦੀਆਂ ਆਉਣ ਵਾਲੀਆਂ ਚੋਣਾਂ ਦੀ ਤਿਆਰੀ ਲਈ ਅਸ਼ਵਮੇਘ ਯੱਗ ਰਚਿਆ ਜਾ ਰਿਹਾ ✪ ਅਯੁੱਧਿਆ ਦੇ ਬੋਧੀ ਵਿਰਸੇ ਨੂੰ ਅਦਾਲਤ ਨੇ ਨਕਾਰਿਆ**

ਪਰਗਟ ਸਿੰਘ (ਜੰਡਿਆਲਾ ਗੁਰੂ)- 1942 ਦੀ ਅਗਸਤ ਕ੍ਰਾਂਤੀ ਦੇ ਸਮੇਂ, ਦੂਸਰਾ ਵਿਸ਼ਵ ਯੁੱਧ ਚੱਲ ਰਿਹਾ ਸੀ, ਕਾਂਗਰਸ ਨੇ ਆਜ਼ਾਦੀ ਦਾ ਬਿਗਲ ਵਜਾਇਆ। ਭਾਰਤ ਆਜ਼ਾਦ ਹੋ ਗਿਆ। ਹੁਣ ਕੋਰੋਨਾ ਖਿਲਾਫ ਦੁਨੀਆ ਵਿੱਚ ਯੁੱਧ ਚੱਲ ਰਿਹਾ ਹੈ। ਭਾਰਤ ਅਜ਼ਾਦ ਹੈ ਪਰ ਮੋਦੀ ਸਰਕਾਰ ਦਾ ਉਦੇਸ਼ ਆਗਾਮੀ ਚੋਣਾਂ ਤੋਂ ਪਹਿਲਾਂ ਰਾਮ ਮੰਦਰ ਬਣਾਉਣ ਦਾ ਹੈ। ਇਸ ਲਈ ਤਾਰੀਖ 5 ਅਗਸਤ 2020 ਨੂੰ ਰੱਖੀ ਗਈ ਹੈ। ਭਾਜਪਾ ਅਤੇ ਪ੍ਰਧਾਨ ਮੰਤਰੀ ਮੋਦੀ ਇਸ ਤਾਰੀਖ ਨੂੰ ਪਸੰਦ ਕਰਦੇ ਹਨ, ਕਿਉਂਕਿ ਉਨ੍ਹਾਂ ਲਈ ਇਹ ਇਕ ਇਤਿਹਾਸਕ ਤਾਰੀਖ ਹੈ।

ਭਾਰਤ ਦੀ ਆਜ਼ਾਦੀ ਵਿਚ ਅਗਸਤ ਕ੍ਰਾਂਤੀ ਦਾ ਆਪਣਾ ਮਹੱਤਵ ਹੈ। 8 ਅਗਸਤ 1942 ਨੂੰ, ਭਾਰਤ ਛੱਡੋ ਅੰਦੋਲਨ ਲਈ ਮੁੰਬਈ ਦੇ ਗਵਾਲੀਅਰ ਟੈਂਕ ਗਰਾਉਂਡ ਵਿਖੇ ਇੱਕ ਮੀਟਿੰਗ ਕੀਤੀ ਗਈ, ਜਿਸ ਨੂੰ ਬਾਅਦ ਵਿਚ 'ਅਗਸਤ ਕ੍ਰਾਂਤੀ' ਕਿਹਾ ਗਿਆ। ਇਹ ਮੰਨਿਆ ਜਾਂਦਾ ਹੈ ਕਿ ਇਹ ਅਗਸਤ ਕ੍ਰਾਂਤੀ ਦੇ ਕਾਰਨ ਹੀ ਬ੍ਰਿਟਿਸ਼ ਹਕੂਮਤ ਨੂੰ ਭਾਰਤ ਛੱਡਣ ਲਈ ਮਜ਼ਬੂਰ ਹੋਣਾ ਪਿਆ। ਇਸ ਮੁੱਦੇ ਬਾਰੇ ਇਤਿਹਾਸਕਾਰਾਂ ਦੇ ਬਹੁਤ ਸਾਰੇ ਮਤਭੇਦ ਹਨ ਪਰ ਇਸ ਨਾਲ ਅਗਸਤ ਦੀ ਕ੍ਰਾਂਤੀ ਜਾਂ ਭਾਰਤ ਛੱਡੋ ਅੰਦੋਲਨ ਦੀ ਮਹੱਤਤਾ ਘੱਟ ਨਹੀਂ ਹੁੰਦੀ। ਹੁਣ 2020 ਵਿਚ, ਭਾਜਪਾ 'ਅਗਸਤ ਕ੍ਰਾਂਤੀ' ਕਰ ਰਹੀ ਹੈ। ਪਿਛਲੇ ਸਾਲ 5 ਅਗਸਤ 2019 ਨੂੰ, ਭਾਜਪਾ ਨੇ ਜੰਮੂ-ਕਸ਼ਮੀਰ ਵਿੱਚ ਧਾਰਾ 370 ਬਾਰੇ ਫੈਸਲਾ ਲਿਆ ਸੀ ਅਤੇ ਹੁਣ 5 ਅਗਸਤ 2020 ਦੌਰਾਨ ਅਯੁੱਧਿਆ ਵਿੱਚ ਵਿਸ਼ਾਲ ਰਾਮ ਮੰਦਰ ਉਸਾਰਨ ਲਈ ਉਦਘਾਟਨ ਕਰ ਰਹੀ ਹੈ। ਅਗਸਤ ਕ੍ਰਾਂਤੀ ਵਿਚ ਸਮੂਹ ਦੇਸ਼ਵਾਸੀ ਆਪਣੀ ਆਜ਼ਾਦੀ ਲਈ ਵਚਨਬੱਧ ਸਨ ਪਰ ਭਾਜਪਾ ਅਗਸਤ ਕ੍ਰਾਂਤੀ ਹਿੰਦੂ ਰਾਸ਼ਟਰਵਾਦ ਦੀ ਤਿਆਰੀ ਲਈ ਰਚ ਰਹੀ ਹੈ। ਇਸ ਦਾ ਉਦੇਸ਼ ਹਿੰਦੂ ਭਾਈਚਾਰੇ ਦੀਆਂ ਵੋਟਾਂ ਦਾ ਧਰੁਵੀਕਰਨ ਕਰਨਾ ਹੈ।

2020 ਦੌਰਾਨ ਕੋਰੋਨਾ ਕਾਰਨ ਪੂਰੀ ਦੁਨੀਆ ਵਿੱਚ ਘਬਰਾਹਟ ਛਿੜੀ ਹੋਈ ਹੈ, ਪਰ ਭਾਜਪਾ ਚਾਹੁੰਦੀ ਸੀ ਕਿ ਅਯੁੱਧਿਆ ਵਿਚ ਵਿਸ਼ਾਲ ਰਾਮ ਮੰਦਰ ਦਾ ਨਿਰਮਾਣ ਕਰਕੇ ਅਗਸਤ ਵਿਚ ਹਿੰਦੂ ਰਾਸ਼ਟਰਵਾਦ ਦੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਜਾਵੇ ਤੇ 2024 ਦੀਆਂ ਚੋਣਾਂ ਤੋਂ ਪਹਿਲਾਂ ਪੂਰੇ ਭਾਰਤ ਦੀ ਸੱਤਾ ਉੱਪਰ ਕਬਜ਼ਾ ਕਰ ਲਿਆ ਜਾਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਵਰੀ ਤੋਂ ਹੀ ਅਯੁੱਧਿਆ ਆਉਣ ਦੇ ਚਾਹਵਾਨ ਸਨ ਪਰ ਕੋਰੋਨਾ ਦੇ ਕਾਰਨ ਜਾ ਨਹੀਂ ਸਕੇ। ਹੁਣ ਪ੍ਰਧਾਨ ਮੰਤਰੀ 5 ਅਗਸਤ ਨੂੰ ਕੋਰੋਨਾ ਦੇ ਬਾਵਜੂਦ ਅਯੁੱਧਿਆ ਵਿਚ ਰਾਮ ਮੰਦਰ ਦੇ ਨਿਰਮਾਣ ਲਈ ਪੂਜਾ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਣਗੇ। ਇਹ ਇਕ ਅਜਿਹਾ ਮੌਕਾ ਹੈ ਜਿਸ ਨੂੰ ਭਾਜਪਾ ਕਿਸੇ ਵੀ ਹਾਲਤ ਵਿਚ ਗੁਆਉਣਾ ਨਹੀਂ ਚਾਹੇਗੀ। ਉਸਨੇ ਕਈ ਦਹਾਕਿਆਂ ਤੋਂ ਇਸ ਦੇ ਖੁਆਬ ਦੇਖੇ ਹਨ।

ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਪੂਰੀ ਦੁਨੀਆ ਵਿੱਚ ਦਿਖਾਇਆ ਜਾਵੇਗਾ ਤੇ ਲਗਭਗ 10 ਕਰੋੜ ਹਿੰਦੂ ਪਰਿਵਾਰਾਂ ਨੂੰ ਅਯੁੱਧਿਆ ਰਾਮ ਮੰਦਰ ਦੇ ਨਿਰਮਾਣ ਲਈ ਮਾਇਆ ਦੇਣ ਦੀ ਅਪੀਲ ਕੀਤੀ ਜਾਵੇਗੀ। ਇਸ ਤਰ੍ਹਾਂ, ਭਾਜਪਾ ਨੇ 2024 ਦੀਆਂ ਚੋਣਾਂ ਲਈ ਆਪਣੀ ਪੂਰੀ ਰਣਨੀਤੀ ਬਣਾਈ ਹੈ ਤੇ ਇਸ ਨੂੰ ਲਾਗੂ ਕਰਨ ਦਾ ਕੰਮ 5 ਅਗਸਤ 2019 ਤੋਂ ਪਹਿਲਾਂ ਹੀ ਸ਼ੁਰੂ ਕੀਤਾ ਹੋਇਆ ਹੈ।

ਇਹ ਕਿਹਾ ਜਾ ਰਿਹਾ ਹੈ ਕਿ 2024 ਵਿਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਯੁੱਧਿਆ ਵਿਚ ਰਾਮ ਮੰਦਰ ਦਾ ਨਿਰਮਾਣ ਪੂਰਾ ਹੋ ਜਾਵੇਗਾ। ਜਦੋਂ 5 ਅਗਸਤ ਨੂੰ ਅਯੁੱਧਿਆ ਵਿੱਚ ਰਾਮ ਮੰਦਰ ਦਾ ਨਿਰਮਾਣ ਸ਼ੁਰੂ ਹੋਵੇਗਾ, ਤਾਂ ਕੋਰੋਨਾ ਕਾਰਨ ਇਸ ਵਿੱਚ ਲੱਖਾਂ ਲੋਕ ਹਾਜ਼ਰ ਨਹੀਂ ਹੋ ਸਕਣਗੇ, ਪਰ ਕਰੋੜਾਂ ਲੋਕ ਇਸ ਨੂੰ ਸਿੱਧਾ ਟੈਲੀਵੀਜ਼ਨ ਚੈਨਲਾਂ ਰਾਹੀਂ ਵੇਖ ਸਕਣਗੇ। ਇਹ ਸਿਰਫ ਇਕ ਰਾਮ ਮੰਦਰ ਦੀ ਉਸਾਰੀ ਹੀ ਨਹੀਂ, ਇਹ ਤਾਂ ਭਾਜਪਾ ਲਈ ਇਕ ਮਹੱਤਵਪੂਰਨ ਚੋਣ ਮੁਹਿੰਮ ਦੀ ਸ਼ੁਰੂਆਤ ਹੈ ਜਿਸ ਵਿਚ ਭਾਜਪਾ ਆਪਣੀ ਸਦੀਵੀਂ ਸੱਤਾ ਦੇਖ ਰਹੀ ਹੈ। ਕਹਿਣ ਨੂੰ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਭਾਜਪਾ ਰਾਮ ਮੰਦਰ ਦੀ ਉਸਾਰੀ ਨੂੰ ਅਸ਼ਵਮੇਘ ਯੱਗ ਦੇ ਰੂਪ ਵਿਚ ਦੇਖ ਰਹੀ ਹੈ। ਕਿਸੇ ਵੇਲੇ ਭਗਵਾਨ ਰਾਮ ਨੇ ਅਸ਼ਵਮੇਘ ਯੱਗ ਰਚਿਆ ਸੀ ਤਾਂ ਜੋ ਵਿਸ਼ਵ ਦਾ ਸ੍ਰੇਸ਼ਠ ਜੇਤੂ ਰਾਜਾ ਬਣਿਆ ਜਾਵੇ। ਭਾਜਪਾ ਦਾ ਵੀ ਇਹੀ ਸੁਪਨਾ ਹੈ। ਹਾਲਾਂਕਿ ਭਾਜਪਾ ਵਿਰੋਧੀਆਂ ਨੇ ਮੋਦੀ ਸਰਕਾਰ ਅੱਗੇ ਗੋਡੇ ਟੇਕ ਦਿੱਤੇ ਹਨ, ਪਰ ਆਉਣ ਵਾਲਾ ਸਮਾਂ ਕੀ ਹੋਵੇਗਾ, ਇਹ ਕਹਿਣਾ ਹਾਲ ਦੀ ਘੜੀ ਮੁਸ਼ਕਲ ਹੈ।

### ਰਾਮ ਮੰਦਰ ਦੀ ਕਹਾਣੀ ਤੇ ਬੁੱਧ ਦੀ ਵਿਰਾਸਤ

ਸੁਪਰੀਮ ਕੋਰਟ ਦੇ 9 ਨਵੰਬਰ 2019 ਦੇ ਫ਼ੈਸਲੇ ਅਨੁਸਾਰ ਉੱਥੇ ਰਾਮ ਮੰਦਿਰ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ। ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਕਿਹਾ ਸੀ ਕਿ ਇਹ ਨਿਰਣਾ ਕਰਨਾ ਮੁਸ਼ਕਲ ਹੈ ਕਿ ਵਿਵਾਦਤ ਜਗ੍ਹਾ 'ਤੇ ਮੰਦਰ ਮੌਜੂਦ ਸੀ ਜਾਂ ਨਹੀਂ ਅਤੇ ਮੰਦਿਰ ਬਣਾਉਣ ਦੀ ਆਗਿਆ ਦੇਣ ਦਾ ਫ਼ੈਸਲਾ 'ਵਿਸ਼ਵਾਸ ਦੇ ਆਧਾਰ' 'ਤੇ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਥੇ 5 ਅਗਸਤ ਨੂੰ ਭੂਮੀ ਪੂਜਨ ਕਰਨਗੇ। ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ 25 ਮਾਰਚ ਨੂੰ ਰਾਮ ਲੱਲਾ ਦੀ ਮੂਰਤੀ ਦੀ ਅਸਥਾਈ ਮੰਦਿਰ ਵਿਚ ਸਥਾਪਨਾ ਕਰ ਕੇ ਪ੍ਰਕਿਰਿਆ ਦੀ ਸ਼ੁਰੂਆਤ ਕਰ ਚੁੱਕਾ ਹੈ। 2018 ਦੌਰਾਨ ਸੁਪਰੀਮ ਕੋਰਟ ਰਾਮ ਮੰਦਿਰ-ਬਾਬਰੀ ਮਸਜਿਦ ਮਾਮਲੇ ਦੀ ਸੁਣਵਾਈ ਦੌਰਾਨ ਅਯੁੱਧਿਆ ਦੇ ਵਸਨੀਕ ਵਨੀਤ ਕੁਮਾਰ ਮੌਰੀਆ ਦੀ ਪਟੀਸ਼ਨ ਦਾਖ਼ਲ ਕੀਤੀ ਸੀ ਜਿਸ ਵਿਚ ਇਹ ਕਿਹਾ ਗਿਆ ਸੀ ਕਿ ਅਯੁੱਧਿਆ ਬੁੱਧ ਧਰਮ ਦਾ ਕੇਂਦਰ ਵੀ ਰਹੀ ਹੈ। ਬੀਤੇ ਸੋਮਵਾਰ ਸੁਪਰੀਮ ਕੋਰਟ ਨੇ ਦੋ ਗ਼ੈਰ-ਸਰਕਾਰੀ ਸੰਸਥਾਵਾਂ ਸਮਿਅਕ ਵਿਸ਼ਵ ਸੰਘ, ਰਤਨਾਗਿਰੀ ਮਹਾਰਾਸ਼ਟਰ ਅਤੇ ਡਾ. ਅੰਬੇਦਕਰ ਬੋਧੀ ਕੁੰਜਾ ਫਾਉਂਡੇਸ਼ਨ, ਮੁੰਗੇਰ ਬਿਹਾਰ ਦੀਆਂ ਇਹ ਪਟੀਸ਼ਨਾਂ ਕਿ ਅਦਾਲਤ ਭਾਰਤੀ ਪੁਰਾਤੱਤਵ ਸਰਵੇਖਣ ਵਿਭਾਗ (ਆਰਕਿਓਲੋਜੀਕਲ ਸਰਵੇ ਆਫ਼ ਇੰਡੀਆ) ਨੂੰ ਇਹ ਆਦੇਸ਼ ਦੇਵੇ ਕਿ ਬਾਬਰੀ ਮਸਜਿਦ ਦੀ ਖ਼ੁਦਾਈ ਦੌਰਾਨ ਉੱਥੋਂ ਪ੍ਰਾਪਤ ਹੋਈਆਂ ਪੂਰਬ-ਇਤਿਹਾਸਕ ਕਲਾਕ੍ਰਿਤਾਂ ਸਾਂਭ ਕੇ ਰੱਖੀਆਂ ਜਾਣ, ਨੂੰ ਖਾਰਿਜ ਕਰ ਦਿੱਤਾ। ਇਹ ਹੀ ਨਹੀਂ, ਅਦਾਲਤ ਨੇ ਪਟੀਸ਼ਨ ਦਾਇਰ ਕਰਨ ਵਾਲਿਆਂ ਨੂੰ ਜੁਰਮਾਨਾ ਵੀ ਕੀਤਾ ਤੇ ਇਹ ਵੀ ਪੁੱਛਿਆ ਕਿ ਇਹੋ ਜਿਹੀ ਪਟੀਸ਼ਨ ਫਾਇਲ ਕਰਨ ਵਿਚ ਉਨ੍ਹਾਂ ਦਾ ਕੀ ਮਕਸਦ ਹੈ।

ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਭਾਵੇਂ ਇਸ ਗੱਲ ਨਾਲ ਸਹਿਮਤ ਸੀ ਕਿ ਅਜਿਹੀਆਂ ਕਲਾਕ੍ਰਿਤੀਆਂ ਨੂੰ ਸਾਂਭ ਕੇ ਰੱਖਿਆ ਜਾਣਾ ਚਾਹੀਦਾ ਹੈ ਪਰ ਅਦਾਲਤ ਨੇ ਅਜਿਹੇ ਨਿਰਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਦੇ ਇਸ ਫ਼ੈਸਲੇ 'ਤੇ ਕਈ ਕਾਨੂੰਨੀ ਮਾਹਿਰਾਂ ਨੇ ਹੈਰਾਨੀ ਪ੍ਰਗਟਾਈ ਹੈ। ਅਯੁੱਧਿਆ ਦੇ ਬੋਧੀ ਵਿਰਸੇ ਬਾਰੇ ਕਾਫ਼ੀ ਬਹਿਸ ਚੱਲ ਰਹੀ ਹੈ ਤੇ ਕਈ ਜਥੇਬੰਦੀਆਂ ਬਿਹਾਰ ਵਿਚੋਂ ਆਜ਼ਾਦ ਬੁੱਧ ਧਰਮ ਸੈਨਾ ਤੇ ਪੰਜਾਬ ਵਿਚੋਂ ਪੰਜਾਬ ਬੁਧਿਸਟ ਸੁਸਾਇਟੀ, ਅੰਬੇਦਕਰ ਮਿਸ਼ਨ ਸੁਸਾਇਟੀ, ਅੰਬੇਦਕਰ ਭਵਨ ਟਰੱਸਟ, ਆਲ ਇੰਡੀਆ ਸਮਤਾ ਸੈਨਿਕ ਦਲ, ਡਾ. ਅੰਬੇਦਕਰ ਮੈਮੋਰੀਅਲ ਟਰੱਸਟ, ਡਾ. ਅੰਬੇਦਕਰ ਵੈਲਫੇਅਰ ਸੁਸਾਇਟੀ ਅਤੇ ਕਈ ਹੋਰ ਸੰਸਥਾਵਾਂ ਨੇ ਵੀ ਕੇਂਦਰੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਯੁੱਧਿਆ ਵਿਚੋਂ ਮਿਲੀਆਂ ਕਲਾਕ੍ਰਿਤੀਆਂ ਸੰਭਾਲ ਕੇ ਰੱਖੀਆਂ ਜਾਣ।

ਪੁਰਾਤਨ ਬੋਧੀ ਗ੍ਰੰਥਾਂ ਅਨੁਸਾਰ ਗੌਤਮ ਬੁੱਧ ਨੇ ਅਯੁੱਧਿਆ ਵਿਚ 11 ਵਰ੍ਹੇ ਬਿਤਾਏ ਅਤੇ ਉੱਥੇ ਕਈ ਉਪਦੇਸ਼ ਦਿੱਤੇ। ਚੀਨੀ ਯਾਤਰੀ ਫਾਹੀਆਨ ਅਨੁਸਾਰ ਅਯੁੱਧਿਆ, ਜਿਸ ਨੂੰ ਸਾਕੇਤ ਵੀ ਕਿਹਾ ਜਾਂਦਾ ਸੀ, ਵਿਚ ਲਗਭੱਗ 100 ਬੋਧੀ ਮੱਠ ਸਨ ਜਿਨ੍ਹਾਂ ਵਿਚ ਲਗਭੱਗ 3000 ਬੋਧੀ ਸੰਨਿਆਸੀ ਨਿਵਾਸ ਕਰਦੇ ਸਨ। ਸੱਤਵੀਂ ਸਦੀ ਵਿਚ ਇਕ ਹੋਰ ਚੀਨੀ ਯਾਤਰੀ ਹਿਊਨ ਸਾਂਗ ਨੇ ਅਯੁੱਧਿਆ ਵਿਚ ਲਗਭੱਗ 1000 ਬੋਧੀ ਮੱਠਾਂ/ਵਿਹਾਰਾਂ ਦੇ ਹੋਣ ਅਤੇ ਉੱਥੇ ਹਜ਼ਾਰਾਂ ਬੋਧੀ ਸੰਨਿਆਸੀਆਂ, ਵਿਦਵਾਨਾਂ ਤੇ ਵਿਦਿਆਰਥੀਆਂ ਦੇ ਰਹਿਣ ਬਾਰੇ ਲਿਖਿਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬੁੱਧ ਧਰਮ ਦਾ ਪ੍ਰਚਾਰ ਕਰਨ ਵਾਲੇ ਰਾਜਿਆਂ ਨੇ ਅਯੁੱਧਿਆ ਵਿੱਚ 14 ਥੰਮ੍ਹ ਬਣਾਏ। ਇਨ੍ਹਾਂ ਅਸਥਾਨਾਂ ਤੋਂ ਮੁਢਲੀ ਖੁਦਾਈ ਕਰਨ ਵਾਲੇ ਏਈ ਕਨਿੰਘਮ ਤੇ ਏਕੇ ਨਰਾਇਣਨ ਨੇ ਵੀ ਇੱਥੋਂ ਦੇ ਬੋਧੀ ਵਿਰਸੇ ਨੂੰ ਸਵੀਕਾਰ ਕੀਤਾ ਹੈ। ਜੈਨ ਰਵਾਇਤ ਅਨੁਸਾਰ ਇਸ ਅਸਥਾਨ ਨੂੰ ਪਹਿਲੇ ਤੇ ਤੀਜੇ ਜੈਨ ਤੀਰਥੰਕਾਰ ਦਾ ਜਨਮ ਸਥਾਨ ਮੰਨਿਆ ਜਾਂਦਾ ਹੈ। ਇਹੋ ਜਿਹੇ ਵਿਰਸੇ ਨੂੰ ਵੇਖਦਿਆਂ ਸੁਪਰੀਮ ਕੋਰਟ ਦਾ ਨਿਰਣਾ ਸਚਮੁੱਚ ਹੈਰਾਨ ਕਰ ਦੇਣ ਵਾਲਾ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਨੂੰ ਕੀਮਤੀ ਵਿਰਾਸਤ ਦੀ ਸਾਂਭ ਸੰਭਾਲ ਕਰਨ ਦੇ ਆਦੇਸ਼ ਦੇਣੇ ਚਾਹੀਦੇ ਸਨ।

## ਰਾਮ ਮੰਦਰ ਬਣਦਿਆਂ ਹੀ ਦੇਸ਼ ਵਿਚੋਂ ਭੱਜ ਜਾਵੇਗਾ ਕੋਰੋਨਾ : ਬੀਜੇਪੀ ਲੀਡਰਾਂ ਨੇ ਕੀਤਾ ਦਾਅਵਾ

ਨਵੀਂ ਦਿੱਲੀ- ਦੇਸ਼ ਵਿਚ ਜਾਨਲੇਵਾ ਕੋਰੋਨਾ ਵਾਇਰਸ ਬਾਰੇ ਸਿਆਸੀ ਲੀਡਰ ਅਜੀਬੋ ਗਰੀਬ ਟਿੱਪਣੀਆਂ ਕਰ ਰਹੇ ਹਨ। ਰਾਜਸਥਾਨ ਦੀ ਦੌਸਾ ਲੋਕਸਭਾ ਸੀਟ ਤੋਂ ਬੀਜੇਪੀ ਸੰਸਦ ਮੈਂਬਰ ਜਸਕੌਰ ਮੀਣਾ ਨੇ ਕਿਹਾ ਕਿ ਅਯੋਧਿਆ ਵਿਚ ਰਾਮ ਮੰਦਰ ਬਣਦਿਆਂ ਹੀ ਕੋਰੋਨਾ ਵਾਇਰਸ ਖਤਮ ਹੋ ਜਾਵੇਗਾ। ਅਜਿਹੇ ਵਿਚ ਪੰਜ ਅਗਸਤ ਨੂੰ ਅਸੀਂ ਸਾਰੇ ਖੁਸ਼ੀਆਂ ਮਨਾਵਾਂਗੇ, ਘਰਾਂ ਵਿਚ ਦੀਵੇ ਜਗਾਵਾਂਗੇ ਤੇ ਮਠਿਆਈ ਵੰਡਾਂਗੇ।'

ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਵਿਧਾਨ ਸਭਾ ਦੇ ਪ੍ਰੋਟੇਮ ਸਪੀਕਰ ਰਾਮੇਸ਼ਵਰ ਸ਼ਰਮਾ ਨੇ ਵੀ ਕਿਹਾ ਸੀ ਕਿ ਰਾਮ ਮੰਦਰ ਦਾ ਨਿਰਮਾਣ ਸ਼ੁਰੂ ਹੁੰਦਿਆਂ ਹੀ ਕੋਰੋਨਾ ਦਾ ਵਿਨਾਸ਼ ਹੋਣ ਲੱਗੇਗਾ। ਉਨ੍ਹਾਂ ਕਿਹਾ ਉਸ ਸਮੇਂ ਰਾਕਸ਼ਸ ਦੇ ਖਾਤਮੇ ਲਈ ਭਗਵਾਨ ਰਾਮ ਦਾ ਜਨਮ ਹੋਇਆ ਸੀ, ਇਸ ਲਈ ਪੰਜ ਤਾਰੀਖ ਨੂੰ ਜਿਵੇਂ ਹੀ ਰਾਮ ਮੰਦਰ ਦਾ ਨਿਰਮਾਣ ਸ਼ੁਰੂ ਹੋਵੇਗਾ, ਕੋਰੋਨਾ ਜਿਹੀ ਮਹਾਮਾਰੀ ਦਾ ਅੰਤ ਹੋ ਜਾਵੇਗਾ।'

-o-

## ਰਾਮ ਮੰਦਰ ਦੀ ਨੀਂਹ ਰੱਖਣ ਤੋਂ ਪਹਿਲਾਂ 200 ਫੁੱਟ ਡੂੰਘਾ ਟਾਈਮ ਕੈਪਸੂਲ ਗੱਡਿਆ ਜਾਵੇਗਾ

ਨਵੀਂ ਦਿੱਲੀ- 5 ਅਗਸਤ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਰਾਮ ਮੰਦਰ ਦਾ ਨੀਂਹ ਪੱਥਰ ਰੱਖਣਗੇ। ਇਸ ਤੋਂ ਪਹਿਲਾਂ ਵੈਦਿਕ ਰਸਮਾਂ 3 ਅਗਸਤ ਤੋਂ ਸ਼ੁਰੂ ਹੋਣਗੀਆਂ। ਇਸ ਦਰਮਿਆਨ ਹਜ਼ਾਰਾਂ ਸਾਲਾਂ ਤੱਕ ਅਯੋਧਿਆ ਵਿੱਚ ਰਾਮ ਮੰਦਰ ਦੇ ਇਤਿਹਾਸ ਨੂੰ ਬਣਾਈ ਰੱਖਣ ਲਈ, ਮੰਦਰ ਦੇ ਗ੍ਰਹਿ ਵਿੱਚ 200 ਫੁੱਟ ਡੂੰਘਾ ਟਾਈਮ ਕੈਪਸੂਲ ਲਾਇਆ ਜਾਵੇਗਾ। ਇਸ ਵਿਚ ਮੰਦਰ ਦੀ ਪੂਰੀ ਜਾਣਕਾਰੀ ਹੋਵੇਗੀ, ਤਾਂ ਕਿ ਜਨਮ ਭੂਮੀ ਤੇ ਰਾਮ ਮੰਦਰ ਦਾ ਇਤਿਹਾਸ ਭਵਿੱਖ ਵਿੱਚ ਵੇਖਿਆ ਜਾ ਸਕੇ ਤੇ ਕੋਈ ਵਿਵਾਦ ਨਾ ਹੋਵੇ। ਸ਼੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਮੈਂਬਰ ਕਾਮੇਸ਼ਵਰ ਚੌਪਾਲ ਨੇ ਇਹ ਜਾਣਕਾਰੀ ਦਿੱਤੀ। ਬਿਹਾਰ ਦੇ ਰਹਿਣ ਵਾਲੇ ਕਾਮੇਸ਼ਵਰ ਚੌਪਾਲ ਨੇ 9 ਨਵੰਬਰ, 1989 ਨੂੰ ਅਯੋਧਿਆ ਵਿਚ ਰਾਮ ਮੰਦਰ ਦਾ ਨੀਂਹ ਪੱਥਰ ਰੱਖਿਆ ਸੀ। ਉਸ ਸਮੇਂ ਤੋਂ ਮੰਦਰ ਦੇ ਬਣਨ ਦੀ ਉਡੀਕ ਕੀਤੀ ਜਾ ਰਹੀ ਹੈ।

### ਟਾਈਮ ਕੈਪਸੂਲ ਕੀ ਹੁੰਦਾ ਹੈ ?

ਟਾਈਮ ਕੈਪਸੂਲ ਜਾਂ ਕਾਲ ਪਾਤਰ ਇੱਕ ਅਜਿਹੀ ਡਿਵਾਈਸ ਹੈ, ਜਿਸ ਦੀ ਮਦਦ ਨਾਲ ਵਰਤਮਾਨ ਦੁਨੀਆਂ ਨਾਲ ਜੁੜੀਆਂ ਜਾਣਕਾਰੀਆਂ ਭਵਿੱਖ ਜਾਂ ਦੂਜੀ ਦੁਨੀਆਂ ਵਿੱਚ ਭੇਜੀਆਂ ਜਾ ਸਕਦੀਆਂ ਹਨ।

ਉਦਾਹਰਣ ਲਈ, ਜੇਕਰ ਕੋਈ ਸਾਲ 2020 ਦੇ ਦੌਰ ਨਾਲ ਜੁੜੀਆਂ ਜਾਣਕਾਰੀਆਂ ਨੂੰ ਸਾਲ 3020 ਵਿੱਚ ਲੋਕਾਂ ਤੱਕ ਪਹੁੰਚਾਉਣਾ ਚਾਹੁੰਦਾ ਹੈ ਤਾਂ ਉਹ ਅਜਿਹੀ ਡਿਵਾਈਸ ਦਾ ਇਸਤੇਮਾਲ ਕਰ ਸਕਦਾ ਹੈ।

ਅਜਿਹੇ ਕਰਨ ਲਈ ਸਭ ਤੋਂ ਪਹਿਲਾਂ ਵਰਤਮਾਨ ਦੁਨੀਆਂ ਨਾਲ ਜੁੜੀ ਜਾਣਕਾਰੀ ਨੂੰ ਕਿਸੇ ਅਜਿਹੇ ਰੂਪ ਵਿੱਚ ਇਕੱਠਾ ਕਰਨਾ ਹੋਵੇਗਾ, ਜੋ ਹਜ਼ਾਰ ਸਾਲਾਂ ਬਾਅਦ ਵੀ ਸੁਰੱਖਿਅਤ ਰਹੇ।

ਇਸ ਤੋਂ ਬਾਅਦ ਉਸ ਨੂੰ ਕਿਸੇ ਅਜਿਹੀ ਖ਼ਾਸ ਥਾਂ ਦਬਾਉਣਾ ਹੋਵੇਗਾ, ਜਿੱਥੋਂ ਸਾਲ 3020 ਦੇ ਦੌਰ ਦੇ ਲੋਕ ਖੁਦਾਈ ਕਰਨ ਅਤੇ ਉਨ੍ਹਾਂ ਨੂੰ ਖੁਦਾਈ ਦੌਰਾਨ ਟਾਈਮ ਕੈਪਸੂਲ ਮਿਲ ਸਕੇ।

ਇਸ ਤੋਂ ਬਾਅਦ ਉਹ ਉਸ ਟਾਈਮ ਕੈਪਸੂਲ ਨੂੰ ਦੇਖ ਕੇ ਜਾਂ ਪੜ੍ਹ ਕੇ ਸਮਝ ਸਕਣ ਕਿ ਸਾਲ 2020 ਦੌਰ ਦੀ ਦੁਨੀਆਂ ਕਿਹੋ-ਜਿਹੀ ਸੀ।

ਲੋਕ ਕਿਸ ਤਰ੍ਹਾਂ ਰਹਿੰਦੇ ਸਨ, ਕਿਸ ਤਰ੍ਹਾਂ ਤਕਨੀਕਾਂ ਦਾ ਇਸਤੇਮਾਲ ਕਰਦੇ ਸਨ, ਆਦਿ।

ਟਾਈਮ ਕੈਪਸੂਲ ਦੇ ਰੂਪ, ਆਕਾਰ, ਪ੍ਰਕਾਰ ਨੂੰ ਲੈ ਕੇ ਕੋਈ ਸਪੱਸ਼ਟ ਨਿਯਮ ਨਹੀਂ ਹੈ। ਇਹ ਬੇਲਨਾਕਾਰ, ਚਕੌਰ ਜਾਂ ਕਿਸੇ ਵੀ ਹੋਰ ਰੂਪ ਵਿੱਚ ਹੋ ਸਕਦਾ ਹੈ।

ਸ਼ਰਤ ਬਸ ਇਹ ਹੈ ਕਿ ਟਾਈਮ ਕੈਪਸੂਲ ਜਾਂ ਕਾਲ ਪਾਤਰ ਆਪਣਾ ਉਦੇਸ਼ ਪੂਰਾ ਕਰੇ ਅਤੇ ਜਾਣਕਾਰੀ ਨੂੰ ਖ਼ਾਸ ਸਮੇਂ ਤੱਕ ਸੁਰੱਖਿਅਤ ਰੱਖ ਸਕੇ।

ਬਟੇਸ਼ਵਰ ਦੇ ਮੰਦਿਰਾਂ ਦੀ ਮੁੜ ਬਹਾਲੀ ਕਰਨ ਵਾਲੇ ਪੁਰਾਤੱਤਵ ਵਿਗਿਆਨੀ ਕੇਕੇ ਮੁੰਹਮਦ ਮੰਨਦੇ ਹਨ ਕਿ ਪੁਰਾਤੱਤਵ ਵਿਗਿਆਨ ਵਿੱਚ ਟਾਈਮ ਕੈਪਸੂਲ ਦੀ ਕੋਈ ਮਹੱਤਤਾ ਨਹੀਂ ਹੈ।

ਉਹ ਕਹਿੰਦੇ ਹਨ, 'ਟਾਈਮ ਕੈਪਸੂਲ ਕਿਵੇਂ ਹੋਵੇਗਾ, ਇਹ ਸਿਰਫ਼ ਉਸ ਵਿਅਕਤੀ ਜਾਂ ਸੰਸਥਾ 'ਤੇ ਨਿਰਭਰ ਕਰਦਾ ਹੈ, ਜੋ ਇਸ ਨੂੰ ਡਿਜ਼ਾਈਨ ਕਰ ਰਹੀ ਹੈ। ਆਕਾਰ ਆਦਿ ਦੀ ਗੱਲ ਕੀਤੀ ਜਾਵੇ ਤਾਂ ਬੇਲਨਾਕਾਰ ਜਾਂ ਗੋਲ ਆਕਾਰ ਵਸਤੂ ਜ਼ਮੀਨ ਦੇ ਅੰਦਰ ਦਬਾਅ ਝੱਲਣ ਵਿੱਚ ਵਧੇਰੇ ਸਮਰੱਥ ਹੁੰਦੀ ਹੈ।'

'ਪਰ ਹੁਣ ਤੱਕ ਭਾਰਤ ਵਿੱਚ ਅਜਿਹਾ ਕੋਈ ਟਾਈਮ ਕੈਪਸੂਲ ਨਹੀਂ ਮਿਲਿਆ ਹੈ। ਇਸ ਤੋਂ ਪਹਿਲਾਂ ਬਸ ਇੱਕ ਵਾਰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਲਾਲ ਕਿਲ੍ਹੇ ਅੰਦਰ ਟਾਈਮ ਕੈਪਸੂਲ ਪਵਾਇਆ ਸੀ।'

ਭਾਰਤ ਵਿੱਚ ਟਾਈਮ ਕੈਪਸੂਲ ਦਾ ਇਤਿਹਾਸ ਜ਼ਿਆਦਾ ਪੁਰਾਣਾ ਨਹੀਂ ਹੈ।

ਆਜ਼ਾਦੀ ਦੇ 25 ਸਾਲ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇੱਕ ਰਾਸ਼ਟਰ ਵਜੋਂ 25 ਸਾਲਾਂ ਦੀਆਂ ਉਪਲਬਧੀਆਂ ਅਤੇ ਸੰਘਰਸ਼ਾਂ ਨੂੰ ਬਿਆਨ ਕਰਨ ਲਈ ਲਾਲ ਕਿਲ੍ਹੇ ਵਿੱਚ ਇੱਕ ਟਾਈਮ ਕੈਪਸੂਲ ਪਵਾਇਆ ਸੀ।

ਇੰਦਰਾ ਗਾਂਧੀ ਨੇ ਇਹ ਕਦਮ ਇਸ ਦੌਰ ਵਿੱਚ ਚੁੱਕਿਆ ਸੀ, ਜਦੋਂ ਉਹ ਆਪਣੇ ਰਾਜਨੀਤਕ ਸਫ਼ਰ ਦੇ ਸਿਖ਼ਰ 'ਤੇ ਸਨ।

ਦੇਸ਼ ਵਿੱਚ ਐਮਰਜੈਂਸੀ ਚੱਲ ਰਹੀ ਸੀ ਅਤੇ ਉਨ੍ਹਾਂ ਨੇ ਟਾਈਮ ਕੈਪਸੂਲ ਲਾਲ ਕਿਲ੍ਹੇ ਵਿੱਚ ਪਵਾ ਦਿੱਤਾ।

ਪਰ ਇਸ ਟਾਈਮ ਕੈਪਸੂਲ ਵਿੱਚ ਦਰਜ ਕੀਤੀਆਂ ਗਈਆਂ ਜਾਣਕਾਰੀਆਂ ਛੇਤੀ ਹੀ ਵਿਵਾਦ ਦਾ ਵਿਸ਼ਾ ਬਣ ਗਈਆਂ।

ਇਸ ਤੋਂ ਬਾਅਦ ਸੱਤਾ ਵਿੱਚ ਆਈ ਮੋਰਾਰਜੀ ਦੇਸਾਈ ਦੀ ਸਰਕਾਰ ਨੇ ਇਸ ਟਾਈਮ ਕੈਪਸੂਲ ਨੂੰ ਖੁਦਵਾ ਕੇ ਬਾਹਰ ਕੱਢਵਾ ਲਿਆ।

ਪਰ ਇਸ ਟਾਈਮ ਕੈਪਸੂਲ ਵਿੱਚ ਕੀ ਸੀ, ਇਸ ਬਾਰੇ ਅੱਜ ਤੱਕ ਵਿਵਾਦ ਬਣਿਆ ਹੋਇਆ ਹੈ।

ਇਸ ਤੋਂ ਬਾਅਦ ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਸਾਲ 2010 ਦੀ 6 ਮਰਾਚ ਨੂੰ ਆਈਆਈਟੀ ਕਾਨਪੁਰ ਵਿੱਚ ਇੱਕ ਟਾਈਮ ਕੈਪਸੂਲ ਪਵਾਇਆ ਸੀ।

ਇਸ ਟਾਈਮ ਕੈਪਸੂਲ ਵਿੱਚ ਕਾਨਪੁਰ ਆਈਆਈਟੀ ਦਾ ਮੈਪ, ਇੰਸਟੀਚਿਊਟ ਦੀ ਸੀਲ, ਸਿਲਵਰ ਜੁਬਲੀ ਅਤੇ ਗੋਲਡਨ ਜੁਬਲੀ ਲੋਕ ਆਦਿ ਸ਼ਾਮਲ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਰਹਿੰਦਿਆਂ ਹੋਇਆ ਮਹਾਤਮਾ ਮੰਦਿਰ ਵਿੱਚ ਟਾਈਮ ਕੈਪਸੂਲ ਪਾਇਆ ਸੀ।

ਅਜਿਹੇ ਵਿੱਚ ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 5 ਅਗਸਤ ਨੂੰ ਜ਼ਮੀਨ ਨਾਲ 2000 ਫੁੱਟ ਹੇਠਾਂ ਇਹ ਟਾਈਮ ਕੈਪਸੂਲ ਪੁਆਉਂਦੇ ਹਨ, ਤਾਂ ਉਹ ਅਜਿਹਾ ਕਰਨ ਵਾਲੇ ਦੂਜੇ ਪ੍ਰਧਾਨ ਮੰਤਰੀ ਹੋਣਗੇ।

ਉੱਥੇ ਹੀ, ਦੁਨੀਆਂ ਭਰ ਵਿੱਚ ਕੈਪਸੂਲ ਦੀ ਗੱਲ ਕਰੀਏ ਤਾਂ ਸਪੇਸ ਪ੍ਰੋਬ ਵਿਊਵਰ 1 ਅਤੇ 2 ਵਿੱਚ ਮਨੁੱਖੀ ਸੱਭਿਆਚਾਰ ਨਾਲ ਜੁੜੀਆਂ ਜਾਣਕਾਰੀਆਂ ਸਾਂਝੀਆਂ ਕੀਤੀਆਂ ਗਈਆਂ ਹਨ।

### ਵਿਵਾਦਾਂ ਨਾਲ ਨਾਤਾ

ਟਾਈਮ ਕੈਪਸੂਲ ਅਕਸਰ ਵਿਵਾਦਾਂ ਨੂੰ ਜਨਮ ਦਿੰਦਿਆਂ ਹੋਇਆਂ ਦੇਖਿਆ ਜਾਂਦਾ ਹੈ। ਰਾਮ ਮੰਦਿਰ ਦੇ ਮਾਮਲੇ ਵਿੱਚ ਵੀ ਇਹੀ ਦੇਖਿਆ ਜਾ ਰਿਹਾ ਹੈ।

ਇਹ ਖ਼ਬਰ ਆਉਣ ਤੋਂ ਬਾਅਦ ਹੀ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਸਵਾਲ ਚੁੱਕਣਾ ਸ਼ੁਰੂ ਕਰ ਦਿੱਤਾ ਹੈ ਕਿ ਇਸ ਟਾਈਮ ਕੈਪਸੂਲ ਵਿੱਚ ਕੀ ਪਾਇਆ ਜਾਣਾ ਉਚਿਤ ਰਹੇਗਾ।

ਰਾਮ ਮੰਦਿਰ ਨਾਲ ਜੁੜੇ ਟਾਈਮ ਕੈਪਸੂਲ ਨੂੰ ਲੈ ਕੇ ਤਾਜ਼ਾ ਵਿਵਾਦ ਇਹ ਹੈ ਕਿ ਰਾਮ ਜਨਮ-ਭੂਮੀ ਤੀਰਥ ਖੇਤਰ ਟਰੱਸਟ ਦੇ ਜਨਰਲ ਸਕੱਤਰ ਚੰਪਤ ਰਾਏ ਨੇ ਟਾਈਮ ਕੈਪਸੂਲ ਨਾਲ ਜੁੜੀਆਂ ਖ਼ਬਰਾਂ ਨੂੰ ਅਫ਼ਵਾਹ ਮਾਤਰ ਦੱਸਿਆ ਹੈ।

ਟਰੱਸਟ ਦੇ ਮੈਂਬਰਾਂ ਵਿੱਚ ਚੱਲ ਰਹੇ ਵਿਵਾਦ ਵਿਚਾਲੇ ਸਵਾਲ ਇਹੀ ਹੈ ਕਿ ਕੀ ਅਯੁੱਧਿਆ ਦੇ ਰਾਮ ਮੰਦਿਰ ਦੀ ਨੀਂਹ ਵਿੱਚ ਵਾਕੱਈ ਇਹ ਕੈਪਸੂਲ ਪਾਇਆ ਜਾਵੇਗਾ ਜਾਂ ਨਹੀਂ।

# ਮੀਡੀਆ ਤੋਂ ਬਾਅਦ ਨਿਆਂ ਪ੍ਰਣਾਲੀ ਦਾ ਵਜੂਦ ਖਤਰੇ ਵਿਚ

-ਡਾ. ਨਿਸ਼ਾਨ ਸਿੰਘ ਰਾਠੌਰ



ਲੋਕਤੰਤਰ ਦੇ ਚਾਰ ਥੰਮ੍ਹਾਂ ਵਿੱਚੋਂ ਨਿਰਪੱਖ ਮੀਡੀਆ ਅਤੇ ਨਿਆਂ ਪ੍ਰਣਾਲੀ ਦੀ ਬਹੁਤ ਮਹੱਤਵਪੂਰਨ ਅਤੇ ਸਾਰਥਕ ਜਗ੍ਹਾ ਹੁੰਦੀ ਹੈ। ਇਹਨਾਂ ਥੰਮ੍ਹਾਂ ਤੋਂ ਬਿਨਾਂ ਲੋਕਤੰਤਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪਰ ਅਫਸੋਸ! ਪਿਛਲੇ ਕੁਝ ਸਾਲਾਂ ਤੋਂ ਲੋਕਤੰਤਰ ਦੇ ਇਹਨਾਂ ਥੰਮ੍ਹਾਂ ਨੂੰ ਲਗਾਤਾਰ ਕਮਜੋਰ ਕੀਤਾ ਜਾ ਰਿਹਾ ਹੈ। ਮੀਡੀਆ ਦੀ ਗੱਲ ਕਰਦਿਆਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਨਿਰਪੱਖ ਪੱਤਰਕਾਰਤਾ ਹੁਣ ਬੀਤੇ ਜਮਾਨੇ ਦੀ ਗੱਲ ਹੋ ਚੁੱਕੀ ਹੈ। ਵਿਰੋਧਤਾ ਅਤੇ ਆਲੋਚਨਾਵਾਂ ਨੂੰ ਦੇਸ਼ ਵਿਰੋਧੀ ਗਤੀਵਿਧੀਆਂ ਦਾ ਨਾਮ ਦੇ ਕੇ ਅਸਲੋਂ ਹੀ ਖਤਮ ਕਰ ਦਿੱਤਾ ਗਿਆ ਹੈ। ਕੁਝ ਸਾਲ ਪਹਿਲਾਂ ਤਕ ਅਖਬਾਰ ਵਿੱਚ ਛਪੀ ਖਬਰ ਨੂੰ 'ਅੰਤਿਮ ਸੱਚ' ਮੰਨ ਲਿਆ ਜਾਂਦਾ ਸੀ। ਪਰ ਹੁਣ ਅਜਿਹਾ ਨਹੀਂ ਹੈ। ਅੱਜ ਪਾਠਕਾਂ, ਦਰਸ਼ਕਾਂ ਕੋਲ ਸੂਚਨਾ ਪ੍ਰਾਪਤੀ ਦੇ ਬਹੁਤ ਸਾਰੇ ਸਾਧਨ ਮੌਜੂਦ ਹਨ। ਉਹ ਹਰ ਸਾਧਨ ਦੀ ਵਰਤੋਂ ਕਰਕੇ 'ਅੰਤਿਮ ਸੱਚ' ਤਕ ਪਹੁੰਚਣਾ ਚਾਹੁੰਦੇ ਹਨ। ਇਹਨਾਂ ਬਹੁਤ ਸਾਰੇ ਵਿਕਲਪਾਂ ਕਰਕੇ ਪੱਤਰਕਾਰਤਾ ਦੀ ਨਿਰਪੱਖਤਾ ਨੂੰ ਖੋਰਾ ਲੱਗਾ ਹੈ ਕਿਉਂਕਿ ਹਰ ਖਬਰ ਨੂੰ ਹਰ ਅਦਾਰਾ ਆਪਣੀ ਵਿਚਾਰਧਾਰਾ ਦੇ ਮੁਤਾਬਿਕ ਢਾਲ ਕੇ ਪਾਠਕਾਂ, ਦਰਸ਼ਕਾਂ ਦੇ ਸਾਹਮਣੇ ਪੇਸ਼ ਕਰਦਾ ਹੈ। ਇੱਕ ਸਾਧਨ ਨਾਲ ਜਦੋਂ ਪਾਠਕ, ਦਰਸ਼ਕ ਦੀ ਸੰਤੁਸ਼ਟੀ ਨਹੀਂ ਹੁੰਦੀ ਤਾਂ ਉਹ ਹੋਰ ਵਸੀਲਿਆਂ ਰਾਹੀਂ ਖਬਰ ਪ੍ਰਾਪਤ ਕਰ ਲੈਂਦਾ ਹੈ। ਇਸ ਨਾਲ ਸੰਬੰਧਤ ਅਦਾਰੇ ਦੀ ਕਾਰਜਸ਼ੈਲੀ ਸ਼ੱਕ ਦੇ ਘੇਰੇ ਵਿੱਚ ਆ ਜਾਂਦੀ ਹੈ ਕਿਉਂਕਿ ਉਸ ਅਦਾਰੇ ਨੇ ਹਰ ਖਬਰ ਨੂੰ ਆਪਣੇ ਅਦਾਰੇ ਦੀ ਵਿਚਾਰਧਾਰਾ ਦੀ ਪੁੱਠ ਚਾੜ੍ਹੀ ਹੁੰਦੀ ਹੈ।

ਪਿਛਲੀ ਦਿਨੀਂ ਦੋ ਵੱਡੀਆਂ ਘਟਨਾਵਾਂ ਵਾਪਰੀਆਂ ਹਨ ਜਿਹਨਾਂ ਕਰਕੇ ਨਿਆਂ ਪ੍ਰਣਾਲੀ ਨੂੰ ਖਤਮ ਕਰਨ ਦੇ ਮਨਸੂਬੇ ਆਮ ਲੋਕਾਂ ਦੇ ਸਾਹਮਣੇ ਉਜਾਗਰ ਹੋ ਗਏ ਹਨ। ਪਹਿਲੀ ਘਟਨਾ, ਹੈਦਰਾਬਾਦ ਵਿੱਚ ਇੱਕ ਡਾਕਟਰ ਕੁੜੀ ਨਾਲ ਬਲਾਤਕਾਰ ਦੇ ਚਾਰ ਮੁਜਰਮਾਂ ਨੂੰ ਪੁਲਸ ਨੇ 6 ਦਸੰਬਰ 2019 ਨੂੰ ਇੱਕ ਮੁਕਾਬਲੇ ਵਿੱਚ ਮਾਰ ਮੁਕਾਇਆ। ਇਹ ਪੁਲਸ ਮੁਕਾਬਲਾ ਠੀਕ ਉਸੇ ਜਗ੍ਹਾ ਤੇ ਹੋਇਆ ਜਿੱਥੇ ਉਸ ਕੁੜੀ ਨਾਲ ਬਲਾਤਕਾਰ ਕੀਤਾ ਗਿਆ ਸੀ। ਦੂਜੀ ਘਟਨਾ, ਯੂ. ਪੀ. ਦੇ ਮਸ਼ਹੂਰ ਗੈਂਗਸਟਰ ਵਿਕਾਸ ਦੂਬੇ ਦਾ 9 ਜੁਲਾਈ 2020 ਨੂੰ ਹੋਇਆ ਇਨਕਾਊਂਟਰ ਹੈ। ਇੱਥੇ ਧਿਆਨ ਦੇਣ ਵਾਲੀ ਖਾਸ ਗੱਲ ਇਹ ਹੈ ਕਿ ਬਹੁ-ਗਿਣਤੀ ਲੋਕ ਇਹਨਾਂ ਦੋਵਾਂ ਘਟਨਾਵਾਂ ਤੋਂ ਖੁਸ਼ ਹਨ। ਲੋਕਾਂ ਦੀ ਇਸ ਮਨੋਸਥਿਤੀ ਪਿੱਛੇ 'ਛੇਤੀ ਨਿਆਂ' ਪਾਉਣ ਦੀ ਲਾਲਸਾ ਲੁਕੀ ਹੋਈ ਹੈ। ਉਂਝ ਇਹ ਲਾਜਮੀ ਵੀ ਹੈ ਕਿ ਆਮ ਲੋਕਾਂ ਨੂੰ ਜਲਦ ਨਿਆਂ ਮਿਲਣਾ ਚਾਹੀਦਾ ਹੈ ਪਰ ਉਸ ਨਿਆਂ ਵਾਸਤੇ ਸਮੁੱਚੀ ਨਿਆਂ ਪ੍ਰਣਾਲੀ ਨੂੰ ਸੂਲੀ ਨਹੀਂ ਟੰਗਿਆ ਜਾਣਾ ਚਾਹੀਦਾ। ਇਹ ਗੱਲ ਲੋਕ ਸਮਝ ਨਹੀਂ ਰਹੇ। ਉਹਨਾਂ ਦੀ 'ਸਹਿਮਤੀ' ਬਾਅਦ ਇਹ ਵਰਤਾਰਾ ਭਿਆਨਕ ਰੂਪ ਅਖਤਿਆਰ ਕਰ ਜਾਵੇਗਾ, ਇਸ ਕਥਨ ਵਿੱਚ ਭੋਰਾ ਵੀ ਝੂਠ ਨਹੀਂ ਹੈ। ਹਾਲਾਂਕਿ ਉਪਰੋਕਤ ਦੋਹਾਂ ਘਟਨਾਵਾਂ ਵਿੱਚ ਮਰਨ ਵਾਲੇ ਕੋਈ ਮਾਸੂਮ ਬੱਚੇ ਨਹੀਂ ਸਨ, ਬਲਕਿ ਵੱਡੇ ਅਪਰਾਧੀ ਸਨ। ਪਰ ਉਹਨਾਂ ਨੂੰ ਪੁਲਸ ਹੱਥੋਂ ਮਾਰਨ ਵਾਲਾ ਇਹ ਢੰਗ ਨਿਆਂ ਪ੍ਰਣਾਲੀ ਉੱਪਰ ਲੱਗਾ ਸਵਾਲੀਆ ਨਿਸ਼ਾਨ ਹੈ। ਜਿਹੜਾ ਵਰਤਾਰਾ ਯੂ. ਪੀ. ਜਾਂ ਹੈਦਰਾਬਾਦ ਵਿੱਚ ਹੋਇਆ, ਇਹੋ ਵਰਤਾਰਾ ਪੰਜਾਬ ਵਿੱਚ 1984 ਤੋਂ 1992-93 ਤਕ ਸਿਖਰ 'ਤੇ ਸੀ। ਇੱਥੇ ਧਿਆਨ ਰੱਖਣ ਵਾਲੀ ਗੱਲ ਇਹ ਹੈ ਇਸਦਾ ਖਮਿਆਜਾ ਜਿੱਥੇ ਆਮ ਲੋਕਾਂ ਨੂੰ ਭੁਗਤਣਾ ਪਿਆ, ਉੱਥੇ ਹਕੂਮਤਾਂ ਵੀ ਇਸਦੇ ਪ੍ਰਭਾਵਾਂ ਤੋਂ ਬਚ ਨਹੀਂ ਸਕੀਆਂ। ਹੈਦਰਾਬਾਦ ਅਤੇ ਯੂ. ਪੀ. ਵਿੱਚ ਹੋਇਆ ਘਟਨਾਕ੍ਰਮ ਨਿਆਂ ਪ੍ਰਣਾਲੀ ਨੂੰ ਖੂੰਜੇ ਲਾਉਣ ਦੀ ਸਿੱਧੀ ਤਿਆਰੀ ਹੈ। ਅਜੇ ਇਹ ਵਰਤਾਰਾ ਮੱਧਮ ਹੈ ਪਰ ਜਦੋਂ ਰਫਤਾਰ ਫੜ ਗਿਆ, ਫੇਰ ਇਸਦੇ ਪ੍ਰਭਾਵ ਭਿਆਨਕ ਅਤੇ ਡਰਾਉਣੇ ਨਿਕਲਣਗੇ। ਅਫਸੋਸ! ਆਮ ਲੋਕ ਅਜੇ ਜਸ਼ਨਾਂ ਵਿੱਚ ਮਸਰੂਫ ਹਨ, ਜਦੋਂ ਅੱਖ ਖੁੱਲ੍ਹੀ ਤਾਂ ਬਹੁਤ ਦੇਰ ਹੋ ਚੁੱਕੀ ਹੋਵੇਗੀ।

ਯੂ. ਪੀ. ਦੇ ਬਦਮਾਸ਼ ਵਿਕਾਸ ਦੂਬੇ ਦੇ ਇਨਕਾਉਂਟਰ ਦੀ ਗੱਲ ਕਰੀਏ ਤਾਂ ਉਹ ਕੋਈ ਨਵਾਂ ਬਦਮਾਸ਼ ਨਹੀਂ ਸੀ ਬਲਕਿ ਉਸਦੀ ਦਹਿਸ਼ਤ 1999 ਤੋਂ ਵੱਧਣੀ ਸ਼ੁਰੂ ਹੋ ਗਈ ਸੀ। ਉਸਦੇ ਬਹੁਤ ਸਾਰੇ ਵੱਡੇ ਆਗੂਆਂ ਨਾਲ ਸੰਬੰਧ ਸਨ। ਉਹ ਸਿਆਸਤ ਵਿੱਚ ਸਰਗਰਮ ਸੀ। ਹੁਣ ਚਰਚਾ ਨੂੰ ਇੱਥੋਂ ਤਕ ਹੀ ਸੀਮਤ ਕਰਕੇ ਰੱਖ ਦਿੱਤਾ ਗਿਆ ਹੈ ਕਿ ਪੁਲਸ ਨੇ ਵਿਕਾਸ ਦੂਬੇ ਨੂੰ ਮਾਰ ਕੇ 'ਵੱਡੇ ਆਗੂ' ਬਚਾ ਲਏ। ਇਹ ਅੰਤਿਮ ਅਤੇ ਪੂਰਾ ਸੱਚ ਨਹੀਂ ਹੈ। ਇਹਨਾਂ ਘਟਨਾਵਾਂ ਪਿੱਛੇ ਲੋਕਾਂ ਦੇ ਮਨਾਂ ਨੂੰ 'ਨਵੇਂ' ਨਿਆਇਕ ਢਾਂਚੇ ਦੇ ਅਨੁਰੂਪ ਢਾਲਣ ਦਾ ਪਹਿਲਾ ਯਤਨ ਕਿਹਾ ਜਾ ਸਕਦਾ ਹੈ। ਉੱਪਰ ਲਿਖੇ ਅਨੁਸਾਰ, ਅਜੇ ਇਹ ਵਰਤਾਰਾ ਆਮ ਨਹੀਂ, ਮੱਧਮ ਹੈ। ਪਰ ਸਹਿਜੇ-ਸਹਿਜੇ ਇਹ ਵਰਤਾਰਾ ਆਮ ਹੋ ਜਾਵੇਗਾ। ਆਮ ਲੋਕ ਨਿਆਂ ਪ੍ਰਾਪਤੀ ਲਈ ਇਸ ਢੰਗ ਦਾ ਸਹਾਰਾ ਭਾਲਣ ਲੱਗਣਗੇ ਅਤੇ ਫੇਰ ਮੌਜੂਦਾ ਨਿਆਂ ਪ੍ਰਣਾਲੀ ਸਦਾ ਲਈ ਅਲੋਪ ਹੋ ਜਾਵੇਗੀ।

ਹਾਕਮ ਜਮਾਤ ਨੂੰ ਹੋਣ ਵਾਲਾ ਨਫਾ:

ਕਿਸੇ ਵੀ ਦੇਸ਼, ਰਾਜ ਵਿੱਚ ਹਾਕਮ ਜਮਾਤ ਦਾ ਮੂਲ ਮਕਸਦ ਸੱਤਾ ਪ੍ਰਾਪਤ ਕਰਨਾ ਤੇ ਸੱਤਾ ਵਿਚ ਟਿਕੇ ਰਹਿਣਾ ਹੁੰਦਾ ਹੈ। ਇਸ ਲਈ ਉਹ ਲੋਕ-ਲਹਿਰ ਨੂੰ ਆਪਣੇ ਪੱਖ ਵਿੱਚ ਕਰਨ ਲਈ ਹਰ ਹੀਲਾ ਵਰਤਦੇ ਹਨ। ਇੱਥੇ ਕਿਸੇ ਇੱਕ ਪਾਰਟੀ, ਸਰਕਾਰ ਜਾਂ ਵਿਅਕਤੀ ਵਿਸ਼ੇਸ਼ ਦੀ ਗੱਲ ਨਹੀਂ ਬਲਕਿ 'ਰਾਜਸੀ ਮਨੋਬਿਰਤੀ' ਦੀ ਗੱਲ ਹੈ। ਪਾਰਟੀ ਕੋਈ ਵੀ ਹੋਵੇ, ਸੱਤਾ ਚਾਹੁੰਦੀ ਹੈ, ਤਾਕਤ ਚਾਹੁੰਦੀ ਹੈ। ਇਸ ਸੱਤਾ, ਤਾਕਤ ਲਈ ਆਮ ਲੋਕਾਂ ਦੀ ਪ੍ਰਵਾਨਗੀ ਪਾਉਣਾ ਸਰਵੋਤਮ ਗੁਣ ਮੰਨਿਆ ਜਾਂਦਾ ਹੈ। ਵੋਟਾਂ ਵੇਲੇ ਅਜਿਹੇ ਬਹੁਤ ਸਾਰੇ ਕੰਮ ਨੇਪਰੇ ਚਾੜ੍ਹੇ ਜਾਂਦੇ ਹਨ ਜਿਹਨਾਂ ਦੁਆਰਾ ਲੋਕ-ਲਹਿਰ ਨੂੰ ਆਪਣੇ ਪੱਖ ਵਿੱਚ ਭੁਗਤਾਇਆ ਜਾ ਸਕੇ। ਅਸਲ ਵਿੱਚ ਅੱਜ ਦਾ ਦੌਰ ਕਾਹਲੀ ਦਾ ਦੌਰ ਹੈ। ਮਨੁੱਖ ਹਰ ਸ਼ੈਅ ਨੂੰ ਜਲਦ ਪ੍ਰਾਪਤ ਕਰ ਲੈਣਾ ਚਾਹੁੰਦਾ ਹੈ। ਨਿਆਂ ਵੀ ਉਸੇ ਵਿਹਾਰ ਦਾ ਇੱਕ ਹਿੱਸਾ ਹੈ। ਪਰ ਅਫਸੋਸ! ਨਿਆਂ ਪ੍ਰਣਾਲੀ ਬਹੁਤ ਲੇਟ-ਲਤੀਫੀ ਦਾ ਸ਼ਿਕਾਰ ਹੋ ਚੁੱਕੀ ਹੈ। ਇਸ ਦੇਰੀ ਲਈ ਬਹੁਤ ਸਾਰੇ ਕਾਰਨ ਜਿੰਮੇਵਾਰ ਹਨ। ਜੱਜ, ਅਦਾਲਤਾਂ ਦੀ ਘਾਟ, ਵਧਦੇ ਅਪਰਾਧ, ਵਿਚੋਲਿਆਂ ਦੀ ਭਾਗੀਦਾਰੀ, ਭ੍ਰਿਸ਼ਟ ਪੁਲਸ-ਤੰਤਰ, ਕਨੂੰਨਾਂ ਪ੍ਰਤੀ ਜਾਗਰੂਕਤਾ ਦੀ ਘਾਟ ਅਤੇ ਹਾਕਮਾਂ ਦੀ ਦਖਲਅੰਦਾਜੀ ਆਦਿਕ ਪ੍ਰਮੁੱਖ ਹਨ। ਹਾਕਮ ਛੇਤੀ ਨਿਆਂ ਦੇ ਇਵਜ ਵਜੋਂ ਮੌਜੂਦਾ ਨਿਆਂ ਪ੍ਰਣਾਲੀ ਨੂੰ ਅਸਲੋਂ ਹੀ ਰੱਦ ਕਰ ਦੇਣਾ ਚਾਹੁੰਦਾ ਹੈ ਤਾਂ ਕਿ ਆਮ ਲੋਕਾਂ ਵੱਲੋਂ ਨਿਆਂ ਦੀ ਆਸ ਲਈ ਵੀ ਉਸੇ (ਹਾਕਮ) ਵੱਲ ਦੇਖਿਆ ਜਾਵੇ। ਮੀਡੀਆ ਦੇ ਨੱਕ ਵਿੱਚ ਨਕੇਲ ਪਾਉਣ ਤੋਂ ਬਾਅਦ ਅਗਲੀ ਵਾਰੀ ਨਿਆਂ ਪ੍ਰਣਾਲੀ ਦੀ ਹੈ ਤਾਂ ਕਿ ਇਸਦੀ ਅਹਿਮੀਅਤ ਨੂੰ ਖਤਮ ਕਰਕੇ ਸਿਆਸੀ ਹੱਥਾਂ ਨੂੰ ਹੋਰ ਜਿਆਦਾ ਮਜਬੂਤ ਕਰ ਦਿੱਤਾ ਜਾਵੇ ਤਾਂ ਕਿ ਆਮ ਲੋਕ ਹਰ ਖਬਰ ਨੂੰ ਹਾਕਮ ਦੀ ਅੱਖ ਰਾਹੀਂ ਵੇਖਣ ਅਤੇ ਨਿਆਂ ਲਈ ਹਾਕਮ ਦੇ ਮੂੰਹ ਵੱਲ ਤੱਕਣ। ਇਹ ਵਰਤਾਰਾ ਇੱਕ ਦਿਨ ਦੀ ਯੋਜਨਾ ਨਾਲ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ, ਇਸ ਗੱਲ ਨੂੰ ਹਾਕਮ ਜਮਾਤ ਬਾਖੂਬੀ ਜਾਣਦੀ ਹੈ। ਇਸ ਲਈ ਪਹਿਲੇ ਦੌਰ ਵਿੱਚ ਲੋਕ ਪ੍ਰਵਾਨਗੀ ਲਾਜਮੀ ਹੈ। ਇਸ ਲਈ ਟਾਰਗੇਟ ਅਜਿਹੇ ਚੁਣੇ ਜਾ ਰਹੇ ਹਨ ਜਿਹਨਾਂ ਨੂੰ ਸੌਖਾ ਫੁੰਡਿਆ ਜਾ ਸਕੇ ਅਤੇ ਲੋਕ-ਲਹਿਰ ਨੂੰ ਆਪਣੇ ਪੱਖ ਵਿੱਚ ਭੁਗਤਾਇਆ ਜਾ ਸਕੇ। ਲੋਕ ਇਸ ਵਿਉਂਤਬੰਦੀ ਤੋਂ ਅਣਜਾਣ ਹਨ। ਜਦੋਂ ਤਕ ਲੋਕਾਂ ਨੂੰ ਸਮਝ ਆਏਗੀ, ਉਦੋਂ ਤਕ ਬਹੁਤ ਦੇਰ ਹੋ ਚੁੱਕੀ ਹੋਵੇਗੀ।

# ਹੈਵਾਨੀਅਤ, ਦੁਰਾਚਾਰ ਤੇ ਨਸਲਵਾਦ ਵਿਚ ਜਕੜਿਆ ਮਨੁੱਖ -ਨਿਕੋਲਸ ਕ੍ਰਿਸਟਾਫ

**ਭਾਵੇਂ ਪਸ਼ੂਆਂ ਦੇ ਅਧਿਕਾਰਾਂ ਦੀ ਰਾਖੀ ਲਈ ਸਰਕਾਰਾਂ ਦੇ ਪੱਧਰ 'ਤੇ 'ਯਤਨ' ਹੋ ਰਹੇ ਹਨ, ਪਸ਼ੂ ਅਧਿਕਾਰ ਸੰਗਠਨ ਵੀ ਰੌਲਾ-ਰੱਪਾ ਪਾਈ ਜਾ ਰਹੇ ਹਨ ਪਰ ਸੱਚਾਈ ਇਹ ਹੈ ਕਿ ਇਨ੍ਹਾਂ ਸਭ ਯਤਨਾਂ ਦੇ ਬਾਵਜੂਦ ਪਸ਼ੂਆਂ 'ਤੇ ਅੱਤਿਆਚਾਰ ਨਹੀਂ ਰੁਕ ਰਹੇ। ਗਰੀਬ ਮੁਲਕਾਂ ਦੀਆਂ ਸਮੱਸਿਆਵਾਂ ਪ੍ਰਤੀ ਸਾਡੀ ਬੇਰੁਖੀ ਮੇਰੇ ਖਿਆਲ ਨਾਲ ਦੂਜਾ ਅਜਿਹਾ ਮਸਲਾ ਹੋਵੇਗਾ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਡੇ ਤੰਗਦਿਲ ਰਵੱਈਏ 'ਤੇ ਰਾਇ ਬਣਾਉਣ ਨੂੰ ਮਜਬੂਰ ਕਰੇਗਾ। ਦੁਨੀਆ ਭਰ ਵਿਚ 50 ਲੱਖ ਤੋਂ ਵੱਧ ਬੱਚੇ ਇਸ ਸਾਲ ਡਾਇਰੀਆ, ਕੁਪੋਸ਼ਣ ਅਤੇ ਹੋਰ ਬਿਮਾਰੀਆਂ ਕਾਰਨ ਮੌਤ ਦੇ ਆਗੋਸ਼ ਵਿਚ ਸਮਾ ਜਾਣਗੇ। ਮੁੱਖ ਤੌਰ 'ਤੇ ਆਪਣੀ ਸਵਾਦਿਸ਼ਟ ਪਛਾਣ ਕਾਰਨ ਅਸੀਂ ਇਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਹਾਲ 'ਤੇ ਹੀ ਛੱਡ ਦਿੰਦੇ ਹਾਂ। ਉਹ ਸਾਡੀ ਤਰਜੀਹ ਵਿਚ ਨਹੀਂ ਹਨ। ਉਨ੍ਹਾਂ ਦੀ ਬਦਹਾਲੀ ਦੀ ਜਿੰਮੇਵਾਰੀ ਕੋਈ ਵੀ ਚੁੱਕਣ ਨੂੰ ਤਿਆਰ ਨਹੀਂ ਹੈ। ਜਦ ਮੈਂ ਬ੍ਰਾਇਲਰ ਚਿਕਨਜ਼ ਦੇ ਕਾਰੋਬਾਰ ਵਿਚ ਮਾੜੇ ਪ੍ਰਬੰਧਨ ਦੀ ਨਿੰਦਾ ਕਰ ਰਿਹਾ ਹਾਂ ਤਾਂ ਇਹ ਦੱਸਣਾ ਜਿਕਰਯੋਗ ਹੋਵੇਗਾ ਕਿ ਸਿਰਫ 5 ਫੀਸਦੀ ਮੁਰਗੇ ਹੀ ਬੇਵਕਤ ਮਰਦੇ ਹਨ। ਇਸ ਦੀ ਤੁਲਨਾ ਵਿਚ ਸਬ-ਸਹਾਰਾ ਅਫਰੀਕਾ ਵਿਚ 7.8 ਫੀਸਦੀ ਬੱਚੇ 5 ਸਾਲ ਦੀ ਉਮਰ ਭੋਗਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਇਹ ਅੰਕੜਾ ਯੂਨੀਸੈਫ ਦਾ ਹੈ। ਅਜਿਹੇ ਵਿਚ ਜਾਲਮਾਨਾ ਖੇਤੀ ਕਾਰੋਬਾਰ ਨਾਲ ਜੁੜੀਆਂ ਚਿੰਤਾਵਾਂ ਬੇਬੀ ਚਿਕਨਜ਼ ਨੂੰ ਬਚਾਉਣ ਵਿਚ ਉਨ੍ਹਾਂ ਸਰੋਕਾਰਾਂ ਤੋਂ ਜਿਆਦਾ ਪ੍ਰਭਾਵੀ ਹੋ ਸਕਦੀਆਂ ਹਨ ਜੋ ਕੌਮਾਂਤਰੀ ਭਾਈਚਾਰਾ ਅਕਸਰ ਮਨੁੱਖੀ ਬੱਚਿਆਂ ਪ੍ਰਤੀ ਦਿਖਾਉਂਦਾ ਹੈ। ਪੌਣ-ਪਾਣੀ ਤਬਦੀਲੀ ਤੀਜੀ ਅਜਿਹੀ ਕਸੌਟੀ ਹੋਵੇਗੀ ਜਿਸ 'ਤੇ ਭਵਿੱਖ ਦੀਆਂ ਪੀੜ੍ਹੀਆਂ ਸਾਨੂੰ ਬਹੁਤ ਸਖਤੀ ਨਾਲ ਕੋਸਣਗੀਆਂ। ਸਾਡੀ ਪੀੜ੍ਹੀ ਦੀ ਲਾਪਰਵਾਹੀ ਬੇਹੱਦ ਉਲਟ ਮੌਸਮੀ ਹਾਲਾਤ ਦਾ ਕਾਰਨ ਬਣੇਗੀ। ਹੜ੍ਹ ਅਤੇ ਪ੍ਰਚੰਡ ਗਰਮ ਹਵਾਵਾਂ ਦਾ ਕਹਿਰ ਵਧੇਗਾ। ਇਸ ਨਾਲ ਇਹੀ ਤਸਵੀਰ ਬਣੇਗੀ ਕਿ 21ਵੀਂ ਸਦੀ ਦੀ ਸ਼ੁਰੂਆਤ ਦਾ ਮਨੁੱਖ ਇੰਨਾ ਸਵਾਰਥੀ ਰਿਹਾ ਕਿ ਕਾਰਬਨ ਨਿਕਾਸੀ ਘਟਾਉਣ ਨੂੰ ਲੈ ਕੇ ਉਸ ਨੇ ਛੋਟੇ-ਛੋਟੇ ਕਦਮ ਚੁੱਕਣੇ ਵੀ ਗਵਾਰਾ ਨਾ ਸਮਝੇ।**

-ਨਿਕੋਲਸ ਕ੍ਰਿਸਟਾਫ
(ਲੇਖਕ 'ਦਿ ਨਿਊਯਾਰਕ ਟਾਈਮਜ਼' ਦਾ ਕਾਲਮਨਵੀਸ ਹੈ)।



ਇਹ ਦੌਰ ਬਹੁਤ ਘਟਨਾ ਪ੍ਰਧਾਨ ਹੈ। ਅਮਰੀਕਾ ਅਤੇ ਹੋਰ ਥਾਵਾਂ 'ਤੇ ਵਿਵਾਦਪੂਰਨ ਬੁੱਤ ਢਾਹੇ ਜਾ ਰਹੇ ਹਨ। ਇਤਿਹਾਸ ਦੀਆਂ ਧਰੋਹਰਾਂ ਦਾ ਨਵੇਂ ਸਿਰਿਓਂ ਮੁਲੰਕਣ ਹੋ ਰਿਹਾ ਹੈ। ਅਜਿਹੇ ਵਿਚ ਮੈਨੂੰ ਇਸ ਗੱਲ ਨੂੰ ਲੈ ਕੇ ਹੈਰਾਨੀ ਹੈ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਸ ਦੌਰ ਅਤੇ ਖੁਦ ਸਾਡੇ ਬਾਰੇ ਕੀ ਅਨੈਤਿਕ ਦੇਖਣਗੀਆਂ? ਅੱਜ ਦੇ ਕਿਸ ਨਾਇਕ ਨੂੰ ਖਾਰਜ ਕੀਤਾ ਜਾਵੇਗਾ?

ਕਿਸ ਦੇ ਬੁੱਤਾਂ ਨੂੰ ਢਾਹਿਆ ਜਾਵੇਗਾ? ਭਵਿੱਖ ਦੀਆਂ ਪੀੜ੍ਹੀਆਂ ਸਾਡੇ ਦਾਮਨ 'ਤੇ ਅਨੈਤਿਕ ਧੱਬਿਆਂ ਨੂੰ ਲੈ ਕੇ ਕੀ ਰਾਇ ਬਣਾਉਣਗੀਆਂ? ਮੇਰੇ ਖਿਆਲ ਨਾਲ ਤਾਂ ਇਕ ਪਹਿਲੂ ਯਕੀਨਨ ਪਸ਼ੂਆਂ ਪ੍ਰਤੀ ਸਾਡੇ ਜਾਲਮਾਨਾ ਰੁਖ ਨਾਲ ਜੁੜਿਆ ਹੋਵੇਗਾ। ਆਧੁਨਿਕ ਸਮਾਜ ਫੈਕਟਰੀਆਂ ਵਿਚ ਪ੍ਰੋਟੀਨ ਉਤਪਾਦਨ 'ਤੇ ਨਿਰਭਰ ਹੈ। ਕਿਫਾਇਤੀ ਹੋਣ ਦੇ ਨਾਲ-ਨਾਲ ਇਸ ਵਿਚ ਢੁੱਕਵੀਂ ਮਾਤਰਾ ਵਿਚ ਉਤਪਾਦਨ ਸੰਭਵ ਹੈ। ਹਾਲਾਂਕਿ ਇਸ ਪ੍ਰਕਿਰਿਆ ਵਿਚ ਪਸ਼ੂਆਂ ਨੂੰ ਨਾ-ਸਹਿਣਯੋਗ ਪੀੜਾ ਦੇ ਦੌਰ ਵਿਚੋਂ ਲੰਘਣਾ ਪੈਂਦਾ ਹੈ।

ਬੀਤੇ ਦੋ ਸੌ ਸਾਲਾਂ ਦੌਰਾਨ ਦੁਨੀਆ ਪਸ਼ੂਆਂ ਦੇ ਅਧਿਕਾਰਾਂ ਲਈ ਹੋਰ ਜਿਆਦਾ ਸੰਵੇਦਨਸ਼ੀਲ ਬਣੀ ਹੈ। ਸਾਮੰਤਵਾਦੀ ਯੂਰਪ ਵਿਚ ਤਾਂ ਪਸ਼ੂਆਂ 'ਤੇ ਅੱਤਿਆਚਾਰ ਨਾਲ ਸਬੰਧਤ ਕਈ ਖੇਡਾਂ ਪ੍ਰਚਲਿਤ ਰਹੀਆਂ। ਹਾਲਾਂਕਿ ਹੁਣ ਤਮਾਮ ਸੂਬੇ ਤੇ ਮੁਲਕ ਪਸ਼ੂ ਸੁਰੱਖਿਆ ਕਾਨੂੰਨ ਬਣਾ ਰਹੇ ਹਨ ਜੋ ਜਿਆਦਾ ਪ੍ਰਭਾਵੀ ਸਿੱਧ ਨਹੀਂ ਹੋ ਰਹੇ। ਮੈਕਡੋਨਾਲਡ ਵਰਗੀ ਕੰਪਨੀ ਖਾਸ ਆਂਡਿਆਂ ਵੱਲ ਮੁਖਾਤਿਬ ਹੋ ਰਹੀ ਹੈ। ਓਥੇ ਹੀ ਇਸ 'ਤੇ ਵੀ ਕਾਨੂੰਨੀ ਬਹਿਸ ਚੱਲ ਰਹੀ ਹੈ ਕਿ ਕੀ ਕੁਝ ਥਣਧਾਰੀ ਪ੍ਰਾਣੀਆਂ ਨੂੰ ਅਦਾਲਤ ਵਿਚ ਮੁਕੱਦਮੇਬਾਜੀ ਲਈ ਖੜ੍ਹਾ ਕੀਤਾ ਜਾ ਸਕਦਾ ਹੈ। ਕੁਝ ਅਦਾਲਤੀ ਮਾਮਲਿਆਂ ਵਿਚ ਤਾਂ ਵ੍ਹੇਲ ਅਤੇ ਡਾਲਫਿਨ ਵਰਗੇ ਪ੍ਰਾਣੀਆਂ ਨੂੰ ਵੀ ਧਿਰ ਬਣਾਇਆ ਗਿਆ ਹੈ। ਪੋਪ ਫਰਾਂਸਿਸ ਕਹਿੰਦੇ ਹਨ ਕਿ ਪਸ਼ੂ ਸਵਰਗ ਵਿਚ ਜਾਂਦੇ ਹਨ। ਤਮਾਮ ਲੋਕ ਉਨ੍ਹਾਂ ਨਾਲ ਸਹਿਮਤੀ ਪ੍ਰਗਟਾਉਣਗੇ। ਦਰਅਸਲ, ਸਵਰਗ ਲੋਕ ਪਸ਼ੂਆਂ ਦੇ ਬਿਨਾਂ ਸੁੰਨਾ ਹੀ ਹੋ ਜਾਵੇਗਾ। ਅਜਿਹਾ ਨਹੀਂ ਕਿ ਲੋਕ ਪਸ਼ੂਆਂ ਨੂੰ ਪਿਆਰ ਨਹੀਂ ਕਰਦੇ। ਕਈ ਅਮੀਰ ਪਰਿਵਾਰਾਂ ਵਿਚ ਪਾਲਤੂ ਕੁੱਤੇ ਨੂੰ ਕਿਸੇ ਗਰੀਬ ਪਰਿਵਾਰ ਦੇ ਬੱਚੇ ਤੋਂ ਬਿਹਤਰ ਸਹੂਲਤਾਂ ਹਾਸਲ ਹੁੰਦੀਆਂ ਹਨ। ਹਾਲਾਂਕਿ ਇਹ ਸਹੂਲੀਅਤ ਉਨ੍ਹਾਂ ਤਮਾਮ ਫਾਰਮ ਪਸ਼ੂਆਂ ਖਾਸ ਤੌਰ 'ਤੇ ਪੋਲਟਰੀ ਉਦਯੋਗ ਦੇ ਪਸ਼ੂਆਂ ਨੂੰ ਨਹੀਂ ਮਿਲ ਪਾਉਂਦੀ। ਬੀਤੇ ਸਾਲ ਅਮਰੀਕਾ ਵਿਚ 9.3 ਅਰਬ ਮੁਰਗੇ ਕੱਟੇ ਗਏ। ਅਰਥਾਤ ਹਰੇਕ ਅਮਰੀਕੀ ਦੇ ਅਨੁਪਾਤ ਵਿਚ 28 ਮੁਰਗੇ। ਇਹ ਵੀ ਦੇਖ ਲਓ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਮਾਰਿਆ ਜਾਂਦਾ ਹੈ। ਸਭ ਤੋਂ ਪਹਿਲਾਂ ਮੁਰਗਿਆਂ ਦੀਆਂ ਲੱਤਾਂ ਨੂੰ ਥਾਤੂ ਨਾਲ ਬੰਨ੍ਹਿਆ ਜਾਂਦਾ ਹੈ। ਫਿਰ ਇਲੈਕਟ੍ਰਿਕ ਬਾਥ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਉਨ੍ਹਾਂ ਦੀ ਗਰਦਨ ਉਤਾਰਦੇ ਹਨ ਅਤੇ ਉਨ੍ਹਾਂ ਨੂੰ ਬੇਹੱਦ ਗਰਮ ਪਾਣੀ ਵਿਚ ਡੁਬੋਇਆ ਜਾਂਦਾ ਹੈ। ਇਹ ਪੂਰੀ ਪ੍ਰਕਿਰਿਆ ਬਹੁਤ ਜਾਲਮਾਨਾ ਤਰੀਕੇ ਨਾਲ ਚੱਲਦੀ ਹੈ। ਇਸ ਤੋਂ ਬਾਅਦ ਬੰਧਨ ਵਿਚ ਬੱਝੇ ਹੋਣ ਕਾਰਨ ਕੁਝ ਮੁਰਗਿਆਂ ਦੀਆਂ ਲੱਤਾਂ ਅਤੇ ਖੰਭ ਟੁੱਟ ਜਾਂਦੇ ਹਨ। ਜਦ ਇਹ ਸਿਸਟਮ ਨਾਕਾਮ ਹੋ ਜਾਂਦਾ ਹੈ ਤਾਂ ਉਹ ਆਰੀ ਦੇ ਅੱਗੇ ਜੱਦੋਜਹਿਦ ਕਰਦੇ ਹਨ। ਕਈ ਮੁਰਗੇ ਆਰੀ ਤੋਂ ਵੀ ਬਚ ਜਾਂਦੇ ਹਨ।

ਖੇਤੀ ਵਿਭਾਗ ਨੇ ਖੁਦ ਦੱਸਿਆ ਕਿ ਪਿਛਲੇ ਸਾਲ 5,26,000 ਮੁਰਗਿਆਂ ਨੂੰ ਠੀਕ ਤਰ੍ਹਾਂ ਕਤਲ ਨਹੀਂ ਕੀਤਾ ਜਾ ਸਕਿਆ ਅਤੇ ਉਨ੍ਹਾਂ 'ਚੋਂ ਕੁਝ ਕੁ ਨੂੰ ਜਿਉਂਦੇ ਉਬਾਲ ਦਿੱਤਾ ਗਿਆ। ਕਿਸੇ ਬੱਚੇ ਨੂੰ ਤਾਂ ਪੰਛੀ ਦੇ ਖੰਭ ਤੋੜਨ 'ਤੇ ਸਜ਼ਾ ਦਿੱਤੀ ਜਾ ਸਕਦੀ ਹੈ ਪਰ ਕਾਰਪੋਰੇਟ ਅਧਿਕਾਰੀਆਂ ਦਾ ਅਰਬਾਂ ਦੀ ਤਾਦਾਦ ਵਿਚ ਪੰਛੀਆਂ ਨੂੰ ਤੰਗ-ਪਰੇਸ਼ਾਨ ਕਰਨ 'ਤੇ ਵੀ ਕੁਝ ਨਹੀਂ ਵਿਗੜਦਾ। ਉਹ ਆਪਣੇ ਉੱਚੇ ਰੁਤਬੇ ਅਤੇ ਪੈਸੇ-ਧੇਲੇ ਦੇ ਜੋਰ ਨਾਲ ਹਰ ਜਾਇਜ-ਨਾਜਾਇਜ ਕੰਮ ਕਰੀ ਜਾ ਰਹੇ ਹਨ। ਫੈਕਟਰੀ ਫਾਰਮਿੰਗ ਅਗਲੇਰੇ ਮੋਰਚੇ 'ਤੇ ਤਾਇਨਾਤ ਮਨੁੱਖੀ ਕਰਮੀਆਂ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ। ਫਿਰ ਚਾਹੇ ਮਾਮੂਲੀ ਭੁਗਤਾਨ ਹਾਸਲ ਕਰਨ ਵਾਲੇ ਉਹ ਸੰਘਰਸ਼ਸ਼ੀਲ ਕਿਸਾਨ ਹੋਣ ਜੋ ਪਸ਼ੂ ਨੂੰ ਵੱਡਾ ਕਰ ਕੇ ਕਸਾਈਖਾਨੇ ਤਕ ਲੈ ਕੇ ਜਾਂਦੇ ਹਨ ਜਾਂ ਫਿਰ ਉਨ੍ਹਾਂ ਕਤਲਖਾਨਿਆਂ ਵਿਚ ਕੰਮ ਕਰਨ ਵਾਲੇ ਕਰਮਚਾਰੀ ਜਿਨ੍ਹਾਂ ਨੂੰ ਕਮਜੋਰ ਰੱਖਿਆ ਕਵਚ ਹਾਸਲ ਹੁੰਦਾ ਹੈ। ਹੁਣ ਉਹ ਕੋਰੋਨਾ ਵਾਇਰਸ ਦੀ ਲਪੇਟ ਵਿਚ ਆ ਕੇ ਬਿਮਾਰ ਪੈ ਰਹੇ ਹਨ। ਅਜਿਹੀ ਹਾਲਤ ਵਿਚ ਲੋਕਾਂ ਦਾ ਰਵੱਈਆ ਬਦਲ ਰਿਹਾ ਹੈ।

ਸੰਨ 2018 ਵਿਚ ਲਗਪਗ 8 ਫੀਸਦੀ ਅਮਰੀਕੀ ਨੌਜਵਾਨਾਂ ਨੇ ਖੁਦ ਨੂੰ ਸ਼ਾਕਾਹਾਰੀ ਦੱਸਿਆ। ਉਨ੍ਹਾਂ ਦੀ ਤੁਲਨਾ ਵਿਚ 55 ਸਾਲ ਦੀ ਉਮਰ ਤੋਂ ਵੱਧ ਦੇ ਅਮਰੀਕੀਆਂ ਦਾ ਅੰਕੜਾ ਮਹਿਜ ਦੋ ਫੀਸਦੀ ਸੀ। ਦੋ ਸਾਲ ਪਹਿਲਾਂ ਮੈਂ ਖੁਦ ਸ਼ਾਕਾਹਾਰੀ ਬਣ ਗਿਆ ਹਾਂ। ਹਾਲਾਂਕਿ ਬੇਟੀ ਦੇ ਕਹਿਣ 'ਤੇ ਮੱਛੀ ਖਾ ਲੈਂਦਾ ਹਾਂ। ਫਿਰ ਵੀ ਮੇਰਾ ਇਹੀ ਮੰਨਣਾ ਹੈ ਕਿ ਨੈਤਿਕ ਅਤੇ ਵਾਤਾਵਰਨ ਦੇ ਲਿਹਾਜ ਨਾਲ ਅਤੇ ਮਾਸਾਹਾਰ ਦੇ ਮੁਕਾਬਲੇ ਵੱਧ ਰਹੇ ਸਵਾਦੀ ਸ਼ਾਕਾਹਾਰੀ ਬਦਲਾਂ ਨੂੰ ਦੇਖਦੇ ਹੋਏ ਆਉਣ ਵਾਲੀਆਂ ਪੀੜ੍ਹੀਆਂ ਮਾਸ ਦਾ ਇਸਤੇਮਾਲ ਘੱਟ ਕਰਨਗੀਆਂ। ਨਾਲ ਹੀ ਪਸ਼ੂਆਂ ਨਾਲ ਵੱਡੇ ਪੱਧਰ 'ਤੇ ਕੀਤੇ ਜਾਣ ਵਾਲੇ ਅੱਤਿਆਚਾਰ ਨੂੰ ਸਾਡੀ ਬੇਪਰਵਾਹ ਪ੍ਰਵਾਨਗੀ ਵੀ ਉਨ੍ਹਾਂ ਨੂੰ ਹੈਰਾਨ ਕਰੇਗੀ। ਪ੍ਰਿੰਸਟਨ ਯੂਨੀਵਰਸਿਟੀ ਦੇ ਦਾਰਸ਼ਨਿਕ ਪੀਟਰ ਸਿੰਗਰ ਨੇ ਮੈਨੂੰ ਦੱਸਿਆ ਸੀ ਕਿ ਆਉਣ ਵਾਲੀਆਂ ਪੀੜ੍ਹੀਆਂ ਫੈਕਟਰੀ ਫਾਰਮ ਵਿਚ ਪਸ਼ੂਆਂ ਪ੍ਰਤੀ ਸਾਡੇ ਜਾਲਮਾਨਾ ਵਤੀਰੇ ਨੂੰ ਉਸੇ ਨਜਰੀਏ ਨਾਲ ਦੇਖਣਗੀਆਂ ਜਿਵੇਂ ਅਸੀਂ ਰੋਮਨ ਖੇਡਾਂ ਵਿਚ ਜੁਲਮਾਂ ਨੂੰ ਦੇਖਦੇ ਰਹੇ ਹਾਂ। ਉਨ੍ਹਾਂ ਨੂੰ ਹੈਰਾਨੀ ਹੋਵੇਗੀ ਕਿ ਅਰਬਾਂ ਪਸ਼ੂਆਂ ਨਾਲ ਹੋਏ ਅੱਤਿਆਚਾਰ 'ਤੇ ਅਸੀਂ ਕਿੱਦਾਂ ਅੱਖਾਂ 'ਤੇ ਪੱਟੀ ਬੰਨ੍ਹੀ ਬੈਠੇ ਰਹੇ।

ਭਾਵੇਂ ਪਸ਼ੂਆਂ ਦੇ ਅਧਿਕਾਰਾਂ ਦੀ ਰਾਖੀ ਲਈ ਸਰਕਾਰਾਂ ਦੇ ਪੱਧਰ 'ਤੇ 'ਯਤਨ' ਹੋ ਰਹੇ ਹਨ, ਪਸ਼ੂ ਅਧਿਕਾਰ ਸੰਗਠਨ ਵੀ ਰੌਲਾ-ਰੱਪਾ ਪਾਈ ਜਾ ਰਹੇ ਹਨ ਪਰ ਸੱਚਾਈ ਇਹ ਹੈ ਕਿ ਇਨ੍ਹਾਂ ਸਭ ਯਤਨਾਂ ਦੇ ਬਾਵਜੂਦ ਪਸ਼ੂਆਂ 'ਤੇ ਅੱਤਿਆਚਾਰ ਨਹੀਂ ਰੁਕ ਰਹੇ। ਗਰੀਬ ਮੁਲਕਾਂ ਦੀਆਂ ਸਮੱਸਿਆਵਾਂ ਪ੍ਰਤੀ ਸਾਡੀ ਬੇਰੁਖੀ ਮੇਰੇ ਖਿਆਲ ਨਾਲ ਦੂਜਾ ਅਜਿਹਾ ਮਸਲਾ ਹੋਵੇਗਾ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਡੇ ਤੰਗਦਿਲ ਰਵੱਈਏ 'ਤੇ ਰਾਇ ਬਣਾਉਣ ਨੂੰ ਮਜਬੂਰ ਕਰੇਗਾ। ਦੁਨੀਆ ਭਰ ਵਿਚ 50 ਲੱਖ ਤੋਂ ਵੱਧ ਬੱਚੇ ਇਸ ਸਾਲ ਡਾਇਰੀਆ, ਕੁਪੋਸ਼ਣ ਅਤੇ ਹੋਰ ਬਿਮਾਰੀਆਂ ਕਾਰਨ ਮੌਤ ਦੇ ਆਗੋਸ਼ ਵਿਚ ਸਮਾ ਜਾਣਗੇ। ਮੁੱਖ ਤੌਰ 'ਤੇ ਆਪਣੀ ਸਵਾਦਿਸ਼ਟ ਪਛਾਣ ਕਾਰਨ ਅਸੀਂ ਇਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਹਾਲ 'ਤੇ ਹੀ ਛੱਡ ਦਿੰਦੇ ਹਾਂ। ਉਹ ਸਾਡੀ ਤਰਜੀਹ ਵਿਚ ਨਹੀਂ ਹਨ। ਉਨ੍ਹਾਂ ਦੀ ਬਦਹਾਲੀ ਦੀ ਜਿੰਮੇਵਾਰੀ ਕੋਈ ਵੀ ਚੁੱਕਣ ਨੂੰ ਤਿਆਰ ਨਹੀਂ ਹੈ। ਜਦ ਮੈਂ ਬ੍ਰਾਇਲਰ ਚਿਕਨਜ਼ ਦੇ ਕਾਰੋਬਾਰ ਵਿਚ ਮਾੜੇ ਪ੍ਰਬੰਧਨ ਦੀ ਨਿੰਦਾ ਕਰ ਰਿਹਾ ਹਾਂ ਤਾਂ ਇਹ ਦੱਸਣਾ ਜਿਕਰਯੋਗ ਹੋਵੇਗਾ ਕਿ ਸਿਰਫ 5 ਫੀਸਦੀ ਮੁਰਗੇ ਹੀ ਬੇਵਕਤ ਮਰਦੇ ਹਨ। ਇਸ ਦੀ ਤੁਲਨਾ ਵਿਚ ਸਬ-ਸਹਾਰਾ ਅਫਰੀਕਾ ਵਿਚ 7.8 ਫੀਸਦੀ ਬੱਚੇ 5 ਸਾਲ ਦੀ ਉਮਰ ਭੋਗਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਇਹ ਅੰਕੜਾ ਯੂਨੀਸੈਫ ਦਾ ਹੈ। ਅਜਿਹੇ ਵਿਚ ਜਾਲਮਾਨਾ ਖੇਤੀ ਕਾਰੋਬਾਰ ਨਾਲ ਜੁੜੀਆਂ ਚਿੰਤਾਵਾਂ ਬੇਬੀ ਚਿਕਨਜ਼ ਨੂੰ ਬਚਾਉਣ ਵਿਚ ਉਨ੍ਹਾਂ ਸਰੋਕਾਰਾਂ ਤੋਂ ਜਿਆਦਾ ਪ੍ਰਭਾਵੀ ਹੋ ਸਕਦੀਆਂ ਹਨ ਜੋ ਕੌਮਾਂਤਰੀ ਭਾਈਚਾਰਾ ਅਕਸਰ ਮਨੁੱਖੀ ਬੱਚਿਆਂ ਪ੍ਰਤੀ ਦਿਖਾਉਂਦਾ ਹੈ। ਪੌਣ-ਪਾਣੀ ਤਬਦੀਲੀ ਤੀਜੀ ਅਜਿਹੀ ਕਸੌਟੀ ਹੋਵੇਗੀ ਜਿਸ 'ਤੇ ਭਵਿੱਖ ਦੀਆਂ ਪੀੜ੍ਹੀਆਂ ਸਾਨੂੰ ਬਹੁਤ ਸਖਤੀ ਨਾਲ ਕੋਸਣਗੀਆਂ। ਸਾਡੀ ਪੀੜ੍ਹੀ ਦੀ ਲਾਪਰਵਾਹੀ ਬੇਹੱਦ ਉਲਟ ਮੌਸਮੀ ਹਾਲਾਤ ਦਾ ਕਾਰਨ ਬਣੇਗੀ। ਹੜ੍ਹ ਅਤੇ ਪ੍ਰਚੰਡ ਗਰਮ ਹਵਾਵਾਂ ਦਾ ਕਹਿਰ ਵਧੇਗਾ। ਇਸ ਨਾਲ ਇਹੀ ਤਸਵੀਰ ਬਣੇਗੀ ਕਿ 21ਵੀਂ ਸਦੀ ਦੀ ਸ਼ੁਰੂਆਤ ਦਾ ਮਨੁੱਖ ਇੰਨਾ ਸਵਾਰਥੀ ਰਿਹਾ ਕਿ ਕਾਰਬਨ ਨਿਕਾਸੀ ਘਟਾਉਣ ਨੂੰ ਲੈ ਕੇ ਉਸ ਨੇ ਛੋਟੇ-ਛੋਟੇ ਕਦਮ ਚੁੱਕਣੇ ਵੀ ਗਵਾਰਾ ਨਾ ਸਮਝੇ। ਇਨ੍ਹਾਂ ਚਿੰਤਾਵਾਂ 'ਤੇ ਮੇਰੇ ਨਾਲ ਸੰਵਾਦ ਵਿਚ ਬ੍ਰਾਊਨ ਯੂਨੀਵਰਸਿਟੀ ਵਿਚ ਭੌਤਿਕੀ ਦੇ ਪ੍ਰੋਫੈਸਰ ਬਰੈਡ ਮਾਸਟਰਨ ਨੇ ਕਿਹਾ, 'ਸੌ ਸਾਲਾਂ ਵਿਚ ਸਾਡੀ ਪੀੜ੍ਹੀ ਨੂੰ 19ਵੀਂ ਸਦੀ ਦੇ ਨਸਲਵਾਦੀਆਂ ਵਰਗਾ ਜਾਂ ਉਨ੍ਹਾਂ ਤੋਂ ਵੀ ਬਦਤਰ ਮੰਨਿਆ ਜਾਵੇਗਾ'।

# ਮੰਡੀ ਢਾਂਚਾ ਤੋੜਨ ਪਿੱਛੇ ਕੇਂਦਰ ਦੀ ਨੀਤੀ ਕਾਰਪੋਰੇਟ ਨੂੰ ਮਜ਼ਬੂਤ ਕਰਨ ਦੀ



ਬਲਬੀਰ ਸਿੰਘ ਰਾਜੇਵਾਲ
-ਪ੍ਰਧਾਨ ਬੀ. ਕੇ. ਯੂ.,

ਕੇਂਦਰ ਸਰਕਾਰ ਨੇ ਪਿਛਲੇ ਦਿਨੀਂ ਤਿੰਨ ਆਰਡੀਨੈਂਸ ਅਤੇ ਬਿਜਲੀ ਸੋਧ ਬਿੱਲ 2020 ਜਾਰੀ ਕੀਤੇ ਹਨ, ਜਿਨ੍ਹਾਂ ਨੇ ਸਾਰੇ ਦੇਸ਼ ਵਿਚ ਚਰਚਾ ਛੇੜੀ ਹੋਈ ਹੈ। ਆਮ ਤੌਰ 'ਤੇ ਅਰਥ ਸ਼ਾਸਤਰੀਆਂ ਅਤੇ ਬੁੱਧੀਜੀਵੀਆਂ ਨੇ ਇਨ੍ਹਾਂ ਨੂੰ ਕਾਰਪੋਰੇਟ ਪੱਖੀ ਅਤੇ ਰਾਜਾਂ ਦੇ ਅਧਿਕਾਰਾਂ ਉੱਤੇ ਛਾਪਾ ਮੰਨਿਆ ਹੈ। ਫਿਰ ਵੀ ਕੋਈ ਟਾਵਾਂ-ਟਿੱਲਾ ਇਸ ਦੇ ਹੱਕ ਵਿਚ ਵੀ ਹੈ। ਉਨ੍ਹਾਂ ਦਾ ਮੱਤ ਹੈ ਕਿ ਜ਼ਰੂਰੀ ਵਸਤਾਂ ਦੇ ਕਾਨੂੰਨ ਵਿਚ ਸੋਧਾਂ ਕਰਕੇ ਕੇਂਦਰ ਸਰਕਾਰ ਨੇ ਉਹ ਸਾਰੀਆਂ ਪਾਬੰਦੀਆਂ ਖ਼ਤਮ ਕਰ ਦਿੱਤੀਆਂ ਹਨ, ਜਿਨ੍ਹਾਂ ਕਾਰਨ ਕਿਸਾਨਾਂ ਉਤੇ ਆਪਣੀ ਜਿਣਸ ਇਕ ਜ਼ਿਲ੍ਹੇ ਤੋਂ ਦੂਜੇ ਜ਼ਿਲ੍ਹੇ ਵਿਚ ਲਿਜਾਣ ਉਤੇ ਪਾਬੰਦੀ ਲਾਈ ਹੋਈ ਸੀ। ਜਦਕਿ ਅਸਲੀਅਤ ਇਹ ਹੈ ਕਿ ਇਹ ਪਾਬੰਦੀ 1974 ਵਿਚ ਸੀ, ਜਿਸ ਨੂੰ 1976 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਆਪਣੇ ਕਿਸਾਨਾਂ ਦੇ ਹੱਕ ਵਿਚ ਦਿੱਤੇ ਫ਼ੈਸਲੇ ਵਿਚ ਖ਼ਤਮ ਕਰ ਦਿੱਤਾ ਸੀ। ਇਸ ਸਬੰਧੀ ਵੱਡਾ ਝੂਠ ਬੋਲਿਆ ਜਾ ਰਿਹਾ ਹੈ। ਜ਼ਰੂਰੀ ਵਸਤਾਂ ਦੇ ਕਾਨੂੰਨ ਵਿਚ ਸੋਧ ਕਰਕੇ ਕੇਂਦਰ ਸਰਕਾਰ ਨੇ ਇਹ ਸਪੱਸ਼ਟ ਕੀਤਾ ਹੈ ਕਿ ਅਨਾਜ, ਦਾਲਾਂ, ਤੇਲ ਬੀਜ ਆਦਿ ਦੀ ਖ਼ਰੀਦ ਉਤੇ ਹੁਣ ਕੋਈ ਸਟਾਕ ਸੀਮਾ ਨਹੀਂ ਹੋਵੇਗੀ। ਜੇਕਰ ਐਮਰਜੈਂਸੀ ਹਾਲਤ ਵਿਚ ਕੋਈ ਸੀਮਾ ਦੀ ਹੱਦ ਲਾਉਣੀ ਵੀ ਪਈ ਤਾਂ ਇਹ ਖਿਆਲ ਰੱਖਿਆ ਜਾਵੇਗਾ ਕਿ ਉਸ ਨਾਲ ਸਟਾਕਿਸਟ ਵਪਾਰੀ ਵਲੋਂ ਕੀਤੇ ਸੌਦੇ ਜਾਂ ਪ੍ਰਾਸੈਸ ਕਰਨ ਵਾਲੇ ਉਦਯੋਗਾਂ ਦੀ ਸਮਰੱਥਾ ਪ੍ਰਭਾਵਿਤ ਨਾ ਹੋਵੇ। ਇੰਜ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕੋਈ ਵੀ ਕਾਰਪੋਰੇਟ ਜਿੰਨਾ ਮਰਜ਼ੀ ਅਨਾਜ ਆਦਿ ਖ਼ਰੀਦ ਲਵੇ, ਉਸ ਦੀ ਸੀਮਾ ਨਿਯਤ ਕਰਨ ਸਮੇਂ ਸਰਕਾਰ ਉਸ ਦੇ ਹਿਤਾਂ ਦਾ ਧਿਆਨ ਰੱਖੇਗੀ। ਸਪੱਸ਼ਟ ਹੈ ਕਿ ਇਸ ਕਾਨੂੰਨ ਵਿਚ ਸੋਧਾਂ ਕਿਸਾਨ ਜਾਂ ਖਪਤਕਾਰਾਂ ਦੇ ਹਿਤ ਵਿਚ ਨਹੀਂ, ਕਾਰਪੋਰੇਟਸ ਦੇ ਹੱਕ ਵਿਚ ਕੀਤੀਆਂ ਗਈਆਂ ਹਨ।

ਕੰਟਰੈਕਟ ਫਾਰਮਿੰਗ ਦੇ ਕਾਨੂੰਨ ਸਬੰਧੀ ਉਨ੍ਹਾਂ ਦੀ ਦਲੀਲ ਹੈ ਕਿ ਪੰਜਾਬ ਵਿਚ 2004-05 ਵਿਚ ਕੁਝ ਕੰਪਨੀਆਂ ਨੇ ਕਿਸਾਨਾਂ ਨੂੰ ਬੀਜ ਸਪਲਾਈ ਕੀਤੇ ਜੋ ਉੱਗੇ ਹੀ ਨਹੀਂ। ਦਵਾਈਆਂ ਲਈ ਜੜ੍ਹੀ-ਬੂਟੀਆਂ ਪੈਦਾ ਕਰਵਾਉਣ ਵਾਲੀਆਂ ਕੰਪਨੀਆਂ ਕਿਸਾਨਾਂ ਨਾਲ ਠੱਗੀ ਮਾਰ ਕੇ ਭੱਜ ਗਈਆਂ। ਪੈਪਸੀ ਦੇ ਸਮਝੌਤੇ ਵੀ ਕਿਸਾਨਾਂ ਨੂੰ ਵਫ਼ਾ ਨਹੀਂ ਹੋਏ। ਸਬਜ਼ੀਆਂ, ਆਲੂ ਆਦਿ ਦੇ ਠੇਕੇ ਤਾਂ ਅੱਜ ਵੀ ਹੁੰਦੇ ਹਨ। ਪਰ ਕੀ ਉਹ ਦੱਸ ਸਕਦੇ ਹਨ ਕਿ ਕਿੰਨੇ ਕਿਸਾਨਾਂ ਨਾਲ ਇਹ ਲਿਖਤੀ ਹੁੰਦੇ ਹਨ?

ਪੰਜਾਬੀ ਯੂਨੀਵਰਸਿਟੀ ਦੇ ਇਕ ਅਧਿਐਨ ਅਨੁਸਾਰ ਪੰਜਾਬ ਦੇ 65 ਫ਼ੀਸਦੀ ਕਿਸਾਨ ਦਸਵੀਂ ਜਮਾਤ ਤੋਂ ਵੀ ਘੱਟ ਪੜ੍ਹੇ ਹਨ। ਇਹ ਕੰਪਨੀਆਂ ਦੇ ਠੇਕੇ ਜਾਂ ਤਾਂ ਜ਼ਬਾਨੀ ਹੁੰਦੇ ਹਨ ਜਾਂ ਫਿਰ ਸਬਜ਼ ਬਾਗ ਦਿਖਾ ਕੇ ਵੀਹ ਸਫ਼ਿਆਂ ਦੇ ਅੰਗਰੇਜ਼ੀ ਵਿਚ ਲਿਖੇ ਕਾਗਜ਼ਾਂ ਉਤੇ ਦਸਤਖ਼ਤ ਕਰਵਾ ਲਏ ਜਾਂਦੇ ਹਨ। ਅੱਜ ਜਦੋਂ ਕੁਝ ਲੋਕ ਕਹਿੰਦੇ ਹਨ ਕਿ ਇਸ ਨਵੇਂ ਕਾਨੂੰਨ ਨਾਲ ਜ਼ਮੀਨ ਠੇਕੇ ਉਤੇ ਲੈਣ ਵਾਲਾ ਗਿਰਦਾਵਰੀ ਆਪਣੇ ਨਾਂਅ ਕਰਵਾ ਕੇ ਜ਼ਮੀਨ ਉਤੇ ਕਬਜ਼ਾ ਨਹੀਂ ਕਰ ਸਕਦਾ। ਇਸ ਸਬੰਧੀ ਜਾਂ ਤਾਂ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਦਸ ਬਾਰਾਂ ਸਾਲ ਤੋਂ ਮਾਲ ਵਿਭਾਗ ਦੇ ਇਸ ਕਾਨੂੰਨ ਵਿਚ ਸੋਧ ਹੋ ਚੁੱਕੀ ਹੈ। ਜ਼ਮੀਨ ਠੇਕੇ 'ਤੇ ਭਾਵੇਂ ਕਿਸੇ ਨੇ ਲਈ ਹੋਵੇ, ਹੁਣ ਗਿਰਦਾਵਰੀ ਜ਼ਮੀਨ ਮਾਲਕ ਦੇ ਨਾਂਅ ਹੀ ਹੁੰਦੀ ਹੈ। ਕੋਈ ਠੇਕੇ ਉਤੇ ਜ਼ਮੀਨ ਲੈਣ ਵਾਲਾ ਪੱਕਾ ਕਬਜ਼ਾ ਹੁਣ ਕਰ ਹੀ ਨਹੀਂ ਸਕਦਾ। ਮੋਦੀ ਭਗਤਾਂ ਦਾ ਮੱਤ ਹੈ ਕਿ ਮੰਡੀਕਰਨ ਨਾਲ ਸਬੰਧਿਤ ਕਾਨੂੰਨ ਵਿਚ ਐਮਐਸਪੀ ਸਬੰਧੀ ਇਕ ਸ਼ਬਦ ਹੀ ਨਹੀਂ। ਅਸਲੀਅਤ ਇਹ ਹੈ ਕਿ ਇਹ ਲੋਕ ਜਾਣਦੇ ਹਨ ਕਿ ਇਹ ਕਾਨੂੰਨ ਮੌਜੂਦਾ ਮੰਡੀ ਨੂੰ ਤੋੜਨ ਲਈ ਕਾਰਪੋਰੇਟਾਂ ਨੂੰ ਖੁੱਲ੍ਹਾ ਸੱਦਾ ਦੇਣ ਲਈ ਹੀ ਬਣਾਇਆ ਗਿਆ ਹੈ। ਮੋਦੀ ਭਗਤਾਂ ਦਾ ਕਹਿਣਾ ਹੈ ਕਿ ਕੁਝ ਲੋਕ ਤਾਂ ਕਾਨੂੰਨ ਨੂੰ ਬਿਨਾਂ ਪੜ੍ਹੇ ਹੀ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ, ਜਦਕਿ ਉਹ ਖ਼ੁਦ ਝੂਠ ਬੋਲ ਰਹੇ ਹਨ। ਪੰਜਾਬ ਦਾ ਆਪਣਾ ਏ. ਪੀ. ਐਮ. ਸੀ. ਕਾਨੂੰਨ ਹੈ। ਪੰਜਾਬ ਦੀਆਂ ਮੰਡੀਆਂ ਤੇ ਮੰਡੀ ਬੋਰਡ ਇਸੇ ਕਾਨੂੰਨ ਅਧੀਨ ਕੰਮ ਕਰਦੇ ਹਨ।

ਹਰ ਮੰਡੀ ਦੇ ਘੇਰੇ ਵਿਚ 100 ਜਾਂ 150 ਪਿੰਡਾਂ ਦਾ ਨੋਟੀਫਾਈਡ ਏਰੀਆ ਹੁੰਦਾ ਹੈ, ਪਰ ਭਾਰਤ ਸਰਕਾਰ ਦੇ ਇਸ ਕਾਨੂੰਨ ਦੇ ਪਹਿਲੇ ਅਧਿਆਏ ਵਿਚ ਹੀ ਪੁਰਾਣੀਆਂ ਮੰਡੀਆਂ ਦਾ ਘੇਰਾ ਮੰਡੀ ਦੀ ਚਾਰ ਦਿਵਾਰੀ ਤੱਕ ਸੀਮਤ ਕਰ ਦਿੱਤਾ ਹੈ। ਪੁਰਾਣੀਆਂ ਮੰਡੀਆਂ ਵਿਚ ਹਰ ਵਪਾਰੀ ਨੂੰ ਮੰਡੀ ਬੋਰਡ ਤੋਂ ਲਾਇਸੰਸ ਲੈਣਾ ਪੈਂਦਾ ਹੈ। ਲਾਇਸੈਂਸ ਦੇਣ ਤੋਂ ਪਹਿਲਾਂ ਬਹੁਤ ਸਾਰੇ ਪਹਿਲੂਆਂ ਤੋਂ ਘੋਖ ਕਰਨ ਤੋਂ ਬਾਅਦ ਹੀ ਲਾਇਸੈਂਸ ਦਿੱਤਾ ਜਾਂਦਾ ਹੈ। ਪਰ ਨਵੇਂ ਆਰਡੀਨੈਂਸ ਅਨੁਸਾਰ ਮੰਡੀ ਦੀ ਚਾਰਦੀਵਾਰੀ ਤੋਂ ਬਾਹਰ ਕਿਸੇ ਨੂੰ ਵੀ ਵਪਾਰ ਅਤੇ ਖ਼ਰੀਦ ਲਈ ਲਾਇਸੈਂਸ ਦੀ ਲੋੜ ਨਹੀਂ। ਖ਼ਰੀਦਦਾਰ ਕੋਲ ਕੇਵਲ ਆਦਮਨ ਕਰ ਵਿਭਾਗ ਦਾ ਪੈਨ ਕਾਰਡ ਜਾਂ ਆਧਾਰ ਕਾਰਡ ਹੋਣਾ ਜ਼ਰੂਰੀ ਹੈ। ਇਸ ਦੀ ਧਾਰਾ 6 ਅਨੁਸਾਰ ਕਿਸੇ ਵੀ ਰਾਜ ਦੀ ਏ. ਪੀ. ਐਮ. ਸੀ. ਐਕਟ ਅਨੁਸਾਰ ਚਲਦੀ ਮੰਡੀ ਤੋਂ ਬਾਹਰ ਕੋਈ ਮਾਰਕੀਟ ਫੀਸ, ਸੈੱਸ ਜਾਂ ਲੈਵੀ ਨਹੀਂ ਲੱਗੇਗੀ ਤੇ ਨਾ ਹੀ ਰਾਜ ਸਰਕਾਰ ਕੋਈ ਟੈਕਸ ਲਾ ਸਕੇਗੀ। ਇੰਜ ਦੋ ਮੰਡੀਆਂ ਬਣਨਗੀਆਂ। ਇਕ ਪੁਰਾਣੇ ਕਾਨੂੰਨ ਅਧੀਨ 8.5 ਫ਼ੀਸਦੀ ਟੈਕਸ ਨਾਲ ਖ਼ਰੀਦ ਕਰਨ ਲਈ ਅਤੇ ਦੂਜੀ ਮੰਡੀ ਦੀ ਚਾਰਦੀਵਾਰੀ ਤੋਂ ਬਾਹਰ ਬਿਨਾਂ ਟੈਕਸ ਜਾਂ ਸਟਾਕ ਸੀਮਾ ਦੇ। ਸਾਰਾ ਕਾਨੂੰਨ ਪੜ੍ਹ ਕੇ ਇੰਜ ਲਗਦਾ ਹੈ ਜਿਵੇਂ ਇਹ ਸਰਕਾਰ ਨੇ ਨਹੀਂ ਕਿਸੇ ਕਾਰਪੋਰੇਟ ਘਰਾਣੇ ਦੇ ਸੀ. ਈ. ਓ. ਨੇ ਲਿਖਿਆ ਹੋਵੇ। ਸਾਰੇ ਸੰਸਾਰ ਵਿਚ ਕਾਰਪੋਰੇਟਸ ਦਾ ਇਕ ਕੰਮ ਕਰਨ ਦਾ ਢੰਗ ਹੁੰਦਾ ਹੈ, ਜਦੋਂ ਉਹ ਮੰਡੀ ਵਿਚ ਆਉਂਦੇ ਹਨ, ਸਭ ਤੋਂ ਪਹਿਲਾਂ ਆਪਣੇ ਵਿਰੋਧੀ ਨੂੰ ਭਜਾਉਂਦੇ ਹਨ। ਇਸ ਮੰਤਵ ਲਈ ਉਹ ਆਪਣੇ ਬਜਟ ਵਿਚ ਮੋਟੀ ਰਕਮ ਰੱਖ ਕੇ ਘਾਟਾ ਵੀ ਪਾ ਲੈਂਦੇ ਹਨ।

ਜਦੋਂ ਇਸ ਕਾਨੂੰਨ ਅਧੀਨ ਮੰਡੀਆਂ ਚਾਲੂ ਹੋਣਗੀਆਂ ਤਾਂ ਕਾਰਪੋਰੇਟਸ, ਜਿਨ੍ਹਾਂ ਨੇ ਕੋਈ ਟੈਕਸ ਨਹੀਂ ਦੇਣਾ, ਕਿਸਾਨ ਨੂੰ ਵੱਧ ਪੈਸਿਆਂ ਦਾ ਲਾਲਚ ਦੇ ਕੇ ਫ਼ਸਲ ਖ਼ਰੀਦਣਗੇ। ਇਹ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਮੰਡੀ ਦੇ ਆੜ੍ਹਤੀ ਦੁਕਾਨਾਂ ਬੰਦ ਨਹੀਂ ਕਰ ਦਿੰਦੇ। ਜਦੋਂ ਮੁਕਾਬਲੇ ਉੱਤੇ ਕੋਈ ਨਹੀਂ ਹੋਵੇਗਾ ਤਾਂ ਇਹ ਕਾਰਪੋਰੇਟ ਆਪਣੀ ਮਰਜ਼ੀ ਨਾਲ ਕਣਕ, ਝੋਨੇ ਆਦਿ ਦੇ ਰੇਟ ਡੇਗ ਦੇਣਗੇ। ਸਰਕਾਰ ਅਤੇ ਮੋਦੀ ਭਗਤਾਂ ਦਾ ਇਹ ਕਹਿਣਾ ਹੈ ਕਿ ਸਮਰਥਨ ਮੁੱਲ ਤਾਂ ਰਹੇਗਾ। ਹਾਂ ਜ਼ਰੂਰ ਰਹੇਗਾ, ਪਰ ਸਰਕਾਰੀ ਖ਼ਰੀਦ ਨਹੀਂ ਰਹੇਗੀ।



# ਖੇਤੀ ਸੰਬੰਧੀ ਆਰਡੀਨੈਂਸ ਉਦਯੋਗਪਤੀਆਂ ਦੇ ਹੱਕ ਵਿਚ -ਐਸ.ਐਸ ਛੀਨਾ

**ਖੇਤੀ ਸਬੰਧੀ ਆਰਡੀਨੈਂਸ ਨਾਲ ਵਪਾਰੀਆਂ ਨੂੰ ਇਹ ਖੁੱਲ੍ਹ ਜ਼ਰੂਰ ਮਿਲ ਜਾਵੇਗੀ ਕਿ ਉਹ ਨਿੱਜੀ ਤੌਰ ਤੇ ਫ਼ਸਲਾਂ ਨੂੰ ਖ਼ਰੀਦ ਕੇ ਵੱਡੇ ਭੰਡਾਰ ਜਮ੍ਹਾਂ ਕਰ ਲੈਣ ਅਤੇ ਉਨ੍ਹਾਂ ਤੋਂ ਵੱਡੀ ਮਾਤਰਾ ਵਿਚ ਲਾਭ ਕਮਾ ਲੈਣ। ਵਪਾਰ ਲਈ ਵੱਡੀ ਮਾਤਰਾ ਵਿਚ ਵਸਤੂ ਦਾ ਹੋਣਾ ਜ਼ਰੂਰੀ ਅਤੇ ਮੁਢਲੀ ਸ਼ਰਤ ਹੈ ਜਿਹੜੀ ਵਪਾਰੀ ਤਾਂ ਪੂਰੀ ਕਰ ਸਕਦੇ ਹਨ, ਕੋਈ ਕਿਸਾਨ ਨਹੀਂ ਕਰ ਸਕਦਾ। ਗੁਦਾਮ ਵੀ ਜ਼ਿਆਦਾਤਰ ਨਿੱਜੀ ਖੇਤਰ ਵਿਚ ਬਣੇ ਹੋਏ ਹਨ। ਨਿੱਜੀ ਖੇਤਰ ਦੇ ਵੱਡੇ ਗੁਦਾਮ ਉਹ 83 ਫ਼ੀਸਦੀ ਕਿਸਾਨ ਨਹੀਂ ਬਣਾ ਸਕਦੇ ਜਿਹੜੇ ਮੁਸ਼ਕਿਲ ਨਾਲ ਆਪਣੀ ਖੇਤੀ ਵਿਚੋਂ ਆਪਣੀਆਂ ਘਰੇਲੂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ।**

ਖੇਤੀਬਾੜੀ ਉਤਪਾਦਾਂ ਬਾਰੇ ਵਪਾਰ ਅਤੇ ਸਨਅਤ (ਸਮਰਥਨ ਅਤੇ ਸਰਲੀਕਰਨ) ਆਰਡੀਨੈਂਸ 2020 ਨੇ ਦੇਸ਼ ਭਰ ਦੇ ਖੇਤੀ ਖੇਤਰ ਤੇ ਇਸ ਦੇ ਪੈਣ ਵਾਲੇ ਪ੍ਰਭਾਵਾਂ ਬਾਰੇ ਚਰਚਾ ਛੇੜ ਦਿੱਤੀ ਹੈ। ਇਸ ਨੂੰ ਆਰਡੀਨੈਂਸ ਵਜੋਂ ਪਾਸ ਕਰਨ ਦੀ ਏਨੀ ਕਾਹਲੀ ਦੀ ਸਮਝ ਨਹੀਂ ਆ ਰਹੀ ਕਿਉਂਕਿ ਕਿਸੇ ਵੀ ਮੁੱਖ ਖੇਤੀ ਫ਼ਸਲ ਦੀ ਵਿਕਰੀ ਨੇੜ ਭਵਿੱਖ ਵਿਚ ਨਹੀਂ ਹੋਣ ਵਾਲੀ। ਭਾਵੇਂ ਕਿ ਇਸ ਤਰ੍ਹਾਂ ਦੇ ਕਾਨੂੰਨ, ਕਿ ਕਿਸਾਨ ਆਪਣੀ ਫ਼ਸਲ ਕਿਤੇ ਵੀ ਵੇਚ ਸਕਦਾ ਹੈ, ਇਸ ਨੂੰ ਸਰਕਾਰ ਵਲੋਂ ਕਿਸਾਨਾਂ ਦੇ ਵੱਡੇ ਹਿਤ ਵਿਚ ਹੋਣ ਦੀ ਗੱਲ ਕਹੀ ਜਾ ਰਹੀ ਹੈ ਪਰ ਜ਼ਮੀਨੀ ਪੱਧਰ ਤੇ ਇਸ ਦੇ ਪੈਣ ਵਾਲੇ ਪ੍ਰਭਾਵਾਂ ਨੂੰ ਘੋਖਦਿਆਂ ਇਸ ਵਿਚ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਲੱਭਦੀ, ਜਿਸ ਤੋਂ ਕਿਸਾਨਾਂ ਦੀ ਆਮਦਨ ਵਿਚ ਵੱਡਾ ਵਾਧਾ ਹੋਣ ਦੀ ਸੰਭਾਵਨਾ ਬਣੇ। ਇਸ ਸਮੇਂ ਦੇਸ਼ ਦੀ ਕੁੱਲ ਵਸੋਂ ਵਿਚੋਂ 60 ਫ਼ੀਸਦੀ ਦੀ ਖੇਤੀ ਤੇ ਨਿਰਭਰਤਾ ਹੈ ਪਰ ਦੇਸ਼ ਦੀ ਆਮਦਨ ਵਿਚ ਖੇਤੀ ਦਾ ਸਿਰਫ 14 ਫ਼ੀਸਦੀ ਹਿੱਸਾ ਹੈ। ਇਹ ਅਜਿਹੀ ਚੁਣੌਤੀ ਹੈ, ਜਿਸ ਲਈ ਕਿਸਾਨ ਦੀ ਪ੍ਰਤੀ ਘਰ ਆਮਦਨ ਵਿਚ ਵਾਧਾ ਕਰਨਾ ਹਰ ਰਾਜਨੀਤਕ ਪਾਰਟੀ ਦੇ ਚੋਣ ਮਨੋਰਥ ਪੱਤਰ ਦਾ ਮੁੱਖ ਭਾਗ ਬਣਦਾ ਹੈ। ਉਸ ਲਈ ਯਤਨ ਵੀ ਹੋਣੇ ਚਾਹੀਦੇ ਹਨ ਪਰ ਇਹ ਆਰਡੀਨੈਂਸ ਭਾਵੇਂ ਵਪਾਰੀਆਂ, ਬਰਾਮਦਕਾਰਾਂ ਅਤੇ ਪ੍ਰਚੂਨ ਵਿਚ ਵੇਚਣ ਵਾਲਿਆਂ ਲਈ ਲਾਭਦਾਇਕ ਹੋਵੇ ਪਰ ਕਿਸਾਨਾਂ ਨੂੰ ਇਸ ਤੋਂ ਲਾਭ ਹੋਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ।

ਭਾਰਤ ਦੀ ਖੇਤੀ ਵਿਚ 83 ਫ਼ੀਸਦੀ ਉਹ ਕਿਸਾਨ ਹਨ ਜਿਨ੍ਹਾਂ ਦੀਆਂ ਜੋਤਾਂ ਪੰਜ ਏਕੜ ਤੋਂ ਘੱਟ ਦੀਆਂ ਹਨ ਜਦੋਂ ਕਿ 74 ਫ਼ੀਸਦੀ ਦੀਆਂ ਤਾਂ ਸਿਰਫ ਢਾਈ ਏਕੜ ਤੋਂ ਵੀ ਘੱਟ ਦੀਆਂ ਹਨ। ਉਨ੍ਹਾਂ ਕੋਲ ਮੰਡੀ ਵਿਚ ਵੇਚਣ ਲਈ ਬਹੁਤ ਘੱਟ ਬਚਦਾ ਹੈ, ਜ਼ਿਆਦਾਤਰ ਕਿਸਾਨ ਖੇਤੀ ਫ਼ਸਲਾਂ ਜਿਵੇਂ ਦਾਲਾਂ, ਤੇਲਾਂ ਦੇ ਬੀਜ ਅਤੇ ਇਥੋਂ ਤੱਕ ਕਿ ਸਬਜ਼ੀਆਂ, ਫਲ, ਦੁੱਧ, ਆਂਡੇ ਆਦਿ ਵੀ ਬਾਜ਼ਾਰਾਂ ਤੋਂ ਖ਼ਰੀਦਦੇ ਹਨ। ਇਸ ਤਰ੍ਹਾਂ ਦੇ ਕਿਸਾਨ ਜਿਹੜੇ ਆਪਣੀ ਫ਼ਸਲ ਨੂੰ ਮੰਡੀ ਤੱਕ ਲੈ ਜਾਣ ਲਈ ਵੀ ਕਿਸੇ ਕੋਲੋਂ ਟਰਾਲੀ ਲੈਂਦੇ ਹਨ ਜਾਂ ਕਿਰਾਏ ਤੇ ਟਰਾਲੀ ਲੈ ਕੇ ਜਾਂਦੇ ਹਨ, ਉਹ ਹੋਰ ਪ੍ਰਦੇਸ਼ਾਂ ਵਿਚ ਆਪਣੀ ਫ਼ਸਲ ਦੀ ਵਿਕਰੀ ਲਈ ਸੈਂਕੜੇ ਮੀਲਾਂ ਦਾ ਸਫ਼ਰ ਕਿਸ ਤਰ੍ਹਾਂ ਕਰਨਗੇ ਅਤੇ ਕਿੰਨੀ ਕੁ ਮਾਤਰਾ ਵਿਚ ਅਤੇ ਕਿੰਨੀ ਕੁ ਵੱਧ ਕੀਮਤ ਤੇ ਜਾ ਕੇ ਉਨ੍ਹਾਂ ਮੰਡੀਆਂ ਵਿਚ ਵੇਚਣਗੇ। ਇਸ ਦੀ ਬਿਲਕੁਲ ਹੀ ਸੰਭਾਵਨਾ ਨਹੀਂ। ਦੇਸ਼ ਦੇ 0.8 ਫ਼ੀਸਦੀ ਉਹ ਕਿਸਾਨ ਹਨ, ਜਿਨ੍ਹਾਂ ਦੀਆਂ ਜੋਤਾਂ 25 ਏਕੜ ਤੋਂ ਵੱਧ ਹਨ ਪਰ ਉਨ੍ਹਾਂ ਵਿਚੋਂ ਕੋਈ ਵੀ ਇਕੱਲਾ ਕਿਸਾਨ ਆਪਣੀ ਫ਼ਸਲ ਬਰਾਮਦ ਕਰਨ ਦੇ ਯੋਗ ਨਹੀਂ, ਨਾ ਹੀ ਉਹ ਹੋਰ ਪ੍ਰਦੇਸ਼ਾਂ ਨੂੰ ਵੱਡੀ ਕਮਾਈ ਲਈ ਆਪਣੀ ਫ਼ਸਲ ਢੋਣ ਲਈ ਤਿਆਰ ਹੋਵੇਗਾ।

ਪਰ ਇਸ ਨਾਲ ਵਪਾਰੀਆਂ ਨੂੰ ਇਹ ਖੁੱਲ੍ਹ ਜ਼ਰੂਰ ਮਿਲ ਜਾਵੇਗੀ ਕਿ ਉਹ ਨਿੱਜੀ ਤੌਰ ਤੇ ਫ਼ਸਲਾਂ ਨੂੰ ਖ਼ਰੀਦ ਕੇ ਵੱਡੇ ਭੰਡਾਰ ਜਮ੍ਹਾਂ ਕਰ ਲੈਣ ਅਤੇ ਉਨ੍ਹਾਂ ਤੋਂ ਵੱਡੀ ਮਾਤਰਾ ਵਿਚ ਲਾਭ ਕਮਾ ਲੈਣ। ਵਪਾਰ ਲਈ ਵੱਡੀ ਮਾਤਰਾ ਵਿਚ ਵਸਤੂ ਦਾ ਹੋਣਾ ਜ਼ਰੂਰੀ ਅਤੇ ਮੁਢਲੀ ਸ਼ਰਤ ਹੈ ਜਿਹੜੀ ਵਪਾਰੀ ਤਾਂ ਪੂਰੀ ਕਰ ਸਕਦੇ ਹਨ, ਕੋਈ ਕਿਸਾਨ ਨਹੀਂ ਕਰ ਸਕਦਾ। ਗੁਦਾਮ ਵੀ ਜ਼ਿਆਦਾਤਰ ਨਿੱਜੀ ਖੇਤਰ ਵਿਚ ਬਣੇ ਹੋਏ ਹਨ। ਨਿੱਜੀ ਖੇਤਰ ਦੇ ਵੱਡੇ ਗੁਦਾਮ ਉਹ 83 ਫ਼ੀਸਦੀ ਕਿਸਾਨ ਨਹੀਂ ਬਣਾ ਸਕਦੇ ਜਿਹੜੇ ਮੁਸ਼ਕਿਲ ਨਾਲ ਆਪਣੀ ਖੇਤੀ ਵਿਚੋਂ ਆਪਣੀਆਂ ਘਰੇਲੂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ।

ਭਾਵੇਂ ਕਿ ਹਰੇ ਇਨਕਲਾਬ ਦੀ ਕਾਮਯਾਬੀ ਦੇ ਪਿੱਛੇ ਨਵੇਂ ਬੀਜਾਂ, ਸਿੰਜਾਈ, ਕਰਜ਼ੇ ਦੀ ਭੂਮਿਕਾ ਵੀ ਸੀ ਪਰ ਉਸ ਦੇ ਪਿੱਛੇ ਸਭ ਤੋਂ ਵੱਡੀ ਭੂਮਿਕਾ ਸੀ ਸਰਕਾਰ ਵਲੋਂ ਘੱਟੋ-ਘੱਟ ਸਮਰਥਨ ਮੁੱਲ ਤੇ ਕਣਕ ਅਤੇ ਝੋਨੇ ਦੀ ਖ਼ਰੀਦ। ਕਣਕ ਅਤੇ ਝੋਨਾ ਹੀ ਉਹ ਦੋ ਫ਼ਸਲਾਂ ਹਨ ਜਿਨ੍ਹਾਂ ਨੂੰ ਸਰਕਾਰ ਵਲੋਂ ਐਲਾਨੇ ਸਮਰਥਨ ਮੁੱਲਾਂ ਤੇ ਖ਼ਰੀਦਿਆ ਜਾਂਦਾ ਹੈ। ਬਾਕੀ ਦੀਆਂ 21 ਫ਼ਸਲਾਂ, ਜਿਨ੍ਹਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤਾਂ ਐਲਾਨ ਕਰ ਦਿੱਤਾ ਜਾਂਦਾ ਹੈ ਪਰ ਉਨ੍ਹਾਂ ਵਿਚੋਂ ਸਰਕਾਰੀ ਤੌਰ ਤੇ ਕੋਈ ਵੀ ਨਹੀਂ ਖ਼ਰੀਦੀ ਜਾਂਦੀ। ਇਹੋ ਵਜ੍ਹਾ ਹੈ ਕਿ ਬਾਕੀ ਉਨ੍ਹਾਂ ਫ਼ਸਲਾਂ ਅਧੀਨ ਖੇਤਰ ਵੀ ਘਟਿਆ ਹੈ ਅਤੇ ਉਤਪਾਦਨ ਵੀ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਦੀ ਦਰਾਮਦ ਕੀਤੀ ਜਾਂਦੀ ਹੈ। ਘੱਟੋ-ਘੱਟ ਮੁੱਲ ਦੇ ਐਲਾਨ ਨੇ ਉਨ੍ਹਾਂ ਫ਼ਸਲਾਂ ਦੀ ਉਪਜ ਤੇ ਕੋਈ ਅਸਰ ਨਹੀਂ ਪਾਇਆ ਕਿਉਂਕਿ ਕਿਸਾਨਾਂ ਦਾ ਯਕੀਨ ਸਿਰਫ ਸਰਕਾਰੀ ਖ਼ਰੀਦ ਤੇ ਹੈ ਜਦੋਂ ਕਿ ਨਿੱਜੀ ਵਪਾਰੀਆਂ ਵਲੋਂ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਭਾਵੇਂ ਕਿ ਇਸ ਆਰਡੀਨੈਂਸ ਵਿਚ ਉਨ੍ਹਾਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਖ਼ਰੀਦ ਬਾਰੇ ਕੁਝ ਨਹੀਂ ਕਿਹਾ ਗਿਆ ਪਰ ਕਿਸਾਨ ਜਥੇਬੰਦੀਆਂ ਇਹ ਮਹਿਸੂਸ ਕਰਦੀਆਂ ਹਨ ਕਿ ਨਿੱਜੀ ਵਪਾਰੀਆਂ ਨੂੰ ਮਿਲਣ ਵਾਲੀਆਂ ਖੁੱਲ੍ਹਾਂ ਨਾਲ ਸਰਕਾਰੀ ਖ਼ਰੀਦ ਪ੍ਰਭਾਵਿਤ ਹੋਵੇਗੀ। ਜੇ ਭਾਰਤ ਅਨਾਜ ਵਿਚ ਆਤਮ-ਨਿਰਭਰ ਦੇਸ਼ ਬਣਿਆ ਸੀ ਜਾਂ ਖ਼ੁਰਾਕ ਦਰਾਮਦ ਕਰਨ ਵਾਲੇ ਦੇਸ਼ ਤੋਂ ਖ਼ੁਰਾਕ ਬਰਾਮਦ ਕਰਨ ਵਾਲਾ ਦੇਸ਼ ਬਣਿਆ ਸੀ ਤਾਂ ਇਸ ਦੇ ਪਿੱਛੇ ਸਰਕਾਰੀ ਖ਼ਰੀਦ ਦੀ ਵੱਡੀ ਭੂਮਿਕਾ ਹੈ।

ਕੁਝ ਪ੍ਰਦੇਸ਼ਾਂ ਵਿਚ ਪਾਣੀ ਦਾ ਪੱਧਰ ਦਾ ਥੱਲੇ ਚਲੇ ਜਾਣਾ ਅਤੇ ਖੇਤੀ ਵਿਚ ਵਿਭਿੰਨਤਾ ਨਾ ਆਉਣ ਦਾ ਫ਼ਿਕਰ ਜ਼ਾਹਰ ਕੀਤਾ ਗਿਆ ਹੈ। ਪਰ ਇਸ ਦਾ ਇਸ ਤਰ੍ਹਾਂ ਦੀ ਵਿਵਸਥਾ ਨਾਲ ਕੋਈ ਹੱਲ ਸੰਭਵ ਨਹੀਂ। ਖੇਤੀ ਵਿਭਿੰਨਤਾ ਸਬੰਧੀ ਵਾਰ-ਵਾਰ ਬਿਆਨ ਤਾਂ ਦਿੱਤੇ ਜਾਂਦੇ ਹਨ ਪਰ ਖੇਤੀ ਵਿਭਿੰਨਤਾ ਸਿਰਫ ਬਿਆਨਾਂ ਅਤੇ ਅਪੀਲਾਂ ਨਾਲ ਨਹੀਂ, ਸਗੋਂ ਉਸ ਲਈ ਲੋੜੀਂਦੀ ਵਿਵਸਥਾ ਕਰਨ ਨਾਲ ਹੀ ਹੋਵੇਗੀ। ਪਿਛਲੇ ਸਾਲ ਨਵੀਂ ਖੇਤੀ ਮੰਡੀਕਰਨ ਨੀਤੀ ਬਣਾਉਣ ਦੀ ਵਿਆਖਿਆ ਕੀਤੀ ਗਈ ਸੀ ਜਿਸ ਵਿਚ ਪ੍ਰਦੇਸ਼ਾਂ ਦੀਆਂ ਸਰਕਾਰਾਂ ਨਾਲ ਮਿਲ ਕੇ ਕੁਝ ਹੋਰ ਫ਼ਸਲਾਂ ਦੀ ਸਰਕਾਰੀ ਖ਼ਰੀਦ ਦੀ ਗੱਲ ਕੀਤੀ ਗਈ ਸੀ। ਕਿਸਾਨਾਂ ਵਲੋਂ ਉਸ ਦਾ ਸਵਾਗਤ ਵੀ ਕੀਤਾ ਗਿਆ ਸੀ। ਉਸ ਵਿਵਸਥਾ ਵਿਚ ਇਹ ਕਿਹਾ ਗਿਆ ਸੀ ਕਿ ਕੇਂਦਰ ਦੀ ਸਰਕਾਰ ਪ੍ਰਾਂਤਾਂ ਦੀਆਂ ਸਰਕਾਰਾਂ ਨਾਲ ਮਿਲ ਕੇ ਉਨ੍ਹਾਂ ਫ਼ਸਲਾਂ ਦੀ ਪ੍ਰਾਂਤ ਵਿਚ ਉਪਜ ਦੇ ਅਨੁਸਾਰ ਕੁਝ ਹੋਰ ਫ਼ਸਲਾਂ ਨੂੰ ਸਰਕਾਰੀ ਤੌਰ ਤੇ ਖ਼ਰੀਦਣ ਦੀ ਵਿਵਸਥਾ ਕਰੇਗੀ ਪਰ ਬਾਅਦ ਵਿਚ ਉਸ ਸਬੰਧੀ ਕੋਈ ਵੀ ਗੱਲ ਸਾਹਮਣੇ ਨਹੀਂ ਆਈ। ਅਸਲ ਵਿਚ ਖੇਤੀ ਵਿਭਿੰਨਤਾ ਵਧਾਉਣ ਲਈ ਕੁਝ ਹੋਰ ਫ਼ਸਲਾਂ ਖ਼ਾਸ ਕਰਕੇ ਜ਼ਰੂਰੀ ਵਸਤੂਆਂ ਜਿਵੇਂ ਦਾਲਾਂ, ਆਲੂ, ਗੰਢੇ, ਤੇਲਾਂ ਦੇ ਬੀਜ ਆਦਿ ਨੂੰ ਪ੍ਰਾਂਤ ਦੀ ਉਪਜ ਦੇ ਅਨੁਸਾਰ ਸਰਕਾਰੀ ਤੌਰ ਤੇ ਖ਼ਰੀਦਣ ਦੀ ਵਿਵਸਥਾ ਕਰਨੀ ਚਾਹੀਦੀ ਹੈ। ਇਸ ਨਾਲ ਵੀ ਉਨ੍ਹਾਂ ਫ਼ਸਲਾਂ ਦੇ ਖੇਤਰ ਵਧਣ ਦੇ ਉਹੋ ਜਿਹੇ ਸਿੱਟੇ ਪ੍ਰਾਪਤ ਹੋਣਗੇ, ਜਿਹੜੇ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਸਬੰਧੀ ਹੋਏ ਹਨ।

ਪੰਜਾਬ ਵਿਚ ਕੋਈ 75 ਲੱਖ ਏਕੜ ਖੇਤਰ ਤੇ ਝੋਨਾ ਜਦੋਂ ਕਿ 85 ਲੱਖ ਏਕੜ ਖੇਤਰ ਤੇ ਕਣਕ ਦੀ ਖੇਤੀ ਹੁੰਦੀ ਹੈ। ਕਣਕ ਅਤੇ ਝੋਨੇ ਦੇ ਭੰਡਾਰ ਕਰਨ ਦੀ ਮੁਸ਼ਕਿਲ ਬਣੀ ਹੋਈ ਹੈ। ਇਨ੍ਹਾਂ ਫ਼ਸਲਾਂ ਅਧੀਨ ਖੇਤਰ ਘਟਣ ਨਾਲ ਜਿਥੇ ਖੇਤੀ ਲਈ ਪਾਣੀ ਦੀ ਲੋੜ ਘਟੇਗੀ, ਜ਼ਮੀਨ ਹੇਠਲੇ ਪਾਣੀ ਦੇ ਪੱਧਰ ਦੇ ਹੇਠਾਂ ਜਾਣ ਦੀ ਸਮੱਸਿਆ ਦਾ ਵੀ ਹੱਲ ਹੋਵੇਗਾ, ਉਥੇ ਲਗਾਤਾਰ ਕੰਮ ਵਧਣ ਕਰਕੇ ਖੇਤੀ ਵਿਚ ਰੁਜ਼ਗਾਰ ਵਧੇਗਾ, ਖੇਤੀ ਵਿਭਿੰਨਤਾ ਪੈਦਾ ਕਰਨ ਲਈ ਕੇਂਦਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਵਲੋਂ ਹੋਰ ਫ਼ਸਲਾਂ ਦੀ ਸਰਕਾਰੀ ਖ਼ਰੀਦ ਤੋਂ ਇਲਾਵਾ ਜ਼ਿਲ੍ਹੇਵਾਰ ਜ਼ੋਨਲ ਪ੍ਰਣਾਲੀ ਅਪਣਾ ਕੇ ਵੀ ਜਾਂ ਤਹਿਸੀਲਾਂ ਦੇ ਪੱਧਰ ਤੇ ਵੀ ਖ਼ਰੀਦ ਪ੍ਰਬੰਧ ਕਰਨ ਨਾਲ ਹੋਰ ਫ਼ਸਲਾਂ ਅਧੀਨ ਖੇਤਰ ਵਿਚ ਵਾਧਾ ਹੋ ਸਕਦਾ ਹੈ। ਸਬਜ਼ੀਆਂ ਅਤੇ ਫਲਾਂ ਅਧੀਨ ਖੇਤਰ ਵਧਾਉਣ ਲਈ ਸਹਿਕਾਰੀ ਪ੍ਰੋਸੈਸਿੰਗ ਇਕਾਈਆਂ ਨਾਲ ਖੇਤਰ ਵੀ ਵਧਾਇਆ ਜਾ ਸਕਦਾ ਹੈ ਅਤੇ ਆਮਦਨ ਵੀ। ਖੇਤੀ ਦੀਆਂ ਵੱਖ-ਵੱਖ ਫ਼ਸਲਾਂ ਵਿਚ ਕਿਸਾਨ ਦਾ ਹਿੱਸਾ ਬਣਾਉਣ ਲਈ ਸਹਿਕਾਰਤਾ ਉਸ ਤਰ੍ਹਾਂ ਹੀ ਹਿੱਸਾ ਪਾ ਸਕਦਾ ਹੈ ਜਿਸ ਤਰ੍ਹਾਂ ਉਸ ਨੇ ਡੇਅਰੀ ਉਦਯੋਗ ਲਈ ਪਾਇਆ ਹੈ। ਜ਼ਿਆਦਾ ਲੋੜ ਹੈ ਕਿਸਾਨ ਨੂੰ ਆਪਣੀ ਫ਼ਸਲ ਦੇ ਵਪਾਰ ਵਿਚ ਭਾਈਵਾਲ ਬਣਾਉਣ ਦੀ ਬਜਾਏ ਕਿਸਾਨ ਨੂੰ ਇਹ ਖੁੱਲ੍ਹ ਦੇਣ ਦੀ ਕਿ ਉਹ ਆਪਣੀ ਫ਼ਸਲ ਦੀ ਜਿਥੇ ਮਰਜ਼ੀ ਵਿਕਰੀ ਕਰ ਲਵੇ ਅਤੇ ਜਿੰਨਾ ਮਰਜ਼ੀ ਭੰਡਾਰ ਕਰ ਲਵੇ। ਨਾ ਕਿਸਾਨ ਹੋਰ ਪ੍ਰਾਂਤਾਂ ਵਿਚ ਫ਼ਸਲ ਵੇਚ ਸਕਦਾ ਹੈ, ਨਾ ਭੰਡਾਰ ਇਕੱਠਾ ਕਰ ਸਕਦਾ ਹੈ।

ਪਿਛਲੇ ਸਮਿਆਂ ਵਿਚ ਠੇਕੇ ਦੀ ਖੇਤੀ ਦੇ ਕਈ ਤਜਰਬੇ ਕੀਤੇ ਗਏ ਹਨ। ਖੇਤੀ ਆਧਾਰਿਤ ਕਈ ਉਦਯੋਗਿਕ ਇਕਾਈਆਂ ਨੇ ਕਿਸਾਨਾਂ ਨਾਲ ਠੇਕੇ ਕੀਤੇ, ਖ਼ਾਸ ਕਰਕੇ ਸਬਜ਼ੀਆਂ ਵਿਚ। ਪਰ ਉਹ ਠੇਕੇ ਦੀ ਖੇਤੀ ਸਫਲ ਨਾ ਹੋਈ, ਜੇ ਕੀਮਤ ਵੱਧ ਹੋ ਜਾਂਦੀ ਸੀ ਤਾਂ ਕਿਸਾਨ ਬਾਹਰ ਵੇਚ ਦਿੰਦਾ ਸੀ ਅਤੇ ਜੇ ਕੀਮਤ ਘਟ ਜਾਂਦੀ ਸੀ ਤਾਂ ਠੇਕੇਦਾਰ ਇਕਾਈ, ਠੇਕੇ ਵਾਲੇ ਕਿਸਾਨ ਦੀ ਬਜਾਏ ਹੋਰ ਕਿਸਾਨਾਂ ਤੋਂ ਖ਼ਰੀਦ ਲੈਂਦੀ ਸੀ, ਕਾਨੂੰਨ ਪ੍ਰਕਿਰਿਆ ਇਸ ਤਰ੍ਹਾਂ ਦੀ ਸਥਿਤੀ ਵਿਚ ਨਾ ਕਿਸਾਨ ਦੀ ਮਦਦ ਕਰਦੀ ਸੀ ਨਾ ਠੇਕੇਦਾਰ ਦੀ ਅਤੇ ਇਸ ਨਾਲ ਨਾ ਖੇਤੀ ਪ੍ਰੋਸੈਸਿੰਗ ਇਕਾਈਆਂ ਵਿਕਸਿਤ ਹੋਈਆਂ, ਨਾ ਖੇਤੀ ਵਿਭਿੰਨਤਾ ਵਧੀ ਪਰ ਕਣਕ ਤੇ ਝੋਨੇ ਦੀ ਸਰਕਾਰੀ ਖ਼ਰੀਦ ਵਿਚ ਇਹ ਮੁਸ਼ਕਿਲ ਕਦੀ ਵੀ ਨਾ ਆਈ। ਠੇਕੇ ਦੀ ਖੇਤੀ ਅਜੇ ਵੀ ਲਾਭਕਾਰੀ ਹੋ ਸਕਦੀ ਹੈ ਪਰ ਉਸ ਸਬੰਧੀ ਯੋਗ ਕਾਨੂੰਨ ਪ੍ਰਣਾਲੀ ਅਤੇ ਸਰਕਾਰ ਦੀ ਦਖ਼ਲਅੰਦਾਜ਼ੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਸਮੱਸਿਆ ਡੇਅਰੀ ਸਹਿਕਾਰਤਾ ਵਿਚ ਵੀ ਨਹੀਂ ਆਈ। ਇਸ ਲਈ ਖੇਤੀ ਵਿਭਿੰਨਤਾ ਵਧਾਉਣ ਲਈ ਹੋਰ ਬੜੇ ਬਦਲ ਹਨ, ਜਿਨ੍ਹਾਂ ਨੂੰ ਗੰਭੀਰਤਾ ਨਾਲ ਲਾਗੂ ਨਹੀਂ ਕੀਤਾ ਗਿਆ।

ਨਵੀਂ ਬਣਨ ਵਾਲੀ ਵਿਵਸਥਾ ਅਨਿਸਚਿਤਤਾ ਪੈਦਾ ਕਰੇਗੀ ਜਿਹੜੀ ਵੱਡੇ ਵਪਾਰੀਆਂ ਅਤੇ ਉਦਯੋਗਪਤੀਆਂ ਦੇ ਹੱਕ ਦੀ ਹੋਵੇਗੀ। ਖੇਤੀਬਾੜੀ ਪ੍ਰਾਂਤਾਂ ਦੀਆਂ ਸਰਕਾਰਾਂ ਦਾ ਵਿਸ਼ਾ ਹੈ। ਕੇਂਦਰ ਵਲੋਂ ਕੀਤੀ ਗਈ ਵਿਵਸਥਾ ਪ੍ਰਾਂਤਾਂ ਦੇ ਮੰਡੀਕਰਨ ਬਾਰੇ ਨਿਯਮਾਂ ਨੂੰ ਪ੍ਰਭਾਵਿਤ ਕਰੇਗੀ। ਇਸ ਦਾ ਸਿੱਟਾ ਇਹ ਹੈ ਕਿ ਇਸ ਤਰ੍ਹਾਂ ਦੀਆਂ ਦੱਸੀਆਂ ਜਾਂ ਦਿੱਤੀਆਂ ਜਾਣ ਵਾਲੀਆਂ ਖੁੱਲ੍ਹਾਂ ਦਾ ਕਿਸਾਨ ਨੂੰ ਕੋਈ ਲਾਭ ਨਹੀਂ ਹੋਵੇਗਾ ਅਤੇ ਅਨਿਸਚਿਤਤਾ ਦੀ ਸਥਿਤੀ ਖੇਤੀ ਆਮਦਨ ਅਤੇ ਉਪਜ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ।

# ਸ਼ਹੀਦ ਬੋਤਾ ਸਿੰਘ ਤੇ ਗਰਜਾ ਸਿੰਘ

–ਗੁਰਜੀਵਨ ਸਿੰਘ ਸਿੱਧੂ

ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਇੱਕ ਕਿਸਾਨੀ ਪਰਿਵਾਰ ਨਾਲ ਸਬੰਧਤ ਸਨ ਤੇ ਬਚਪਨ ਤੋਂ ਹੀ ਨਿਡਰ ਤੇ ਫੁਰਤੀਲੇ ਸਨ। ਬਾਬਾ ਬੋਤਾ ਸਿੰਘ ਸਵਾ ਛੇ ਫੁੱਟ ਜਵਾਨ ਵੇਖਣੀ-ਪਾਖਣੀ ਰੋਹਬਦਾਰ ਤੇ ਭਰਵੇਂ ਜੁੱਸੇ ਵਾਲਾ ਸੀ। ਉਸ ਸਮੇਂ ਮੁਗਲ ਹਕੂਮਤ ਦਾ ਦਬਦਬਾ ਸੀ। ਉਸ ਸਮੇਂ ਮੁਗਲਾਂ ਨੇ ਸਿੱਖ ਕੌਮ ਨੂੰ ਖਤਮ ਕਰਨ ਲਈ ਜ਼ੁਲਮ ਦੀ ਅੱਤ ਚੁੱਕੀ ਹੋਈ ਸੀ। ਜਦੋਂ ਨਾਦਰਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਹਿੰਦੁਸਤਾਨੀਆਂ ਨੂੰ ਲੁੱਟ ਕੇ ਵਾਪਸ ਜਾਂਦੇ ਤਾਂ ਉਨ੍ਹਾਂ ਨੂੰ ਪੰਜਾਬ ਵਿੱਚ ਸਿੱਖਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਸੀ ਤੇ ਕਈ ਵਾਰ ਤਾਂ ਸਿੰਘਾਂ ਨੇ ਇਨ੍ਹਾਂ ਤੋਂ ਲੁੱਟਿਆ ਹੋਇਆ ਮਾਲ ਵੀ ਖੋਹਿਆ ਸੀ। ਇਸ ਤੋਂ ਤੰਗ ਪ੍ਰੇਸ਼ਾਨ ਹੋ ਜ਼ਕਰੀਆਂ ਖਾਂ ਨੇ ਖਾਲਸੇ ਦਾ ਖੁਰਾ ਖੋਜ ਮਿਟਾਉਣ ਲਈ ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖ ਦਿੱਤੇ ਅਤੇ ਐਲਾਨ ਕਰਵਾ ਦਿੱਤਾ ਕਿ ਸਿੱਖ ਖਤਮ ਕਰ ਦਿੱਤੇ ਗਏ ਹਨ। ਉਨ੍ਹਾਂ ਅੰਮ੍ਰਿਤਸਰ ਵਿੱਚ ਸਿੱਖਾਂ ਨੂੰ ਜਾਣ 'ਤੇ ਪਾਬੰਧੀ ਲਗਾ ਦਿੱਤੀ। ਇਹੋ ਜਿਹੇ ਸਮੇਂ ਵਿੱਚ ਬਾਬਾ ਬੋਤਾ ਸਿੰਘ ਨੇ ਸਿੱਖ ਕੌਮ ਉਤੇ ਹੋ ਰਹੇ ਅੱਤਿਆਚਾਰ ਨੂੰ ਆਪਣੇ ਅੱਖੀਂ ਵੇਖਿਆ। ਇਸ ਦੌਰਾਨ ਇੱਕ ਹੋਰ ਗਰਜਾ ਸਿੰਘ ਨਾਂ ਦਾ ਸਿੱਖ ਬਾਬਾ ਬੋਤਾ ਸਿੰਘ ਨਾਲ ਆ ਮਿਲਿਆ। ਮੁਗਲ ਹਕੂਮਤ ਵੱਲੋਂ ਕੀਤੇ ਜਾ ਰਹੇ ਜ਼ੁਲਮ ਨੂੰ ਵੇਖ ਕੇ ਉਨ੍ਹਾਂ ਦੇ ਮਨ ਵਿੱਚ ਲਹੂਰੀਆਂ ਉਠਦੀਆਂ। ਉਸ ਸਮੇਂ ਸਿੱਖ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਰਾਤ ਨੂੰ ਜਾਂਦੇ ਤੇ ਦਿਨ ਵੇਲੇ ਜੰਗਲਾਂ ਵਿੱਚ ਸਮਾਂ ਬਤੀਤ ਕਰਦੇ ਸਨ। ਇਸ ਤਰ੍ਹਾਂ ਹੀ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਵੀ ਰਾਜਪੂਤਾਨੇ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਲਈ ਝਾੜੀਆਂ ਬੇਲਾ ਵਿੱਚ ਦੀ ਰਵਾਨਾ ਹੋਏ। ਜਦ ਉਹ ਤਰਨਤਾਰਨ ਕੋਲ ਝਾੜੀਆਂ ਬੇਲੇ ਵਿੱਚ ਜਾ ਰੇਹੇ ਸਨ ਤਾਂ ਉਥੋਂ ਗੁਜ਼ਰ ਰਹੇ ਦੋ ਮੁਸਲਮਾਨਾਂ ਨੂੰ ਝਾੜੀਆਂ ਵਿੱਚ ਪੈਰਾਂ ਦੀਆਂ ਅਵਾਜ਼ਾਂ ਅਤੇ ਪਰਛਾਵੇਂ ਵਿਖਾਈ ਦਿੱਤੇ ਤਾਂ ਇੱਕ ਮੁਸਲਮਾਨ ਨੇ ਕਿਹਾ 'ਇਨ੍ਹਾਂ ਝਾੜੀਆਂ ਪਿੱਛੇ ਸਿੱਖ ਲਗਦੇ ਹਨ।' ਦੂਜਾ



ਮੁਸ਼ਲਮਾਨ ਬੋਲਿਆ 'ਨਹੀਂ, ਉਹ ਤਾਂ ਲੁਕਣ ਵਾਲੇ ਨਹੀਂ ਹੁੰਦੇ, ਸਾਹਮਣੇ ਮੁਕਬਾਲਾ ਕਰਕੇ ਮਾਰਦੇ ਜਾਂ ਮਰਦੇ ਹਨ।' ਪਹਿਲਾ: 'ਪਹਿਰਾਵੇ ਤੇ ਸਰੀਰ ਦੀ ਡੀਲ-ਡੌਲ ਤੋਂ ਸਿੱਖ ਹੀ ਦਿਸਦੇ ਨੇ।' ਦੂਜਾ: ਸੂਬਾ ਲਹੌਰ ਨੇ ਢੰਡੋਰਾ ਪਿਟਵਾਇਆ ਹੈ ਕਿ ਸਿੱਖ ਮਾਰ ਦਿੱਤੇ ਗਏ ਹਨ, ਇਹ ਕੋਈ ਚੋਰ-ਉਚੱਕਾ ਜਾਂ ਕਾਇਰ ਹੋਏਗਾ, ਚੱਲ ਦੇਖੀਏ ਕੌਣ ਹੈ।' ਪਹਿਲਾ: 'ਜੇ ਸਿੱਖ ਹੋਏ ਬਚਣਾ ਮੁਸ਼ਕਲ ਹੋਏਗਾ, ਛੱਡ ਆਪਾਂ ਕੀ ਲੈਣਾ।' ਦੋਨੋਂ ਮੁਸਲਮਾਨ ਉੱਥੇ ਚਲੇ ਗਏ ਪਰ ਉਨ੍ਹਾਂ ਦੀਆਂ ਆਪਸ ਵਿੱਚ ਹੋਈਆਂ ਗੱਲਾਂ, ਦੋਵਾਂ ਸਿੰਘਾਂ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਦੇ ਕੰਨਾਂ ਵਿੱਚ ਵਾਰ ਵਾਰ ਗੂੰਜ ਰਹੀਆਂ ਸਨ ਕਿ ਇਹ ਚੋਰ ਉਚੱਕੇ ਜਾਂ ਕਾਇਰ ਹੋਵੇਗਾ, ਸਿੱਖ ਨਹੀਂ ਹੋ ਸਕਦਾ। ਉਨ੍ਹਾਂ ਬੈਠ ਕੇ ਵਿਚਾਰ ਕੀਤਾ ਕਿ ਇਹ ਪ੍ਰਚਾਰ ਕਿ ਸਿੰਘ ਖਤਮ ਕੀਤੇ ਜਾ ਚੁੱਕੇ ਹਨ, ਇਸ ਨਾਲ ਪੰਥ ਨੂੰ ਬਹੁਤ ਨੁਕਸਾਨ ਪੁੱਜੇਗਾ। ਉਨ੍ਹਾਂ ਤਰਨਤਾਰਨ ਸਾਹਿਬ ਦੇ ਨਜ਼ਦੀਕ ਸ਼ਾਹੀ ਸੜਕ 'ਤੇ ਨੂਰਦੀਨ ਦੀ ਚੁੰਗੀ 'ਤੇ ਕਬਜ਼ਾ ਕਰਕੇ ਇਸ ਸੜਕ ਤੋਂ ਲੰਘਣ ਵਾਲੇ ਗੱਡੇ ਪਾਸੋਂ ਇੱਕ ਆਨਾ, ਖੋਤੇ ਪਾਸੋਂ ਇੱਕ ਪੈਸਾ ਟੈਕਸ ਵਸੂਲਣਾ ਸ਼ੁਰੂ ਕਰ ਦਿੱਤਾ। ਇਹ ਟੈਕਸ ਨਾਕਾ ਲਗਾ ਕੇ ਦੋਨਾਂ ਸਿੰਘਾਂ ਨੇ ਇਹ ਆਵਾਜ਼ ਫੈਲਾਅ ਦਿੱਤੀ ਕਿ ਇਥੇ ਖਾਲਸੇ ਦਾ ਰਾਜ ਸਥਾਪਿਤ ਹੋ ਗਿਆ ਹੈ। ਜਦ ਉਨ੍ਹਾਂ ਕੋਲ ਕੋਈ ਮੁਗਲਾਂ ਦੀ ਟੋਲੀ ਨਾ ਪਹੁੰਚੀ ਤਾਂ ਉਨ੍ਹਾਂ ਨੇ ਇੱਕ ਮੁਸਾਫਿਰ ਹੱਥ ਲਾਹੌਰ ਦੇ ਸੂਬੇ ਨੂੰ ਚਿੱਠੀ ਲਿਖ ਭੇਜੀ: ਚਿੱਠੀ ਲਿਖੇ ਸਿੰਘ ਬੋਤਾ, ਹੱਥ ਹੈ ਸੋਟਾ, ਵਿਚ ਰਾਹ ਖੜੋਤਾ। ਆਨਾ ਲਾਯਾ ਗੱਡੇ ਨੂੰ, ਪੈਸਾ ਲਾਯਾ ਖੋਤਾ, ਆਖੋ ਭਾਬੀ ਖਾਨੋ ਨੂੰ, ਯੋ ਆਖੇ ਸਿੰਘ ਬੋਤਾ। ਜਦ ਜ਼ਕਰੀਆਂ ਖਾਂ ਨੂੰ ਇਹ ਸੂਚਨਾ ਪਹੁੰਚੀ ਤਾਂ ਉਸ ਨੇ 200 ਸੈਨਿਕਾਂ ਦਾ ਇਕ ਦਸਤਾ ਭੇਜਿਆ ਤੇ ਇਨ੍ਹਾਂ ਸੈਨਿਕਾਂ ਨੇ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਨੂੰ ਘੇਰਾ ਪਾ ਲਿਆ। ਬਾਬਾ ਬੋਤਾ ਸਿੰਘ ਨੇ ਸ਼ੈਨਿਕਾਂ ਨੂੰ ਵੰਗਾਰਿਆ ਕਿ ਜੇ ਉਹ ਆਪਣੇ ਆਪ ਨੂੰ ਬਹਾਦਰ ਕਹਾਉਂਦੇ ਹਨ ਤਾਂ ਇੱਕ ਇੱਕ ਆ ਕੇ ਸਾਡੇ ਨਾਲ ਲੜਾਈ ਕਰੇ। ਇਸ ਤਰ੍ਹਾਂ ਸਿੰਘਾਂ ਨੇ ਦਰਜਨ ਸੈਨਿਕਾਂ ਨੂੰ ਮਾਰ ਦਿੱਤਾ ਤਾਂ ਉਨ੍ਹਾਂ ਕਿਹਾ ਕਿ ਉਹ ਦੋ-ਦੋ ਸੈਨਿਕ ਸਾਡੇ ਨਾਲ ਲੜਾਈ ਕਰਨ ਆ ਜਾਣ ਤਾਂ ਇਸ ਤਰ੍ਹਾਂ ਜਦ ਮੁਗਲ ਸੈਨਿਕ ਮਾਰੇ ਜਾ ਰਹੇ ਸਨ ਤਾਂ ਗੁੱਸੇ ਵਿਚ ਸੈਨਿਕਾਂ ਨੇ ਇਕੱਠੇ ਹੋ ਕੇ ਹੱਲਾ ਬੋਲ ਦਿੱਤਾ, ਦੋ ਦਰਜਨ ਤੋਂ ਵੱਧ ਮੁਗਲਾਂ ਸੈਨਿਕਾਂ ਨੂੰ ਸੋਟਿਆਂ ਨਾਲ ਮੌਤ ਦੇ ਘਾਟ ਉਤਾਰਦਿਆਂ 27 ਜੁਲਾਈ 1739 ਈ. ਨੂੰ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਸ਼ਹੀਦੀ ਪਾ ਗਏ।

-o-

ਕਵਿਤਾ:

## ਕਦ ਤੀਰਾਂ ਨਾਲ ਹੋਊਂ ਰਵਾਨਾ



– ਮਲਕੀਤ ਸਿੰਘ ਭਵਾਨੀਗੜ੍ਹ

ਫਿਕਰਾਂ ਦੀ ਦਲਦਲ ਵਿੱਚ ਬਾਬਾ
ਕਦ ਉੱਗਣਾ ਸੋਹਣੇ ਕਮਲਾਂ ਨੇ,

ਕਦ ਮੁੱਕਣੇ ਫੋਕੇ ਜ਼ਿਕਰ ਏ ਮੇਰੇ
ਕਦ ਜੰਮਣਾਂ ਮੇਰਿਆਂ ਅਮਲਾਂ ਨੇ

ਕਦ ਏ ਕਹਿਣੀ ਹੋਊਗੀ ਕਰਨੀ
ਕਦ ਕਰਨੀ ਖਾਲਸ ਹੋ ਜਾਣੀ,

ਕਦ ਮੈਂ ਸੁਰਤ ਦਾ ਖੇਡਾ ਸਮਝੂੰ
ਕਦ ਅਕਲ ਮੇਰੀ ਏ ਮੋਅ ਜਾਣੀ

ਕਦ ਮੈਂ ਸੀਸ ਦਾ ਮੋਹ ਤਿਆਗਣਾ
ਕਦ ਅਰਪਣ ਅਪਣਾ ਆਪ ਕਰਾਂਗਾ,

ਕਦ ਹੱਥ ਵਿੱਚ ਮੇਰੇ ਤੇਗ ਹੋਊਗੀ
ਕਦ ਹਰ ਸਾਂਹ ਨਾਲ ਜਾਪ ਕਰਾਂਗਾ

ਕਦ ਚਮਕੌਰ ਚ ਜੌਹਰ ਵਖਾਉਣੇ
ਕਦ ਮਾਛੀਵਾੜੇ ਹੋਊ ਸ਼ੁਕਰਾਨਾ

ਕਦ ਸਰਹਿੰਦ ਚ ਪਾਊਂ ਸ਼ਹੀਦੀ
ਕਦ ਤੀਰਾਂ ਨਾਲ ਹੋਊਂ ਰਵਾਨਾ

ਲੇਖ

# ਪੂੰਜੀਵਾਦ ਮਨੁੱਖ ਨੂੰ ਵਿਕਾਸ ਵਲ ਨਹੀਂ, ਵਿਨਾਸ਼ ਵਲ ਲਿਜਾ ਰਿਹਾ

**ਹੁਣ ਤੱਕ ਦੁਨੀਆ ਭਰ ਵਿਚ ਰਚਿਆ ਗਿਆ ਸਾਰਾ ਚੰਗਾ ਸਾਹਿਤ ਮਨੁੱਖੀ ਜਜਬਿਆਂ ਤੇ ਰਿਸ਼ਤਿਆਂ ਦੀ ਪੇਸ਼ਕਾਰੀ ਹੈ। ਪਰ ਅਜੋਕਾ ਸਾਮਰਾਜੀ ਵਿਕਾਸ ਹਜ਼ਾਰਾਂ ਸਾਲਾਂ ਵਿਚ ਵਿਕਸਿਤ ਹੋਏ ਇਨ੍ਹਾਂ ਰਿਸ਼ਤਿਆਂ ਨੂੰ ਖਤਮ ਕਰਕੇ ਮਨੁੱਖ ਨੂੰ ਨਿੱਜਵਾਦ ਦੀ ਦਲਦਲ ਵਿਚ ਧੱਕਦਾ ਜਾ ਰਿਹਾ ਹੈ। ਹੌਲੀ ਹੌਲੀ ਸਮੁੱਚੀ ਜ਼ਿੰਦਗੀ ਵਿਚ ਪਸਰੀ ਪੈਸੇ ਦੀ ਚੌਧਰ ਨੇ ਸਾਰੇ ਰਿਸ਼ਤੇ ਪੈਸੇ ਦੁਆਲੇ ਤੇ ਔਰਤ-ਮਰਦ ਦੇ ਰਿਸ਼ਤੇ ਸਰੀਰਾਂ ਦੁਆਲੇ ਕੇਂਦਰਿਤ ਕਰ ਦਿਤੇ ਹਨ। ਬਾਹਰੀ ਤੌਰ ਉਤੇ ਪੈਸੇ ਅਤੇ ਅੰਦਰੂਨੀ ਮਾਨਸਿਕ ਤੌਰ ਉਤੇ ਆਪਣੀਆਂ ਪਸ਼ੂ ਬਿਰਤੀਆਂ ਦਾ ਗੁਲਾਮ ਮਨੁਖ, ਅਜ਼ਾਦ ਕਿਵੇਂ ਹੋ ਸਕਦਾ ਹੈ ? ਮਨੁਖੀ ਵਿਕਾਸ ਦਾ ਇਕੋ ਇਕ ਪੈਮਾਨਾ ਮਨੁਖ ਦਾ ਸਭਿਆਚਾਰਕ ਵਿਕਾਸ ਹੈ। ਸਭਿਆਚਾਰ ਕੀ ਹੈ ? ਸਭਿਆਚਾਰ — ਸਮਾਜੀਕਰਨ ਦੀ ਭਾਵਨਾ ਭਾਵ ਭਾਈਚਾਰਕ ਰਿਸ਼ਤਿਆਂ ਦਾ ਵਿਕਾਸ ਹੈ। ਭਾਵ ਸਰਬ ਸਾਂਝੀਵਾਲਤਾ ਤੇ ਸਰਬਤ ਦਾ ਭਲਾ। ਮਨੁੱਖੀ ਸਭਿਆਚਾਰਕ ਵਿਕਾਸ ਦੀ ਸਿਖਰ ਉੱਤੇ ਬੈਠ ਕੇ ਹੀ ਕੋਈ ਭਗਤ ਕਬੀਰ ਵਰਗਾ ਮਹਾਂਪੁਰਖ ਇਹ ਕਹਿ ਸਕਦਾ ਹੈ — ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।**

–ਗੁਰਬਚਨ ਸਿੰਘ



ਮਨੁੱਖਤਾ ਸਾਹਮਣੇ ਇਸ ਵੇਲੇ ਸਭ ਤੋਂ ਵੱਡਾ ਸੁਆਲ ਦਰਪੇਸ਼ ਹੈ ਕਿ ਮਨੁੱਖੇ ਵਿਕਾਸ ਦਾ ਪੈਮਾਨਾ ਕੀ ਹੋਵੇ ? ਕੀ ਅਸਮਾਨ ਵਿਚ ਉੱਡਦੇ ਹਵਾਈ ਜਹਾਜ, ਰਬੜ ਵਰਗੀਆਂ 200-300 ਫੁੱਟੀਆਂ ਮੁਲਾਇਮ ਸੜਕਾਂ ਉੱਤੇ ਦੌੜਦੀਆਂ ਮਰਸਰੀ ਤੇ ਬੀ.ਐਮ. ਡਬਲਿਊ ਵਰਗੀਆਂ ਅਰਾਮਦੇਹ ਤੇ ਮਹਿੰਗੀਆਂ ਕਾਰਾਂ, ਗਰਮੀਆਂ ਵਿਚ ਠੰਡੀਆਂ ਅਤੇ ਸਰਦੀਆਂ ਵਿਚ ਗਰਮ ਵੱਡੀਆਂ-ਵੱਡੀਆਂ ਕੋਠੀਆਂ, ਸਿਨਮੇ ਦੀਆਂ ਸਕਰੀਨਾਂ ਜਿਡੇ ਵੱਡੇ-ਵੱਡੇ ਰੰਗਦਾਰ ਟੀ ਵੀ ਅਤੇ ਖਾਣ ਪੀਣ ਦੇ ਸਮਾਨ ਨਾਲ ਭਰੇ ਫਰਿੱਜ਼, ਪੀਣ ਵਾਸਤੇ ਮਹਿੰਗੀ ਤੋਂ ਮਹਿੰਗੀ ਸ਼ਰਾਬ, ਪੰਜ-ਸੱਤ ਤਾਰਾ ਆਲੀਸ਼ਾਨ ਹੋਟਲ, ਅਲਫ ਨੰਗੀਆਂ ਔਰਤਾਂ ਦੇ ਨਾਚ ਵਿਖਾਉਣ ਵਾਲੀਆਂ ਰਾਤਰੀ ਕਲੱਬਾਂ, ਜੂਆਘਰ ਅਤੇ ਖਰੀਦੋ-ਫਰੋਖਤ ਕਰਨ ਲਈ ਕਈ ਕਈ ਏਕੜਾਂ ਵਿਚ ਫੈਲੇ ਵੱਡੇ-ਵੱਡੇ ਮਾਲ ਜਾਂ ਇਹੋ ਜਿਹੀਆਂ ਹੋਰ ਅਣਗਿਣਤ ਸਹੂਲਤਾਂ ਹੀ ਮਨੁੱਖੀ ਵਿਕਾਸ ਦਾ ਪੈਮਾਨਾ ਹੈ ? ਜੇ ਇਹ ਸਚਾਈ ਹੈ ਤਾਂ ਫਿਰ ਅਮਰੀਕਾ ਵਰਗੇ ਦੁਨੀਆਂ ਭਰ ਦੇ ਸਭ ਤੋਂ ਅਮੀਰ ਮੁਲਕ ਵਿਚ ਸਾਰੇ ਲੋਕ ਬਹੁਤ ਖੁਸ਼ ਅਤੇ ਸਭਿਆਚਾਰਕ ਪੱਖੋਂ ਸਭ ਤੋਂ ਵੱਧ ਵਿਕਸਿਤ ਹੋਣੇ ਚਾਹੀਦੇ ਹਨ। ਪਰ ਠੋਸ ਹਕੀਕਤ ਕੀ ਹੈ ?

ਕੋਰੋਨਾ ਵਾਇਰਸ ਦੀ ਮਹਾਂਮਾਰੀ ਨੇ ਕੁਝ ਵੱਖਰੀ ਹੀ ਸੱਚਾਈ ਮਨੁੱਖਤਾ ਸਾਹਮਣੇ ਲਿਆਂਦੀ ਹੈ। ਇਸ ਮਹਾਂਮਾਰੀ ਦੌਰਾਨ ਹੁਣ ਤਕ ਸਭ ਤੋਂ ਵਧੇਰੇ 1 ਲੱਖ 42 ਹਜਾਰ ਮੌਤਾਂ ਦੁਨੀਆ ਭਰ ਦੇ ਸਭ ਤੋਂ ਅਮੀਰ ਮੁਲਕ ਅਮਰੀਕਾ ਵਿਚ ਹੋਈਆ ਹਨ। ਬਰਾਜੀਲ ਤੋਂ ਬਾਅਦ ਤੀਜੇ ਨੰਬਰ ਉਤੇ 45 ਹਜਾਰ ਮੌਤਾਂ ਬਰਤਾਨੀਆ ਵਿਚ ਹੋਈਆ ਹਨ। ਜਿਸ ਬਰਤਾਨਵੀਂ ਸਾਮਰਾਜ ਬਾਰੇ ਦਾਅਵਾ ਕੀਤਾ ਜਾਂਦਾ ਸੀ ਕਿ ਉਸ ਦੇ ਰਾਜ ਵਿਚ ਕਦੇ ਸੂਰਜ ਨਹੀਂ ਡੁੱਬਦਾ। ਉਸ ਦਾ ਸਾਮਰਾਜ ਏਨਾ ਫੈਲਿਆ ਹੋਇਆ ਸੀ ਕਿ ਜੇ ਕਿਸੇ ਥਾਂ ਸੂਰਜ ਡੁੱਬ ਰਿਹਾ ਹੁੰਦਾ ਸੀ ਤਾਂ ਕਿਤੇ ਦੂਜੀ ਥਾਂ ਸੂਰਜ ਚੜ੍ਹ ਰਿਹਾ ਹੁੰਦਾ ਸੀ। ਇਟਲੀ, ਫਰਾਂਸ ਤੇ ਸਪੇਨ ਵਿਚ ਵੀ ਆਬਾਦੀ ਦੇ ਲਿਹਾਜ ਨਾਲ ਬਹੁਤ ਜਿਆਦਾ ਮੌਤਾਂ ਹੋਈਆ ਹਨ। ਜਦੋਂ ਕਿ ਇਨ੍ਹਾਂ ਦੇਸਾਂ ਵਿਚ ਸਿਹਤ ਸੰਭਾਲ ਉੱਤੇ ਅਫਰੀਕਾ ਵਰਗੇ ਗਰੀਬ ਮੁਲਕਾਂ ਦੇ ਅਨੁਪਾਤ ਵਿਚ ਬਹੁਤ ਜਿਆਦਾ ਖਰਚ ਕੀਤਾ ਜਾਂਦਾ ਹੈ। ਖਬਰਾਂ ਅਨੁਸਾਰ ਬਰਤਾਨੀਆ, ਇਟਲੀ ਤੇ ਸਪੇਨ ਵਿਚ ਤਾਂ ਕਈ ਮੌਕੇ ਅਜਿਹੇ ਵੀ ਆਏ ਕਿ ਹਸਪਤਾਲਾਂ ਵਿਚ ਲੋੜੀਦੀਂਆ ਸਹੂਲਤਾਂ ਦੀ ਘਾਟ ਕਾਰਨ 60 ਸਾਲ ਤੋਂ ਵਧੇਰੇ ਉਮਰ ਦੇ ਬਜੁਰਗ ਘਰਾਂ ਵਿਚ ਇਲਾਜ ਖੁਣੋਂ ਹੀ ਮਰ ਗਏ। ਅਮਰੀਕਾ ਦੀ ਇਕ ਅਜਿਹੀ ਖਬਰ ਵੀ ਬੜੀ ਚਰਚਾ ਦਾ ਵਿਸ਼ਾ ਬਣੀ ਕਿ ਬਜੁਰਗਾਂ ਦੀ ਸੰਭਾਲ ਲਈ ਬਣੇ ਇਕ ਰਹਿਣ ਬਸੇਰੇ ਵਿਚ 60 ਬਜੁਰਗਾਂ ਦੀ ਹੋਈ ਮੌਤ ਨੂੰ ਲੁਕਾਉਣ ਲਈ ਉਨ੍ਹਾਂ ਦੀਆਂ ਲਾਸ਼ਾਂ ਕਿੰਨੇ ਦਿਨ ਰੁਲਦੀਆ ਰਹੀਆ। ਲੋਕ ਸੇਵਾ ਵਿਚ ਲੱਗੇ ਅਦਾਰਿਆਂ ਨੇ ਅਮਰੀਕੀ ਦਵਾਈ ਤੇ ਬੀਮਾ ਕੰਪਨੀਆਂ ਦੀ ਬੇਤਹਾਸ਼ਾ ਲੁੱਟ ਨੂੰ ਇਨ੍ਹਾਂ ਮੌਤਾਂ ਲਈ ਜਿੰਮੇਵਾਰ ਠਹਿਰਾਇਆ ਹੈ। ਅਮਰੀਕਾ ਦੀ ਇਕ ਵੱਡੀ ਅਖਬਾਰ ਵਾਸ਼ਿੰਗਟਨ ਪੋਸਟ ਨੇ ਆਪਣੀ ਇਕ ਲਿਖਤ ਵਿਚ ਸਾਂਝੇ ਪਰਿਵਾਰਾਂ ਦੇ ਟੁੱਟਣ ਤੇ ਇਸ ਕਾਰਨ ਵਡੀ ਪੱਧਰ ਉਤੇ ਫੈਲੇ ਇਕਲਾਪੇ ਅਤੇ ਇਸ ਇਕਲਾਪੇ ਕਾਰਨ ਪੈਦਾ ਹੋਈ ਨਿਰਾਸ਼ਾ ਤੇ ਪ੍ਰੇਸ਼ਾਨੀ ਨੂੰ ਵੀ ਇਨ੍ਹਾਂ ਵਧੇਰੇ ਹੋਈਆ ਮੌਤਾਂ ਦਾ ਇਕ ਵੱਡਾ ਕਾਰਨ ਦਸਿਆ ਹੈ।




ਪਹਿਲਾਂ ਤੋਂ ਹੀ ਪਸਰੇ ਤੇ ਕੋਰੋਨਾ ਮਹਾਂਮਾਰੀ ਕਾਰਨ ਹੋਰ ਡੂੰਘੇ ਹੋਏ ਆਰਥਿਕ ਸੰਕਟ ਨੇ ਜਿਵੇਂ ਮੀਲਾਂ ਲੰਬੀਆ ਲਾਈਨਾ ਵਿਚ ਖੜੇ ਹੋ ਕੇ ਇਕ ਡੰਗ ਦੇ ਭੋਜਨ ਲੈਂਦੇ ਅਮਰੀਕੀਆਂ ਨੂੰ ਦੁਨੀਆ ਭਰ ਦੇ ਲੋਕਾਂ ਨੇ ਵੇਖਿਆ ਹੈ, ਇਹ ਉਨ੍ਹਾਂ ਦੀ ਸੋਚ ਤੋਂ ਬਾਹਰੀ ਵਰਤਾਰਾ ਸੀ। ਫਿਰ ਜਿਵੇਂ 'ਬਲੈਕ ਲਾਈਵਜ ਮੈਟਰ' ਦੇ ਝੰਡੇ ਥੱਲੇ ਕਾਲੇ ਤੇ ਭੂਰੇ ਲੋਕਾਂ ਨੂੰ ਅਮਰੀਕਾ ਵਿਚ ਫੈਲੇ ਨਸਲੀ ਵਿਤਕਰੇ ਵਿਰੁੱਧ ਲੋਕਾਂ ਨੂੰ ਵੱਡੀ ਪੱਧਰ ਉੱਤੇ ਮੁਜਾਹਰੇ ਕਰਦੇ ਵੇਖਿਆ ਹੈ, ਉਹ ਵੀ ਸੰਸਾਰ ਭਰ ਦੇ ਲੋਕਾਂ ਲਈ ਨਵਾਂ ਹੈ। ਦੁਨੀਆਂ ਭਰ ਵਿਚ ਸਭ ਤੋਂ ਵਧੇਰੇ ਜ਼ੁਰਮ ਅਮਰੀਕਾ ਵਿਚ ਹੁੰਦੇ ਹਨ ਅਤੇ ਅਮਰੀਕੀ ਲੋਕ ਸਭ ਤੋਂ ਵੱਧ ਤਣਾਅ, ਇਕਲਾਪੇ ਅਤੇ ਮੋਟਾਪੇ ਦਾ ਸ਼ਿਕਾਰ ਹਨ। ਤਲਾਕ ਸਭ ਤੋਂ ਵੱਧ ਅਮਰੀਕਾ ਵਿਚ ਹੁੰਦੇ ਹਨ।

ਦਰਅਸਲ ਮਨੁੱਖੀ ਵਿਕਾਸ ਨੂੰ ਪਦਾਰਥਕ ਅਮੀਰੀ ਦੇ ਨਜ਼ਰੀਏ ਨਾਲ ਵੇਖਣ ਦਾ ਪੈਮਾਨਾ ਹੀ ਗਲਤ ਹੈ। ਸਿਰਦਾਰ ਕਪੂਰ ਸਿੰਘ ਨੇ ਆਪਣੀ ਇਕ ਲਿਖਤ 'ਰਾਜ ਕਰੇਗਾ ਖਾਲਸਾ' ਵਿਚ ਅਮਰੀਕੀ ਜੀਵਨ ਢੰਗ ਦੀ ਚਰਚਾ ਕੀਤੀ ਹੈ। ਅਮਰੀਕੀ ਜੀਵਨ ਜਾਂਚ ਬਾਰੇ ਉਨ੍ਹਾਂ ਦੀ ਟਿੱਪਣੀ ਬੜੀ ਅਨਮੋਲ ਹੈ। ਸਿਰਦਾਰ ਕਪੂਰ ਸਿੰਘ ਦਾ ਕਹਿਣਾ ਹੈ, "ਸਾਡੇ ਜੀਵਨ ਕਾਲ ਵਿਚ ਅਮਰੀਕਾ ਨੇ ਭਾਵੇਂ ਕੋਈ ਬਹੁਤੇ ਦੇਸਾਂ ਉਤੇ ਫੌਜੀ ਅਧਿਕਾਰ ਨਹੀਂ ਜਮਾਇਆ ਤਾਂ ਵੀ ਅਮਰੀਕੀ ਜ਼ਿੰਦਗੀ ਬੋਲਚਾਲ ਦੀ ਅਮਰੀਕੀ ਸ਼ਬਦਾਵਲੀ, ਅਮਰੀਕੀ ਬਸਤਰ, ਅਮਰੀਕੀ ਸੰਗੀਤ, ਭਿਅੰਕਰ ਸ਼ੋਰ-ਸ਼ਰਾਬੇ ਵਾਲੇ ਅਮਰੀਕੀ ਗਾਣੇ ਤੇ ਕਾਮੀ ਨਾਚ, ਭਵਨ ਕਲਾ ਦੇ ਖੇਤਰ ਵਿਚ ਅਸਮਾਨ ਨੂੰ ਛੂਹਦੀਆਂ ਉਚੀਆਂ ਉਚੀਆਂ ਇਮਾਰਤਾਂ ਬਣਾਉਣ ਦਾ ਅਮਰੀਕੀ ਝਲਪੁਣਾ ਸਾਰੇ ਸੰਸਾਰ ਅੰਦਰ ਫੈਲ ਗਿਆ ਹੈ। ਅਮਰੀਕਾ, ਕੈਨੇਡਾ, ਬਰਤਾਨਵੀਂ ਟਾਪੂਆਂ ਤੇ ਪੱਛਮੀ ਯੂਰਪ ਅੰਦਰ ਵਸਦੇ 90 ਫੀਸਦੀ ਸਿੱਖ ਪ੍ਰਵਾਸੀ, ਜਿਹੜੇ ਬੜੀ ਬੇਹਯਾਈ ਨਾਲ ਦਾਹੜੀਆਂ ਕਟਵਾਉਣ ਦੇ ਭੱਦੇ ਕੁੱਢਬੇ ਤੇ ਜਾਂਗਲੀ ਫੈਸ਼ਨ ਤੇ ਤੰਬਾਕੂਨੋਸ਼ੀ ਦੀ ਮੰਦੀ ਘਾਤਕ ਬਿਮਾਰੀ ਦਾ ਸ਼ਿਕਾਰ ਹੋ ਚੁਕੇ ਹਨ, ਉਨ੍ਹਾਂ ਦਾ ਸਹੀ ਅਨੁਮਾਨ ਇਥੋਂ ਹੀ ਲਗਦਾ ਹੈ। ਇਸ ਦੇ ਉਲਟ ਅਫਰੀਕਨ ਮਹਾਂਦੀਪ ਅਤੇ ਏਸ਼ੀਆ ਦੇ ਦੱਖਣ ਪੂਰਬੀ ਖੇਤਰਾਂ ਵਿਚ ਰਹਿੰਦੇ ਸਿੱਖ ਪ੍ਰਵਾਸੀਆਂ ਨੇ ਹੁਣ ਤੱਕ ਆਪਣੀ ਸਾਬਤ ਸੂਰਤ ਵਾਲੀ ਸਿੱਖੀ ਸ਼ਾਨ ਤੇ ਤੰਬਾਕੂਨੋਸ਼ੀ ਤੋਂ ਗਿਲਾਨੀ ਦੀ ਨਰੋਈ ਅਤੇ ਸ਼ਲਾਘਾਯੋਗ ਆਦਤ ਨੂੰ ਕਾਇਮ ਰੱਖਿਆ ਹੋਇਆ ਹੈ। ਅਸੀਂ ਇਹ ਦਾਅਵਾ ਨਹੀਂ ਕਰ ਸਕਦੇ ਕਿ ਅਮਰੀਕੀ ਸਭਿਆਚਾਰ ਦੇ ਮਿਆਰ ਯਕੀਨੀ ਤੌਰ ਉਤੇ ਹੋਰਨਾਂ ਥਾਵਾਂ ਉਤੇ ਪੈਦਾ ਹੋਣ ਵਾਲੀ ਹਰ ਸ਼ੈਅ ਨਾਲੋਂ ਵਧੀਆ ਹਨ।"

ਬਾਕੀ ਸਫਾ 32 'ਤੇ

# ਰਾਜ ਕਰੇਗਾ ਖ਼ਾਲਸਾ



- ਸਿਰਦਾਰ ਕਪੂਰ ਸਿੰਘ

ਉਨ੍ਹਾਂ ਨੂੰ ਮਨੁੱਖਾਂ ਵਜੋਂ, ਮਨੁੱਖਤਾ ਦੇ ਆਗੂਆਂ ਵਜੋਂ ਅਤੇ ਧਾਰਮਿਕ ਪੈਗੰਬਰਾਂ ਵਜੋਂ ਸਾਰਿਆਂ ਨੇ ਬਹੁਤ ਸਤਿਕਾਰਿਆ ਹੈ।

ਮੈਲਕਮ, ਮੈਕਰੈਗਰ, ਕਨਿੰਘਮ, ਡੋਰਬੀ ਫੀਲਡ,ਟਾਇਨਬੀ, ਸੁਜਾਨ ਰਾਏ, ਖ਼ੁਸ਼ਵਕਤ ਰਾਏ, ਦੌਲਤ ਰਾਏ, ਇਨ੍ਹਾਂ ਸਾਰਿਆਂ ਦੀ ਸਿੱਖਾਂ ਅਤੇ ਸਿੱਖ ਧਰਮ ਸਬੰਧੀ ਲਿਖਣ ਵੇਲੇ ਇਕੋ ਰਾਇ ਸੀ, ਭਾਵੇਂ ਹੋਰਨਾਂ ਗੱਲਾਂ ਬਾਬਤ ਇਨ੍ਹਾਂ ਦੇ ਵਿਚਾਰਾਂ ਵਿਚ ਬਹੁਤ ਮਤਭੇਦ ਸਨ। ਪਰ ਜਦੋਂ ਸਿੱਖ ਸੰਨ 1947 ਵਿਚ ਪਹਿਲੀ ਵਾਰ ਸਮਾਂ ਖੁੰਝਾ ਬੈਠੇ ਅਤੇ ਇਹ ਕੁਝ ਬਣ ਗਏ ਜੋ ਹੁਣ ਬਣੇ ਹੋਏ ਹਨ ਅਤੇ ਫੇਰ ਵੀ ਬਦਲੇ ਹਾਲਾਤ ਵਿਚ ਜਦੋਂ ਸਿੱਖ ਸੱਭਿਆਚਾਰ ਬਾਰੇ ਇਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਨਾਂ ਵਿਸ਼ਵ ਵਿਦਿਆਲਾ ਅਤੇ ਸਿੱਖ ਧਰਮ ਸਬੰਧੀ ਇਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਂ ਦਾ ਵਿਸ਼ਵ ਵਿਦਿਆਲਾ ਸਥਾਪਤ ਕਰਨ ਵਿਚ ਇਹ ਸਫ਼ਲ ਹੋ ਗਏ ਤਾਂ ਇਨ੍ਹਾਂ ਯੂਨੀਵਰਸਿਟੀਆਂ ਦੇ 'ਸਿੱਖ' ਪ੍ਰੋਫੈਸਰ ਨਿਡਰਤਾ ਨਾਲ ਇਹ ਐਲਾਨ ਅਤੇ ਦਲੀਲਾਂ ਪੇਸ਼ ਕਰਨ ਲਈ ਸਾਹਮਣੇ ਆਏ ਕਿ:

'ਗੁਰੂ ਤੇਗ ਬਹਾਦਰ ਇਕ ਮਹਾਨ ਲੁਟੇਰਾ ਸੀ, ਜੋ ਕਿ ਆਪਣੇ ਜਿਹੇ ਹੋਰਨਾਂ ਗੈਰ-ਕਾਨੂੰਨੀ ਅਨਸਰਾਂ ਨੂੰ ਵਰਗਲਾਉਂਦਾ ਤੇ ਪਨਾਹ ਦਿੰਦਾ ਸੀ। ਉਸ ਦੇ ਇਨ੍ਹਾਂ ਭੈੜੇ ਕਾਰਨਾਮਿਆਂ ਨੇ ਉਸ ਮੁਗਲ ਕਾਨੂੰਨ ਅਧੀਨ ਦੰਡ ਦਾ ਭਾਗੀ ਬਣਾਇਆ, ਜਿਸ ਕਰਕੇ ਦਿੱਲੀ ਵਿਖੇ ਇਕ ਅਪਰਾਧੀ ਵਜੋਂ ਉਸ ਦਾ ਸ਼ਰੇਆਮ ਸਿਰ ਵੱਢਿਆ ਗਿਆ, ਜਿਸ ਦੀ ਜਾਇਜ਼ ਸਜ਼ਾ ਇਹੋ ਸੀ। ਮਹਾਨ ਮੁਗਲ ਔਰੰਗਜੇਬ ਉੱਕਾ ਨਿਰਦੋਸ਼ ਅਤੇ ਬੇਖ਼ਬਰ ਸੀ : ਨੇਕ ਮੁਗਲ ਸਰਕਾਰ ਦੇ ਖਿਲਾਫ਼ ਗੁਰੂ ਗੋਬਿੰਦ ਸਿੰਘ ਦਾ ਅਸਲੀ ਗਿਲਾ ਇਹੋ ਸੀ ਕਿ ਉਹ ਉਸ (ਗੁਰੂ ਗੋਬਿੰਦ ਸਿੰਘ) ਪਾਸੋਂ ਨਿਯਮ ਅਨੁਸਾਰ ਸਰਕਾਰੀ ਟੈਕਸ ਅਤੇ ਜਮੀਨ ਦਾ ਮਾਲੀਆ ਮੰਗਦੇ ਸਨ, ਜਿਹੜਾ ਉਹ (ਗੁਰੂ) ਦੇਣ ਤੋਂ ਆਕੀ ਸੀ। ਉਸ ਨੂੰ ਰਣ ਖੇਤਰ ਦੀ ਯੁੱਧ ਕਲਾ ਦੀ ਬਹੁਤ ਘੱਟ ਸੂਝ ਸੀ, ਜਿਸ ਕਰਕੇ ਉਸ ਨੇ ਸਰਕਾਰੀ ਫੌਜਾਂ ਦੇ ਟਾਕਰੇ 'ਤੇ ਲੜਾਈ ਵਿਚ ਹਾਰ 'ਤੇ ਹਾਰ ਖਾਧੀ।' ਕੀ ਸਿੱਖਾਂ ਦੀ ਮੌਜੂਦਾ ਸਿਆਸੀ ਦਸ਼ਾ ਦਾ ਇਸ ਘਿਰਣਾਜਨਕ ਜ਼ਾਹਰਾ ਸਥਿਤੀ ਨਾਲ ਕੋਈ ਸਬੰਧ ਨਹੀਂ ? ਇੱਥੇ ਦਿੱਲੀ ਸਥਿਤ ਨਕਲੀ ਨਿਰੰਕਾਰੀਆਂ ਬਾਬਤ ਕੁਝ ਕੁ ਜ਼ਾਹਰਾ ਕਾਰਨਾਂ ਕਰਕੇ ਚਰਚਾ ਨਹੀਂ ਕੀਤੀ ਜਾ ਰਹੀ।

23. ਕਿਸੇ ਧਰਮ ਦੀ ਪ੍ਰਵਾਨਗੀ ਅਤੇ ਪਸਾਰ ਦੇ ਸਬੰਧ ਵਿਚ ਜੋ ਅਸਰ ਭਰਪੂਰ ਅਤੇ ਫੈਸਲਾਕੁੰਨ ਰੋਲ ਸਿਆਸੀ ਸ਼ਕਤੀ ਅਤੇ ਸ਼ੁਹਰਤ ਅਦਾ ਕਰਦੀ ਹੈ, ਉਸ ਦੇ ਇਹ ਕੇਵਲ ਕੁਝ ਕੁ ਹੀ ਦ੍ਰਿਸ਼ਟਾਂਤ ਹਨ। ਇਤਿਹਾਸ ਦਾ ਇਹ ਨਿਯਮ ਅਤੇ ਮਨੁੱਖੀ ਆਚਰਨ ਦੀ ਇਹ ਬੁਨਿਆਦੀ ਉਦਾਹਰਣ ਅਤੇ ਮਨੁੱਖੀ ਸੁਭਾ ਦੀ ਇਹ ਪਰਵਿਰਤੀ ਸਿੱਖਾਂ ਅਤੇ ਸਿੱਖ ਮਤ ਦੇ ਮਾਮਲੇ ਵਿਚ ਵਧੇਰੇ ਢੁਕਦੀ ਹੈ, ਕਿਉਂਕਿ ਕਈਆਂ ਹੋਰਨਾਂ ਸੰਸਾਰਕ ਧਰਮਾਂ ਦੇ ਉਲਟ ਸਿੱਖ ਧਰਮ ਕੇਵਲ ਪੁਜਾਰੀਆਂ ਦੀ ਜਥੇਬੰਦੀ ਹੀ ਨਹੀਂ, ਬਲਕਿ ਇਸ ਦੇ ਨਾਲ ਨਾਲ ਇਹ ਸਮਾਜਿਕ ਵਿਚਾਰ ਵਿਧੀ ਵਾਲੀ ਜਥੇਬੰਦੀ ਵੀ ਹੈ। ਜਦੋਂ ਵੀ ਸਿੱਖ, ਰਾਜਨੀਤਕ ਪ੍ਰਭੂ ਸੱਤਾ ਤੇ ਸ਼ਕਤੀ ਤੋਂ ਵੱਖ ਤੇ ਬਾਂਝ ਕੀਤੇ ਗਏ ਹਨ ਤਾਂ ਸਿੱਖ ਧਰਮ ਆਪਣੀਆਂ ਅਸਲੀ ਵਿਸ਼ੇਸ਼ਤਾਈਆਂ ਅਤੇ ਉਮੰਗਾਂ ਤੋਂ ਹੀ ਬਾਂਝ ਹੋ ਗਿਆ ਹੈ। ਇਸ ਕਰਕੇ ਹੀ ਇਹ ਦਾਅਵਾ ਤੇ ਭਾਵੀ ਜੋ 'ਰਾਜ ਕਰੇਗਾ ਖ਼ਾਲਸਾ' ਵਾਲੇ ਦੋਹਰੇ ਵਿਚ ਚਿਤਰੀ ਅਤੇ ਐਲਾਨੀ ਗਈ ਹੈ, ਸਿੱਖ ਧਰਮ ਅਤੇ ਇਸ ਦੀਆਂ ਸਮਾਜੀ ਜਿੰਮੇਵਾਰੀਆਂ ਦੇ ਭਾਗੀ ਸਿੱਖਾਂ ਲਈ ਬੁਨਿਆਦੀ ਹੈ। ਇਸ ਦੋਹਰੇ ਦਾ ਦੂਜਾ ਅੱਧਾ ਬੰਦ 'ਆਕੀ ਰਹੇ ਨਾ ਕੋਇ' ਪਹਿਲੇ ਦਾ ਕੇਵਲ ਪੂਰਕ ਹੀ ਹੈ। ਦੋਵੇਂ ਇਕੋ ਤਗਮੇ ਦਾ ਸਿੱਧਾ ਅਤੇ ਉਲਟਾ ਪਾਸ ਹੀ ਹਨ।

24. ਭਾਰਤ ਵਿਚ ਇਸ ਸਦੀ ਦੇ ਦੂਜੇ ਅਤੇ ਤੀਜੇ ਦਹਾਕੇ ਦੇ 'ਸ਼ਾਂਤਮਈ ਸਤਿਆਗ੍ਰਹਿ' ਤੇ 'ਅਹਿੰਸਾ' ਆਦਿਕ ਨਾਹਰੇ ਕੇਵਲ ਆਕਸਫੋਰਡ ਅਤੇ ਕੈਮਬ੍ਰਿਜ ਯੂਨੀਵਰਸਿਟੀਆਂ ਵਿਚ ਪੜ੍ਹੇ ਹੁਕਮਰਾਨ ਅੰਗਰੇਜ਼ਾਂ ਨੂੰ ਛੇੜਨ, ਜਿੱਚ ਕਰਨ ਅਤੇ ਉਨ੍ਹਾਂ ਦਾ ਪ੍ਰਤਾਵਾ ਲੈਣ ਵਾਲੇ ਸ਼ਬਦ ਅਤੇ ਹਿੰਦੂਆਂ ਦੀਆਂ ਸਿਆਸੀ ਚਾਲਾਂ ਹੀ ਸਨ। ਭਾਰਤ ਦੇ ਵਾਇਸਰਾਏ ਲਾਰਡ ਵੇਵਲ ਨੇ ਠੀਕ ਹੀ ਲਿਖਿਆ ਹੈ, ('ਵਾਇਸਰਾਏ ਦਾ ਰਸਾਲਾ, ਲੰਡਨ 1973, ਪੰਨਾ 238) ਕਿ ਉਹ (ਗਾਂਧੀ) ਕੋਈ ਸੰਤ ਨਹੀਂ, ਸਗੋਂ ਬਹੁਤ ਹੱਠੀ ਸਿਆਸਤਦਾਨ ਹੈ ਅਤੇ ਇਸ ਸੂਖਮ ਦਾਅ ਪੇਚ ਵਿਚ ਭੋਲੇ ਭਾਲੇ ਸਿੱਖਾਂ ਨੇ ਆਪਣੇ ਧਰਮ ਦੇ ਮੂਲ ਸਿਧਾਂਤਾਂ ਨੂੰ ਤਰੋੜ ਮਰੋੜ ਕੇ ਇਹ ਐਲਾਨ ਕਰ ਕੇ ਕਿ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਅਹਿੰਸਾ ਅਤੇ ਸ਼ਾਂਤਮਈ ਦੇ ਸਾਖਸ਼ਾਤ ਅਵਤਾਰ ਸਨ, ਆਪਣੇ ਆਪ ਨੂੰ ਖੁਸ਼ੀ ਖੁਸ਼ੀ ਸਭ ਤੋਂ ਪਹਿਲਾਂ ਬਲੀ ਦੇ ਬੱਕਰੇ ਬਣਾ ਲਿਆ। ਬਹੁਤਾ ਸਮਾਂ ਨਹੀਂ ਹੋਇਆ, ਸਿੱਖ ਸਿਆਸਤ ਵਿਚੋਂ ਪਰਲੋਕ ਸਿਧਾਰ ਚੁੱਕੇ ਦੋ ਸੰਤਾਂ ਦੀ ਸਰਦਾਰੀ ਵੇਲੇ ਅੰਮ੍ਰਿਤਸਰ ਵਿਖੇ ਇਕ ਜਾਹਲੀ ਸਰਬ ਸੰਸਾਰ ਸਿੱਖ ਕਾਨਫਰੰਸ ਵਿਚ ਜੋ ਮੁੱਖ ਮਤਾ ਪਾਸ ਕੀਤਾ ਗਿਆ ਸੀ, ਉਸ ਵਿਚ ਵਿਸ਼ੇਸ਼ ਤੌਰ 'ਤੇ ਇਨ੍ਹਾਂ ਦੋਵਾਂ ਗੁਰੂਆਂ ਨੂੰ ਹੀ ਸਿੱਖਾਂ ਦੇ ਰਹਿਬਰ ਅਤੇ ਆਦਰਸ਼ ਦੱਸਿਆ ਗਿਆ। ਇਸ ਤਰ੍ਹਾਂ ਉਨ੍ਹਾਂ ਮਤਾ ਪਾਸ ਕਰਨ ਵਾਲਿਆਂ ਨੇ ਉਸ ਵਿਸ਼ਵਾਸ਼ ਦਾ ਹੀ ਖੰਡਨ ਕੀਤਾ, ਜਿਸ ਵਿਚ ਨਾਸਤਕਾਂ ਵਾਂਗ ਉਹ ਆਪ ਯਕੀਨ ਰੱਖਦੇ ਸਨ। ਭਾਵ 'ਦੂਸਰੇ ਅਤੇ ਅੱਡਰੇ ਅੱਠ ਗੁਰੂ'। ਐਸਾ ਸਿਧਾਂਤ ਜਿਹੜਾ ਸਿੱਖੀ ਦੇ ਜੜ੍ਹੀਂ ਤੇਲ ਦੇਣ ਵਾਲਾ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਰਸੰਦੇਹ ਇਹ ਐਲਾਨ ਨਹੀਂ ਕੀਤਾ ਕਿ ਜਿਹੜਾ ਸਿੱਖ ਇਕ ਗੁਰੂ ਨੂੰ ਦੂਜਿਆਂ ਨਾਲੋਂ ਅੱਡਰਾ ਸੋਚਦਾ ਯਾ ਸਮਝਦਾ ਹੈ ਉਹ ਤਾਂ ਸਿੱਖ ਹੀ ਨਹੀਂ ? ਸਾਰੇ ਦਸਾਂ ਗੁਰੂਆਂ ਨੂੰ ਇਕੋ ਅਖੰਡਤ ਤੇ ਨਿਰੰਤਰ ਜੋਤ ਪਰਵਾਨਣਾ ਅਤੇ ਜਾਨਣਾ ਹੀ ਸਿੱਖੀ ਦਾ ਤੱਤਸਾਰ ਹੈ ਅਤੇ ਅਜਿਹਾ ਨਾ ਮੰਨਣਾ ਅਤੇ ਨਾ ਸਮਝਣਾ ਸਿੱਖੀ ਧਾਰਨ ਕਰਨ ਤੋਂ ਹੀ ਅਸਫ਼ਲ ਹੋਣਾ ਹੈ:

ਜਿਨ ਜਾਨਾ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧ ਹਾਥ ਨਾ ਆਈ ॥੧੦॥

(ਦਸਮ ਗ੍ਰੰਥ, ਪੰਨਾ 54)

ਸਾਨੂੰ ਹਮੇਸ਼ਾ ਚੇਤੇ ਰੱਖਣਾ ਚਾਹੀਦਾ ਹੈ ਕਿ ਜਿੱਤਾਂ ਦਾ ਨਿਸ਼ੇਧ, ਯੂ.ਐਨ.ਓ. ਵਾਲੀ ਹੇਰਾ ਫੇਰੀ, ਇਖਲਾਕੀ ਅਖੰਡਤਾ, ਅੰਦਰੂਨੀ ਮਾਮਲਿਆਂ ਵਿਚ ਦਖ਼ਲ ਅੰਦਾਜ਼ੀ ਤੋਂ ਸੰਕੋਚ, ਗੁੱਟ ਨਿਰਪੇਖਤਾ ਅਤੇ ਪੰਚ ਸ਼ੀਲ ਆਦਿ, ਇਹ ਗੱਲਾਂ ਸਭ ਆਰਜ਼ੀ ਚਮਕਦਾਰ ਹੀ ਹਨ।

25. ਆਓ। ਅਸੀਂ ਉਸ ਅਸਲੀ ਸੱਚੇ ਆਦਮੀ ਦੀ ਗੱਲ ਧਿਆਨ ਨਾਲ ਸੁਣੀਏ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੀ ਪਰਖ 'ਤੇ ਪੂਰਾ ਉਤਰਨ ਵਾਲਾ ਹੈ। ਕਿਉਂਕਿ ਉਹ ਜੋ ਕੁਝ ਆਖਦਾ ਹੈ ਉਸ ਦੇ ਮਨ ਵਿਚ ਵੀ ਉਹੀ ਕੁਝ ਹੁੰਦਾ ਹੈ। ਉਸ ਦੀ ਭਾਵਨਾ ਅਤੇ ਬੋਲਾਂ ਵਿਚ ਕੋਈ ਅੰਤਰ ਨਹੀਂ ਹੁੰਦਾ :ਹਮੂੰ ਮਰਦ ਬਾਯਦ ਸ਼ਬਦ ਸੁਖਨਵਰ ॥
ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ ॥੫੫॥

(ਦਸਮ ਗ੍ਰੰਥ, ਜ਼ਫ਼ਰਨਾਮਾ, ਪੰਨਾ 1391)

ਉਹ ਕਿਸੇ ਸੂਰਤ ਵਿਚ ਵੀ ਸਮਕਾਲੀ ਸੰਸਾਰ ਵਿਚ ਮਹੱਤਵ ਹੀਨ ਪੁਰਸ਼ ਨਹੀਂ। ਮਾਓ-ਜ਼ੇ-ਤੁੰਗ ਕਹਿੰਦਾ ਹੈ:

'ਚੀਨੀ ਕਮਿਊਨਿਸਟ ਪਾਰਟੀ ਦੀ ਫੌਜ ਜਿਸ ਪਾਸੇ ਵੀ ਜਾਂਦੀ ਹੈ, ਇਹ ਲੈਨਿਲਵਾਦ ਤੇ ਮਾਰਕਸਵਾਦ ਪੈਦਾ ਕਰਦੀ ਹੈ। ਇਹ ਕਮਿਊਨਿਸਟ ਪਾਰਟੀ ਅਤੇ ਕਮਿਊਨਿਸਟ ਸਰਕਾਰ ਨੂੰ ਹੋਂਦ ਵਿਚ ਲਿਆਉਂਦੀ ਹੈ। ਕੇਵਲ ਬੰਦੂਕਾਂ ਅਤੇ ਤੋਪਾਂ ਹੀ ਕਿਸੇ ਪਾਰਟੀ, ਕਿਸੇ ਸੱਭਿਅਤਾ ਅਤੇ ਇੱਥੋਂ ਤੱਕ ਕਿਸੇ ਸੰਸਾਰ ਨੂੰ ਵੀ ਹੋਂਦ ਵਿਚ ਲਿਆਉਂਦੀਆਂ ਹਨ।'

(ਚੀਨੀ ਇਨਕਲਾਬ ਦੀਆਂ ਸਮੱਸਿਆਵਾਂ ਯਨਨ, ਦਸੰਬਰ, 1939)

'ਜਿਸ ਦੇ ਪਾਸ ਫੌਜ ਹੈ, ਉਸ ਪਾਸ ਸ਼ਕਤੀ ਹੈ, ਕਿਉਂਕਿ ਲੜਾਈ ਹੀ ਸਾਰੀਆਂ ਗੱਲਾਂ ਦਾ ਨਿਰਣਾ ਕਰਦੀ ਹੈ।'

(ਯੁੱਧ ਦੀਆਂ ਸਮੱਸਿਆਵਾਂ ਤੇ ਯੁੱਧ ਕਲਾ, ਨਵੰਬਰ 6, 1936)

'ਹਰ ਇਕ ਸ਼ੈਅ ਬੰਦੂਕ ਦੀ ਨਾਲੀ ਵਿਚੋਂ ਹੀ ਪੈਦਾ ਹੁੰਦੀ ਹੈ।'

(ਸਲੈਕਟਿਡ ਵਰਕਸ, ਜਿਲਦ ਦੂਜੀ, ਨਿਊਯਾਰਕ ਇੰਟਰਨੈਸ਼ਨਲ ਪਬਲਿਸ਼ਰਜ਼, 1954, ਪੰਨਾ 272)

26. ਇਸ ਵਿਚ ਕੋਈ ਸੰਦੇਹ ਨਹੀਂ ਕਿ ਸਾਰੇ ਇਤਿਹਾਸਕ ਕਾਲ ਅੰਦਰ ਫੌਜੀ ਜਿੱਤਾਂ ਤੇ ਡਰ ਰਾਹੀਂ ਸਮਾਨਤਾ ਪੈਦਾ ਕਰਨ ਦਾ ਸਿਧਾਂਤ ਹੀ ਲੀਡਰਸ਼ਿਪ ਦੀ ਮਿਸਾਲ ਅੱਗੇ ਤੋਰਨ ਦਾ ਮੁੱਖ ਸਾਧਨ ਰਿਹਾ ਹੈ। ਸਿਕੰਦਰ ਦੀ ਜਿੱਤ ਨਾਲ ਮੱਧ ਪੂਰਬ ਵਿਚ ਯੂਨਾਨੀ ਵਿਚਾਰਧਾਰਾ ਦਾ ਮਹਾਨ ਪਸਾਰਾ ਪਸਰਿਆ। ਰੋਮ ਦੀ ਫੌਜੀ ਹਕੂਮਤ ਨੇ ਅਣਗਿਣਤ ਪਛੜੇ ਇਲਾਕੇ ਤੇ ਨਸਲਾਂ ਨੂੰ ਰੋਮਨ ਸੱਭਿਅਤਾ ਦਿੱਤੀ। ਜਦੋਂ ਰੋਮਨ ਸਾਮਰਾਜ ਢਹਿ ਢੇਰੀ ਹੋਇਆ ਤਾਂ ਲੀਡਰਸ਼ਿਪ ਦੀ ਡਿੱਗੀ ਮਿਸ਼ਾਲ ਨੂੰ ਅਰਬਾਂ ਨੇ ਸਮੇਂ ਸਿਰ ਝਟ ਪਟ ਹਥਿਆ ਲਿਆ। ਅਰਬਾਂ ਦੀ ਸੱਤਾਧਾਰੀ ਹੋਣ ਦਾ ਫੌਰੀ ਸਿੱਟਾ ਇਹ ਨਿਕਲਿਆ ਕਿ ਇਸ ਨੇ ਪੱਛਮੀ ਲੋਕਾਂ ਨੂੰ ਇਕ ਵਾਰ ਫੇਰ ਏਸ਼ੀਆ ਨਾਲੋਂ ਨਿਖੇੜ ਕੇ ਜਾਂਗਲੀ ਪੁਣੇ ਵੱਲ ਧੱਕ ਦਿੱਤਾ, ਪਰ ਅਰਬਾਂ ਦੇ ਪਤਨ ਤੋਂ ਪਹਿਲਾਂ ਜਿਵੇਂਕਿ ਪ੍ਰਸਿੱਧ ਇਬਨੇ-ਖਲਦੂਨ (1332-1406 ਈ.) ਆਪਣੀ ਪੁਸਤਕ 'ਮੁਕੱਦਮਾ' ਵਿਚ ਲਿਖਦਾ ਹੈ ਕਿ ਅਰਬਾਂ ਨੇ ਆਪਣਾ ਮੂਲ ਉਤਸ਼ਾਹ 'ਅਸਥੀਆਂ' ਖੋਹ ਲਿਆ ਅਤੇ ਉਨ੍ਹਾਂ ਨੇ ਇਹ ਜਿੰਮੇਵਾਰੀ ਵਿਆਜ ਸਮੇਤ ਫੇਰ ਯੂਰਪ ਨੂੰ ਮੋੜ ਦਿੱਤੀ।

27. ਦੂਸਰੇ, ਲੀਡਰਸ਼ਿਪ ਦਾ ਚੋਗਾ ਬਹੁਤੀ ਵਾਰ ਉਨ੍ਹਾਂ ਤੋਂ ਪਹਿਲਾਂ ਲੀਡਰ ਰਹਿਣ ਵਾਲਿਆਂ ਦੀ ਕਿਸੇ ਬਸਤੀ ਦੇ ਮੋਢਿਆਂ ਤੇ ਹੀ ਡਿੱਗਦਾ ਆਇਆ ਹੈ। ਅਰਬਾਂ ਨੇ ਆਪਣਾ ਬਹੁਤ ਸਾਰਾ ਗਿਆਨ, ਸੀਰੀਆ, ਮਿਸਰ ਅਤੇ ਉੱਤਰੀ ਅਫ਼ਰੀਕਾ ਤੋਂ ਲਿਆ, ਜੋ ਪਹਿਲਾਂ ਰੋਮਨਾਂ ਦੀਆਂ ਬਸਤੀਆਂ ਸਨ। ਸਪੇਨ, ਜਿਸ ਨੇ ਵਿਸ਼ਾਲ ਸਾਮਰਾਜ ਵਜੋਂ ਅਰਬਾਂ ਦੀ ਥਾਂ ਲਈ, ਨੂੰ ਅਰਬਾਂ ਨੇ ਜਿੱਤਿਆ ਸੀ ਅਤੇ ਅਮਰੀਕਾ ਦੀਆਂ ਸੰਯੁਕਤ ਰਿਆਸਤਾਂ ਦਾ ਆਰੰਭ ਅੰਗਰੇਜ਼ੀ ਬਸਤੀ ਵਜੋਂ ਹੋਇਆ ਸੀ।

28. ਇਸ ਲਈ ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਹ ਸਿੱਖ ਸਿਧਾਂਤ ਤੇ ਇਹ ਦਾਅਵਾ ਕਿ (1) ਧਾਰਮਿਕ ਪੂਜਾ ਅਰਚਾ ਅਤੇ ਸਮਾਜਿਕ ਜਿੰਮੇਵਾਰੀਆਂ ਪਰਸਪਰ ਸਬੰਧਤ ਹਨ : (2) ਕਿ ਰਾਜ ਪ੍ਰਬੰਧ ਵਿਚ ਭਾਈਵਾਲੀ ਅਤੇ ਸ਼ਕਤੀ ਸਿੱਖਾਂ ਦੀਆਂ ਧਾਰਮਿਕ ਸਰਗਰਮੀਆਂ ਲਈ ਸਹਾਇਕ ਹੈ: ਅਤੇ (3) ਸਿਆਸੀ ਸ਼ਕਤੀ ਨੂੰ ਸਮਾਜਿਕ ਤਬਦੀਲੀ ਅਤੇ ਉੱਨਤੀ ਲਈ ਸਾਧਨ ਬਣਾ ਕੇ ਵਰਤਣ ਦੀ ਇੱਛਾ ਸਿੱਖਾਂ ਦਾ ਸਹੀ ਕਰਤੱਵ ਹੈ, ਇਹ ਨਾ ਤਾਂ (ੳ) ਇਤਿਹਾਸ ਦੇ ਨਿਸਚਿਤ ਆਦਰਸ਼ਾਂ ਲਈ ਹੀ ਨਿਰਮੂਲ ਹੈ;(ਅ) ਅਤੇ ਨਾ ਹੀ ਸਿੱਖ ਮੱਤ ਦੇ ਸਿਧਾਂਤ ਦੇ ਉਲਟ ਹੈ; ਯਾ (ੲ) ਸਿੱਖਾਂ ਦੀ ਮੌਜੂਦਾ ਅਪਮਾਨ ਜਨਕ ਦਿਲ ਢਾਹੂ ਦਸ਼ਾ ਅਤੇ ਗੁਲਾਮਾਂ ਵਾਲੀ ਹੈਸੀਅਤ ਹੋਣ ਕਰੇ ਇਹ ਕੋਈ ਨਿਰੋਲ ਕਲਪਨਾ 'ਤੇ ਆਧਾਰਿਤ ਗ਼ੈਰ ਅਮਲੀ ਗੱਲ ਵੀ ਨਹੀਂ।

29. ਜਦ ਸਿੱਖ ਆਖਦੇ ਹਨ ਕਿ ਸਿਆਸਤ ਨੂੰ ਧਰਮ ਤੋਂ ਵੱਖਰਾ ਨਹੀਂ ਕਰਨਾ ਚਾਹੀਦਾ ਤਾਂ ਇਸ ਰਾਹੀਂ ਉਹ ਇਹ ਦਾਅਵਾ ਨਹੀਂ ਕਰਦੇ ਕਿ ਉਨ੍ਹਾਂ ਦਾ ਰੱਬ ਨਾਲ ਸਿੱਧਾ ਸੰਪਰਕ ਜੁਣਿਆ ਹੋਇਆ ਹੈ। ਇਸ ਦਾ ਕੇਵਲ ਇਹ ਭਾਵ ਹੈ ਕਿ ਮਨੁੱਖ ਦੀ ਪਬਲਿਕ, ਪ੍ਰਾਈਵੇਟ ਅਤੇ ਆਤਮਿਕ ਜਿੰਦਗੀ ਅਨਿੱਖੜਵੀਂ ਹੈ। ਇਕ ਸੰਗਠਿਤ ਸੱਭਿਆਚਾਰ ਹੀ ਸਭ ਤੋਂ ਵੱਧ ਲਾਭਕਾਰੀ ਅਤੇ ਸੁਰੱਖਿਅਤ ਹੁੰਦਾ ਹੈ। ਜਿਸ ਦੇ ਅੰਦਰ ਧਰਮ ਅਤੇ ਸਮਾਜ ਪ੍ਰਬੰਧ ਇਕੋ ਸਮੇਂ ਇਕ ਕਾਰਜ ਰਾਹੀਂ ਕਿਸੇ ਵਿਅਕਤੀ ਦੇ ਨਿੱਜੀ ਭਲੇ ਅਤੇ ਉਸ ਦੀ ਜਥੇਬੰਦੀ ਦੇ ਭਲੇ ਲਈ ਸਹਾਇਕ ਹੁੰਦਾ ਹੈ।

30. ਸਰਦਾਰ ਬਹਾਦਰ ਜੋਧ ਸਿੰਘ ਨੇ ਸਿੱਖਾਂ ਨੂੰ ਪਟਿਆਲਾ ਵਿਖੇ ਜੋ ਬਿਨਾਂ ਕਿਸੇ ਅਧਿਕਾਰ ਦੇ ਉਪਦੇਸ਼ ਦਿੱਤਾ ਹੈ, ਉਹ ਸਿੱਖੀ ਸਿਧਾਂਤ, ਸਿੱਖ ਇਤਿਹਾਸ ਦੇ ਪੂਰਨਿਆਂ ਅਤੇ ਸਿੱਖ ਗੁਰੂਆਂ ਦੀਆਂ ਸਪੱਸ਼ਟ ਅਤੇ ਅਟੱਲ ਸਿੱਖਿਆਵਾਂ ਦਾ ਸਪੱਸ਼ਟ ਵਿਰੋਧ ਹੈ।

31. ਹੁਣ ਸਾਨੂੰ ਇਹ ਵਿਚਾਰਨਾ ਚਾਹੀਦਾ ਹੈ ਕਿ ਆਧੁਨਿਕ ਵਿਗਿਆਨ ਦੀਆਂ ਖੋਜਾਂ ਤੇ ਉਨ੍ਹਾਂ ਤੋਂ ਪ੍ਰਾਪਤ ਹੁੰਦੀ ਸੂਝ ਅਤੇ ਮਾਰਗ ਦਰਸ਼ਨ ਦੇ ਸੰਕੇਤ, ਮਨੁੱਖੀ ਸੁਭਾਅ ਅਤੇ ਮਨੁੱਖੀ ਸਮਾਜ ਦੀ ਵਿਵਸਥਾ ਨੂੰ ਸਮਝਣ ਲਈ, ਜਿਸ ਨੂੰ ਸੁਆਦ ਚੱਖਣ ਤੋਂ ਪਹਿਲਾਂ ਹੀ ਪੁਰਾਦੀ ਸ਼ਰਾਬ ਨਵੀਆਂ ਬੋਤਲਾਂ ਵਿਚ ਪਾ ਦੇਣ ਵਾਲੇ 'ਸੋਸ਼ਲ ਇੰਜੀਨੀਅਰਿੰਗ' ਕਹਿੰਦੇ ਹਨ, ਕੀ ਇਹ ਉਸ ਬੁਨਿਆਦੀ ਸਿੱਖ ਸਿਧਾਂਤ ਨਾਲ ਜੋ ਕਿ 'ਰਾਜ ਕਰੇਗਾ ਖ਼ਾਲਸਾ' ਵਾਲੇ ਦੋਹਰੇ ਵਿਚ ਅੰਕਿਤ ਹੈ, ਸਹਿਮਤ ਹਨ ਯਾ ਇਸ ਦਾ ਵਿਰੋਧ ਕਰਦੇ ਹਨ।

32. ਇਥਾਲੋਜੀ (ਜਾਨਵਰਾਂ ਦੇ ਚਰਿਤ੍ਰ ਦੀਆਂ ਵਿਸ਼ੇਸ਼ਤਾਈਆਂ ਸਬੰਧੀ ਜਾਣਕਾਰੀ ਦਾ ਵਿਗਿਆਨ ਹੈ) ਜੋ ਸਭ ਤੋਂ ਨਵੀਂ ਵਿਗਿਆਨਕ ਪ੍ਰਣਾਲੀ ਹੈ, ਇਸ ਦਾ ਮੁੱਢ ਸੰਨ 1973 ਵਿਚ ਸਰੀਰ ਵਿਗਿਆਨ ਤੇ ਚਕਿਤਸਾ ਦੇ ਖੇਤਰ ਵਿਚ ਪੁਰਸਕਾਰ ਲੈਣ ਵਾਲੇ ਤਿੰਨ ਨੋਬਲ ਪੁਰਸਕਾਰ ਜੇਤੂਆਂ ਕਾਰਲ-ਵਨ-ਫਰਿਸ਼, ਨਿਕੋਲਸ-ਟਿੰਬਰ-ਜਨ ਅਤੇ ਕੋਨਰਦ ਲੋਰੰਜ ਵਿਚੋਂ ਅਖੀਰਲੇ ਨਾਮ ਵਾਲੇ ਨੇ ਕੋਈ ਸੰਨ 1966 ਵਿਚ ਆਕਰਮਣ ਦੇ ਵਿਸ਼ੇ 'ਤੇ ਆਪਣਾ ਪੁਰਸਕਾਰ ਜੇਤੂ ਵਿਚਾਰ ਪ੍ਰਬੰਧ ਲਿਖ ਕੇ ਬੰਨਿਆ ਸੀ। ਇਸ ਪੁਸਤਕ ਵਿਚ ਉਸ ਨੇ ਇਹ ਦਾਅਵਾ ਪੇਸ਼ ਅਤੇ ਸਿੱਧ ਕੀਤਾ ਕਿ ਮਨੁੱਖ ਅੰਤ੍ਰੀਵੀ ਤੌਰ 'ਤੇ ਨਾ ਕੇਵਲ ਇਕ ਝਗੜਾਲੂ ਜਾਨਵਰ ਤੇ ਵੈਰ ਭਾਵਨਾ ਨਾਲ ਭਰਪੂਰ ਪ੍ਰਾਣੀ ਹੀ ਹੈ ਬਲਕਿ ਇਸ ਦੀ ਮੂਲ ਪ੍ਰਕਿਰਤੀ ਦੀ ਘਾੜਤ ਅੰਦਰ ਹਮਲਾ ਕਰਨ ਦਾ ਤੱਤ, ਜੰਗ ਦੀ ਅਟੱਲਤਾ ਨੂੰ ਸਿੱਧ ਕਰਦਾ ਹੈ। ਉਹ ਅੱਗੇ ਮਨੁੱਖਾ ਜੀਵਨ ਲਈ ਹਮਲੇ ਕਰਨ ਦੇ ਲਾਭ ਅਤੇ ਲੋੜਾਂ ਸਿੱਧ ਕਰਦਾ ਹੈ ਅਤੇ ਇਹ ਸਿੱਟਾ ਕੱਢਦਾ ਹੈ ਕਿ ਵਧੀਕੀ ਯਾ ਧੱਕਾ ਮਨੁੱਖੀ ਸੁਭਾ ਦਾ ਇਕ ਅਤੀ ਜਰੂਰੀ ਝਲਪੁਣਾ ਹੈ। ਸਰੀਰਕ ਵਿਗਿਆਨ ਦੇ ਵਿਸ਼ੇ 'ਤੇ ਉਸ ਨੂੰ ਇਹ ਪ੍ਰਮੁੱਖ ਖੋਜਾਂ ਲਈ ਦੋ ਹੋਰਨਾਂ ਸਹਿ ਸਨਮਾਨਤ ਪੁਰਸਕਾਰ ਅਧਿਕਾਰੀਆਂ ਸਮੇਤ ਕੋਈ ਚਾਰ ਸਾਲ ਪਹਿਲਾਂ ਨੋਬਲ ਪੁਰਸਕਾਰ ਦਿੱਤਾ ਜਾ ਚੁੱਕਾ ਹੈ।

33. 1974 ਵਿਚ ਸਾਡੇ ਨੋਬਲ ਪੁਰਸਕਾਰ ਜੇਤੂ ਨਿਕੋਲਸ ਟਿੰਬਰ ਜਨ ਦੇ ਇਕ ਪੁਰਾਣੇ ਸ਼ਿਸ਼ ਦੇਸਮੰਡ ਮੋਰਿਸ ਨੇ ਆਕਸਫੋਰਡ ਵਿਚ ਲੋਰੰਜ ਦੀ ਪੁਸਤਕ ਨੇਕਡ-ਏਪ ਭਾਵ (ਨੰਗਾ ਪੂਛ ਰਹਿਤ ਬਾਂਦਰ) ਵਿਚ ਉਸ ਦੇ ਸਿਧਾਂਤ ਦੀ ਨਿਰੋਲ ਸਚਾਈ ਵਜੋਂ ਪੁਸ਼ਟੀ ਕੀਤੀ ਹੈ, ਜਿਸ ਵਿਚ ਉਸ ਨੇ ਰੁੱਖੀ ਵਿਗਿਆਨਕ ਸ਼ਬਦਾਵਲੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਅਲਾਮੀ ਸੂਝ ਦੀ ਹੀ ਵਿਆਖਿਆ ਕੀਤੀ ਹੈ ਕਿ 'ਲੜਾਈ ਅਤੇ ਤਬਾਹੀ ਪ੍ਰਥਮ ਹੈ ਅਤੇ ਉਤਪਤੀ ਉਸ ਤੋਂ ਬਾਅਦ ਵਿਚ ਹੈ।'

ਖੰਡਾ ਪ੍ਰਿਥਮੈ ਸਾਜਿ ਕੈ,
ਜਿਨ ਸਭ ਸੈਸਾਰੁ ਉਪਾਇਆ ॥

(ਵਾਰ ਸ੍ਰੀ ਭਗਉਤੀ ਜੀ ਕੀ)

34. ਗਲਪ ਸਾਹਿਤ ਦੇ ਖੇਤਰ ਵਿਚ ਵਿਲੀਅਮ ਗੋਲਡਿੰਗ ਨੇ ਆਪਣੇ ਨਾਵਲ ਲਾਰਡ ਆਫ਼ ਦੀ ਫਲਾਈਜ਼ ਭਾਵ ਮੱਖੀਆਂ ਦਾ ਸਰਦਾਰ ਵਿਚ, ਬੜੀ ਪ੍ਰਭਾਵਸ਼ਾਲੀ ਸਾਹਿਤਕ ਸ਼ੈਲੀ ਰਾਹੀਂ ਧੱਕਾ ਕਰਨ ਦੀ ਮੂਲ ਪ੍ਰਵਿਰਤੀ ਦੀ ਹੋਂਦ ਨੂੰ ਸਿੱਧ ਕੀਤਾ ਹੈ। ਉਹ ਆਪਣੀ ਪੁਸਤਕ ਵਿਚ ਕਿਸੇ ਟਾਪੂ 'ਤੇ ਘਿਰੇ ਹੋਏ ਨੌਜਵਾਨ ਬੱਚਿਆਂ ਦੀ ਕਹਾਣੀ ਲਿਖਦਾ ਹੈ ਕਿ ਜਿਸ ਸਮੇਂ ਉਨ੍ਹਾਂ ਉਪਰੋਂ ਸੱਭਿਅਤਾ ਦੀਆਂ ਸਾਰੀਆਂ ਬੰਦਸ਼ਾਂ ਖਤਮ ਹੋ ਜਾਂਦੀਆਂ ਹਨ ਜਾਂ ਹਟਾ ਲਈਆਂ ਜਾਂਦੀਆਂ ਹਨ ਤਾਂ ਉਹ ਬਿਲਕੁਲ ਜਾਂਗਲੀ ਅਵਸਥਾ ਵਿਚ ਚਲੇ ਜਾਂਦੇ ਹਨ।

35. ਰਾਬਰਟ ਐਂਡਰੇਏਜੋ ਕਿ ਇਕ ਪ੍ਰਤਿਸ਼ਟ ਨਾਟਕਕਾਰ ਸੀ, ਉਹ ਪਿਛੋਂ ਮਾਨਵ ਵਿਗਿਆਨੀ ਬਣ ਗਿਆ। ਉਸ ਨੇ ਤਰਤੀਬਵਾਰ, ਤਿੰਨ ਸਫ਼ਲ ਅਤੇ ਸਭ ਤੋਂ ਵੱਧ ਵਿਕਣ ਵਾਲੀਆਂ ਰਚਨਾਵਾਂ, ਅਫ਼ਰੀਕਨ ਜਿਨਸਿਸ, ਦੀ ਟੈਰੀਟੋਰੀਅਲ ਇੰਪੈਰੇਟਿਵ ਅਤੇ ਦੀ ਸੋਸ਼ਲ ਕੰਟਰੈਕਟ ਵਿਚ ਚੌਖੀ ਸਮੱਗਰੀ ਸ਼ਾਮਲ ਕਰਕੇ ਉਸ ਨੂੰ ਤਰਤੀਬ ਦੇ ਕੇ ਅਤੇ ਉਸ ਦੀ ਵਿਆਖਿਆ ਕਰਕੇ ਇਸ ਦਾਅਵੇ ਅਤੇ ਭ੍ਰਾਂਤੀ ਦਾ ਕਤੱਈ ਤੌਰ 'ਤੇ ਹਮੇਸ਼ਾ ਲਈ ਖੰਡਨ ਕੀਤਾ ਹੈ ਕਿ ਮਨੁੱਖ ਇਕ ਸ਼ਾਂਤਮਈ ਜੀਵ ਹੈ ਅਤੇ ਅਹਿੰਸਾ ਉਸ ਦਾ ਵਾਸਤਪਿਕ ਤੱਤ ਹੈ ਜਾਂ ਮਾਨਵੀ ਹੋਂਦ, ਇਸ ਦੇ ਬਚਾਅ ਤੇ ਉੱਨਤੀ ਲਈ ਅਹਿੰਸਾਵਾਦੀ ਸਤਿਆਗ੍ਰਹਿ ਕੋਈ ਬੁਨਿਆਦੀ ਤਕਨੀਕ ਹੈ।

36. ਇਹ ਸਾਰੇ ਪ੍ਰਭਾਵਸ਼ਾਲੀ ਸਿਧਾਂਤਕਾਰ ਇਥਾਲੋਜੀ ਜੋ ਕਿ ਜੀਵ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਚਰਿੱਤਰ ਦਾ ਅਧਿਐਨ ਹੈ, ਦੁਆਰਾ ਹੀ ਆਪਣੇ ਅਜਿਹੇ ਵਿਚਾਰਾਂ ਦੇ ਧਾਰਨੀ ਬਣੇ ਹਨ। ਇਥਾਲੋਜੀ ਦੇ ਘੇਰੇ 'ਚ ਗੈਰ-ਮਨੁੱਖੀ ਚਰਿਤ੍ਰ ਦੇ ਨਿਰੀਖਣ ਦੁਆਰਾ ਮਨੁੱਖੀ-ਚਰਿੱਤਰ ਦੇ ਵਿਕਾਸ ਦੀ ਸਿਲਸਿਲੇਵਾਰ ਜਾਣਕਾਰੀ ਸ਼ਾਮਲ ਹੈ।

37. ਸਾਡੇ ਸੰਨ 1973 ਦੇ ਨੋਬਲ ਪੁਰਸਕਾਰ ਜੇਤੂ ਕਾਰਲ ਵਨ ਫਰਿਸ਼ ਨੇ ਲੰਡਨ ਦੇ ਚਿੜੀਆਘਰ ਵਿਚ ਆਪਣਾ ਸਮਾਂ,ਪੰਛੀਆਂ ਅਤੇ ਮੱਖੀਆਂ ਨਾਲ ਗੁਜ਼ਾਰਿਆ। ਲੋਰੰਜ ਨੇ ਭੂਰੇ ਹੰਸਾਂ, ਚੂਹਿਆਂ, ਲੜਦੀਆਂ ਮੱਛੀਆਂ ਨਾਲ, ਟਿੰਬਰ ਜਨ ਨੇ ਹੋਰਨਾਂ ਪੰਛੀਆਂ ਨਾਲ ਅਤੇ ਮੋਰਿਸ਼ ਨੇ ਪੂਛ ਰਹਿਤ ਬਾਂਦਰਾਂ ਨਾਲ ਬਿਤਾਇਆ।

38. ਲੋਰੰਜ ਹਮਲੇ ਵਿਚ, ਕਿਸੇ ਵਿਨਾਸ਼ਕਾਰੀ ਸਿਧਾਂਤ ਦੀ ਬਜਾਇ ਜੀਵਨ ਸੁਰੱਖਿਆ ਲਈ ਬੁਨਿਆਦੀ ਅੰਤਰੀਵੀ ਪ੍ਰੇਰਨਾ ਦਾ ਕਰਮ ਦੇਖਦਾ ਹੈ। ਉਹ ਸਬੰਧਤ ਸੁਆਲ ਵਿਚਾਰਦਾ ਹੈ ਕਿ ਕੀ ਕਿਸੇ ਟੋਲੀ ਦੀ ਅੰਦਰੂਨੀ ਲੜਾਈ ਪਹਿਲਾਂ ਉਸ ਟੋਲੀ ਨੂੰ ਅਤੇ ਅੰਤ ਵਿਚ ਸਾਰੀ ਉਸ ਜਾਤੀ ਨੂੰ ਖਤਮ ਨਹੀਂ ਕਰ ਦੇਵੇਗੀ।? ਉਸ ਦਾ ਉੱਤਰ ਨਾਂਹ ਵਿਚ ਹੈ, ਕਿਉਂਕਿ ਉਹ ਕਹਿੰਦਾ ਹੈ ਕਿ ਤਾਕਤਵਰ ਕਮਜੋਰ ਨੂੰ ਖਤਮ ਕਰਨਾ ਨਹੀਂ ਸਿੱਖਦਾ। ਵਿਕਾਸ ਦੀ ਗਤੀ ਨਾ ਕੇਵਲ ਝਗੜੇ ਲਈ ਹੀ ਜਿੰਮੇਵਾਰ ਹੈ, ਬਲਕਿ ਵਿਰਸ਼ੇ ਵਿਚ ਮਿਲੇ ਸੰਜਮ ਦੇ ਉਨ੍ਹਾਂ ਦ੍ਰਿਸ਼ਟਮਾਨ ਆਦਰਸ਼ਾਂ ਲਈ ਵੀ ਜਿਹੜੇ ਧੱਕੇ ਨੂੰ ਕੰਟਰੋਲ ਅਤੇ ਨੇਮਬੱਧ ਕਰਦੇ ਹਨ।

(ਚਲਦਾ...)

# ਇੱਕ ਪ੍ਰਸੰਗ ਦਾ ਪੁਨਰ ਕਥਨ – ਸੁਰਜੀਤ ਪਾਤਰ

ਸੁਰਜੀਤ ਪਾਤਰ (ਜਨਮ 14 ਜਨਵਰੀ 1945) ਇੱਕ ਪੰਜਾਬੀ ਸ਼ਾਇਰ ਹੈ। ਉਸਨੇ 1960ਵਿਆਂ ਵਿੱਚ ਆਪਣੀਆਂ ਕਵਿਤਾਵਾਂ ਪ੍ਰਕਾਸ਼ਿਤ ਕਰਨੀਆਂ ਸ਼ੁਰੂ ਕੀਤੀਆਂ ਸਨ ਅਤੇ ਅੱਜ ਤੱਕ ਨਿਰੰਤਰ ਕਾਵਿ-ਸਿਰਜਣਾ ਵਿੱਚ ਕਰਮਸ਼ੀਲ ਹੈ। ਉਹਦੀ ਸਖਸ਼ੀਅਤ 'ਕਵਿਤਾ ਦੀ ਵਿਆਪਕ ਸਮਾਜਿਕ ਅਪੀਲ ਤੇ ਗੰਭੀਰਤਾ' ਦਾ ਸੁੰਦਰ ਸੁਮੇਲ ਹੈ। ਆਲੋਚਕਾਂ ਨੇ ਉਸਨੂੰ ਖ਼ੂਬ ਸਰਾਹਿਆ ਹੈ। ਸਮਾਜ ਵਿੱਚ ਰਾਜਨੀਤਕ ਚੇਤਨਾ ਅਤੇ ਤਤਕਾਲੀ ਜਬਰ ਦੇ ਵਿਰੋਧ ਦੇ ਰੂਪ ਵਿੱਚ ਉਹਨਾਂ ਦੀ ਕਵਿਤਾ ਸਾਹਮਣੇ ਆਉਂਦੀ ਹੈ।

ਉਸ ਦਾ ਜਨਮ ਸੰਨ 1945 ਨੂੰ ਪੰਜਾਬ ਵਿੱਚ ਜਲੰਧਰ ਜਿਲ੍ਹੇ ਦੇ ਪਿੰਡ 'ਪੱਤੜ ਕਲਾਂ' ਵਿਖੇ ਹੋਇਆ। ਆਪਣੇ ਅਧਿਆਪਕ ਅਤੇ ਉੱਘੇ ਨਾਟਕਕਾਰ ਸੁਰਜੀਤ ਸਿੰਘ ਸੇਠੀ ਦੇ ਕਹਿਣ 'ਤੇ ਹੀ ਉਹਨਾਂ ਆਪਣੇ ਪਿੰਡ ਦੇ ਨਾਮ ਤੋਂ ਹੀ ਆਪਣਾ ਤਖੱਲਸ 'ਪਾਤਰ' ਰੱਖ ਲਿਆ, ਜਦੋਂ ਕਿ ਉਹ ਪਹਿਲਾਂ ਆਪਣੇ ਨਾਂ ਸੁਰਜੀਤ ਦੇ ਨਾਲ ਪੱਤੜ ਸ਼ਬਦ ਦੀ ਹੀ ਵਰਤੋਂ ਕਰਦੇ ਸਨ। ਪਾਤਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਦੀ ਐਮ ਏ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੀ ਐਚ ਡੀ ਕੀਤੀ ਜਿਸਦਾ ਵਿਸ਼ਾ "Ransformation of Folklore in Guru Nanak Vani" ਸੀ। ਇਸ ਤੋਂ ਬਾਅਦ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਅਧਿਆਪਕ ਵਜੋਂ ਨਿਯੁਕਤ ਹੋ ਗਏ ਅਤੇ ਇਥੋਂ ਹੀ ਪੰਜਾਬੀ ਦੇ ਪ੍ਰੋਫ਼ੈਸਰ ਦੇ ਤੌਰ ਤੇ ਸੇਵਾਮੁਕਤ ਹੋਏ। 2002 ਵਿਚ ਉਹ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਚੁਣੇ ਗਏ ਅਤੇ 2008 ਤੱਕ ਇਸ ਅਹੁਦੇ 'ਤੇ ਰਹਿੰਦਿਆਂ ਉਨ੍ਹਾਂ ਨੇ ਪੰਜਾਬੀ ਸਾਹਿਤ ਅਕਾਡਮੀ ਨੂੰ ਸਾਹਿਤਕ ਸਰਗਰਮੀਆਂ ਦਾ ਗੜ੍ਹ ਬਣਾ ਦਿੱਤਾ। 2013 ਵਿਚ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੰਜਾਬ ਸਾਹਿਤ ਅਕਾਡਮੀ, ਚੰਡੀਗੜ੍ਹ ਦਾ ਪ੍ਰਧਾਨ ਨਾਮਜ਼ੱਦ ਕੀਤਾ। 2013 ਵਿਚ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਰਲਡ ਸਿੱਖ ਯੂਨੀਵਰਸਿਟੀ, ਫ਼ਤਿਹਗੜ੍ਹ ਵਿਚ ਵਿਜ਼ਿਟਿੰਗ ਪ੍ਰੋਫ਼ੈਸਰ ਦੇ ਅਹੁਦੇ 'ਤੇ ਨਾਮਜ਼ਦ ਕੀਤਾ ਗਿਆ। ਪਾਤਰ ਪਿੰਡਾਂ ਵਿੱਚ ਪਲਿਆ ਤੇ ਪੇਂਡੂ ਵਿਦਿਆਲਿਆਂ ਤੋਂ ਵਿੱਦਿਆ ਪ੍ਰਾਪਤ ਕੀਤੀ। ਆਪਣੀਆਂ ਜੜ੍ਹਾਂ ਨੂੰ ਚੇਤੇ ਰੱਖਣ ਲਈ ਉਸ ਨੇ ਆਪਣੇ ਪਿੰਡ ਪਾਤੜ ਨੂੰ ਆਪਣੇ ਨਾਂ ਨਾਲ ਜੋੜ ਲਿਆ ਜਿਹੜਾ ਘਸ-ਘਸਾ ਕੇ ਪਾਤਰ ਬਣ ਗਿਆ।

ਸੁਰਜੀਤ ਪਾਤਰ ਨੇ ਪੰਜਾਬੀ ਗ਼ਜ਼ਲ ਨੂੰ ਰਾਗਆਤਮਿਕਤਾ ਦੇ ਕੇ ਉਸ ਦਾ ਮਿਆਰ ਵਧਾਇਆ ਹੈ। ਗ਼ਜ਼ਲ ਦੇ ਹਰ ਸ਼ੇਅਰ ਦੀ ਤਪਸ਼, ਸ਼ਬਦਾਂ ਵਿਚਲੀ ਗਹਿਰਾਈ ਮੁਨੱਖੀ ਮਨ ਨੂੰ ਭਾਵਨਾਤਮਿਕ ਤੌਰ ਤੇ ਝੰਜੋੜਦੀ ਹੈ। ਉਨਾਂ ਦੀ ਗ਼ਜਲ ਦੇ ਸੂਖਮ ਭਾਵਾਂ ਵਾਲੇ ਸ਼ੇਅਰ, ਅੰਦਰੂਨੀ ਧਰਾਤਲ ਨੂੰ ਟੁੰਬਦੇ ਅਤੇ ਹਿਰਨੀ ਦੀ ਚਾਲ ਵਾਂਗੂ ਚੁੰਗੀਆਂ ਭਰਦੇ ਹਨ। ਸੁਰਜੀਤ ਪਾਤਰ ਨੇ ਸਮੇਂ ਦੀ ਚੇਤਨਾ ਨੂੰ ਮਾਨਵਵਾਦੀ, ਬੇਇਨਸਾਫੀ ਤੇ ਸਮਾਜਿਕ ਜਟਿਲ ਸਮੱਸਆਵਾਂ ਨੂੰ ਪਾਰਦਰਸ਼ੀ ਰੂਪ ਵਿਚ ਕਲਮਬੰਦ ਕੀਤਾ ਹੈ। ਸੁਰਜੀਤ ਪਾਤਰ ਯਥਾਰਥ ਦੇ ਪਸਾਰੇ ਨੂੰ ਵਿਰੋਧ ਵਿਚ ਸਮੇਟਦਾ ਹੈ ਅਤੇ ਪ੍ਰਮਾਣਿਕ ਅਨੁਭਵ ਦੇ ਕੇ ਗ਼ਜ਼ਲ ਦੀ ਪੂਰਤੀ ਕਰਦਾ ਹੈ। ਪੰਜਾਬੀ ਗ਼ਜ਼ਲ ਨੂੰ ਉਰਦੂ ਦੇ ਪ੍ਰਭਾਵ ਤੋਂ ਮੁਕਤ ਕਰਕੇ ਇਕ ਆਧੁਨਿਕ ਤੇ ਪੰਜਾਬੀ ਰੰਗ ਵਾਲੀ ਪਛਾਣ ਦੁਆਉਣ ਦਾ ਸਿਹਰਾ ਉਸਨੂੰ ਜਾਂਦਾ ਹੈ। ਜਿਵੇਂ ਕਿ, ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮਾਂਦਾਨ ਕੀ ਕਹਿਣਗੇ। ਗੀਤ ਦੀ ਮੌਤ ਇਸ ਰਾਤ ਜੇ ਹੋ ਗਈ, ਮੇਰਾ ਜੀਣਾ ਮੇਰੇ ਯਾਰ ਕਿੰਜ ਸਹਿਣਗੇ ਜਾਂ ਫਿਰ ਬਲਦਾ ਬਿਰਖ ਹਾਂ, ਖਤਮ ਹਾਂ, ਬਸ ਸ਼ਾਮ ਤੀਕ ਹਾਂ। ਫਿਰ ਵੀ ਕਿਸੇ ਬਹਾਰ ਦੀ ਕਰਦਾ ਉਡੀਕ ਹਾਂ। ਕੋਈ ਡਾਲੀਆਂ 'ਚੋਂ



ਲੰਘਿਆ ਹਵਾ ਬਣ ਕੇ, ਅਸੀਂ ਰਹਿ ਗਏ ਬਿਰਖ ਵਾਲੀ ਹਾ ਬਣ ਕੇ, ਖੜਕ ਹੋਵੇ ਜੇ ਡਿੱਗੇ ਪੱਤਾ ਵੀ, ਐਸੀ ਚੁੱਪ ਹੈ ਤਾਂ ਬਿਰਖ ਅਰਜ਼ ਕਰੇ।

### ਸਾਹਿਤ ਅਕਾਦਮੀ ਇਨਾਮ

ਹਵਾ ਵਿੱਚ ਲਿਖੇ ਹਰਫ਼
ਬਿਰਖ ਅਰਜ਼ ਕਰੇ
ਹਨੇਰੇ ਵਿੱਚ ਸੁਲਗਦੀ ਵਰਨਮਾਲਾ
ਲਫ਼ਜ਼ਾਂ ਦੀ ਦਰਗਾਹ
ਪਤਝੜ ਦੀ ਪਾਜ਼ੇਬ
ਸੁਰ-ਜ਼ਮੀਨ
ਚੰਨ ਸੂਰਜ ਦੀ ਵਹਿੰਗੀ

### ਅਨੁਵਾਦ

ਸਪੇਨੀ ਲੇਖਕ ਲੋਰਕਾ ਦੇ ਤਿੰਨ ਦੁਖਾਂਤ:
ਅੱਗ ਦੇ ਕਲੀਰੇ (ਬਲੱਡ ਵੈਡਿੰਗ)
ਸਈਓ ਨੀ ਮੈਂ ਅੰਤਹੀਣ ਤਰਕਾਲਾਂ (ਯੇਰਮਾ)
ਹੁਕਮੀ ਦੀ ਹਵੇਲੀ (ਲਾ ਕਾਸਾ ਡੇ ਬਰਨਾਰਡਾ ਅਲਬਾ)
ਠਨਾਗ ਮੰਡਲਠ (ਗਿਰੀਸ਼ ਕਾਰਨਾਡ ਦਾ ਨਾਟਕ)
ਬ੍ਰੈਖ਼ਤ ਅਤੇ ਨੇਰੂਦਾ ਦੀਆਂ ਕਵਿਤਾਵਾਂ
ਸ਼ਹਿਰ ਮੇਰੇ ਦੀ ਪਾਗਲ ਔਰਤ (ਯਾਂ ਜਿਰਾਦੂ ਦੇ ਫ਼ਰੈਂਚ ਨਾਟਕ ਲਾ ਫ਼ੋਲੇ ਡੇ ਸਈਓ)

### ਸਨਮਾਨ

1993 ਵਿੱਚ ਹਨੇਰੇ ਵਿੱਚ ਸੁਲਗਦੀ ਵਰਨਮਾਲਾ ਲਈ ਸਾਹਿਤ ਅਕਾਦਮੀ ਸਨਮਾਨ
1999 ਵਿੱਚ ਭਾਰਤੀ ਭਾਸ਼ਾ ਪਰੀਸ਼ਦ ਕਲਕੱਤਾ ਵਲੋਂ ਪੰਚਨਾਦ ਪੁਰਸਕਾਰ
2012 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡਾਕਟਰ ਆਫ਼ ਫ਼ਿਲਾਸਫ਼ੀ ਆਨਰਜ਼ ਕਾਜ਼ਾ (ਆਨਰੇਰੀ) ਦੀ ਉਪਾਧੀ ਨਾਲ ਸਨਮਾਨਿਤ
2012 ਵਿੱਚ ਭਾਰਤ ਦੇ ਸਰਵ-ਉਚ ਰਾਸ਼ਟਰੀ ਸਨਮਾਨਾਂ ਵਿਚੋਂ ਇਕ ਪਦਮਸ਼੍ਰੀ
ਲਫ਼ਜ਼ਾਂ ਦੀ ਦਰਗਾਹ ਲਈ ਸਰਸਵਤੀ ਸਨਮਾਨ

**ਉਹਨਾਂ ਦੀ ਇਕ ਕਵਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਸੀਸ ਭੇਟ ਪੇਸ਼ ਕਰ ਰਹੇ ਹਾਂ**
**– ਸੰਪਾਦਕ**

### ਸੀਸ ਭੇਟ

– ਸੁਰਜੀਤ ਪਾਤਰ

ਗੁਰੂ ਗੋਬਿੰਦ ਦੇ ਹੱਥ ਵਿੱਚ
ਜਦੋਂ ਸ਼ਮਸ਼ੀਰ ਨੰਗੀ ਸੀ
ਗੁਰਾਂ ਨੇ ਸੀਸ ਦੀ ਜਦ ਭੇਟ ਮੰਗੀ ਸੀ
ਤਾਂ ਪਹਿਲੇ ਸੀਸ ਦੀ ਭੇਟਾ ਕਬੂਲਣ ਦੇ ਬਾਅਦ
ਉਹ ਤੰਬੂ 'ਚੋਂ ਜਦੋਂ ਦੀਵਾਨ ਵਿੱਚ ਆਏ
ਤਾਂ ਕਹਿੰਦੇ ਨੇ ਉਹ ਸ਼ਮਸ਼ੀਰ ਰੱਤ ਦੇ ਨਾਲ ਰੰਗੀ ਸੀ
ਤੇ ਹਰ ਇੱਕ ਸੀਸ ਭੇਟਾ ਬਾਅਦ ਸੰਗਤ ਏਹੋ ਤੱਕਦੀ ਸੀ
ਗੁਰੂ ਗੋਬਿੰਦ ਸਿੰਘ ਦੀ ਸ਼ਮਸ਼ੀਰ ਦੀ ਤਿੱਖੀ
ਚਮਕਦੀ ਧਾਰ ਤੋਂ ਹਰ ਵਾਰ
ਸੱਜਰੀ ਰੱਤ ਟਪਕਦੀ ਸੀ

ਉਹ ਰੱਤ ਕਿਸਦੀ ਸੀ
ਉਸ ਖ਼ਾਤਰ
ਗੁਰਾਂ ਨੇ ਘਾਟ ਆਪਣੀ ਤੇਗ ਦੇ ਜੋ ਸਨ ਉਤਾਰੇ
ਕੀ ਕੋਈ ਜਾਨਵਰ ਸਨ ਉਹ ਵਿਚਾਰੇ
ਜਾਂ ਗੁਰਾਂ ਦੇ ਉਹ ਪਿਆਰੇ
ਨਵਾਂ ਜੀਵਨ ਜਿਨ੍ਹਾਂ ਨੂੰ ਸਤਿਗੁਰਾਂ ਨੇ ਬਖ਼ਸ਼ਿਆ ਸੀ
ਜਾਂ ਕਿ ਉਹ ਰੱਤ ਨਹੀਂ ਸੀ ਤੇਗ਼ ਉੱਤੇ
ਕੋਈ ਰੰਗ ਸੀ ਜੋ ਰੱਤ ਜੇਹਾ ਸੀ

ਇਹ ਅਕਸਰ ਬਹਿਸ ਚੱਲਦੀ ਹੈ
ਤੇ ਏਦਾਂ ਬਹਿਸ ਚੱਲਦੀ ਹੈ
ਕਿ ਚੱਲਦੀ ਬਹਿਸ ਚੱਲਦੀ ਤੇਗ਼ ਵਿੱਚ ਵੀ
ਬਦਲ ਸਕਦੀ ਹੈ

ਮੈਂ ਐਸੀ ਬਹਿਸ ਤੋਂ ਕੀ ਪੁੱਛਣਾ ਸੀ
ਤੇ ਐਸੀ ਬਹਿਸ ਨੇ ਮੈਨੂੰ ਭਲਾ ਕੀ ਦੱਸਣਾ ਸੀ
ਮੈਂ ਡੂੰਘੀ ਚੁੱਪ ਤੋਂ ਪੁੱਛਿਆ
ਜੋ ਬਿਲਕੁਲ ਤੇਗ ਵਰਗੀ ਸੀ
ਤਾਂ ਡੂੰਘੀ ਚੁੱਪ ਬੋਲੀ

ਇਹਨਾਂ ਤਿੰਨਾਂ ਵਿੱਚੋਂ ਕੁਝ ਵੀ ਸੱਚ ਨਹੀਂ ਹੈ
ਇਹਨਾਂ ਤਿੰਨਾਂ ਵਿੱਚੋਂ ਜੇ ਕੁਝ ਨਹੀਂ ਸੱਚ
ਤਾਂ ਫਿਰ ਕੌਣ ਸਨ ਉਹ
ਜਿਨ੍ਹਾਂ ਦੀ ਰੱਤ ਗੁਰਾਂ ਦੀ ਤੇਗ ਉੱਤੋਂ ਟਪਕਦੀ ਸੀ ?

ਉਹ ਇੱਕ ਤਾਂ ਮੌਤ ਦਾ ਭੈਅ ਸੀ
ਜੋ ਪਹਿਲੇ ਵਾਰ ਵਿੱਚ ਸਤਿਗੁਰਾਂ ਨੇ ਮਾਰਿਆ ਸੀ
ਦੂਜੇ ਵਾਰ ਵਿੱਚ ਸਤਿਗੁਰਾਂ ਨੇ ਜਨਮ ਦੀ ਜਾਤ ਵੱਢੀ ਸੀ
ਤੀਜੇ ਵਾਰ ਦੇ ਵਿੱਚ ਸਤਿਗੁਰਾਂ ਹਉਮੈ ਜਿਬਹ ਕੀਤੀ
ਚੌਥੇ ਵਾਰ ਦੇ ਵਿੱਚ ਸ਼ਾਨ ਝੂਠੇ ਪਾਤਸ਼ਾਹਾਂ ਦੀ
ਤੇ ਪੰਜਵੇਂ ਵਾਰ ਦੇ ਵਿੱਚ ਵਿੱਥ
ਆਪਣੇ ਖ਼ਾਲਸੇ ਤੇ ਆਪਣੇ ਵਿਚਕਾਰ

ਗੁਰਾਂ ਨੇ ਜੋ ਜਿਬਹ ਕੀਤੇ ਸਨ ਉਸ ਦਿਨ
ਕੋਈ ਮਾਨਸ ਨਹੀਂ ਨਾ ਜਾਨਵਰ ਸਨ
ਉਹ ਤਾਂ ਕੁਝ ਖੌਫ਼ ਸਨ
ਕੁਝ ਭਰਮ ਸਨ
ਕੁਝ ਪ੍ਰੇਤ ਸਨ ਉਹ

ਤੂੰ ਪੁੱਛੇਂਗਾ
ਜਿਬਹ ਕਰੀਏ ਜਦੋਂ ਕੋਈ ਖੌਫ਼
ਕੋਈ ਪ੍ਰੇਤ
ਕੋਈ ਭਰਮ
ਤਾਂ ਕੀ ਸ਼ਮਸ਼ੀਰ ਉੱਤੋਂ ਰੱਤ ਟਪਕਦੀ ਹੈ ?
ਨਹੀਂ ਸ਼ਮਸ਼ੀਰ ਦੇ ਉੱਤੋਂ ਟਪਕਦੀ ਰੱਤ
ਤਾਂ ਬੱਸ ਉਹਨਾਂ ਦੇਖੀ ਸੀ
ਉਹ ਜਿਹੜੇ ਸੀਸ ਭੇਟਾ ਕਰਨ ਲਈ ਉੱਠੇ ਨਹੀਂ ਸਨ
ਜੋ ਉੱਠੇ ਸਨ
ਉਹਨਾਂ ਨੇ ਕਦ ਟਪਕਦੀ ਰੱਤ ਦੇਖੀ
ਉਹਨਾਂ ਨੇ ਤਾਂ ਬਰਸਦਾ ਨੂਰ ਤੱਕਿਆ

ਉਹਨਾਂ ਨੇ ਕਦ ਗੁਰਾਂ ਦੇ ਹੱਥ ਵਿੱਚ ਸ਼ਮਸ਼ੀਰ ਦੇਖੀ
ਉਹਨਾਂ ਨੇ ਤਾਂ ਗੁਰਾਂ ਦੇ ਹੱਥ
ਰਬਾਬੀ ਤਾਰ ਦੇਖੀ
ਇਲਾਹੀ ਅੱਖਰਾਂ ਦੀ ਡਾਰ ਦੇਖੀ
ਕੋਈ ਆਬੇ ਹਯਾਤੀ ਚਸ਼ਮਿਆਂ ਦਾ ਨੀਰ ਤੱਕਿਆ
ਤਾਰਿਆਂ ਦੀ ਕਤਾਰ ਦੇਖੀ
ਰੌਸ਼ਨੀ ਦੀ ਲੀਕ ਦੇਖੀ
ਤੇ ਜਾਂਦੀ ਜਨਮ ਤੇ ਮਿਰਤੂ ਦੇ ਦੇਸੋਂ ਪਾਰ
ਸਦੀਆਂ ਤੀਕ ਦੇਖੀ

ਉਹਨਾਂ ਨੇ ਕਦ ਗੁਰਾਂ ਨੂੰ ਦੇਖਿਆ
ਉਹਨਾਂ ਤਾਂ ਦੇਖਿਆ ਛਲਕਦਾ ਹੋਇਆ ਇੱਕ ਮੁਹੱਬਤ ਦਾ ਸਮੁੰਦਰ
ਤੇ ਦਰਿਆਵਾਂ ਵਾਂਗੂੰ ਉੱਠ ਤੁਰੇ ਪੰਜੇ
ਮੁਹੱਬਤ ਦੇ ਸਮੁੰਦਰ ਵਿੱਚ ਮਿਲਣ ਖ਼ਾਤਰ॥

## ਮਿੰਨੀ ਕਹਾਣੀਆਂ

### ਭਵਿੱਖ



ਸੜਕ ਤੇ ਮਜਮਾ ਲਾ ਕੇ ਉਹ ਉੱਚੀ-ਉੱਚੀ ਬੋਲ ਰਿਹਾ ਸੀ "ਆਪਣਾ ਭਵਿੱਖ ਜਾਣੋ, ਆਉਣ ਵਾਲੀਆਂ ਮੁਸੀਬਤਾਂ ਤੋਂ ਛੁਟਕਾਰਾ ਪਾਓ। ਹਾਂ-ਹਾਂ ਮੇਰੀ ਗੱਲ ਧਿਆਨ ਨਾਲ ਸੁਣੋ। ਹਾਂ ਦੋਸਤੋ, ਆਪਣਾ ਹੱਥ ਮੈਨੂੰ ਵਿਖਾਓ। ਮੈਂ ਤੁਹਾਨੂੰ ਦੱਸਾਂਗਾ ਕਿ ਤੁਸੀਂ ਆਪਣਾ ਮੁਕੱਦਮਾ ਕਿਉਂ ਨਹੀਂ ਜਿੱਤ ਰਹੇ। ਤੁਹਾਡਾ ਬੱਚਾ ਪ੍ਰੀਖਿਆ 'ਚੋਂ ਪਾਸ ਕਿਉਂ ਨਹੀਂ ਹੋ ਰਿਹਾ। ਤੁਹਾਨੂੰ ਨੌਕਰੀ ਕਦੋਂ ਮਿਲੇਗੀ? ਇਹ ਸਾਰਾ ਗ੍ਰਹਿਆਂ ਦਾ ਚੱਕਰ ਹੈ। ਮੈਂ ਤੁਹਾਨੂੰ ਇਨ੍ਹਾਂ ਦਾ ਉਪਾਅ ਦੱਸਾਂਗਾ ਕਿ ਤੁਸੀਂ ਮੁਕੱਦਮਾ ਕਦੋਂ ਜਿੱਤੋਗੇ, ਤੁਹਾਨੂੰ ਲਾਟਰੀ ਕਦੋਂ ਲੱਗੇਗੀ, ਨੌਕਰੀ ਕਦੋਂ ਮਿਲੇਗੀ। ਹਾਂ, ਤਾਂ ਕਦਰਦਾਨ ਮੇਹਰਬਾਨ ਦੋਸਤੋ ਆਪਣਾ ਹੱਥ ਇਕ-ਇਕ ਕਰਕੇ ਮੈਨੂੰ ਵਿਖਾਓ......"

ਭੀੜ 'ਚੋਂ ਇਕ ਮਨਚਲਾ ਲੜਕਾ ਬੋਲਿਆ "ਕੀ ਤੂੰ ਕਿਸੇ ਦਾ ਹੱਥ ਦੇਖ ਉਸ ਦੇ ਆਉਣ ਵਾਲੇ ਸਮੇਂ ਬਾਰੇ ਸੱਚ-ਸੱਚ ਦੱਸ ਸਕਦਾ ਏਂ"।

"ਹਾਂ ਇਸ ਦੇ ਵਿੱਚ ਕੀ ਸ਼ੱਕ ਹੈ" ਉਸ ਨੇ ਕਿਹਾ।

"ਤਾਂ ਫੇਰ ਆਹ ਲੈ ਆਪਣੀ ਫ਼ੀਸ ਤੇ ਆਵਦਾ ਹੱਥ ਦੇਖ ਕੇ ਦੱਸ ਕਿ ਤੂੰ ਇਹ ਮਜਮਾ ਲਾਉਣ ਵਾਲਾ ਕੰਮ ਕਦੋਂ ਬੰਦ ਕਰੇਂਗਾ ?" ਮਨਚਲੇ ਦੇ ਸਾਥੀ ਨੇ ਉਸ ਵੱਲ ਪੰਜ ਰੁਪਏ ਦਾ ਸਿੱਕਾ ਸੁੱਟਦਿਆਂ ਕਿਹਾ। ਭਵਿੱਖ ਦੱਸਣ ਵਾਲਾ ਹੁਣ ਖਿੰਡ ਰਹੀ ਭੀੜ ਵੱਲ ਵੇਖ ਰਿਹਾ ਸੀ।

—ਸਿਕੰਦਰ ਟੱਲੇਵਾਲ

### ਤਮਾਸ਼ਾ



ਪਿੰਡ ਦੀ ਸੱਥ 'ਚ ਤਮਾਸ਼ਾ ਹੋ ਰਿਹਾ ਸੀ। ਮਦਾਰੀ ਬਾਂਦਰ ਬਾਂਦਰੀ ਦਾ ਤਮਾਸ਼ਾ ਵਿਖਾਉਂਦਾ ਹੋਇਆ ਡੁਗਡੁਗੀ ਵਜਾ ਰਿਹਾ ਸੀ। ਕਾਫੀ ਭੀੜ ਸੀ। ਭਾਰੀ ਗਿਣਤੀ 'ਚ ਇਕੱਠੇ ਹੋਏ ਬੱਚਿਆਂ ਤੋਂ ਇਲਾਵਾ ਬਜ਼ੁਰਗ, ਨੌਜਵਾਨ ਵੀ ਤਮਾਸ਼ੇ ਦਾ ਆਨੰਦ ਮਾਣ ਰਹੇ ਸਨ। ਤਮਾਸ਼ਾ ਸ਼ੁਰੂ ਹੋਇਆ। ਮਦਾਰੀ ਨੇ ਪਹਿਲਾਂ ਤਾਂ ਬਾਂਦਰ ਬਾਂਦਰੀ ਦਾ ਵਿਆਹ ਰਚਾਇਆ। ਫਿਰ ਮਦਾਰੀ ਨੇ ਆਪ ਅੱਗ ਦੇ ਗੋਲੇ ਖਾਧੇ, ਤਿੱਖੇ ਬਲੇਡ ਖਾਧੇ। ਕੱਚ ਦੀਆਂ ਗੋਲੀਆਂ ਖਾ ਕੇ ਪੇਟ 'ਚ ਖੜਕਾਈਆਂ।

ਮਦਾਰੀ ਦਾ ਤਮਾਸ਼ਾ ਜ਼ੋਖ਼ਮ ਭਰਿਆ ਸੀ। ਇਕੱਠੇ ਹੋਏ ਲੋਕ ਮਦਾਰੀ ਦੇ ਤਮਾਸ਼ੇ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਕੋਈ ਕਹਿ ਰਿਹਾ ਸੀ 'ਇਨ੍ਹਾਂ ਦਾ ਤਾਂ ਰੋਜ਼ ਦਾ ਹੀ ਕੰਮ ਏ।" ਕੋਈ ਮਦਾਰੀ ਨੂੰ ਲੋਟੂ ਟੋਲਾ ਆਖ ਰਿਹਾ ਸੀ।

ਤਮਾਸ਼ਾ ਖ਼ਤਮ ਹੁੰਦੇ ਹੀ ਮਦਾਰੀ ਨੇ ਬਾਂਦਰ ਦੇ ਹੱਥ ਟੋਕਰੀ ਫੜਾ ਕੇ ਪੈਸੇ ਇਕੱਠੇ ਕਰਨ ਲਈ ਗੇੜਾ ਦਵਾਇਆ। ਪਰ ਕਿਸੇ ਵੀ ਬੁੱਢੇ, ਨੱਢੇ, ਬੱਚੇ ਨੇ ਟੋਕਰੀ 'ਚ ਇਕ ਪੈਸਾ ਵੀ ਨਾ ਪਾਇਆ। ਸਗੋਂ ਕੁਝ ਸ਼ਰਾਰਤੀ ਨੌਜਵਾਨ ਤੇ ਬੱਚੇ ਬਾਂਦਰ ਦੀ ਟੋਕਰੀ 'ਚ ਮਿੱਟੀ ਦੀਆਂ ਢੇਲੀਆਂ ਸੁੱਟ ਰਹੇ ਸਨ। ਹੁਣ ਮਦਾਰੀ ਨੇ ਬੱਚਿਆਂ ਨੂੰ ਘਰੋਂ ਆਟਾ ਲਿਆਉਣ ਲਈ ਤਰਲਾ ਪਾਇਆ। ਬੱਚੇ ਆਟਾ ਲਿਆਉਣ ਲਈ ਆਪੋ-ਆਪਣੇ ਘਰ ਚਲੇ ਗਏ। ਪਰ ਅੱਧਾ ਘੰਟਾ ਬੀਤਣ ਉਪਰੰਤ ਵੀ ਕੋਈ ਬੱਚਾ ਆਟਾ ਲੈ ਕੇ ਨਾ ਪਰਤਿਆ। ਬਾਂਦਰ ਬਾਂਦਰੀ ਭੁੱਖ ਨਾਲ ਬੇਹਾਲ ਹੋਏ ਮਦਾਰੀ ਦਾ ਮੂੰਹ ਤੱਕ ਰਹੇ ਸਨ। ਥੱਕ ਹਾਰ ਕੇ ਮਦਾਰੀ ਨੇ ਆਪਣਾ ਸਮਾਨ ਸਮੇਟਿਆ। ਮਿੱਟੀ ਦੇ ਢੇਲਿਆਂ ਨਾਲ ਭਰੀ ਹੋਈ ਟੋਕਰੀ ਚੁੱਕੀ ਅਤੇ ਬਾਂਦਰ-ਬਾਂਦਰੀ ਨੂੰ ਆਪਣੇ ਮੋਢਿਆਂ 'ਤੇ ਬਿਠਾ ਕੇ ਖ਼ਾਲੀ ਪੇਟ 'ਤੇ ਹੱਥ ਫੇਰਦਾ ਹੋਇਆ ਦੁਖੀ ਮਨ ਨਾਲ ਰੋਜ਼ੀ-ਰੋਟੀ ਦੀ ਭਾਲ ਵਿੱਚ ਅਗਲੇ ਪਿੰਡ ਦੇ ਰਾਹ ਪੈ ਗਿਆ।

—ਅਮਨਦੀਪ ਸਿੰਘ ਸਿੱਧ

### ਸਰਾਪ

ਗੰਦੇ ਗਟਰ ਦੇ ਕੂੜੇ ਵਿੱਚ ਉਹ ਪਿਛਲੇ ਦੋ ਘੰਟੇ ਤੋਂ ਡਿੱਗਿਆ ਹੋਇਆ ਸੀ, ਮੱਖੀਆਂ ਉਸ ਦੇ ਪੂਰੇ ਸਰੀਰ 'ਤੇ ਇਧਰ-ਉਧਰ ਭਿਣਕ ਰਹੀਆਂ ਸਨ। ਚਿੱਕੜ ਦੇ ਨਾਲ ਉਸ ਦੇ ਕੱਪੜੇ ਲਿੱਬੜੇ ਹੋਏ ਸਨ ਪਰ ਉਸ ਨੂੰ ਕੋਈ ਹੋਸ਼ ਨਹੀਂ ਸੀ। 'ਸਾਲਾ ਨਸ਼ੇੜੀ' ਹਰ ਕੋਈ ਆਪਣੇ ਲਫ਼ਜ਼ਾਂ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਕਰ ਉਸ ਨੂੰ ਵੇਖ ਕੇ ਲੰਘ ਰਿਹਾ ਸੀ। ਕੁੱਝ ਹੀ ਦੂਰ ਕਿਸੇ ਦੇ ਘਰ ਦੂਜੀ ਵਾਰ ਕੁੜੀ ਪੈਦਾ ਹੋਣ 'ਤੇ ਮਾਤਮ ਦਾ ਮਾਹੌਲ ਸੀ। "ਸ਼ਾਇਦ ਇਸ ਦੋਗਲੇ ਸਮਾਜ ਵਿੱਚ ਲੜਕੀ ਸਰਾਪ ਤੇ ਲੜਕਾ ਵਰਦਾਨ ਦੀ ਤਰ੍ਹਾਂ ਹੈ।"

-ਵਿਸ਼ਾਲ ਠਾਕੁਰ ਐਡਵੋਕੇਟ

### ਦੋਵੇਂ ਖ਼ੁਸ਼



"ਓਏ ਬਿੱਟੂ ! ਆਹ ਐਕਸਾਈਜ਼ ਆਲਿਆਂ ਦਾ ਫ਼ੋਨ ਆ ਗਿਆ 10 ਬੰਦਿਆਂ ਦਾ ਖਾਣਾ ਭੇਜਣ ਦਾ, ਪਹਿਲਾਂ ਪੁਲਸ ਦੇ ਕਿਸੇ ਅਫ਼ਸਰ ਦਾ ਵੀ ਆਇਆ ਸੀ, ਉਸ ਨੇ 'ਬਾਰਾਂ ਖਾਣੇ' ਭੇਜਣ ਦਾ ਹੁਕਮ ਦਿੱਤਾ ਸੀ, ਇਸੇ ਤਰ੍ਹਾਂ ਇਨਕਮ-ਟੈਕਸ ਤੇ ਹੋਰ ਮਹਿਕਮੇ ਵਾਲੇ ਵੀ ਕਰਦੇ ਹੀ ਹੋਣਗੇ, ਪੈਸੇ ਤਾਂ ਇਹ ਦਿੰਦੇ ਨਹੀਂ, ਫਿਰ ਤੂੰ ਇਹ ਸਾਰਾ ਖ਼ਰਚਾ ਕਿਵੇਂ ਝੱਲਦੈਂ ?" ਮੈਂ ਆਪਣੇ ਦੋਸਤ ਹੋਟਲ ਦੇ ਮਾਲਕ ਨੂੰ ਪੁੱਛਿਆ। "ਤੂੰ ਤਾਂ ਕਮਲਾ ਏਂ ਗੁਲਜਾਰ ! ਐਨਾ ਖ਼ਰਚ ਪੱਲਿਓਂ ਕੋਈ ਥੋੜ੍ਹਾ ਕਰ ਸਕਦੈ। ਆਪਣਾ ਹੋਟਲ ਸ਼ਹਿਰ ਦਾ ਟੌਪ ਦਾ ਹੋਟਲ ਹੈ। ਕਈ ਧਨੀ ਬੰਦੇ ਆਉਂਦੇ ਨੇ ਐਥੇ, ਜੋ ਮਾੜਾ-ਮੋਟਾ ਖਾ ਕੇ ਬਾਕੀ ਜੂਠਾ ਹੀ ਛੱਡ ਜਾਂਦੇ ਨੇ। ਅਸੀਂ ਉਹ ਵੇਸਟ ਨਹੀਂ ਕਰਦੇ ਸਗੋਂ ਇੱਕ ਵੱਖਰੇ ਬਰਤਨ ਵਿੱਚ, ਜੋ ਸਿਰਫ਼ ਅਜਿਹੇ ਮਹਿਮਾਨਾਂ ਵਾਸਤੇ ਸੁਰੱਖਿਅਤ ਰੱਖਿਐ ਹੋਇਐ, ਸੰਭਾਲ ਲੈਂਦੇ ਹਾਂ ਅਤੇ ਅਜਿਹੇ ਕਿਸੇ ਹੁਕਮ ਦੀ ਪਾਲਣਾ ਕਰਨ ਹਿੱਤ ਉਹੀ ਦਾਲ, ਸਬਜ਼ੀ ਜਾਂ ਚਿਕਨ ਵਗ਼ੈਰਾ ਮੁੜ ਗਰਮ ਕਰਕੇ, ਤਾਜ਼ੀ ਤਰੀ ਵੀ ਪਾ ਦਿੰਦੇ ਹਾਂ। ਹਾਂ, ਚਪਾਤੀਆਂ ਤਾਂ ਸਾਨੂੰ ਪੱਲਿਓਂ ਦੇਣੀਆਂ ਪੈਂਦੀਆਂ, ਕੰਮ ਜੋ ਕਰਵਾਉਣਾ ਹੋਇਆ ਅਜਿਹੇ ਮਹਿਕਮਿਆਂ ਦੇ ਅਫ਼ਸਰਾਂ ਤੋਂ।"

ਮੇਰਾ ਦੋਸਤ ਮੇਰੇ ਸਵਾਲ ਦਾ ਜਵਾਬ ਦੇ ਕੇ ਹਟਿਆ ਹੀ ਸੀ ਕਿ ਉਹਦੇ ਮੋਬਾਈਲ ਦੀ ਰਿੰਗ ਮੁੜ ਕਰਰ-ਕਰਰ ਕਰਨ ਲੱਗੀ।

-ਰਘਬੀਰ ਸਿੰਘ ਮਹਿਮੀ

ਕੜੀ-1

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

-ਕਰਮ ਸਿੰਘ ਜ਼ਖ਼ਮੀ

ਸ. ਕਰਮ ਸਿੰਘ ਜ਼ਖ਼ਮੀ ਇਕ ਪ੍ਰਸਿੱਧ ਨਾਵਲਕਾਰ ਰਹੇ ਹਨ। ਜ਼ਖਮੀ ਜੀ ਦੇ ਨਾਵਲ ਰੋਜ਼ਾਨਾ 'ਅਕਾਲੀ ਪਤ੍ਰਿਕਾ' ਤੇ ਹੋਰ ਪਰਚਿਆਂ ਵਿਚ ਲੜੀਵਾਰ ਪ੍ਰਕਾਸ਼ਿਤ ਹੁੰਦੇ ਰਹੇ ਹਨ। ਜ਼ਖ਼ਮੀ ਦੇ ਨਾਵਲਾਂ ਦੀ ਲੋਕਪ੍ਰਿਯਤਾ ਦਾ ਵੱਡਾ ਕਾਰਣ ਇਹਨਾਂ ਨਾਵਲਾਂ ਦਾ ਵਿਸ਼ਾ ਸਿੱਖ ਇਤਿਹਾਸ ਨਾਲ ਸੰਬੰਧਿਤ ਹੋਣਾ ਹੀ ਸੀ। ਉਹਨਾਂ ਵਲੋਂ ਲਿਖੇ ਗਏ ਨਾਵਲਾਂ ਦੀ ਭਾਸ਼ਾ, ਬਨਾਵਟ ਤੇ ਕਹਾਣੀ ਆਮ ਪਾਠਕ ਵੀ ਦਿਲਚਸਪੀ ਨਾਲ ਸਮਝ ਸਕਦਾ ਹੈ। ਇਹ ਨਾਵਲ ਮੁਗਲਾਂ ਵਲੋਂ ਸਿੱਖ ਰਾਜ, ਸਿੱਖ ਸਰਦਾਰਾਂ ਤੇ ਸਿੱਖਾਂ ਨੂੰ ਮਲੀਆਮੇਟ ਕਰਨ ਦੀ ਦਰਦ ਭਰੀ ਦਾਸਤਾਨ ਹੈ। ਇਹ ਨਾਵਲ ਬਾਬਾ ਬੰਦਾ ਸਿੰਘ ਬਹਾਦਰ ਤੇ ਬਾਦਸ਼ਾਹ ਬਹਾਦਰ ਸ਼ਾਹ ਵਿਚਕਾਰ ਹੋਈਆਂ ਲੜਾਈਆਂ ਨੂੰ ਇਕ ਚੰਗੇ ਇਤਿਹਾਸਕਾਰ ਤੇ ਪ੍ਰਬੀਨ ਨਾਵਲਕਾਰ ਵਜੋਂ ਪ੍ਰਗਟ ਕਰਦਾ ਹੈ। ਸਿੱਖ ਸੰਗਤ ਨੇ ਇਸ ਨੂੰ ਭਰਪੂਰ ਹੁੰਗਾਰਾ ਦਿੱਤਾ ਹੈ।

-ਸੰਪਾਦਕ

ਬਾਦਸ਼ਾਹ ਬਹਾਦਰ ਸ਼ਾਹ ਪਰੇਸ਼ਾਨੀ ਦੀ ਹਾਲਤ ਵਿਚ ਰਾਜਪੂਤਾਨੇ ਦੇ ਜੈਪੁਰ ਕਿਲੇ ਵਿਚ ਇਧਰ ਉਧਰ ਚੱਕਰ ਲਗਾ ਰਿਹਾ ਸੀ। ਉਹ ਰਾਜਪੂਤਾਨੇ ਵਿਚ ਉਠ ਰਹੀ ਬਗਾਵਤ ਨੂੰ ਦਬਾਉਣ ਤੇ ਬਾਗੀਆਂ ਨੂੰ ਸਜ਼ਾ ਦੇਣ ਲਈ ਇਥੇ ਪਿਛਲੇ ਛੇ ਮਹੀਨਿਆਂ ਤੋਂ ਡੇਰੇ ਲਾਈ ਬੈਠਾ ਸੀ। ਪਰੰਤੂ ਇਹ ਕੰਮ ਹਾਲਾਂ ਤੱਕ ਪੂਰਾ ਨਹੀਂ ਸੀ ਹੋ ਸਕਿਆ ਕਿ ਪੰਜਾਬ ਵਿਚੋਂ ਸਿੱਖਾਂ ਦੀਆਂ ਖਬਰਾਂ ਪੁਜਣੀਆਂ ਸ਼ੁਰੂ ਹੋ ਗਈਆਂ ਉਹਨੇ ਆਪਣੇ ਜਾਸੂਸ ਲਾਹੌਰ ਤੇ ਸਰਹੰਦ ਭੇਜੇ ਹੋਏ ਸਨ ਤਾਂ ਜੋ ਉਹ ਪੂਰਾ ਪੂਰਾ ਪਤਾ ਲੈ ਕੇ ਆਉਣ ਕਿ ਇਹਨਾਂ ਸੂਬਿਆਂ ਵਿਚ ਸਿੱਖ ਕੀ ਕੁਝ ਕਰ ਰਹੇ ਹਨ ਤੇ ਉਹਨਾਂ ਨੂੰ ਕੁਚਲਣ ਲਈ ਕਿਤਨੀ ਤੇ ਕਿਸ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ। ਹਾਲਾਂ ਤੱਕ ਇਹਨਾਂ ਜਾਸੂਸਾਂ ਵਿਚੋਂ ਕੋਈ ਵਾਪਸ ਨਹੀਂ ਸੀ ਆਇਆ ਤੇ ਇਹੋ ਗਲ ਬਹਾਦਰ ਸ਼ਾਹ ਲਈ ਪਰੇਸ਼ਾਨੀ ਦਾ ਕਾਰਨ ਬਣਦੀ ਚਲੀ ਜਾ ਰਹੀ ਸੀ। ਉਸ ਦੀ ਇਸ ਪਰੇਸ਼ਾਨੀ ਵਿਚ ਲਗਾਤਾਰ ਵਾਧਾ ਹੁੰਦਾ ਚਲਿਆ ਜਾ ਰਿਹਾ ਸੀ।

"ਸ਼ਹਿਨਸ਼ਾਹ ਸਲਾਮਤ" ਮਿਰਜ਼ਾ ਖਾਨ ਵਜ਼ੀਰ ਨੇ ਉਸ ਦੇ ਸਾਹਮਣੇ ਆ ਕੇ ਕੁਝ ਸਲਾਮ ਕਰਦੇ ਹੋਏ ਉਸ ਦਾ ਧਿਆਨ ਆਪਣੇ ਵਲ ਖਿੱਚਣ ਲਈ ਆਖਿਆ।

'ਮਿਰਜ਼ਾ ਖਾਨ ਲਾਹੌਰ ਦੇ ਸਰਹੰਦ ਤੋਂ ਕੋਈ ਖਬਰ ਆਈ ?' ਬਾਦਸ਼ਾਹ ਨੇ ਪੁਛਿਆ।

'ਸ਼ਹਿਨਸ਼ਾਹ ਸਲਾਮਤ ਖਬਰਾਂ ਆਈਆਂ ਹਨ। ਪਰੰਤੂ ਉਹ ਚੰਗੀਆਂ ਨਹੀਂ ਹਨ। ਇਕ ਸਾਧੂ ਦੀ ਸਰਦਾਰੀ ਹੇਠਾਂ ਜਿਸ ਨੂੰ ਉਹ ਬੰਦਾ ਸਿੰਘ ਬਹਾਦਰ ਆਖਦੇ ਹਨ। ਸਿੱਖਾਂ ਨੇ ਸਰਹੰਦ 'ਤੇ ਕਬਜ਼ਾ ਕਰ ਲਿਆ ਹੈ। ਸੂਬੇਦਾਰ ਵਜ਼ੀਦ ਖਾਨ ਮਾਰਿਆ ਗਿਆ ਹੈ। ਸਰਹੰਦ ਦੇ ਕਿਲੇ 'ਤੇ ਸਿੱਖਾਂ ਦਾ ਝੰਡਾ ਝੂਲ ਰਿਹਾ ਹੈ, ਸਿੱਖਾਂ ਨੇ ਸਢੌਰੇ ਤੇ ਕੁਝ ਹੋਰ ਥਾਵਾਂ 'ਤੇ ਵੀ ਕਬਜ਼ਾ ਕਰ ਲਿਆ ਹੈ। ਇਸ ਸਮੇਂ ਕੋਈ ਪੌਣਾ ਲੱਖ ਸਿੱਖ ਸਢੌਰੇ ਵਿਚ ਛਾਉਣੀ ਪਾਈ ਬੈਠੇ ਹਨ। ਬੰਦਾ ਸਿੰਘ ਬਹਾਦਰ ਪੱਛਮ ਵਲ ਹੋਰ ਅੱਗੇ ਵੱਧ ਗਿਆ ਹੈ।' ਮਿਰਜ਼ਾ ਖਾਨ ਦਸਦਾ ਚਲਿਆ ਗਿਆ।

ਬਹਾਦਰ ਸ਼ਾਹ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ। ਉਸ ਨੇ ਪੁਛਿਆ—'ਕੁਝ ਹੋਰ ?'

'ਸ਼ਹਿਨਸ਼ਾਹ ਸਲਾਮਤ ਸਿੱਖ ਲਾਹੌਰ ਤੱਕ ਭੀ ਪੁਜ ਗਏ ਹਨ ਉਹਨਾਂ ਇਕ ਹਮਲੇ ਵਿਚ ਮੁਗਲ ਫੌਜ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਸੂਬੇਦਾਰ ਲਾਹੌਰ ਦੀ ਅਰਜ਼ੀ ਵੀ ਸਹਾਇਤਾ ਲਈ ਪੁੱਜੀ ਹੈ।' ਮਿਰਜ਼ਾ ਖਾਨ ਨੇ ਦੱਸਿਆ।

ਕੋਈ ਗੱਲ ਨਹੀਂ ਬਹਾਦਰ ਸ਼ਾਹ ਅਜੇ ਜੀਉਂਦਾ ਹੈ ਸਿੱਖਾਂ ਦਾ ਖੁਰਾ ਖੋਜ ਮਿਟਾ ਕੇ ਹੀ ਦਮ ਲਵਾਂਗਾ। ਬਹਾਦਰ ਸ਼ਾਹ ਦੇ ਬੋਲ ਕਰੋਧ ਨਾਲ ਭੱਖਦੇ ਜਾ ਰਹੇ ਸਨ। ਉਸ ਨੇ ਕਿਹਾ—"ਆਲੇ ਦੁਆਲੇ ਦੇ ਸਾਰੇ ਫੌਜਦਾਰਾਂ ਨੂੰ ਹੁਕਮਨਾਮੇ ਭੇਜੋ ਕਿ ਸਾਰੇ ਪੁਨਰ ਤੌਰ ਦੇ ਏਕਤਾ ਕਰਕੇ ਸਰਹੰਦ ਨੂੰ ਸਿੱਖਾਂ ਤੋਂ ਵਾਪਸ ਲੈਣ।"

"ਸ਼ਹਿਨਸ਼ਾਹ ਸਲਾਮ ਹੁਕਮ ਦੀ ਪਾਲਣ ਹੋਵੇਗੀ।" ਮਿਰਜ਼ਾ ਖਾਨ ਨੇ ਗਲ ਮੋੜੀ।

"ਮਿਰਜ਼ਾ ਇਹ ਕੰਮ ਤੁਰੰਤ ਹੋਣਾ ਚਾਹੀਦਾ ਹੈ। ਦਿੱਲੀ ਦੇ ਅਮੀਰਾਂ ਦੇ ਨਾਮ ਚਿੱਠੀਆਂ ਲਿਖੋ ਕਿ ਉਹ ਅਲਾਹਾਬਾਦ ਦੇ ਸੂਬੇਦਾਰ ਜਾਨ ਬਹਾਦੁਰ ਨੂੰ ਅੱਠ ਲੱਖ ਰੁਪਏ ਸਹਾਇਤਾ ਵਜੋਂ ਭੇਜਣ ਤਾਂ ਜੋ ਉਹ ਸਿੱਖਾਂ ਦੀ ਬਗਾਵਤ ਕੁਚਲ ਦੇਵੇ ਇਨ੍ਹਾਂ ਕਾਫਰਾ ਦਾ ਖੁਰਾ ਖੋਜ ਮਿਟਾ ਦੇਵੇ।" ਬਾਦਸ਼ਾਹ ਦਾ ਅਗਲਾ ਹੁਕਮ ਸੀ।

"ਬਹੁਤ ਹੱਛਾ ਸ਼ਹਿਨਸ਼ਾਹ ਸਲਾਮਤ" ਮਿਰਜ਼ਾ ਖਾਨ ਨੇ ਇਕ ਵਾਰ ਝੁਕ ਕੇ ਸਲਾਮ ਕਰਦੇ ਹੋਏ ਕਿਹਾ। ਉਹ ਉਥੋਂ ਜਾਣਾ ਚਾਹੁੰਦਾ ਸੀ। ਪਰੰਤੂ ਉਸ ਦੇ ਕਦਮ ਪਿੱਛੇ ਵਲ ਨਹੀਂ ਸੀ ਮੁੜ ਰਹੇ ਉਸ ਨੇ ਕਿਹਾ—'ਸ਼ਹਿਨਸ਼ਾਹ ਆਲਮ ਅਸਾਡੇ ਆਦਮੀਆਂ ਨੂੰ ਸ਼ੱਕ ਹੈ।'

'ਕਿਸ ਗੱਲ ਦਾ ਸ਼ੱਕ ? ਬਕੋ ਭੀ ਨਾ।' ਬਾਦਸ਼ਾਹ ਦਾ ਗੁਸਾ ਹੁਣ ਮਿਰਜ਼ਾ ਖਾਨ ਤੇ ਨਿਕਲਣਾ ਸ਼ੁਰੂ ਹੋ ਗਿਆ ਸੀ, ਉਹ ਭੈਅ-ਭੀਤ ਜਿਹਾ ਹੋ ਗਿਆ। ਕੋਈ ਗਲ ਉਸ ਦੇ ਮੂੰਹੋ ਵਿਚੋਂ ਨਹੀਂ ਸੀ ਨਿਕਲ ਰਹੀ।

'ਬਕੋ ਜਲਦੀ ਬਕੋ, ਤੇਰੇ ਜਿਹੇ ਨਾਲਾਇਕ ਹੀ ਮੁਗਲ ਰਾਜ ਨੂੰ ਬਰਬਾਦ ਕਰ ਰਹੇ ਹਨ।' ਬਾਦਸ਼ਾਹ ਦਾ ਗੁਸਾ ਹੋਰ ਭੱਖ ਰਿਹਾ ਸੀ।

'ਸ਼ਹਿਨਸ਼ਾਹ ਆਲਮ ਅਸਾਡੇ ਡੇਰੇ ਅਤੇ ਏਥੇ ਦੇ ਦਰਬਾਰ ਵਿਚ ਜੋ ਦਾਹੜੀਆਂ ਵਾਲੇ ਹਿੰਦੂ ਹਨ, ਸ਼ੱਕ ਹੈ ਕਿ ਇਹਨਾਂ ਵਿਚ ਕੁਝ ਸਿੱਖ ਭੀ ਹੋਣਗੇ, ਇਹ ਅਸਾਡੀਆਂ ਖਬਰਾਂ ਹੀ ਸਿੱਖਾਂ ਤਕ ਨਹੀਂ ਪੁਚਾਉਂਦੇ ਹੋਣਗੇ, ਸਗੋਂ ਅਸਾਨੂੰ ਕਈ ਤਰ੍ਹਾਂ ਨਾਲ ਜਾਨੀ ਤੇ ਮਾਲੀ ਨੁਕਸਾਨ ਭੀ ਪੁਚਾਉਣ ਦੇ ਯਤਨ ਕਰਦੇ ਹੋਣਗੇ।' ਮਿਰਜ਼ਾ ਖਾਨ ਨੇ ਸੰਭਲਦੇ ਹੋਏ ਆਪਣੀ ਗਲ ਬਾਦਸ਼ਾਹ ਦੇ ਕੰਨਾਂ ਵਿਚ ਕਹਿ ਦਿੱਤੀ।




'ਇਹਨਾਂ ਸਾਰਿਆਂ ਦੀਆਂ ਦਾਹੜੀਆਂ ਮੁਨਵਾ ਦਿਓ, ਮੈਂ ਹੁਕਮ ਦਿੰਦਾ ਹਾਂ। ਜਾਓ ਹੁਣ ਦਫਾ ਹੋਵੋ, ਮੈਨੂੰ ਇਕਲਿਆ ਰਹਿ ਕੇ ਸੋਚਣ ਦਿਓ।' ਬਾਦਸ਼ਾਹ ਦੀ ਪਰੇਸ਼ਾਨੀ ਵਿਚ ਵਾਧਾ ਹੋ ਰਿਹਾ ਸੀ।

ਮਿਰਜ਼ਾ ਖਾਨ ਨੇ ਝੁਕ ਕੇ ਸਲਾਮ ਕੀਤਾ ਤੇ ਚੁਪ ਚਾਪ ਪਿਛੇ ਮੁੜ ਗਿਆ ਕਿਲੇ ਦੀ ਡਿਉਢੀ ਦੇ ਨਾਲ ਦੀਵਾਨ ਖਾਨੇ ਵਿਚ ਉਸ ਦਾ ਦਫਤਰ ਸੀ। ਉਸ ਵਿਚ ਜਾ ਕੇ ਉਹ ਬੈਠ ਗਿਆ। ਮੀਰ ਮੁਣਸ਼ੀ ਤਾਰਾ ਚੰਦ ਨੂੰ ਉਸ ਨੇ ਆਪਣੇ ਪਾਸ ਸਦਿਆ। ਲੋੜੀਂਦੀਆਂ ਚਿੱਠੀਆਂ ਦਿੱਲੀ, ਲਾਹੌਰ, ਸਿਰਸਾ, ਅਲਾਹਬਾਦ ਤੇ ਹੋਰ ਥਾਵਾਂ ਦੇ ਸੂਬੇਦਾਰਾਂ ਤੇ ਫੌਜਦਾਰਾਂ ਦੇ ਨਾਮ ਲਿਖਵਾਈਆਂ, ਦਿੱਲੀ ਦੇ ਅਮੀਰਾਂ ਦੇ ਨਾਮ ਭੀ ਤਾਕੀਦੀ ਚਿੱਠੀਆਂ ਬਾਦਸ਼ਾਹ ਦੇ ਹੁਕਮ ਦੀ ਪਾਲਣਾ ਕਰਨ ਲਈ ਲਿਖਵਾਈਆਂ।

ਇਸ ਕੰਮ ਤੋਂ ਵੇਹਲਿਆਂ ਹੋ ਕੇ ਉਸ ਨੇ ਤਾਰਾ ਚੰਦ ਨੂੰ ਪੁਛਿਆ—"ਹਿੰਦੂਆਂ ਲਈ ਤਾਂ ਵਾਲ ਤੇ ਦਾਹੜੀਆਂ ਰੱਖਣੀਆਂ ਜ਼ਰੂਰੀ ਨਹੀਂ ਹਨ ਫੇਰ ਏਥੇ ਤੁਸਾਂ ਲੋਕਾਂ ਨੇ ਦਾਹੜੀਆਂ ਤੇ ਵਾਲ ਕਿਸ ਲਈ ਵਧਾ ਰੱਖੇ ਹਨ ?"

ਤਾਰਾ ਚੰਦ ਇਹ ਨਵੀਂ ਗਲ ਸੁਣ ਕੇ ਪਰੇਸ਼ਾਨ ਜਿਹਾ ਹੋ ਗਿਆ ਉਸ ਨੇ ਕਿਹਾ—'ਜਨਾਬ ਤੁਹਾਡੀ ਗਲ ਦੀ ਮੈਨੂੰ ਸਮਝ ਨਹੀਂ ਆਈ ਆਖਿਰ ਤੁਸੀਂ ਕਹਿਣਾ ਕੀ ਚਾਹੁੰਦੇ ਹੋ ?'

'ਤਾਰਾ ਚੰਦ! ਮੈਂ ਪੁਛ ਰਿਹਾ ਹਾਂ ਕਿ ਤੁਸੀਂ ਇਹ ਦਾਹੜੀਆਂ ਤੇ ਵਾਲ ਕਿਉਂ ਰੱਖੀ ਫਿਰਦੇ ਹੋ ?' ਮਿਰਜ਼ਾ ਖਾਨ ਨੇ ਰਤਾ ਜ਼ੋਰ ਨਾਲ ਪੁਛਿਆ।

'ਜਨਾਬ ਹਿੰਦੂਆਂ ਲਈ ਵਾਲ ਤੇ ਦਾਹੜੀਆਂ ਕਟਾਉਣੀਆਂ ਕੋਈ ਜ਼ਰੂਰੀ ਨਹੀਂ ਹਨ। ਸਾਡੇ ਸਾਰੇ ਬਜ਼ੁਰਗ ਰਿਸ਼ੀ ਮੁਨੀ ਤੇ ਅਵਤਾਰ ਦਾਹੜੀਆਂ ਤੇ ਵਾਲ ਰੱਖਦੇ ਹਨ। ਆਪਣਾ ਆਪਣਾ ਸ਼ੌਕ ਹੀ ਤਾਂ ਹੈ।' ਤਾਰਾ ਚੰਦ ਨੇ ਉਤਰ ਦਿੱਤਾ।

'ਸੁਣੋ ਤਾਰਾ ਚੰਦ ਇਹ ਸ਼ਹਿਨਸ਼ਾਹ ਦਾ ਹੁਕਮ ਹੈ ਕਿ ਸ਼ਾਹੀ ਡੇਰੇ ਤੇ ਜੈਪੁਰ ਦਰਬਾਰ ਦੇ ਜਿਤਨੇ ਵੀ ਹਿੰਦੂ ਦਾਹੜੀ ਤੇ ਵਾਲ ਰੱਖੀ ਬੈਠੇ ਹਨ। ਉਹ ਤੁਰੰਤ ਇਹਨਾਂ ਨੂੰ ਕਟਵਾ ਦੇਣ ਨਹੀਂ ਤਾਂ ਨੌਕਰੀਆਂ ਛੱਡ ਕੇ ਚਲੇ ਜਾਣ।' ਮਿਰਜ਼ਾ ਖਾਨ ਨੇ ਕਿਹਾ।

'ਇਸ ਦਾ ਕਾਰਨ ਜਨਾਬ ?' ਤਾਰਾ ਚੰਦ ਨੇ ਪੁਛਿਆ।

'ਕਾਰਨ ਤਾਰਾ ਚੰਦ ਤੁਸਾਂ ਇਨ੍ਹਾਂ ਚਿੱਠੀਆਂ ਤੋਂ ਨਹੀਂ ਸਮਝਿਆ। ਸਿੱਖਾਂ ਨੇ ਬਗਾਵਤ ਕਰ ਰੱਖੀ ਹੈ ਤੇ ਸ਼ਹਿਨਸ਼ਾਹ ਪਾਸ ਸ਼ਿਕਾਇਤ ਪੁਜੀ ਹੈ ਕਿ ਏਥੇ ਜੋ ਦਾਹੜੀਆਂ ਵਾਲੇ ਹਿੰਦੂ ਹਨ। ਇਹਨਾਂ ਵਿਚ ਸਿੱਖ ਭੀ ਹੋ ਸਕਦੇ ਹਨ ਤੇ ਅਸਾਨੂੰ ਨੁਕਸਾਨ ਪੁਚਾਉਣ ਦਾ ਯਤਨ ਕਰ ਸਕਦੇ ਹਨ। ਤੁਸੀਂ ਅਸਾਡੇ ਪਾਸ ਆਦਮੀ ਹੋ। ਤੁਹਾਡੇ ਤੇ ਸ਼ੱਕ ਨਹੀਂ ਹੈ, ਪਰੰਤੂ ਦੂਜਿਆਂ ਨੂੰ ਅੱਜ ਹੀ ਦਾਹੜੀਆਂ ਤੇ ਵਾਲ ਕਟਾਉਣ ਲਈ ਕਹਿ ਦਿਓ। ਕਲ ਤੋਂ ਕੋਈ ਭੀ ਦਾਹੜੀ ਤੇ ਵਾਲਾਂ ਵਾਲਾ ਆਦਮੀ ਸ਼ਾਹੀ ਡੇਰੇ ਵਿਚ ਨਹੀਂ ਆਉਣਾ ਚਾਹੀਦਾ ਹੈ।' ਮਿਰਜ਼ਾ ਖਾਨ ਦਾ ਕਹਿਣਾ ਸੀ 'ਇਹ ਸ਼ਹਿਨਸ਼ਾਹ ਦਾ ਆਖਰੀ ਹੁਕਮ ਹੈ, ਇਸ ਦੀ ਪਾਲਣਾ ਅੱਜ ਹੀ ਹੋਣੀ ਚਾਹੀਦੀ ਹੈ।'

'ਜਨਾਬ ਚੰਗੀ ਗੱਲ ਹੈ ਕਿ ਸ਼ਹਿਨਸ਼ਾਹ ਇਸ ਹੁਕਮ ਤੇ ਨਜ਼ਰਸਾਨੀ ਕਰਨ ਨਹੀਂ ਤਾਂ ਲੋਕ ਇਹ ਸਮਝਣਗੇ ਕਿ ਔਰੰਗਜ਼ੇਬੀ ਯੁਗ ਫੇਰ ਆ ਗਿਆ ਹੈ। ਸ਼ਹਿਨਸ਼ਾਹ ਤਾਂ ਅਕਬਰ ਵਾਲੀ ਨੀਤੀ ਤੇ ਚਲ ਕੇ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਤੇ ਸਭ ਨਾਲ ਬਰਾਬਰੀ ਦਾ ਸਲੂਕ ਕਰਦੇ ਹਨ। ਤਾਰਾ ਚੰਦ ਨੇ ਆਖਿਆ।

ਤੁਸੀਂ ਠੀਕ ਆਖਦੇ ਹੋ ਸ਼ਹਿਨਸ਼ਾਹ ਬਹਾਦਰ ਸ਼ਾਹ ਦੀ ਨੀਤੀ ਅਵਿਰਕੂ ਹੈ ਪਰੰਤੂ ਇਹ ਤਾਂ ਤੁਸੀਂ ਮੰਨੋਗੇ ਹੀ ਕਿ ਸਿੱਖ ਹਕੂਮਤ ਦੇ ਬਾਗੀ ਤੇ ਦੁਸ਼ਮਣ ਹਨ ਅਤੇ ਕੋਈ ਭੀ ਬੁਕਲ ਵਿਚ ਸੱਪਾਂ ਨੂੰ ਨਹੀਂ ਪਾਲ ਸਕਦਾ। ਇਹ ਹੁਕਮ ਆਖਰੀ ਹੈ ਤੇ ਇਸ ਤੋਂ ਈ ਨਜ਼ਰਸਾਨੀ ਨਹੀਂ ਹੋ ਸਕਣੀ।' ਮਿਰਜ਼ਾ ਖਾਨ ਨੇ ਇਹ ਦਸਦੇ ਹੋਏ ਤਾਰਾ ਚੰਦ ਨੂੰ ਸਖਤੀ ਨਾਲ ਕਹਿ ਦਿੱਤਾ ਕਿ ਉਹ ਇਸ ਮਾਮਲੇ ਵਿਚ ਬਹਿਸ ਦਾ ਮਜਮੂਨ ਨਾ ਬਨਾਉਣ ਤੇ ਇਸ ਦੀ ਪਾਲਣਾ ਕਰਾਉਣ। ਤਾਰਾ ਚੰਦ ਚੁੱਪ ਹੋ ਗਿਆ।

ਮਿਰਜ਼ਾ ਖਾਨ ਨੇ ਗਲ ਏਥੇ ਹੀ ਨਹੀਂ ਮੁਕਾ ਦਿੱਤੀ, ਸਗੋਂ ਉਸ ਨੇ ਉਹਨਾਂ ਸਾਰੇ ਹੀ ਹਿੰਦੂਆਂ ਨੂੰ ਸਦ ਲਿਆ ਕਿ ਜਿਹਨਾਂ ਨੇ ਦਾਹੜੀਆਂ ਤੇ ਵਾਲ ਰੱਖੇ ਹੋਏ ਸਨ ਤੇ ਉਸ ਸਮੇਂ ਕਿਲ੍ਹੇ ਵਿਚ ਮੌਜੂਦ ਸਨ। ਉਹਨਾਂ ਸਾਰਿਆਂ ਨੂੰ ਇਹ ਸ਼ਾਹੀ ਫੁਰਮਾਨ ਸੁਣਾਇਆ ਅਤੇ ਕਹਿ ਦਿੱਤਾ ਕਿ ਉਹ ਕਲ ਤੋਂ ਦਾਹੜੀਆਂ ਤੇ ਵਾਲ ਕਟਵਾ ਕੇ ਹੀ ਕੰਮ ਤੇ ਆਉਣ।

'ਜੇਕਰ ਕੋਈ ਅਜਿਹਾ ਨਾ ਕਰਨਾ ਚਾਹਵੇ ਤਾਂ।' ਇਕ ਨੌਜਵਾਨ ਹਰੀ ਚੰਦ ਨੇ ਪੁਛਿਆ, ਉਸ ਦੇ ਮੂੰਹ ਤੇ ਛੋਟੀ ਛੋਟੀ ਸੁਨਹਿਰੀ ਦਾਹੜੀ ਤੇ ਮੁੱਛਾਂ ਸਨ ਤੇ ਉਸ ਦੇ ਵਾਹੇ ਸੰਵਾਰੇ ਹੋਏ ਵਾਲ ਉਸ ਦੇ ਲਕ ਪਿਛੇ ਲਟਕ ਰਹੇ ਸਨ।

ਮਿਰਜ਼ਾ ਖਾਨ ਨੇ ਕਹਿਰ ਭਰੀਆਂ ਨਿਗ੍ਹਾਂ ਨਾਲ ਉਸ ਵਲ ਵੇਖਿਆ ਅਤੇ ਆਖਿਆ ਉਸ ਨੂੰ ਨੌਕਰੀ ਤੋਂ ਜਵਾਬ ਤਾਂ ਮਿਲੇਗਾ ਹੀ ਸ਼ਹਿਨਸ਼ਾਹ ਦੇ ਹੁਕਮ ਦੀ ਨਾ ਫੁਰਮਾਨੀ ਦੇ ਜ਼ੁਰਮ ਵਿਚ ਮੌਤ ਦੀ ਸਜ਼ਾ ਭੀ ਮਿਲ ਸਕਦੀ ਹੈ।'

'ਹੂੰ।' ਹਰੀ ਚੰਦ ਨੇ ਹੁੰਗਾਰਾ ਭਰਿਆ।

ਉਸ ਦੇ ਇਸ ਲਹਿਜੇ ਨੂੰ ਵੇਖ ਕੇ ਮਿਰਜ਼ਾ ਖਾਨ ਇਕ ਦਮ ਹੀ ਭੜਕ ਉਠਿਆ ਉਸ ਨੇ ਤਾਰਾ ਚੰਦ ਨੂੰ ਸੰਬੋਧਨ ਕਰਕੇ ਆਖਿਆ—'ਇਸ ਮੁੰਡੇ ਦੀ ਦਾਹੜੀ ਤੇ ਵਾਲ ਸਭ ਤੋਂ ਪਹਿਲਾਂ ਕਟਵਾਏ ਜਾਣਗੇ। ਨਾਈ ਨੂੰ ਸਦੋ ਕਿਸੇ ਆਦਮੀ ਨੂੰ ਭੇਜਕੇ।'

'ਮੈਂ ਨਹੀਂ ਕਟਵਾਵਾਂਗਾ।' ਹਰੀ ਚੰਦ ਨੇ ਬੜੀ ਹੀ ਦ੍ਰਿੜ੍ਹਤਾ ਨਾਲ ਆਖਿਆ।

'ਵੇਖ ਲੈਂਦੇ ਹਾਂ, ਤਾਰਾ ਚੰਦ ਜੀ ਤੁਸੀਂ ਤੁਰੰਤ ਨਾਈ ਨੂੰ ਸਦੋ।' ਮਿਰਜ਼ਾ ਦੇ ਮਥੇ ਤੇ ਤੀਉੜੀਆਂ ਪਈਆਂ ਹੋਈਆਂ ਸਨ ਇਹ ਕਹਿੰਦੇ ਹੋਏ।

ਤਾਰਾ ਚੰਦ ਨੇ ਉਸ ਦੀ ਇਸ ਗਲ ਦਾ ਕੋਈ ਉਤਰ ਨਹੀਂ ਦਿੱਤਾ। ਉਹ ਇਸ ਕੰਮ ਲਈ ਨਾਈ ਨੂੰ ਨਹੀਂ ਸੀ ਸਦਣਾ ਚਾਹੁੰਦਾ ਅਤੇ ਨਾ ਹੀ ਇਹ ਚਾਹੁੰਦਾ ਸੀ ਕਿ ਇਸ ਮਾਮਲੇ ਨੂੰ ਲੈ ਕੇ ਹਰੀ ਚੰਦ ਜਿਹੇ ਨੌਜਵਾਨ ਲਈ ਕੋਈ ਖਤਰਾ ਪੈਦਾ ਹੋਵੇ, ਉਹ ਇਸ ਮੁੰਡੇ ਨੂੰ ਬੜਾ ਸਨੇਹ ਕਰਦਾ ਸੀ। ਉਸ ਨੇ ਉਸ ਨੂੰ ਬੜੀ ਮੇਹਨਤ ਨਾਲ ਫਾਰਸੀ ਪੜ੍ਹਾਈ ਸੀ ਤੇ ਆਪਣੇ ਨਾਇਬ ਦੇ ਤੌਰ 'ਤੇ ਨੌਕਰ ਭੀ ਕਰਵਾ ਲਿਆ ਸੀ। (ਚਲਦਾ....)



# ਗੁਆਚੇ ਪਲਾਂ ਦੀ ਪਰਵਾਜ਼

ਮਨਜਿੰਦਰ ਸਿੰਘ ਸਰੌਦ
(ਮਾਲੇਰਕੋਟਲਾ)
94634 63136



ਰਾਵੀ ਅੱਜ ਬੇਹੱਦ ਉਦਾਸ ਸੀ ਉਸ ਦੀਆਂ ਅੱਖਾਂ ਦੇ ਵਿੱਚੋਂ ਅੱਥਰੂ ਸੁਪਨੇ ਬਣ-ਬਣ ਕੇ ਕਿਰ ਰਹੇ ਸਨ 'ਤੇ ਅੱਖਾਂ ਦੇ ਕੋਏ ਕਿਸੇ ਡੂੰਘੀ ਖਾਈ ਅੰਦਰ ਅਲੋਪ ਹੋ ਚੁੱਕੀ ਰੂਹ ਦੀ ਹਾਲਤ ਬਿਆਨ ਕਰਦੇ ਸਨ। ਘੰਟਿਆਂ ਬੱਧੀ ਉਸ ਨੇ ਆਪਣਾ ਸਿਰ ਦੋਵਾਂ ਹੱਥਾਂ ਵਿੱਚ ਫੜ ਨੀਵੀਂ ਪਾ ਬੀਤੇ ਸਮੇਂ ਨੂੰ ਹੰਝੂਆਂ ਰਾਹੀਂ ਆਪਣੇ ਜਹਿਨ ਤੋਂ ਉਤਾਰਨ ਦਾ ਯਤਨ ਕੀਤਾ ਤਾਂ ਕਿ ਉਹ ਆਪਣੇ ਡਰਾਉਣੇ ਅਤੀਤ ਤੋਂ ਮੁਕਤੀ ਪਾ ਸਕੇ। ਉਸ ਨੂੰ ਆਪਣੇ ਬਾਪ ਦੇ ਆਖੇ ਬੋਲ ਬਾਰ-ਬਾਰ ਯਾਦ ਆਉਂਦੇ ਸਨ ਕਿ ਧੀਏ ਹੋ ਸਕਦੈ ਜੋ ਤੈਨੂੰ ਅੱਜ ਚੰਗਾ ਲੱਗ ਰਿਹੈ ਉਹ ਅਸਲ ਸੱਚ ਤੇ ਸਹੀ ਨਾ ਹੋਵੇ ਪਰ ਯਾਦ ਰੱਖੀ ਇੱਕ ਦਿਨ ਤੈਨੂੰ ਮੇਰੇ ਇਨ੍ਹਾਂ ਬੋਲਾਂ ਦੀ ਅਸਲ ਸਚਾਈ ਸਮਝ ਜ਼ਰੂਰ ਆਵੇਗੀ। ਰਾਵੀ ਕੋਸ ਰਹੀ ਸੀ ਉਸ ਭੈੜੇ ਸਮੇਂ ਨੂੰ ਕਿ ਕਿੰਝ ਉਸ ਨੇ ਆਪਣੇ ਪਿਓ ਦੀ ਆਵਾਜ਼ ਨੂੰ ਪੈਰ ਦੀ ਜੁੱਤੀ ਨਾਲ ਮਸਲ ਦਿੱਤਾ ਅਤੇ ਮਰਜ਼ੀ ਨਾਲ ਖੁੱਲ੍ਹੀਆਂ ਫ਼ਿਜ਼ਾਵਾਂ ਵਿੱਚ ਆਜ਼ਾਦੀ ਮਾਨਣ ਦੇ ਨਾਂ ਤੇ ਆਪਣੀ ਪਸੰਦ ਦੇ ਮੁੰਡੇ ਸਤਿੰਦਰ ਨਾਲ ਵਿਆਹ ਕਰਵਾ ਲਿਆ। ਉਸ ਦਿਨ ਤੋਂ ਰਾਵੀ ਦੀ ਕਿਸਮਤ ਨੇ ਵੱਡੀ ਪਲਟੀ ਖਾਧੀ। ਸਤਿੰਦਰ ਚਾਂਦੀ ਦਾ ਚਮਚਾ ਮੂੰਹ ਵਿਚ ਲੈ ਕੇ ਪੈਦਾ ਹੋਏ ਇਨਸਾਨਾਂ ਵਿੱਚੋਂ ਸੀ ਉਸ ਨੂੰ ਇੱਕ ਗ਼ਰੀਬ ਪਰਿਵਾਰ ਦੀਆਂ ਮਜਬੂਰੀਆਂ ਦਾ ਕੀ ਪਤਾ। ਸਵੇਰ ਤੋਂ ਸ਼ਾਮ ਤੱਕ ਗੱਡੀਆਂ ਵਿੱਚ ਸਫਰ, ਏਅਰ ਕੰਡੀਸ਼ਨ ਕਮਰਿਆਂ ਵਿੱਚ ਬੈਠ ਜ਼ਿੰਦਗੀ ਦੇ ਹਸੀਨ ਪਲਾਂ ਨੂੰ ਮਾਨਣਾ ਹੀ ਉਸ ਦੀ ਅਸਲ ਜ਼ਿੰਦਗੀ ਸੀ। ਪਿਓ ਨੇ ਮੇਵਿਆਂ ਨਾਲ ਪਾਲੇ ਪੁੱਤ ਨੂੰ ਕਦੇ ਤੱਤੀ ਵਾਅ ਦੇ ਬੁੱਲੇ ਦਾ ਸਾਹਮਣਾ ਨਹੀਂ ਸੀ ਕਰਨ ਦਿੱਤਾ ਮਾੜੇ ਕੰਮਾਂ ਤੋਂ ਵਰਜਣਾਂ ਤਾਂ ਦੂਰ ਦੀ ਗੱਲ ਪੁੱਛਣਾ ਵੀ ਮੁਨਾਸਬ ਨਾ ਸਮਝਣਾ। ਸਤਿੰਦਰ ਦੀਆਂ ਆਦਤਾਂ ਨਿੱਤ ਦਿਨ ਕਰੂਪ ਚਿਹਰਾ ਅਖਤਿਆਰ ਕਰਦੀਆਂ ਗਈਆਂ ਸ਼ਰਾਬ ਤੇ ਸ਼ਬਾਬ ਤੋਂ ਲੈ ਕੇ ਕੋਈ ਅਜਿਹਾ ਨਸ਼ਾ ਨਹੀਂ ਸੀ ਜਿਸ ਨੂੰ ਉਸ ਨੇ ਕੀਤਾ ਨਾ ਹੋਵੇ। ਰਾਵੀ ਨੇ ਸ਼ੁਰੂ ਸ਼ੁਰੂ ਵਿੱਚ ਟੋਕਣ ਦੀ ਕੋਸ਼ਿਸ਼ ਕੀਤੀ ਪਰ ਸਭ ਬੇਅਰਥ। ਰਾਵੀ ਦੇ ਵਿਆਹ ਹੋਏ ਨੂੰ ਤਿੰਨ ਕੁ ਸਾਲ ਦਾ ਸਮਾਂ ਬੀਤ ਚੁੱਕਿਆ ਸੀ ਪਰ ਉਸ ਦੀ ਕੁੱਖ ਅਜੇ ਤੱਕ ਹਰੀ ਨਹੀਂ ਸੀ ਹੋਈ। ਇੱਕ ਦਿਨ ਰਾਤ ਨੂੰ ਸਤਿੰਦਰ ਜਦ ਸ਼ਰਾਬ ਨਾਲ ਧੁੱਤ ਹੋ ਕੇ ਘਰ ਪਰਤਿਆ ਤਾਂ ਰਾਵੀ ਦੇ ਮੂੰਹੋਂ ਸਹਿਜ ਸੁਭਾ ਨਿਕਲ ਗਿਆ ਕਿ ਸਤਿੰਦਰ ਆਖਰ ਇਹ ਕਦੋਂ ਤੱਕ ਚੱਲੇਗਾ ਇੰਨਾ ਕਹਿਣ ਦੀ ਦੇਰ ਸੀ ਕਿ ਤਾੜ ਕਰਦਾ ਥੱਪੜ ਉਸ ਦੇ ਮੂੰਹ ਤੇ ਹਥੌੜੇ ਵਾਂਗ ਵੱਜਿਆ ਫਿਰ ਦੂਜਾ ਤੀਜਾ ਤੇ ਚੌਥਾ ਉਹ ਸਾਰੀ ਰਾਤ ਸੌਂ ਨਾ ਸਕੀ, ਹਉਕੇ ਤੇ ਸਿਸ਼ਕੀਆਂ ਭਰਦੀ ਨੇ ਰਾਤ ਗੁਜ਼ਾਰ ਦਿੱਤੀ ਉਹ ਪਹਿਲੀ ਵਾਰ ਇਨ੍ਹਾਂ ਰੋਈ ਸੀ। ਉਸ ਨੇ ਤਾਂ ਸਦਾ ਨੱਚਣ ਕੁੱਦਣ ਅਤੇ ਹੱਸਣ ਖੇਡਣ ਵਾਲੀ ਜ਼ਿੰਦਗੀ ਨੂੰ ਰੱਜ ਕੇ ਮਾਣਿਆ ਸੀ ਮਾਪੇ ਗ਼ਰੀਬ ਜ਼ਰੂਰ ਸਨ ਪਰ ਉਨ੍ਹਾਂ ਨੇ ਇਕਲੌਤੀ ਧੀ ਨੂੰ ਕਦੇ ਵੀ ਨਿਰਾਸ਼ ਨਹੀਂ ਸੀ ਹੋਣ ਦਿੱਤਾ ਪੂਰੇ ਤੇਈ ਵਰ੍ਹੇ ਰਾਵੀ ਦੇ ਮਾਂ ਪਿਓ ਨੇ ਉਸ ਨੂੰ ਇੱਕ ਪੁੱਤਰ ਦੀ ਤਰ੍ਹਾਂ ਪਾਲਿਆ ਅਤੇ ਰਾਵੀ ਨੇ ਵੀ ਉਨ੍ਹਾਂ ਦੀ ਪੈੜ ਦੇ ਵਿੱਚ ਪੈੜ ਧਰਦਿਆਂ ਖੁਸ਼ੀ ਨਾਲ ਰੱਜ ਕੇ ਸੱਧਰਾਂ ਨੂੰ ਮਾਣਿਆ। ਪਤਾ ਹੀ ਨਹੀਂ ਲੱਗਿਆ ਉਸ ਨੇ ਕਦ ਬੀ.ਏ. ਐਮ.ਏ. ਕਰ ਇੱਕ ਪ੍ਰਾਈਵੇਟ ਕਾਲਜ ਵਿੱਚ ਟੀਚਰ ਲਈ ਅਪਲਾਈ ਕਰ ਦਿੱਤਾ ਦਿਨਾਂ ਵਿੱਚ ਹੀ ਉਸ ਦੀ ਚੋਣ ਹੋ ਗਈ ਤੇ ਫਿਰ ਇੱਕ ਦਿਨ ਉੱਥੇ ਹੀ ਉਸੇ ਕਾਲਜ ਦੇ ਮਾਲਕ ਦੇ ਮੁੰਡੇ ਨਾਲ ਉਸ ਨੇ ਆਪਣੀ ਗਰਿਸਥੀ ਜ਼ਿੰਦਗੀ ਦਾ ਸਫਰ ਸ਼ੁਰੂ ਕਰਨ ਦਾ ਵੱਡਾ ਫੈਸਲਾ ਮਾਪਿਆਂ ਦੀ ਆਸ ਦੇ ਉਲਟ ਕਰ ਲਿਆ। ਸ਼ੁਰੂ ਵਿੱਚ ਕਾਫ਼ੀ ਕੁਝ ਠੀਕ ਰਿਹਾ ਪਰ ਹੌਲੀ ਹੌਲੀ ਸਮੇਂ ਨੇ ਆਪਣੇ ਪੰਖ ਖਿਲਾਰਨੇ ਸ਼ੁਰੂ ਕਰ ਦਿੱਤੇ ਤੇ ਅੱਜ ਸਤਿੰਦਰ ਇਕ ਵੱਡੇ ਐਬੀ ਦੇ ਰੂਪ ਵਿੱਚ ਰਾਵੀ ਲਈ ਆਉਣ ਵਾਲਾ ਮਾੜਾ ਭਵਿੱਖ ਬਣ ਕੇ ਸਾਹਮਣੇ ਖੜ੍ਹਾ ਸੀ ਸਤਿੰਦਰ ਦੇ ਮਾਂ ਪਿਓ ਤਾਂ ਜਿਵੇਂ ਉਨ੍ਹਾਂ ਤੋਂ ਪਾਸਾ ਵੱਟ ਕੇ ਆਪਣੀ ਜ਼ਿੰਦਗੀ ਦੀ ਗੱਡੀ ਨੂੰ ਰੇੜ੍ਹ ਰਹੇ ਸਨ। ਰੋਜ਼ ਦੀ ਟੋਕਾ ਟਾਕੀ ਤੇ ਨੋਕ ਝੋਕ ਤੋਂ ਸਥਿਤੀ ਪਨਪਦੀ ਪਨਪਦੀ ਤਲਾਕ ਤੱਕ ਜਾ ਪਹੁੰਚੀ ਉਦੋਂ ਤੱਕ ਰਾਵੀ ਦਾ ਪਿਓ ਧੀ ਦੇ ਵਿਰਾਗ ਵਿੱਚ ਇਸ ਸੰਸਾਰ ਤੋਂ ਜਾ ਚੁੱਕਿਆ ਸੀ। ਹੁਣ ਜਿਵੇ ਰਾਵੀ ਨੇ ਗਮਾਂ ਨਾਲ ਡੂੰਘੀ ਸਾਂਝ ਪਾ ਲਈ ਹੋਵੇ ਸਾਰਾ-ਸਾਰਾ ਦਿਨ ਮਾਂ ਦੀ ਬੁੱਕਲ ਵਿਚ ਸਿਰ ਰੱਖ ਕੇ ਪਿਓ ਨੂੰ ਯਾਦ ਕਰੀ ਜਾਣਾ ਰਾਵੀ ਦੀ ਆਦਤ ਬਣ ਚੁੱਕਿਆ ਸੀ। ਸਮਾਂ ਆਪਣੀ ਚਾਲੇ ਚੱਲਦਾ ਰਿਹਾ ਇਹ ਕਿਸੇ ਦੇ ਰੋਕਿਆਂ ਨਹੀਂ ਰੁਕਦਾ ਫਿਰ ਇੱਕ ਦਿਨ ਐਸਾ ਵੀ ਆਇਆ ਜਦੋਂ ਉਸ ਨੂੰ ਸਤਿੰਦਰ ਦੀ ਮੌਤ ਦੀ ਖਬਰ ਮਿਲੀ ਤੇ ਉਸ ਦੀ ਅੱਖ ਵਿੱਚੋਂ ਹਿੰਝ ਤੱਕ ਨਾ ਡਿੱਗੀ ਜਿਵੇਂ ਉਹ ਪੱਥਰ ਹੋ ਗਈ ਹੋਵੇ ਸ਼ਾਇਦ ਉਸ ਨੂੰ ਪਤਾ ਸੀ ਕਿ ਇਹ ਹੋ ਕੇ ਰਹਿਣਾ ਹੈ। ਅਕਸਰ ਆਖਿਆ ਜਾਂਦੈ ਕਿ ਲੰਬੇ ਹਨੇਰੇ ਤੋਂ ਬਾਅਦ ਚਾਨਣ ਆਪਣੇ ਪੈਰ ਜ਼ਰੂਰ ਪਸਾਰਦਾ ਹੈ। ਰਾਵੀ ਦੀ ਦੂਰ ਦੀ ਮਾਸੀ ਦਾ ਪਰਿਵਾਰ ਕਾਫੀ ਚਿਰ ਤੋਂ ਵਿਦੇਸ਼ ਵਿਚ ਰਹਿੰਦਾ ਸੀ ਉਹ ਦੇਰ ਬਾਅਦ ਮਿਲਣ ਆਏ ਤਾਂ ਉਨ੍ਹਾਂ ਤੋਂ ਘਰ ਦੀ ਹਾਲਤ ਵੇਖੀ ਨਾ ਗਈ ਉਨ੍ਹਾਂ ਨੇ ਲੰਬੀ ਜੱਦੋ ਜਹਿਦ ਤੋਂ ਬਾਅਦ ਰਾਵੀ ਨੂੰ ਆਪਣੇ ਨਾਲ ਵਿਦੇਸ਼ ਜਾਣ ਲਈ ਮਨਾ ਲਿਆ ਤੇ ਉਸ ਦੀ ਮਾਂ ਨੂੰ ਸ਼ਹਿਰ ਰਹਿੰਦੇ ਅਪਣੇ ਬਾਕੀ ਪਰਿਵਾਰ ਕੋਲ ਛੱਡ ਦਿੱਤਾ। ਪੜ੍ਹਨ ਵਿੱਚ ਤੇਜ਼ ਰਾਵੀ ਥੋੜ੍ਹੇ ਸਮੇਂ ਦੇ ਸੰਘਰਸ਼ ਤੋਂ ਬਾਅਦ ਵਿਦੇਸ਼ੀ ਧਰਤੀ ਤੇ ਜਾ ਪਹੁੰਚੀ। ਮਾਂ ਤੋਂ ਦੂਰ ਜਾਣ ਦਾ ਹੇਰਵਾ ਉਸ ਦੇ ਦਿਲ ਦੀ ਸਰਦਲ ਨੂੰ ਜ਼ਰੂਰ ਮੱਲੀ ਬੈਠਾ ਸੀ। ਅੱਜ ਹੋਰ ਤੇ ਕੱਲ ਹੋਰ ਰਾਵੀ ਨੇ ਹਰ ਕੰਮ ਨੂੰ ਰੂਹ ਨਾਲ ਕੀਤਾ ਚੰਗੇ ਪੈਸੇ ਮਿਲ ਜਾਂਦੇ ਸਨ ਤੇ ਮਨ ਉਚਾਟ ਨਾ ਹੁੰਦਾ। ਲੱਗਦਾ ਸੀ ਰਾਵੀ ਦੀ ਜ਼ਿੰਦਗੀ ਵਿੱਚ ਖੁਸ਼ੀ ਨੇ ਦੁਬਾਰਾ ਆ ਦਸਤਕ ਦਿੱਤੀ ਸੀ। ਰਿਸ਼ਤੇਦਾਰਾਂ ਨੇ ਛੇਤੀ ਹੀ ਪੇਪਰ ਤੇ ਪੈਸਾ ਭਰ ਕੇ ਉਸ ਨੂੰ ਇੱਥੇ ਹੀ ਸੈੱਟ ਕਰਨ ਦਾ ਮਨ ਬਣਾ ਲਿਆ। ਵਰ੍ਹੇ ਦਿਨਾਂ ਵਾਂਗ ਲੰਘੇ ਸਨ ਸੂਰਜ ਚੜ੍ਹ ਕੇ ਛਿਪਦਾ ਰਿਹਾ ਰਾਵੀ ਕਿੰਨਾ-ਕਿੰਨਾ ਚਿਰ ਮਾਂ ਨਾਲ ਫੋਨ ਤੇ ਦੁੱਖ ਸੁੱਖ ਸਾਂਝਾ ਕਰਦੀ ਰਹਿੰਦੀ ਮਾਂ ਵੀ ਖੁਸ਼ ਸੀ ਕਿ ਚਲੋ ਉਸ ਦੀ ਧੀ ਦੇ ਚਿਹਰੇ ਤੇ ਚਿਰਾਂ ਬਾਅਦ ਮੁਸਕਾਨ ਦੀ ਕਿਰਨ ਨੇ ਫੇਰਾ ਪਾਇਆ ਹੈ। ਹੁਣ ਇੱਕ ਵਾਰ ਫਿਰ ਰਾਵੀ ਦੇ ਹੱਥ ਪੀਲੇ ਕਰਨ ਦੀ ਗੱਲ ਚੱਲੀ ਉਸ ਦੇ ਜੀਵਨ ਵਿੱਚ ਇਹ ਦੂਜਾ ਮੌਕਾ ਸੀ ਉਹ ਬੜਾ ਸੋਚ ਸਮਝ ਕੇ ਪੈਰ ਪੁੱਟ ਰਹੀ ਸੀ। ਇਨ੍ਹਾਂ ਗੱਲਾਂ ਬਾਤਾਂ ਦੇ ਚੱਲਦਿਆਂ ਹੀ ਉਸ ਨੇ ਦੋ ਮਹੀਨੇ ਲਈ ਵਤਨੀਂ ਫੇਰਾ ਪਾਉਣ ਦੀ ਸੋਚੀ ਵਤਨ ਦਾ ਨਾਮ ਸਾਹਮਣੇ ਆਉਂਦਿਆਂ ਹੀ ਉਸਨੂੰ ਝਰਨਾਹਟ ਮਹਿਸੂਸ ਹੋਣ ਲੱਗਦੀ ਜਿਵੇਂ ਹੁਣ ਫਿਰ ਉਹ ਕਿਸੇ ਪਿੰਜਰੇ ਵਿੱਚ ਕੈਦ ਹੋਣ ਜਾ ਰਹੀ ਹੋਵੇ। ਜੱਕਾਂ ਤੱਕਾਂ ਕਰਦਿਆਂ ਪਤਾ ਹੀ ਨਾ ਲੱਗਿਆ ਕਦੋਂ ਉਸ ਨੇ ਪੈਰ ਆਪਣੀ ਧਰਤੀ ਤੇ ਆ ਪਾਏ। ਰਿਸ਼ਤੇਦਾਰਾਂ ਨੂੰ ਪਹਿਲਾਂ ਤੋਂ ਆਖ ਦਿੱਤਾ ਸੀ ਉਸ ਦੇ ਰਿਸ਼ਤੇ ਦੀ ਗੱਲ ਚੱਲੀ ਤਾਂ ਇੱਕ ਦੂਰ ਦੇ ਸਨੇਹੀ ਨੇ ਰਾਵੀ ਲਈ ਮੁੰਡੇ ਦੀ ਦੱਸ ਪਾਈ ਭਾਵੇਂ ਉਸ ਲਈ ਅਜੇ ਵੀ ਵਿਦੇਸ਼ ਵਿੱਚ ਹੋਣ ਕਾਰਨ ਮੁੰਡੇ ਵਾਲੇ ਲੱਖਾਂ ਰੁਪਏ ਚੁੱਕੀ ਫਿਰਦੇ ਸਨ। ਰਾਵੀ ਜਿਵੇਂ ਹੁਣ ਇਸ ਕਹਾਣੀ ਨੂੰ ਸਮਝੀ ਬੈਠੀ ਸੀ ਕਿ ਇਹ ਸਿਰਫ਼ ਬਾਹਰਲੀ ਦੁਨੀਆਂ ਦੇ ਮੁਰੀਦ ਨੇ। ਦਿਨਾਂ ਵਿੱਚ ਹੀ ਉਸ ਦੀ ਜ਼ਿੰਦਗੀ ਦੇ ਹਮਸਫ਼ਰ ਦੀ ਚੋਣ ਹੋ ਗਈ ਜੋ ਇੱਕ ਸਰਦੇ ਪੁਰਦੇ ਘਰ ਦਾ ਸਾਊ ਮੁੰਡਾ ਸੀ। ਦੋ ਮਹੀਨੇ ਹਵਾ ਦੇ ਝੌਂਕੇ ਵਾਂਗ ਬੀਤ ਗਏ ਰਾਵੀ ਦੀ ਵਿਆਹੁਤਾ ਜ਼ਿੰਦਗੀ ਨੇ ਅੰਗੜਾਈ ਭਰੀ ਪਿਛਲੇ ਗਮਾਂ ਨੂੰ ਭੁੱਲਣ ਦਾ ਯਤਨ ਕੀਤਾ ਨਵੀਆਂ ਖੁਸ਼ੀਆਂ ਉਸ ਦੇ ਵਿਹੜੇ ਦਾ ਸ਼ਿੰਗਾਰ ਬਣ-ਬਣ ਕੇ ਵਾਵਰੋਲਿਆਂ ਸੰਗ ਉੱਡਦੀਆਂ ਰਹੀਆਂ। ਸਾਲ ਕੁ ਭਰ ਮਗਰੋਂ ਉਸ ਨੇ ਆਪਣੇ



ਨਾਲ ਉਮਰ ਭਰ ਦਾ ਸਾਥ ਨਿਭਾਉਣ ਦਾ ਵਾਅਦਾ ਕਰਨ ਵਾਲੇ ਰਾਜਬੀਰ ਨੂੰ ਪੇਪਰ ਭਰ ਪੱਕੇ ਤੌਰ ਤੇ ਆਪਣੇ ਕੋਲ ਬੁਲਾ ਲਿਆ। ਰਾਵੀ ਦਾ ਮਾਂ ਨਾਲ ਰਾਬਤਾ ਲਗਾਤਾਰ ਬਣਿਆ ਰਹਿੰਦਾ ਸੀ। ਜਿਵੇਂ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਰਾਜਬੀਰ ਨੇ ਛੇ ਮਹੀਨਿਆਂ ਬਾਅਦ ਹੀ ਸਾਊਪੁਣੇ ਦਾ ਮੁਖੌਟਾ ਲਾਹ ਕੇ ਆਪਣੀ ਅਸਲੀ ਔਕਾਤ ਦੇ ਦਰਸ਼ਨ ਕਰਵਾਉਣੇ ਸ਼ੁਰੂ ਕਰ ਦਿਤੇ ਉਸ ਨੇ ਗੱਲਾਂ ਗੱਲਾਂ ਵਿੱਚ ਆਪਣੇ ਮਗਰਲੇ ਪਰਿਵਾਰ ਦੀ ਕਬੀਲਦਾਰੀ ਦੇ ਕਿੱਸਿਆਂ ਨੂੰ ਰਾਵੀ ਦੇ ਕੰਨਾਂ ਤੱਕ ਪੁੱਜਦਾ ਕਰ ਇੱਕ ਦਿਨ ਉਸ ਦੇ ਅੱਗੇ ਪੱਚੀ ਲੱਖ ਦੀ ਮੰਗ ਰੱਖ ਦਿੱਤੀ ਕਿ ਮੇਰੇ ਮਾਪਿਆਂ ਨੇ ਮੇਰੀ ਭੈਣ ਦਾ ਵਿਆਹ ਕਰਨੈ ਰਾਵੀ ਨੇ ਬਥੇਰੇ ਵਾਸਤੇ ਪਾਏ ਕਿ ਉਸ ਨੇ ਪਹਿਲਾਂ ਹੀ ਉਨ੍ਹਾਂ ਦੇ ਵਿਆਹ ਤੇ ਆਏ ਸਾਰੇ ਖਰਚੇ ਨੂੰ ਚੁੱਕਿਆ ਹੈ ਹੁਣ ਏਡੀ ਵੱਡੀ ਰਕਮ ਦਾ ਪ੍ਰਬੰਧ ਕਿੱਥੋਂ ਕਰਾਂ। ਮਹੀਨਾ ਭਰ ਉਨ੍ਹਾਂ ਵਿੱਚ ਤਕਰਾਰ ਹੁੰਦਾ ਰਿਹਾ ਇਨ੍ਹਾਂ ਦਿਨਾਂ ਵਿੱਚ ਕਈ ਵਾਰ ਰਾਜਬੀਰ ਨੇ ਰਾਵੀ ਨੂੰ ਕੁੱਟਮਾਰ ਕਰਦਿਆਂ ਬਹੁਤ ਕੁੱਝ ਅਜਿਹਾ ਵੀ ਬੋਲ ਦਿੱਤਾ ਜੋ ਉਸ ਦੇ ਬਰਦਾਸ਼ਤ ਤੋਂ ਬਾਹਰ ਸੀ। ਇਧਰ ਰਾਵੀ ਦੀ ਮਾਂ ਇਹ ਸਭ ਕੁਝ ਤੋਂ ਬੇਖ਼ਬਰ ਕਿਸੇ ਅਨੋਖੀ ਖੁਸ਼ੀ ਦੀ ਉਡੀਕ ਵਿੱਚ ਫੁੱਲੀ ਨਹੀਂ ਸੀ ਸਮਾਉਂਦੀ। ਇੱਕ ਦਿਨ ਸੂਰਜ ਦੇ ਛਿਪਾਅ ਨਾਲ ਰਾਜਬੀਰ ਇੱਕਦਮ ਘਰ ਪਰਤਿਆ ਰਾਵੀ ਵੀ ਅਜੇ ਕੁਝ ਸਮਾਂ ਪਹਿਲਾਂ ਹੀ ਕੰਮ ਤੋਂ ਆਈ ਸੀ ਉਸ ਨੇ ਆਉਂਦਿਆਂ ਹੀ ਇੱਕ ਕਾਗਜ਼ ਦਾ ਟੁਕੜਾ ਰਾਵੀ ਦੇ ਹੱਥ ਤੇ ਧਰ ਦਿੱਤਾ ਇਹ ਟੁਕੜਾ ਮਹਿਜ਼ ਇਕ ਕਾਗਜ਼ ਨਹੀਂ ਸੀ ਜਿਵੇਂ ਉਹ ਕੋਈ ਮਘਦਾ ਕੋਲਾ ਸੀ ਕੋਈ ਤਿੱਖੀ ਛੁਰੀ ਸੀ ਜੋ ਰਾਵੀ ਦੇ ਸੀਨੇ ਦੇ ਆਰ ਪਾਰ ਹੋ ਗਈ ਸੀ ਪਲ ਦੀ ਪਲ ਰਾਵੀ ਨੂੰ ਇੰਝ ਲੱਗਿਆ ਕਿ ਉਸ ਨੂੰ ਜਿਵੇ ਰਾਜਵੀਰ ਨੇ ਗਮਾਂ ਦੇ ਭਰੇ ਸਮੁੰਦਰ ਵਿੱਚ ਧੱਕ ਦਿੱਤਾ ਹੋਵੇ ਤੇ ਗਮ ਉਸ ਦੀ ਜਾਨ ਨੂੰ ਕੀੜਿਆਂ ਦੀ ਤਰ੍ਹਾਂ ਨੋਚ ਰਹੇ ਹੋਣ ਉਹ ਤਿਲਮਿਲਾ ਉੱਠੀ ਸੀ ਜਦ ਰਾਜਵੀਰ ਨੇ ਉਸ ਨੂੰ ਨਾਲ ਦੀ ਨਾਲ ਇਹ ਫ਼ੁਰਮਾਨ ਸੁਣਾ ਦਿੱਤਾ ਕਿ ਜਾਂ ਤਾਂ ਪੱਚੀ ਲੱਖ ਦਾ ਪ੍ਰਬੰਧ ਕਰ ਲੈ ਜਾਂ ਇਨ੍ਹਾਂ ਤਲਾਕ ਦੇ ਪੇਪਰਾਂ ਤੇ ਦਸਤਖਤ ਕਰਦੇ ਮੈਨੂੰ ਪਿੰਡੋਂ ਮਾਂ ਦਾ ਸੁਨੇਹਾ ਆਇਐ ਕਿ ਲਾਗ ਦੇ ਪਿੰਡੋਂ ਕਿਸੇ ਕੁੜੀ ਨੇ ਵਿਆਹ ਕਰਵਾ ਕੇ ਇੱਧਰ ਆਉਣੈ ਤੇ ਉਹ ਤੀਹ ਲੱਖ ਦਿੰਦੇ ਨੇ। ਰਾਵੀ ਲਈ ਸਮਾਂ ਜਿਵੇਂ ਰੁਕ ਗਿਆ ਸੀ ਕੁਝ ਮਹੀਨਿਆਂ ਦੀ ਖੁਸ਼ੀ ਉਸ ਤੇ ਕੜਕਦੀ ਬਿਜਲੀ ਬਣ ਕੇ ਡਿੱਗੀ ਸੀ ਰੱਬ ਨੂੰ ਕੋਸਦਿਆਂ ਉਸ ਨੇ ਅੱਖਾਂ ਵਿਚਲਾ ਨੀਰ ਨਦੀ ਦੇ ਪਾਣੀ ਵਾਂਗ ਵਹਾਇਆ। ਪਲ ਦੀ ਪਲ ਉਸਨੂੰ ਲੱਗਿਆ ਸ਼ਾਇਦ ਉਸ ਨੇ ਆਪਣੀ ਮਾਂ ਦੀ ਕੁੱਖ ਵਿਚੋਂ ਜਨਮ ਲੈ ਕੇ ਗੁਨਾਹ ਕੀਤਾ ਹੈ ਹੁਣ ਉਸ ਨੂੰ ਇਸ ਦੁਨੀਆ ਤੇ ਰਹਿਣ ਦਾ ਕੋਈ ਹੱਕ ਨਹੀਂ ਇਹ ਦੁਨੀਆਂ ਉਸ ਦੀ ਨਾ ਬਣ ਸਕੀ ਉਹ ਹੁਣ ਬੋਝ ਸੀ ਇਸ ਧਰਤੀ ਤੇ। ਕਿੰਝ ਉਸ ਨੇ ਰਾਜਵੀਰ ਲਈ ਪਰਮਾਤਮਾ ਅੱਗੇ ਅਰਜੋਈ ਕਰ ਕੀ ਕੁਝ ਨਹੀਂ ਸੀ ਮੰਗਿਆ ਉਹ ਤਾਂ ਉਸ ਦੇ ਰਹਿਮੋ ਕਰਮ ਤੇ ਹੀ ਇੱਥੇ ਪਹੁੰਚੇਆ ਸੀ ਪਰ ਹੁਣ ਆਖਰ ਹੋ ਚੁੱਕੀ ਸੀ। ਰਾਵੀ ਨੇ ਸੋਚਿਆ ਕੇਸ ਕਰਦਿਆਂ ਜਾਂ ਪੁਲਿਸ ਨੂੰ ਬੁਲਾਵਾਂ, ਪਰ ਇਹ ਸਭ ਕੁਝ ਲਈ ਉਹ ਅੰਦਰੋਂ ਬੇਹੱਦ ਕਮਜ਼ੋਰ ਤੇ ਟੁੱਟ ਚੁੱਕੀ ਸੀ ਉਸ ਦਾ ਹੌਸਲਾ ਨਾ ਪਿਆ। ਰਾਵੀ ਦੇ ਮਨ ਵਿੱਚ ਧੁਰ ਅੰਦਰ ਤੱਕ ਰਾਜਵੀਰ ਲਈ ਐਸੀ ਨਫ਼ਰਤ ਪੈਦਾ ਹੋਈ ਕਿ ਅੱਧੀ ਰਾਤ ਬੀਤਣ ਨੂੰ ਚੱਲੀ ਸੀ ਪਰ ਉਸ ਦੇ ਮਨ ਵਿੱਚ ਚੱਲ ਰਿਹਾ ਯੁੱਧ ਖ਼ਤਮ ਨਹੀਂ ਸੀ ਹੋ ਰਿਹਾ। ਅੰਤ ਉਸ ਨੇ ਹੌਸਲਾਂ ਕਰ ਮੇਜ਼ ਤੇ ਪਏ ਤਲਾਕ ਦੇ ਪੇਪਰਾਂ ਵੱਲ ਹੱਥ ਵਧਾਏ ਉਸ ਦੇ ਸੀਨੇ ਅੰਦਰੋਂ ਇੱਕ ਚੀਸ ਉੱਠੀ ਤੇ ਗੁੱਸੇ ਦੇ ਜਵਾਰ ਭਾਟੇ ਨੇ ਦਸਤਕਾਂ ਰਾਹੀਂ ਆਪਣੇ ਮਨ ਦੇ ਵਲਵਲਿਆਂ ਨੂੰ ਉਜਾਗਰ ਕੀਤਾ ਕਿ ਹੁਣ ਮੈਂ ਤੇਰੀ ਬਣ ਕੇ ਲੈਣਾ ਵੀ ਕੀ ਹੈ, ਜਾਹ ਵੇ ਚੰਦਰਿਆ, ਤੈਨੂੰ ਕਿਸੇ ਜਨਮ ਢੋਈ ਨਾ ਮਿਲੇ ਕਹਿੰਦਿਆਂ ਸਾਰ ਉਸ ਦੀਆਂ ਅੱਖਾਂ ਵਿੱਚੋਂ ਗੁੱਸੇ ਅਤੇ ਰੋਸ ਦੇ ਅੱਥਰੂ ਤ੍ਰਿਪ ਤ੍ਰਿਪ ਵਗਣ ਲੱਗੇ, ਇੰਨਾ ਆਖ ਉਸ ਨੇ ਗਲ ਪਾਈ ਚੁੰਨੀ ਨੂੰ ਸਿਰ ਤੇ ਲੈਂਦਿਆਂ ਇਕੱਲੇ ਹੀ ਆਪਣੇ ਵਰਗੀਆਂ ਹੋਰ ਦੁਖੀ ਲੜਕੀਆਂ ਅਤੇ ਦੀਨ ਦੁਖੀਆਂ ਦੀ ਸੇਵਾ ਲਈ ਸਿਦਕ ਅਤੇ ਸਿਰੜ ਨਾਲ ਜ਼ਿੰਦਗੀ ਜਿਊਣ ਦਾ ਰਸਤਾ ਚੁਣ ਲਿਆ ਉਸਨੂੰ ਲੱਗਿਆ ਜਿਵੇਂ ਹੁਣ ਉਸ ਦੀ ਜ਼ਿੰਦਗੀ ਦੇ ਗੁਆਚੇ ਪਲ ਅਤੇ ਬਾਪੂ ਦੀਆਂ ਕਹੀਆਂ ਗੱਲਾਂ ਦੀ ਪਰਵਾਜ਼ ਇੰਨੀ ਲੰਬੀ ਹੋ ਗਈ ਹੋਵੇ ਕਿ ਉਨ੍ਹਾਂ ਦੀ ਉਡੀਕ ਕਰਨੀ ਮੁਸ਼ਕਿਲ ਸੀ। -੦-






# ਪਾਠਕਾਂ ਦਾ ਨਜ਼ਰੀਆ

## ਲੋਕ ਆਵਾਜ਼ ਦਬਾਉਣ ਦੇ ਯਤਨ

ਦੇਸ਼ ਪੱਧਰ ਉੱਤੇ ਵੱਖਰੇ ਵਿਚਾਰਾਂ ਵਾਲੇ ਬੁੱਧੀਜੀਵੀਆਂ, ਘੱਟਗਿਣਤੀਆਂ, ਦਲਿਤਾਂ ਅਤੇ ਪੰਜਾਬ ਵਿਚ ਖਾਲਿਸਤਾਨ ਦੇ ਸਮਰਥਕ ਹੋਣ ਦੇ ਨਾਮ ਉੱਤੇ ਗ੍ਰਿਫ਼ਤਾਰੀਆਂ ਨਾਲ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ-2019 ਉੱਤੇ ਬਹਿਸ ਮੁੜ ਤੇਜ਼ ਹੋ ਗਈ ਹੈ। ਦੇਸ਼ ਦੀ ਸੁਰੱਖਿਆ ਅਤੇ ਦਹਿਸ਼ਤਵਾਦ ਦਾ ਮੁਕਾਬਲਾ ਕਰਨ ਦੇ ਨਾਮ ਉੱਤੇ ਬਣਾਏ ਬਹੁਤ ਸਾਰੇ ਕਾਨੂੰਨਾਂ ਨੇ ਦਹਿਸ਼ਤਵਾਦ ਰੋਕਣ ਵਿਚ ਨਿਭਾਈ ਭੂਮਿਕਾ ਤਾਂ ਸ਼ੱਕ ਦੇ ਘੇਰੇ ਵਿਚ ਹੈ ਪਰ ਦਲਿਤਾਂ, ਘੱਟਗਿਣਤੀਆਂ ਅਤੇ ਰਾਜਸੀ ਵਿਰੋਧੀਆਂ ਦੀ ਜ਼ੁਬਾਨ ਬੰਦ ਕਰਵਾਉਣ ਲਈ ਇਨ੍ਹਾਂ ਦੀ ਵਰਤੋਂ ਕਰ ਕੇ ਇਹ ਕਾਲੇ ਕਾਨੂੰਨਾਂ ਵਜੋਂ ਯਾਦ ਕੀਤੇ ਜਾ ਰਹੇ ਹਨ।

ਗੈਰ ਕਾਨੂੰਨੀ ਗਤੀਵਿਧੀਆਂ ਰੋਕਥਾਮ ਕਾਨੂੰਨ (ਯੂਏਪੀਏ) 1967 ਵਿਚ ਬਣਾਇਆ ਗਿਆ ਅਤੇ ਇਸ ਵਿਚ 2004, 2008, ਅਤੇ 2012 ਵਿਚ ਸੋਧਾਂ ਕੀਤੀਆਂ ਗਈਆਂ। ਇਸ ਦੌਰਾਨ ਹੀ ਟਾਡਾ ਤੇ ਪੋਟਾ ਵਰਗੇ ਕਾਲੇ ਕਾਨੂੰਨ ਬਣਾਏ ਅਤੇ ਇਨ੍ਹਾਂ ਦੀ ਵਰਤੋਂ ਵੀ ਜ਼ਿਆਦਾਤਰ ਦਲਿਤਾਂ, ਕਬਾਇਲੀਆਂ, ਘੱਟਗਿਣਤੀਆਂ ਅਤੇ ਸਿਆਸੀ ਵਿਰੋਧੀਆਂ ਖਿਲਾਫ਼ ਕੀਤੀ ਗਈ। ਇਨ੍ਹਾਂ ਦੀ ਦੁਰਵਰਤੋਂ ਖ਼ਿਲਾਫ਼ ਉੱਠੀ ਆਵਾਜ਼ ਕਾਰਨ ਇਹ ਵਾਪਸ ਲੈਣੇ ਪਏ ਅਤੇ 2004 ਵਿਚ ਪੋਟਾ ਖਤਮ ਕਰ ਦਿੱਤਾ ਪਰ ਉਸ ਦੀਆਂ ਕਈ ਧਾਰਾਵਾਂ ਪਹਿਲਾਂ ਹੀ ਯੂਏਪੀਏ ਵਿਚ ਸ਼ਾਮਿਲ ਕਰ ਦਿੱਤੀਆਂ। ਗੈਰ ਕਾਨੂੰਨੀ ਗਤੀਵਿਧੀਆਂ ਰੋਕਥਾਮ (ਸੋਧ) ਕਾਨੂੰਨ-2019 ਨੇ ਤਾਂ ਹੱਦ ਹੀ ਪਾਰ ਕਰ ਦਿੱਤੀ। ਸੰਸਦ ਵਿਚ ਹੋਈ ਬਹਿਸ ਦੌਰਾਨ ਅਤੇ ਬਾਹਰ ਵੀ ਇਸ ਉੱਤੇ ਗੰਭੀਰ ਸੁਆਲ ਉਠਾਏ ਗਏ। ਨਵੰਬਰ 2008 ਵਿਚ ਹੋਏ ਮੁੰਬਈ ਦਹਿਸ਼ਤਵਾਦੀ ਹਮਲੇ ਤੋਂ ਪਿੱਛੋਂ ਬਣਾਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨਆਈਏ) ਸਮੇਂ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਵਿਚ ਹੋਰ ਸਖ਼ਤ ਧਾਰਾਂਵਾਂ ਜੋੜ ਦਿੱਤੀਆਂ। 2019 ਵਿਚ ਸੋਧੇ ਮੌਜੂਦਾ ਕਾਨੂੰਨ ਨੂੰ ਪਾਰਲੀਮੈਂਟ ਵਿਚ ਹੋਈ ਬਹਿਸ ਦੌਰਾਨ ਪੁਲੀਸ ਰਾਜ ਲਾਗੂ ਕਰਨ ਦੇ ਤੁੱਲ ਕਰਾਰ ਦਿੱਤਾ ਗਿਆ। ਇਸ ਕਾਨੂੰਨ ਮੁਤਾਬਿਕ ਹੁਣ ਜਥੇਬੰਦੀ ਦੇ ਨਾਲ ਨਾਲ ਦਹਿਸ਼ਤਵਾਦੀ ਜਥੇਬੰਦੀ ਦਾ ਮੈਂਬਰ ਨਾ ਹੋਣ ਦੀ ਸੂਰਤ ਵਿਚ ਵੀ ਕਿਸੇ ਇਕੱਲੇ ਵਿਅਕਤੀ ਨੂੰ ਨਿਆਂਇਕ ਪ੍ਰਕਿਰਿਆ ਵਿਚੋਂ ਗੁਜ਼ਰੇ ਬਿਨਾਂ ਹੀ ਦਹਿਸ਼ਤਗਰਦ ਐਲਾਨਿਆ ਜਾ ਸਕਦਾ ਹੈ। ਦਹਿਸ਼ਤਗਰਦ ਐਲਾਨੇ ਕਿਸੇ ਵਿਅਕਤੀ ਨੂੰ ਕਿਸੇ ਵੀ ਮਕਸਦ ਲਈ ਫੰਡ ਦੇਣ, ਠਾਹਰ ਜਾਂ ਦਹਿਸ਼ਤਗਰਦ ਐਲਾਨੀ ਜਥੇਬੰਦੀ ਦੀ ਮੀਟਿੰਗ ਵਿਚ ਭਾਗ ਲੈਣ ਜਾਂ ਕਿਸੇ ਵੀ ਹੋਰ ਤਰ੍ਹਾਂ ਸਹਾਇਤਾ ਕਰਨ ਵਾਲੇ ਨੂੰ ਵੀ ਇਸ ਕਾਨੂੰਨ ਦੀ ਜੱਦ ਵਿਚ ਲਿਆਂਦਾ ਜਾ ਸਕਦਾ ਹੈ।

ਐੱਨਆਈਏ ਨੂੰ ਫ਼ੌਜਦਾਰੀ ਮੁਕੱਦਮੇ ਵਿਚ ਦੋਸ਼ੀ ਸਾਬਤ ਹੋਣ ਤੋਂ ਬਿਨਾਂ ਹੀ ਕੇਵਲ ਸ਼ੱਕ ਦੇ ਆਧਾਰ ਉੱਤੇ ਸਬੰਧਤ ਵਿਅਕਤੀ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਦੇਣ ਦਾ ਅਧਿਕਾਰ ਮਿਲ ਗਿਆ ਹੈ। ਇਸ ਕਾਨੂੰਨ ਦੀ ਧਾਰਾ 43 ਤਹਿਤ ਐੱਨਆਈਏ ਦਾ ਇੰਸਪੈਕਟਰ ਜਾਂ ਇਸ ਤੋਂ ਉੱਪਰ ਦਾ ਅਧਿਕਾਰੀ ਜਾਂਚ ਕਰਨ ਦੀ ਤਾਕਤ ਰੱਖਦਾ ਹੈ। ਇਸ ਤੋਂ ਪਹਿਲਾਂ ਨਿਆਇਕ ਪ੍ਰਕਿਰਿਆ ਮੁਕੰਮਲ ਹੋ ਕੇ ਸਜ਼ਾ ਹੋਣ ਤੱਕ ਕਿਸੇ ਵੀ ਮੁਲਜ਼ਮ ਨੂੰ ਦੋਸ਼ੀ ਨਹੀਂ ਮੰਨਿਆ ਜਾਂਦਾ ਸੀ ਪਰ ਹੁਣ ਉਸ ਨੂੰ ਦੋਸ਼ੀ ਮੰਨਿਆ ਜਾ ਸਕਦਾ ਹੈ ਅਤੇ ਇਹ ਸਬੰਧਤ ਵਿਅਕਤੀ ਦੀ ਜ਼ਿੰਮੇਵਾਰੀ ਹੈ ਕਿ ਉਹ ਖੁਦ ਨੂੰ ਨਿਰਦੋਸ਼ ਸਾਬਤ ਕਰੇ। ਪੁਲੀਸ ਰਿਮਾਂਡ ਆਮ ਕਾਨੂੰਨਾਂ ਵਿਚ 14 ਦਿਨ ਅਤੇ ਇਸ ਕਾਨੂੰਨ ਤਹਿਤ 30 ਦਿਨ ਤੱਕ ਦਿੱਤਾ ਜਾ ਸਕਦਾ ਹੈ। ਹੋਰਾਂ ਅਪਰਾਧਿਕ ਮਾਮਲਿਆਂ ਵਿਚ ਚਾਲਾਨ ਪੇਸ਼ ਕਰਨ ਦਾ 90 ਦਿਨਾ ਦਾ ਸਮਾਂ ਹੈ ਪਰ ਯੂਏਪੀਏ ਤਹਿਤ 180 ਦਿਨ ਦਾ ਸਮਾਂ ਦਿੱਤਾ ਗਿਆ ਹੈ। ਹੁਣ ਅਪਰਾਧ ਦਾ ਦਾਇਰਾ ਸੋਚਣ, ਕਿਤਾਬਾਂ, ਪੈਂਫਲਟ ਪੜ੍ਹ ਕੇ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਵਾਲੀ ਸੋਚ ਨੂੰ ਪ੍ਰਭਾਵਿਤ ਕਰਨ ਤੱਕ ਵਧਾ ਦਿੱਤਾ ਹੈ। ਦਹਿਸ਼ਤਗਰਦ ਐਲਾਨਣ ਦਾ ਕੋਈ ਠੋਸ ਮਾਪਦੰਡ ਨਹੀਂ ਹੈ ਅਤੇ ਪੁਲੀਸ ਨੂੰ ਮਨਮਰਜ਼ੀ ਦੇ ਅਧਿਕਾਰ ਦੇ ਦਿੱਤੇ ਹਨ। ਕਿਸੇ ਦੇ ਘਰੋਂ ਕਮਿਊਨਿਸਟ ਵਿਚਾਰਧਾਰਾ, ਖਾਲਿਸਤਾਨੀ ਵਿਚਾਰਧਾਰਾ ਜਾਂ ਅੰਦੋਲਨ ਅਤੇ ਹੋਰ ਅਜਿਹੇ ਵਿਚਾਰਾਂ ਨਾਲ ਸਬੰਧਤ ਸਾਹਿਤ ਮਿਲ ਜਾਵੇ ਤਾਂ ਵੀ ਵਿਅਕਤੀ ਨੂੰ ਦਹਿਸ਼ਤਗਰਦਾਂ ਦੀ ਕਤਾਰ ਵਿਚ ਖੜ੍ਹਾ ਕੀਤਾ ਜਾ ਸਕਦਾ ਹੈ; ਭਾਵ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਚਾਰਜ ਸਾਬਤ ਕੀਤੇ ਬਿਨਾਂ ਮਹੀਨਿਆਂ ਬੱਧੀ ਜੇਲ੍ਹ ਵਿਚ ਰਹਿਣ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਹੋਰਾਂ ਕਾਨੂੰਨਾਂ ਦੀ ਦਿਸ਼ਾ ਵਿਚ ਹੀ ਇਹ ਕਾਨੂੰਨ ਫੈਡਰਲਿਜ਼ਮ ਤਹਿਤ ਰਾਜਾਂ ਨੂੰ ਮਿਲੇ ਅਧਿਕਾਰਾਂ ਉੱਤੇ ਹਮਲਾ ਹੈ। ਕਾਨੂੰਨ ਵਿਵਸਥਾ ਰਾਜਾਂ ਦਾ ਵਿਸ਼ਾ ਹੈ ਪਰ ਯੂਏਪੀਏ 2019 ਅਨੁਸਾਰ ਮਨੁੱਖੀ ਤਸਕਰੀ, ਜਾਅਲੀ ਕਰੰਸੀ, ਸਾਈਬਰ ਕ੍ਰਾਈਮ ਅਤੇ ਵਿਸਫੋਟਕ ਪਦਾਰਥ ਕਾਨੂੰਨ 1908 ਅਧੀਨ ਹੋਣ ਵਾਲੇ ਅਪਰਾਧਾਂ ਦੇ ਮੁੱਦੇ ਉੱਤੇ ਐੱਨਆਈਏ ਜਾਂਚ ਕਰੇਗੀ। 2013 ਵਿਚ ਛਤੀਸਗੜ੍ਹ ਵਿਚ ਮਾਓਵਾਦੀਆਂ ਦੇ ਹਮਲੇ ਵਿਚ ਮਰੇ ਕਾਂਗਰਸੀ ਆਗੂਆਂ ਅਤੇ ਹੋਰਾਂ ਦੇ ਕੇਸ ਦੀ ਹੁਣ ਤੱਕ ਸੂਬਾਈ ਪੁਲੀਸ ਵੱਲੋਂ ਕੀਤੀ ਜਾਂਚ ਬਾਰੇ ਐੱਨਆਈਏ ਨੇ ਸੂਬਾ ਸਰਕਾਰ ਨੂੰ ਜਾਂਚ ਬੰਦ ਕਰਨ ਲਈ ਚਿੱਠੀ ਲਿਖ ਦਿੱਤੀ ਹੈ। ਕਿਸੇ ਵਿਅਕਤੀ ਨੂੰ ਦਹਿਸ਼ਤਗਰਦ ਹੋਣ ਤੋਂ ਬਾਹਰ ਕਰਨ ਵਾਸਤੇ ਡੀਨੋਟੀਫਾਈ ਕਰਨ ਲਈ ਰਿਵਿਊ ਕਮੇਟੀ ਬਣਾਉਣ ਦਾ ਅਧਿਕਾਰ ਵੀ ਕੇਂਦਰ ਸਰਕਾਰ ਕੋਲ ਹੈ; ਭਾਵ ਨਿਆਇਕ ਮੁੜ ਪੜਚੋਲ ਨੂੰ ਵੀ ਦਰਕਿਨਾਰ ਕਰ ਦਿੱਤਾ ਗਿਆ ਹੈ।

ਅਸਲ ਵਿਚ ਅਜੋਕੀ ਸੱਤਾਧਾਰੀ ਸਿਆਸੀ ਜਮਾਤ ਨੇ ਅਜਿਹਾ ਮਾਹੌਲ ਸਿਰਜ ਦਿੱਤਾ ਹੈ ਕਿ ਯੂਏਪੀਏ ਦਾ ਵਿਰੋਧ ਕਰਨ ਵਾਲੇ ਦਹਿਸ਼ਤਵਾਦ ਦੇ ਨਾਲ ਹਨ ਅਤੇ ਦੇਸ਼ ਧਰੋਹੀ ਹਨ। ਅਜਿਹੇ ਇਲਜ਼ਾਮਾਂ ਦਾ ਧੜੱਲੇ ਨਾਲ ਮੁਕਾਬਲਾ ਕਰਨ ਦੇ ਬਜਾਇ ਦੇਸ਼ ਧਰੋਹੀ ਦਾ ਠੱਪਾ ਲੱਗਣ ਦਾ ਡਰ ਪਾਰਲੀਮੈਂਟ ਵਿਚ ਇਸ ਕਾਨੂੰਨ ਉੱਤੇ ਬਹਿਸ ਅਤੇ ਵੋਟਿੰਗ ਸਮੇਂ ਦਿਖਾਈ ਦਿੱਤਾ। ਇਸੇ ਕਰ ਕੇ ਸੱਤਾਧਾਰੀ ਪਾਰਟੀ ਦੇ ਰਾਜ ਸਭਾ ਵਿਚ ਘੱਟਗਿਣਤੀ ਹੋਣ ਦੇ ਬਾਵਜੂਦ ਕਾਨੂੰਨ ਪਾਸ ਹੋ ਗਿਆ। ਬੀਜੂ ਜਨਤਾ ਦਲ ਅਤੇ ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਨੇ ਵੀ ਪੱਖ ਵਿਚ ਵੋਟ ਪਾਈ, ਕਾਂਗਰਸ ਨੇ ਵੀ ਲੋਕ ਸਭਾ ਵਿਚੋਂ ਵਾਕਆਊਟ ਕੀਤਾ ਅਤੇ ਰਾਜ ਸਭਾ ਵਿਚ ਵਿਰੋਧੀਆਂ ਨੂੰ ਨਾਲ ਲੈ ਕੇ ਠੋਸ ਵਿਰੋਧ ਨਹੀਂ ਕਰ ਸਕੀ।

ਇਸ ਕਾਨੂੰਨ ਨੂੰ ਬਹੁਤ ਸਾਰੇ ਕਾਨੂੰਨੀ ਮਾਹਰ ਭਾਰਤੀ ਸੰਵਿਧਾਨ ਦੀ ਧਾਰਾ ਆਰਟੀਕਲ 14 ਤਹਿਤ ਮਿਲੇ ਵੱਖਰੇ ਵਿਚਾਰ ਰੱਖਣ ਅਤੇ ਬਰਾਬਰੀ ਦੇ ਅਧਿਕਾਰ, ਧਾਰਾ 19 ਤਹਿਤ ਮਿਲੇ ਵਿਚਾਰ ਪ੍ਰਗਟਾਵੇ ਦਾ ਅਧਿਕਾਰ ਅਤੇ ਧਾਰਾ 21 ਤਹਿਤ ਜੀਣ ਦੇ ਮਿਲੇ ਬੁਨਿਆਦੀ ਅਧਿਕਾਰ ਦਾ ਉਲੰਘਣ ਮੰਨਦੇ ਹਨ। ਯੂਏਪੀਏ 2019 ਦੇ ਖਿਲਾਫ ਸਜਾਦ ਅਵਸਥੀ ਨੇ ਸੁਪਰੀਮ ਕੋਰਟ ਵਿਚ ਜਨਹਿੱਤ ਪਟੀਸ਼ਨ ਦਾਇਰ ਕੀਤੀ ਹੋਈ ਹੈ, ਅਦਾਲਤ ਨੇ ਕੇਂਦਰ ਤੋਂ ਜਵਾਬ ਮੰਗਿਆ ਹੋਇਆ ਹੈ ਅਅਤੇ ਕਾਨੂੰਨ ਮਨਮਾਨੇ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਸ ਕਾਨੂੰਨ ਦੀ ਮਾਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਵਿਦਿਆਰਥੀ ਆਗੂ ਉਮਰ ਖਾਲਿਦ, ਮੀਰਾ ਹੈਦਰ, ਸਫੂਰਾ ਜ਼ਰਗਰ ਵਰਗੇ ਵਿਦਿਆਰਥੀਆਂ ਨੂੰ ਝੱਲਣੀ ਪੈ ਰਹੀ ਹੈ। 90 ਫੀਸਦ ਅਪਾਹਜ ਪ੍ਰੋਫੈਸਰ ਜੀਐੱਨ ਸਾਈਬਾਬਾ, ਇਸ ਤੋਂ ਇਲਾਵਾ ਵਰਵਰਾ ਰਾਓ, ਪ੍ਰੋਥ ਆਨੰਦ ਤੇਲਤੁੰਬੜੇ, ਸੁਧਾ ਭਾਰਦਵਾਜ ਸਮੇਤ ਅਨੇਕਾਂ ਬੁੱਧੀਜੀਵੀ ਵਿਚਾਰਾਂ ਦੇ ਵਖਰੇਵੇਂ ਕਾਰਨ ਖਤਰਨਾਕ ਅਪਰਾਧੀਆਂ ਵਾਂਗ ਜੇਲ੍ਹਾਂ ਵਿਚ ਬੰਦ ਹਨ। ਤੇਲਤੁੰਬੜੇ ਨੇ ਤਾਂ ਯੂਏਪੀਏ ਨੂੰ ਹੋਰ ਸਖ਼ਤ ਬਣਾਏ ਜਾਣ ਤੋਂ ਪਹਿਲਾਂ ਹੀ ਦਲਿਤ ਕਾਰਕੁਨਾਂ ਸੁਧੀਰ ਧਾਵਲੇ, ਸੁਰੇਂਦਰ ਗਾਡਗਿਲ, ਸੋਮਾ ਸੇਨ, ਮਹੇਸ਼ ਰਾਊਤ ਅਤੇ ਰੋਨਾ ਵਿਲਸਨ ਨੂੰ ਬੰਦ ਕਰਨ ਖਿਲਾਫ਼ ਲੇਖ ਲਿਖਿਆ ਸੀ। ਸ਼ਾਹੀਨ ਬਾਗ ਅੰਦੋਲਨ ਨਾਲ ਸਬੰਧਤ ਹੋਰ ਕਿੰਨੇ ਹੀ ਕਾਰਕੁਨਾਂ ਦੀ ਜ਼ੁਬਾਨ ਬੰਦ ਕਰਵਾਉਣ ਲਈ ਇਸ ਕਾਨੂੰਨ ਦੀ ਵਰਤੋਂ ਹੋ ਰਹੀ ਹੈ।

ਯੂਏਪੀਏ ਤੋਂ ਬਿਨਾਂ ਵੀ ਪੁਲੀਸ ਕੋਲ ਬਹੁਤ ਤਾਕਤਾਂ ਮੌਜੂਦ ਹਨ। ਕੇਵਲ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਨਾਲ ਸਬੰਧਤ ਕਿਤਾਬਾਂ, ਸਾਹਿਤ ਅਤੇ ਕੁਝ ਪੈਂਫਲਿਟ ਰੱਖਣ ਦੇ ਦੋਸ਼ ਵਿਚ ਹੀ ਪੁਲੀਸ ਵੱਲੋਂ ਆਈਪੀਸੀ ਦੀ ਧਾਰਾ 121 ਅਤੇ ਹੋਰ ਧਾਰਾਵਾਂ ਤਹਿਤ ਦਰਜ ਕੇਸ ਵਿਚ ਫਰਵਰੀ 2019 ਨੂੰ ਸ਼ਹੀਦ ਭਗਤ ਸਿੰਘ ਨਗਰ ਦੀ ਸੈਸ਼ਨ ਅਦਾਲਤ ਨੇ ਤਿੰਨ ਨੌਜਵਾਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਜੇਕਰ ਅਜਿਹੇ ਤੱਥਾਂ ਨੂੰ ਹੀ ਆਧਾਰ ਬਣਾ ਲਿਆ ਜਾਵੇ ਤਾਂ ਵੱਡੇ ਪੱਧਰ ਉੱਤੇ ਬੁੱਧੀਜੀਵੀ, ਵਿਦਿਆਰਥੀ ਅਤੇ ਹੋਰ ਸਿਆਸੀ ਕਾਰਕੁਨ ਦੇਸ਼ ਧਰੋਹੀ ਸਾਬਤ ਕਰ ਦਿੱਤੇ ਜਾਣਗੇ। ਹਾਲਾਂਕਿ ਬਲਵੰਤ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ ਕੇਸ ਵਿਚ ਸੁਪਰੀਮ ਕੋਰਟ ਨੇ ਸਪਸ਼ਟ ਫ਼ੈਸਲਾ ਦਿੱਤਾ ਸੀ ਕਿ ਕੁਝ ਨਾਅਰੇ ਲਗਾ ਦੇਣ ਨਾਲ ਕੋਈ ਦੇਸ਼ ਧਰੋਹੀ ਨਹੀਂ ਹੋ ਜਾਂਦਾ। ਸ਼ਾਂਤਮਈ ਤਰੀਕੇ ਨਾਲ ਕਿਸੇ ਨੂੰ ਵੀ ਵੱਖਰੇ ਰਾਜ ਦੀ ਗੱਲ ਕਰਨ ਦਾ ਅਧਿਕਾਰ ਹੈ।

ਯੂਏਪੀਏ ਹੁਣ ਪੰਜਾਬ ਦੇ ਪੰਜ ਸਿੱਖ ਮੁੰਡਿਆਂ ਉੱਤੇ ਲਾਗੂ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਬਹੁਤੇ ਦਲਿਤ ਹਨ। ਵਿਧਾਇਕ ਸੁਖਪਾਲ ਖਹਿਰਾ ਅਤੇ ਉਸ ਦੇ ਸਾਥੀਆਂ ਨੇ ਇਸ ਮੁੱਦੇ ਨੂੰ ਜ਼ੋਰਦਾਰ ਤਰੀਕੇ ਨਾਲ ਉਠਾਇਆ ਹੈ ਅਤੇ ਪੁਲੀਸ ਦੀਆਂ ਕਹਾਣੀਆਂ ਉੱਤੇ ਸੁਆਲ ਖੜ੍ਹੇ ਕੀਤੇ ਹਨ। ਖੇਤੀ ਨਾਲ ਸਬੰਧਤ ਤਿੰਨ ਆਰਡੀਨੈਂਸ, ਬਿਜਲੀ ਕਾਨੂੰਨ, ਯੂਏਪੀਏ ਅਤੇ ਫੈਡਰਲਿਜ਼ਮ ਤੇ ਜਮਹੂਰੀਅਤ ਦੇ ਖਿਲਾਫ਼ ਜਾਂਦੇ ਕਾਨੂੰਨਾਂ ਨੂੰ ਵਾਪਸ ਕਰਵਾਉਣ ਦੀ ਮੰਗ ਵੱਲ ਸੇਧਤ ਵਿਆਪਕ ਲਾਮਬੰਦੀ ਦੀ ਲੋੜ ਹੈ।

-ਹਮੀਰ ਸਿੰਘ

## ਚੰਗੀ ਅੰਗਰੇਜ਼ੀ ਸਿੱਖਣ ਦਾ ਸਹੀ ਢੰਗ

ਅੰਗਰੇਜ਼ੀ ਸਿੱਖਣ ਦਾ ਸਹੀ ਤਰੀਕਾ ਕੀ ਹੈ, ਇਸ ਬਾਰੇ ਸਭ ਤੋਂ ਵਧੀਆ ਬ੍ਰਿਟਿਸ਼ ਕੌਂਸਲ ਹੀ ਦੱਸ ਸਕਦੀ ਹੈ, ਜਿਹੜੀ ਸਾਰੇ ਜੱਗ 'ਚ ਅੰਗਰੇਜ਼ੀ ਪੜ੍ਹਾਉਣ ਲਈ ਬਰਤਾਨੀਆ ਦੀ ਸਰਕਾਰੀ ਸੰਸਥਾ ਹੈ। ਇਹ ਆਇਲਟਸ ਦੀਆਂ ਫ਼ੀਸਾਂ ਲੈਂਦੀ ਹੈ, ਇਮਤਿਹਾਨ ਲੈਂਦੀ ਹੈ ਤੇ ਬੈਂਡ ਦਿੰਦੀ ਹੈ। ਪਿਛਲੇ ਸਾਲ ਇਕੱਲੇ ਪੰਜਾਬ 'ਚੋਂ ਹੀ ਕੋਈ ਪੰਜ ਸੌ ਕਰੋੜ ਫ਼ੀਸਾਂ ਦਾ ਮਾਂਜ ਲਿਆ ਹੈ ਇਸ ਨੇ। ਇਸ ਦਾ ਦਫ਼ਤਰ ਪੰਜਾਬ ਦੀ ਰਾਜਧਾਨੀ ਕਹਾਉਂਦੇ ਦੇਸੀ-ਅੰਗਰੇਜ਼ੀ ਨਗਰ ਚੰਗੀਗੜ੍ਹ 'ਚ ਹੀ ਹੈ।

ਸੋ, ਆਓ ਬ੍ਰਿਟਿਸ਼ ਕੌਂਸਲ ਦੀ ਗੱਲ ਸੁਣੀਏ। ਆਹ ਟੂਕ ਬ੍ਰਿਟਿਸ਼ ਕੌਂਸਲ ਦੀ 2017 ਵਿਚ ਛਪੀ ਕਿਤਾਬ 'ਇੰਗਲਿਸ਼ ਲੈਂਗੁਏਜ ਐਂਡ ਮੀਡੀਅਮ ਆਫ ਇੰਸਟਰਕਸ਼ਨ ਇਨ ਬੇਸਿਕ ਐਜੂਕੇਸ਼ਨ...' ਦੇ ਤੀਜੇ ਪੰਨੇ 'ਤੇ ਹੈ 'ਚਾਰੇ ਪਾਸੇ ਇਹ ਸੋਚ ਪਸਰੀ ਹੋਈ ਹੈ ਕਿ ਅੰਗਰੇਜ਼ੀ ਭਾਸ਼ਾ 'ਤੇ ਮੁਹਾਰਤ ਲਈ ਅੰਗਰੇਜ਼ੀ ਇਕ ਵਿਸ਼ੇ ਵਜੋਂ ਪੜ੍ਹਨ ਨਾਲੋਂ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਨਾ ਬਿਹਤਰ ਤੇ ਪੱਕਾ ਤਰੀਕਾ ਹੈ। ਪਰ ਇਸ ਸੋਚ ਲਈ ਕੋਈ ਸਬੂਤ ਹਾਸਲ ਨਹੀਂ"।

।ਪ੍ਰਦੇਸੀ ਭਾਸ਼ਾ ਸਿੱਖਣ ਦੇ ਸਹੀ ਤਰੀਕੇ ਬਾਰੇ ਆਹ ਅਗਲੀ ਟੂਕ ਯੂਨੈਸਕੋ ਦੀ ਕਿਤਾਬ 'ਇੰਪਰੂਵਮੈਂਟ ਇਨ ਦ ਕੁਆਲਿਟੀ ਆਫ ਮਦਰ ਟੰਗ ਬੇਸਡ ਲਿਟਰੇਸੀ ਐਂਡ ਲਰਨਿੰਗ' ਦੇ ਦੂਜੇ ਪੰਨੇ 'ਤੇ ਹੈ। ਇਹ ਕਿਤਾਬ ਵਿਦੇਸ਼ੀ ਭਾਸ਼ਾ ਸਿੱਖਣ ਬਾਰੇ ਸਾਰੀ ਦੁਨੀਆ 'ਚ ਹੋਈਆਂ ਪੜਤਾਲਾਂ ਦਾ ਨਿਚੋੜ ਹੈ (ਕਿਤਾਬ ਇੰਟਰਨੈੱਟ 'ਤੇ ਪਈ ਏ):

'ਸਾਡੇ ਰਾਹ ਵਿਚ ਵੱਡਾ ਅੜਿੱਕਾ ਭਾਸ਼ਾ ਤੇ ਪੜ੍ਹਾਈ ਬਾਰੇ ਕੁਝ ਭਰਮ ਹਨ। ਅਜਿਹਾ ਹੀ ਇਕ ਭਰਮ ਇਹ ਹੈ ਕਿ ਪ੍ਰਦੇਸੀ ਭਾਸ਼ਾ ਸਿੱਖਣ ਦਾ ਵਧੀਆ ਤਰੀਕਾ ਇਸ ਦੀ ਪੜ੍ਹਾਈ ਦੇ ਮਾਧਿਅਮ ਵਜੋਂ ਪੜ੍ਹਨਾ ਹੈ। (ਅਸਲ ਵਿਚ, ਹੋਰ ਭਾਸ਼ਾ ਨੂੰ ਇਕ ਵਿਸ਼ੇ ਵਜੋਂ ਪੜ੍ਹਨਾ ਵਧੇਰੇ ਕਾਰਗਰ ਹੁੰਦਾ ਹੈ)। ਦੂਜਾ ਭਰਮ ਇਹ ਹੈ ਕਿ ਪ੍ਰਦੇਸੀ ਭਾਸ਼ਾ ਸਿੱਖਣ ਲਈ ਜਿੰਨਾ ਛੇਤੀ ਸ਼ੁਰੂ ਕੀਤਾ ਜਾਏ ਓਨਾ ਚੰਗਾ ਹੈ। (ਛੇਤੀ ਸ਼ੁਰੂ ਕਰਨ ਨਾਲ ਲਹਿਜਾ ਤਾਂ ਬਿਹਤਰ ਹੋ ਸਕਦਾ ਹੈ ਪਰ ਫ਼ਾਇਦੇ ਦੀ ਹਾਲਤ ਵਿਚ ਉਹ ਸਿੱਖਣ ਵਾਲਾ ਹੁੰਦਾ ਹੈ ਜਿਸ ਨੇ ਮਾਤ ਭਾਸ਼ਾ 'ਤੇ ਚੰਗੀ ਮੁਹਾਰਤ ਹਾਸਲ ਕਰ ਲਈ ਹੋਵੇ)। ਤੀਜਾ ਭਰਮ ਇਹ ਹੈ ਕਿ ਮਾਤ ਭਾਸ਼ਾ ਪ੍ਰਦੇਸੀ ਭਾਸ਼ਾ ਸਿੱਖਣ ਦੇ ਰਾਹ ਵਿਚ ਅੜਿੱਕਾ ਹੈ। (ਮਾਤ ਭਾਸ਼ਾ ਵਿਚ ਮਜ਼ਬੂਤ ਨੀਂਹ ਨਾਲ ਪ੍ਰਦੇਸੀ ਭਾਸ਼ਾ ਬਿਹਤਰ ਸਿੱਖੀ ਜਾਂਦੀ ਹੈ)। ਸਾਫ਼ ਹੈ ਕਿ ਇਹ ਭਰਮ ਨੇ ਅਸਲੀਅਤ ਨਹੀਂ, ਪਰ ਫ਼ਿਰ ਵੀ ਇਹ ਨੀਤੀ ਘਾੜਿਆਂ ਦੀ ਇਸ ਸੁਆਲ 'ਤੇ ਅਗਵਾਈ ਕਰਦੇ ਨੇ ਕਿ ਭਾਰੂ ਭਾਸ਼ਾ ਕਿਵੇਂ ਸਿੱਖੀ ਜਾਵੇ।' (ਭਾਰੂ ਭਾਸ਼ਾ ਤੋਂ ਭਾਵ ਹੈ ਜਿਹੜੀ ਭਾਸ਼ਾ ਦੀ ਧੌਂਸ ਹੋਵੇ)।

ਤੁਸੀਂ ਹਿਸਾਬ ਲਾ ਹੀ ਲਿਆ ਹੋਣਾ ਹੈ ਕਿ ਜਿਹੜਾ ਚੰਡੀਗੜ੍ਹੀਆ ਚੰਡੀਗੜ੍ਹ ਵਿਚਲੇ ਦਫ਼ਤਰ ਦੀ ਟੱਲੀ ਨਹੀਂ ਖੜਕਾ ਸਕਦਾ ਉਸ ਕੋਲ ਯੂਨੈਸਕੋ ਦੀ ਕਿਤਾਬ-ਸ਼ਿਤਾਬ ਪੜ੍ਹਨ ਦਾ ਵਿਹਲ ਕਿਥੇ ਹੋਣਾ ਹੈ।

ਉਤਲੀਆਂ ਟੂਕਾਂ ਬਹੁਤੇ ਲੋਕਾਂ ਲਈ ਪੱਕੀਆਂ ਅਚੰਭਾ ਹੀ ਹੋਣੀਆਂ ਹਨ। ਇਸ ਲਈ ਥੋੜ੍ਹਾ ਜਿਹਾ ਬਖਿਆਨ ਲੋੜੀਂਦਾ ਹੈ।ਕੋਈ ਵੀ ਭਾਸ਼ਾ ਚੰਗੀ ਤਰ੍ਹਾਂ ਸਿੱਖਣ ਲਈ ਸਿਖਿਆਰਥੀ ਦੇ ਭਾਸ਼ਾ ਬਲ (ਸਮਰੱਥਾ) ਦਾ ਚੰਗਾ ਵਿਕਾਸ ਲੋੜੀਂਦਾ ਹੈ। ਇਹ ਵਿਕਾਸ ਮਾਤ ਭਾਸ਼ਾ ਦੇ ਚੰਗੇ ਅਭਿਆਸ ਨਾਲ ਈ ਹੁੰਦਾ ਹੈ। ਵਜ੍ਹਾ ਇਹ ਹੈ ਕਿ ਭਾਸ਼ਾ ਦੀ ਬਣਤਰ ਤੇ ਵਰਤੋਂ ਵਿਚਲੀਆਂ ਡੂੰਘੀਆਂ ਗੱਲਾਂ ਮਾਤ ਭਾਸ਼ਾ ਰਾਹੀਂ ਹੀ ਸਮਝ ਦਾ ਹਿੱਸਾ ਬਣਦੀਆਂ ਹਨ। ਪ੍ਰਦੇਸੀ ਭਾਸ਼ਾ ਸਮਝ ਘੱਟ ਆਉਣ ਕਰਕੇ ਇਹ ਡੂੰਘੀਆਂ ਗੱਲਾਂ ਸਿਖਿਆਰਥੀ ਨੂੰ ਦਿਸਦੀਆਂ ਹੀ ਨਹੀਂ। ਦੂਜੇ, ਪ੍ਰਦੇਸੀ ਭਾਸ਼ਾ ਬੜੇ ਗਿਣੇ-ਚੁਣੇ ਜਿਹੇ ਕੰਮਾਂ ਲਈ ਹੀ ਵਰਤੀ ਜਾਂਦੀ ਹੈ, ਜਿਸ ਕਰਕੇ ਪ੍ਰਦੇਸੀ ਭਾਸ਼ਾ ਰਾਹੀਂ ਭਾਸ਼ਾ ਦਾ ਚੰਗਾ ਅਭਿਆਸ ਹੁੰਦਾ ਹੀ ਨਹੀਂ। ਇਸ ਕਰਕੇ ਭਾਸ਼ਾ ਬਲ ਦਾ ਚੰਗਾ ਵਿਕਾਸ ਮਾਤ ਭਾਸ਼ਾ ਦੇ ਚੰਗੇ ਅਭਿਆਸ ਨਾਲ ਹੀ ਹੁੰਦਾ ਹੈ।

ਪ੍ਰਦੇਸੀ ਭਾਸ਼ਾ ਸਿੱਖਣ ਲਈ ਮਾਤ ਭਾਸ਼ਾ ਦੇ ਬੜੇ ਸਹਾਈ ਹੋਣ ਦੀ ਦੂਜੀ ਵੱਡੀ ਵਜ੍ਹਾ ਇਹ ਹੈ ਕਿ ਸਾਰੀਆਂ ਭਾਸ਼ਾਵਾਂ ਵੇਖਣ ਨੂੰ ਭਾਵੇਂ ਵਾਹਵਾ ਵੱਖ-ਵੱਖ ਲਗਦੀਆਂ ਹਨ, ਪਰ ਭਾਸ਼ਾਵਾਂ ਵਿਚ ਬਹੁਤਾ ਕੁਝ ਇਕੋ ਜਿਹਾ ਹੀ ਹੁੰਦਾ ਹੈ। ਜੇ ਆਪਾਂ ਪੰਜਾਬੀ ਤੇ ਅੰਗਰੇਜ਼ੀ ਵਿਆਕਰਨ ਦੀਆਂ ਕਿਤਾਬਾਂ ਨਾਲ-ਨਾਲ ਰੱਖ ਕੇ ਝਾਤੀ ਮਾਰੀਏ ਤਾਂ ਝੱਟ ਪਤਾ ਲੱਗ ਜਾਵੇਗਾ ਕਿ ਬਹੁਤਾ ਕੁਝ ਤੇ ਇਕੋ ਜਿਹਾ ਜਿਹਾ ਹੀ ਹੈ। ਨਾਂਵ, ਪੜਨਾਂਵ, ਕਿਰਿਆ, ਸਹਾਇਕ ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸਬੰਧਕ, ਯੋਜਕ, ਵਿਸਮਕ ਪੰਜਾਬੀ ਵਿਚ ਵੀ ਹਨ ਤੇ ਅੰਗਰੇਜ਼ੀ ਵਿਚ ਵੀ ਹਨ। ਲਿੰਗ, ਵਚਨ, ਕਾਰਕ, ਕਾਲ, ਪੁਰਖ, ਪੱਖ, ਮਨੋਦਸ਼ਾ, ਵਾਚ ਸਾਰੇ ਦੇ ਸਾਰੇ ਪੰਜਾਬੀ ਵਿਚ ਵੀ ਹਨ ਤੇ ਅੰਗਰੇਜ਼ੀ ਵਿਚ ਵੀ ਹਨ। ਆਗਿਆਵਾਚੀ, ਪ੍ਰਸ਼ਨਵਾਚੀ, ਹਾਂਵਾਚੀ, ਨਾਂਹਵਾਚੀ, ਸ਼ਰਤਵਾਚੀ, ਵਿਸਮਾਦਵਾਚੀ ਸਾਰੀਆਂ ਤਰ੍ਹਾਂ ਦੇ ਵਾਕ ਪੰਜਾਬੀ ਵਿਚ ਵੀ ਨੇ ਤੇ ਅੰਗਰੇਜ਼ੀ ਵਿਚ ਵੀ ਹਨ। ਸਰਲ ਵਾਕ, ਸੰਜੋਗੀ ਵਾਕ ਤੇ ਮਿਸ਼ਰਣੀ ਵਾਕ ਪੰਜਾਬੀ ਵਿਚ ਵੀ ਹਨ ਤੇ ਅੰਗਰੇਜ਼ੀ ਵਿਚ ਵੀ ਹਨ। ਕਰਤਾ, ਕਰਮ, ਉਦੇਸ਼, ਵਿਧੇਅ ਸਾਰੇ ਪੰਜਾਬੀ ਵਿਚ ਵੀ ਹਨ ਤੇ ਅੰਗਰੇਜ਼ੀ ਵਿਚ ਵੀ ਹਨ। ਕਰਤਾਵਾਚੀ, ਕਰਮਵਾਚੀ ਪੰਜਾਬੀ ਵਿਚ ਵੀ ਹਨ ਤੇ ਅੰਗਰੇਜ਼ੀ ਵਿਚ ਵੀ ਹਨ। ਵਾਕ, ਉਪਵਾਕ, ਵਾਕੰਸ਼, ਸ਼ਬਦ, ਧੁਨੀਆਂ ਸਭ ਪੰਜਾਬੀ ਵਿਚ ਵੀ ਹਨ ਤੇ ਅੰਗਰੇਜ਼ੀ ਵਿਚ ਵੀ ਹਨ। ਆਹ ਹੋਰ ਵੇਖੋ ! ਜੇ 'ਮੈਂ' ਕਿਰਿਆ ਨਾਲ ਕਰਮ ਵਜੋਂ ਆਵੇ ਤਾਂ 'ਮੈਨੂੰ' ਹੋ ਜਾਂਦਾ ਹੈ। ਇਸੇ ਤਰ੍ਹਾਂ ਜੇ ਅੰਗਰੇਜ਼ੀ ਦਾ 'ਆਈ' ਕਿਰਿਆ ਨਾਲ ਕਰਮ ਵਜੋਂ ਆਵੇ ਤਾਂ 'ਮੀ' ਹੋ ਜਾਂਦਾ ਹੈ, ਮਤਲਬ 'ਮੈਂ' ਤੇ 'ਆਈ' ਦੋਵਾਂ ਦਾ ਰੂਪ ਵਟ ਜਾਂਦਾ ਹੈ। ਤੇ ਭਾਈ ਇਸੇ ਤਰ੍ਹਾਂ ਹਜ਼ਾਰਾਂ ਹੀ ਗੱਲਾਂ ਪੰਜਾਬੀ ਤੇ ਅੰਗਰੇਜ਼ੀ ਵਿਚਕਾਰ ਸਾਂਝੀਆਂ ਹਨ। ਇਹ ਸਾਂਝਾਂ ਚੋਖੇ-ਥੋੜ੍ਹੇ ਵਾਧੇ-ਘਾਟੇ ਨਾਲ ਸਾਰੀਆਂ ਭਾਸ਼ਾਵਾਂ ਬਾਰੇ ਸੱਚ ਹਨ।

ਇਹ ਸਮਝਣਾ ਬੜਾ ਸਰਲ ਹੈ ਕਿ ਭਾਸ਼ਾ ਅੰਦਰਲੀਆਂ ਸਾਰੀਆਂ ਗੱਲਾਂ ਮਾਤ ਭਾਸ਼ਾ ਰਾਹੀਂ ਸਿਖਾਂਦਰੂ ਦੀ ਸਮਝ ਦਾ ਬੜੇ ਸੌਖੇ ਤੇ ਬੜੀ ਛੇਤੀ ਹਿੱਸਾ ਬਣ ਜਾਂਦੀਆਂ ਹਨ। ਪ੍ਰਦੇਸੀ ਭਾਸ਼ਾ ਸਿੱਖਣ ਲਈ ਇਨ੍ਹਾਂ ਸਾਰੀਆਂ ਗੱਲਾਂ ਨੂੰ ਬੱਸ ਸ਼ਬਦ ਹੀ ਪ੍ਰਦੇਸੀ ਭਾਸ਼ਾ ਦੇ ਦੇਣੇ ਹੁੰਦੇ ਹਨ। ਪਰ ਜੇ ਭਾਸ਼ਾ ਅੰਦਰਲੀਆਂ ਗੱਲਾਂ ਮਾਤ ਭਾਸ਼ਾ ਰਾਹੀਂ ਸਿਖਾਂਦਰੂ ਦੀ ਸਮਝ ਦਾ ਹਿੱਸਾ ਨਾ ਬਣੀਆਂ ਹੋਣ ਤੇ ਸਿਖਾਂਦਰੂ ਇਹ ਗੱਲਾਂ ਸਿੱਧੀਆਂ ਪ੍ਰਦੇਸੀ ਭਾਸ਼ਾ ਰਾਹੀਂ ਹੀ ਸਿੱਖੇ ਤਾਂ ਇਹ ਬੜਾ ਔਖਾ ਤੇ ਬੜਾ ਲੰਮੇਰਾ ਅਮਲ ਹੋਵੇਗਾ। ਜਿਵੇਂ ਉੱਤੇ ਗੱਲ ਹੋਈ ਹੈ, ਇੰਜ ਭਾਸ਼ਾ ਅੰਦਰਲੀਆਂ ਬੜੀਆਂ ਗੱਲਾਂ ਸਿਖਾਂਦਰੂ ਦੀ ਸਮਝ ਦਾ ਹਿੱਸਾ ਹੀ ਨਹੀਂ ਬਣਦੀਆਂ। ਸੋ, ਭਾਸ਼ਾਵਾਂ ਵਿਚਕਾਰ ਵੱਡੀਆਂ ਸਾਂਝਾਂ ਹੋਣ ਦੀ ਵਜ੍ਹਾ ਕਰਕੇ ਹੀ ਪ੍ਰਦੇਸੀ ਭਾਸ਼ਾ ਸਿੱਖਣ ਦਾ ਸਹੀ ਤਰੀਕਾ ਇਹ ਹੈ ਕਿ ਪਹਿਲਾਂ ਮਾਤ ਭਾਸ਼ਾ ਦੀ ਚੰਗੀ ਸਿਖਲਾਈ ਕਰਾਈ ਜਾਵੇ ਤੇ ਮੁੜ ਪ੍ਰਦੇਸੀ ਭਾਸ਼ਾ ਦੀ ਸਿਖਲਾਈ ਵੱਲ ਹੋਇਆ ਜਾਵੇ।

-ਡਾਕਟਰ ਜੋਗਾ ਸਿੰਘ
ਫੋਨ : 9915709582,
ਵਟਸਐਪ : 9988531582
jogasinghvirk@yahoo.co.in

## ਖਾਲਸਿਆਂ ਵਰਗਾ ਕਿਰਦਾਰ ਬਣਾਉ

ਜਦ ਬੱਚਿਆਂ ਦੇ ਨਾਂ ਰੱਖਦੇ ਹਾਂ ਤਾਂ ਸਾਡੀਆਂ ਭਾਵਨਾਵਾਂ ਜ਼ੋਰ ਮਾਰਦੀਆਂ ਹਨ।ਜਜ਼ਬਾਤੀ ਹੋਕੇ ਕਈ ਵਾਰ ਬੱਚਿਆਂ ਦੇ ਅਸੀਂ ਐਹੋ ਜਿਹੇ ਨਾਂ ਰੱਖ ਬੈਠਦੇ ਹਾਂ ਕਿ ਉਨਾਂ ਦੇ ਵੱਡੇ ਹੋਣ ਤੇ ਲੋਕ ਕਹਿੰਦੇ ਨੇ, 'ਇਹ ਨਾਂ ਰੱਖਣ ਵਾਲੇ ਨੇ ਕੀ ਸੋਚਿਆ ?' ਮੇਰੇ ਵਾਕਿਫਾਂ ਵਿਚੋਂ ਇਕ ਦੋਸਤ ਦੇ ਪਿਤਾ ਦਾ ਨਾਂ 'ਪਰਮਾਤਮਾ ਸਿੰਘ' ਹੈ ।ਉਹ ਸ਼ਰਾਬ ਪੀਂਦਾ ਹੈ ਤੇ ਆਮ ਮਨੁਖਾਂ ਵਾਲੀਆਂ ਹੋਰ ਕਈ ਕਮਜੋਰੀਆਂ ਵੀ ਹਨ। ਇਸੇ ਤਰਾਂ ਇਕ ਦਾ ਨਾਂ 'ਨਾਨਕ ਸਿੰਘ' ਹੈ।ਉਹ ਪਤਿਤ ਹੈ, ਨਸ਼ੇੜੀ ਹੈ।ਪਿਛੇ ਜਿਹੇ ਇਕ ਕਲਾਕਾਰ ਦਾ ਨਾਂ ਪੜ੍ਹਿਆ, 'ਜਪੁਜੀ ਖਹਿਰਾ'।ਜਪੁਜੀ ਸਾਹਿਬ ਗੁਰੂ ਗਰੰਥ ਸਾਹਿਬ ਦੀ ਬਾਣੀ ਹੈ।ਬਾਣੀ ਅਧਿਆਤਮਕ ਸੁਨੇਹਾ ਦਿੰਦੀ ਹੈ ਜਦਕਿ ਇਕ ਕੁੜੀ, ਉਹ ਵੀ ਕਲਾਕਾਰ ਨੂੰ ਇਹ ਨਾਂ ਕਿਵੇਂ ਜਚਦਾ ਹੈ ? ਹੁਣ ਤਾਂ ਲੋਕ ਧੀਆਂ ਦੇ ਨਾ 'ਸੁਖਮਨੀ 'ਵੀ ਰੱਖਣ ਲੱਗ ਪਏ ਹਨ।ਪਿਛੇ ਜਿਹੇ ਸਿਖ ਜਗਤ ਨੇ ਇਕ ਸੀਰੀਅਲ ਦੇ 'ਗੁਰਬਾਣੀ' ਨਾਂ ਦਾ ਵਿਰੋਧ ਕੀਤਾ ਸੀ ਜਿਸ ਵਿਚ ਮੁਖ ਕਿਰਦਾਰ ਨਿਭਾ ਰਹੀ ਕਲਾਕਾਰ ਕੁੜੀ ਦਾ

ਬਾਕੀ ਸਫਾ 32 'ਤੇ

# ਦੁਨੀਆ ਦਾ ਜੇਤੂ ਸ਼ਾਹ ਸਿਕੰਦਰ: ਸ਼ਾਹ ਆਲਮ

- ਡਾ. ਪਰਮਜੀਤ ਢੀਂਗਰਾ

ਵਿਆਹ ਦੇ ਸ਼ਾਹੀ ਭੋਜ ਦੌਰਾਨ ਨਸ਼ੇ ਵਿੱਚ ਟੁੰਨ ਅਤਾਲੋਸ ਨੇ ਅਰਜ਼ ਕਰਦਿਆਂ ਇੱਛਾ ਜ਼ਾਹਰ ਕੀਤੀ ਕਿ ਇਸ ਵਿਆਹ ਤੋਂ ਮਕਦੂਨੀਆ ਨੂੰ ਉਹਦਾ ਅਸਲ ਉਤਰਾਧਿਕਾਰੀ ਮਿਲੇਗਾ। ਇਸ ਇੱਛਾ ‘ਤੇ ਸਿਕੰਦਰ ਜਾਂ ਉਸ ਦੀ ਮਾਂ ਵੱਲੋਂ ਕੋਈ ਪ੍ਰਤੀਕਿਰਿਆ ਜ਼ਾਹਰ ਨਾ ਕਰਨ ‘ਤੇ ਅਤਾਲੋਸ ਦਾ ਹੌਸਲਾ ਹੋਰ ਬੁਲੰਦ ਹੋ ਗਿਆ। ਉਹਨੇ ਸਾਰੇ ਪਰਾਹੁਣਿਆਂ ਨੂੰ ਅਰਜ਼ ਕਰਦਿਆਂ ਕਿਹਾ ਕਿ “ਆਓ ਸਾਰੇ ਦੇਵਤਿਆਂ ਅੱਗੇ ਅਰਜੋਈ ਕਰੀਏ ਕਿ ਮੇਰੀ ਭਤੀਜੀ ਅਤੇ ਇਸ ਰਾਜ ਦੀ ਨਵੀਂ ਮਹਾਰਾਣੀ ਮਕਦੂਨੀਆ ਨੂੰ ਛੇਤੀ ਉਹਦਾ ਅਸਲ ਉਤਰਾਧਿਕਾਰੀ ਮਿਲੇ।”

ਇਸ ‘ਤੇ ਸਿਕੰਦਰ ਦਾ ਪਾਰਾ ਚੜ੍ਹ ਗਿਆ। ਉਹਨੇ ਅਤਾਲੋਸ ਨੂੰ ਵੰਗਾਰਦਿਆਂ ਕਿਹਾ ਕਿ ਕੀ ਮੈਂ ਹਰਾਮ ਦੀ ਔਲਾਦ ਹਾਂ? ਅਤਾਲੋਸ ਦਾ ਨਸ਼ਾ ਹਿਰਨ ਹੋ ਗਿਆ ਤੇ ਉਹ ਹੋਏ ਅਪਮਾਨ ਦਾ ਘੁੱਟ ਭਰ ਕੇ ਰਹਿ ਗਿਆ। ਪਰ ਉਹਦਾ ਅਪਮਾਨ ਫਿਲਿਪ ਕੋਲੋਂ ਸਹਿਣ ਨਾ ਹੋਇਆ ਤੇ ਉਹ ਸਿੰਘਾਸਣ ਤੋਂ ਉੱਠ ਕੇ ਸਿਕੰਦਰ ਵਲ ਵਧਦਿਆਂ ਨਸ਼ੇ ਵਿੱਚ ਲੜਖੜਾ ਕੇ ਡਿੱਗ ਪਿਆ।

ਸਿਕੰਦਰ ਨੇ ਨਫਰਤ ਵਿੱਚ ਹਾਜ਼ਰ ਲੋਕਾਂ ਨੂੰ ਕਿਹਾ– “ਦੇਖੋ ਨਗਰ ਵਾਸੀਓ, ਯੂਰਪ ਤੇ ਏਸ਼ੀਆ ਜਾਣ ਦੀ ਤਿਆਰੀ ਕਰਨ ਵਾਲਾ ਬੰਦਾ ਇੱਕ ਕੁਰਸੀ ਤੋਂ ਦੂਜੀ ਕੁਰਸੀ ਤਕ ਜਾਂਦਾ ਲੜਖੜਾ ਗਿਆ ਹੈ।” ਸਿਕੰਦਰ ਨੂੰ ਪਤਾ ਸੀ ਕਿ ਇਸ ਘਟਨਾ ਦਾ ਸਿੱਟਾ ਚੰਗਾ ਨਹੀਂ ਨਿਕਲਣ ਵਾਲਾ। ਇਸ ਲਈ ਉਹ ਮਾਂ ਨੂੰ ਲੈ ਕੇ ਰਾਜਧਾਨੀ ਤੋਂ ਚਲਾ ਗਿਆ। ਮਾਂ ਨੂੰ ਉਸਨੇ ਉਹਦੇ ਭਰਾ ਐਪੀਰਸ ਦੇ ਨਵੇਂ ਰਾਜੇ ਅਲੈਗਜੈਂਡਰ ਪਹਿਲੇ ਕੋਲ ਡੋਡੋਨਾ ਨਗਰ ਛੱਡ ਦਿੱਤਾ। ਆਪ ਉਹ ਇਲੀਰਿਆ ਚਲਾ ਗਿਆ, ਜਿੱਥੇ ਉਹਨੇ ਸ਼ਰਨ ਮੰਗੀ। ਕੁਝ ਵਰ੍ਹੇ ਪਹਿਲਾਂ ਉਹਨੇ ਇਲੀਰਿਆ ਨੂੰ ਹਰਾਇਆ ਸੀ ਪਰ ਹੁਣ ਰਾਜੇ ਨੇ ਉਹਨੂੰ ਸ਼ਾਹੀ ਮਹਿਮਾਨ ਵਜੋਂ ਰੱਖਿਆ।

ਈਸਾ ਪੂਰਵ 336 ਦੀ ਬਸੰਤ ਰੁੱਤੇ ਫਿਲਿਪ ਦੀ ਪੁੱਤਰੀ ਦਾ ਵਿਆਹ ਉਹਦੀ ਪਤਨੀ ਓਲੰਪੀਅਸ ਦੇ ਭਰਾ ਐਪੀਰੋਸ ਦੇ ਰਾਜੇ ਅਲੈਗਜੈਂਡਰ ਪਹਿਲੇ ਨਾਲ ਮਕਦੂਨੀਆ ਦੀ ਪ੍ਰਾਚੀਨ ਰਾਜਧਾਨੀ ਏਈਗੋਈ ਵਿੱਚ ਹੋ ਰਿਹਾ ਸੀ। ਉਸ ਸਮੇਂ ਫਿਲਿਪ ਦੀ ਹੱਤਿਆ ਕਰ ਦਿੱਤੀ ਗਈ। ਚਾਰੇ ਪਾਸੇ ਹਫੜਾ ਦਫੜੀ ਮਚ ਗਈ। ਹਤਿਆਰਾ ਫਿਲਿਪ ਦੀ ਫੌਜੀ ਸੁਰੱਖਿਆ ਦਸਤੇ ਦਾ ਕਪਤਾਨ ਪੋਸਨਿਆਸ ਸੀ। ਜਦੋਂ ਉਹ ਭਜਿਆ ਤਾਂ ਪਿਛਾ ਕਰਨ ਵਾਲਿਆਂ ਉਹਨੂੰ ਥਾਏਂ ਮਾਰ ਦਿੱਤਾ। ਇਹਦੇ ਨਾਲ ਸਿਕੰਦਰ ਦੇ ਦੋ ਮਿੱਤਰ ਪੈਰਟਿਕਾਸ ਅਤੇ ਲਿਓਨਾਟੋਸ ਵੀ ਮਾਰ ਦਿੱਤੇ ਗਏ। ਇਹ ਗੱਲ ਵੀ ਦੱਬੀ ਜ਼ੁਬਾਨ ਵਿੱਚ ਉੱਭਰੀ ਕਿ ਇਸ ਕਤਲ ਪਿੱਛੇ ਸਿਕੰਦਰ ਦਾ ਹੱਥ ਹੈ ਤੇ ਇਸੇ ਕਰਕੇ ਸਬੂਤ ਵੀ ਮਿਟਾ ਦਿੱਤੇ ਗਏ। ਇਸ ਤੋਂ ਬਾਅਦ ਸਿਕੰਦਰ ਫਿਲਿਪ ਦੀ ਥਾਂ ਮਕਦੂਨੀਆ ਦਾ ਬਾਦਸ਼ਾਹ ਥਾਪਿਆ ਗਿਆ।

ਵੀਹ ਵਰ੍ਹਿਆਂ ਦਾ ਸਿਕੰਦਰ ਵੱਡੇ ਯੋਧੇ ਅਤੇ ਪ੍ਰਭਾਵਸ਼ਾਲੀ ਵਿਅਕਤਿਤਵ ਵਾਲੇ ਸਮਰਾਟ ਵਜੋਂ ਜਲਦੀ ਹਰਮਨ ਪਿਆਰਾ ਹੋ ਗਿਆ। ਬਾਦਸ਼ਾਹ ਬਣਦਿਆਂ ਉਹਨੇ ਜਲਾਵਤਨ ਕੀਤੇ ਗਏ ਆਪਣੇ ਚਾਰੇ ਦੋਸਤਾਂ ਨੂੰ ਵਾਪਸ ਬੁਲਾ ਲਿਆ। ਫਿਰ ਉਹਨੇ ਗੱਦੀ ਦੇ ਸੰਭਾਵੀ ਦਾਹਵੇਦਾਰਾਂ ਦਾ ਖਾਤਮਾ ਕਰਨਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਉਹਨੇ ਆਪਣੇ ਚਚੇਰੇ ਭਰਾ ਐਮਾਇਨਟਾਸ ਨੂੰ ਸੂਲੀ ‘ਤੇ ਚੜ੍ਹਾਇਆ। ਲਾਈਨਸੇਸਟਿਸ ਦੇ ਤਿੰਨਾਂ ਵਿੱਚੋਂ ਦੋ ਰਾਜ ਕੁਮਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਤੀਸਰਾ ਅਪਾਹਜ ਸੀ ਇਸ ਕਰਕੇ ਬਚ ਗਿਆ। ਸਿਕੰਦਰ ਦੀ ਮਾਂ ਓਲੰਪੀਆਸ ਨੇ ਆਪਣੀ ਸੌਂਕਣ ਕੈਲੀਓਪੈਟਰਾ ਯੂਰੀਡਿਕੇ ਅਤੇ ਫਿਲਿਪ ਤੋਂ ਪੈਦਾ ਹੋਈ ਉਹਦੀ ਧੀ ਨੂੰ ਜਿਊਂਦਿਆਂ ਸਾੜ ਕੇ ਮਾਰ ਦਿੱਤਾ। ਸਿਕੰਦਰ ਨੂੰ ਇਹ ਸੁਣ ਕੇ ਬੜਾ ਗੁੱਸਾ ਆਇਆ ਪਰ ਮਾਂ ਨੂੰ ਕੁਝ ਕਹਿ ਨਾ ਸਕਿਆ। ਅੱਗੇ ਤੋਂ ਉਹਨੇ ਰਾਜ ਦੇ ਕੰਮਾਂ ਵਿੱਚ ਮਾਂ ਦੀ ਦਖਲਅੰਦਾਜ਼ੀ ਬੰਦ ਕਰ ਦਿੱਤੀ।

ਬਾਦਸ਼ਾਹ ਬਣਨ ਉਪਰੰਤ ਸਿਕੰਦਰ ਨੇ ਪਿਤਾ ਦੁਆਰਾ ਪਰਸ਼ੀਆ ‘ਤੇ ਹਮਲਾ ਕਰਨ ਦੀ ਯੋਜਨਾ ਨੂੰ ਅਮਲੀ ਜਾਮਾ ਪਹਿਨਾਇਆ ਤੇ 335 ਈਸਵੀ ਪੂਰਵ ਵਿੱਚ ਮਕਦੂਨੀਆ ਤੋਂ ਉੱਤਰ ਵਲ ਕੂਚ ਕੀਤਾ। ਡੈਨਿਊਬ ਦਰਿਆ ਪਾਰ ਕਰਕੇ ਸੀਥੀਅਨਾ ‘ਤੇ ਹਮਲਾ ਕਰਨ ਵਾਲਾ ਉਹ ਦੂਸਰਾ ਰਾਜਾ ਸੀ। ਇਸ ਜਿੱਤ ਤੋਂ ਬਾਅਦ ਉਹਨੇ ਪੱਛਮ ਵਿੱਚ ਇਲੀਰੀਅਨਾ ‘ਤੇ ਹਮਲਾ ਕਰ ਦਿੱਤਾ। ਉੱਧਰ ਫਿਲਿਪ ਦੀ ਹੱਤਿਆ ਤੋਂ ਬਾਅਦ ਥੀਬਜ਼, ਐਥਨਜ਼ ਤੇ ਥ੍ਰੇਸ ਵਿੱਚ ਬਗਾਵਤ ਹੋ ਗਈ। ਪਤਾ ਲਗਦਿਆਂ ਸਿਕੰਦਰ ਨੇ ਸਖਤੀ ਨਾਲ ਇਹ ਬਗਾਵਤ ਕੁਚਲ ਦਿੱਤੀ।

ਇਸ ਦੌਰਾਨ ਸਿਕੰਦਰ ਨੇ ਇਨ੍ਹਾਂ ਨਗਰਾਂ ਵਿੱਚ ਬੜੀ ਤਬਾਹੀ ਮਚਾਈ। ਸਿਰਫ ਇੱਕ ਮੰਦਿਰ ਅਤੇ ਕਵੀ ਪਿੰਡਰ (522–443 ਈ.ਪੂ.) ਦੇ ਘਰ ਨੂੰ ਛੱਡਿਆ ਗਿਆ। ਪਿੰਡਰ ਦੀ ਮੌਤ ਤਾਂ ਬਹੁਤ ਪਹਿਲਾਂ ਹੋ ਚੁੱਕੀ ਸੀ ਪਰ ਉਹਦਾ ਘਰ ਛੱਡ ਕੇ ਸਿਕੰਦਰ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਕਿਸੇ ਕਵੀ ਦੇ ਆਦਰ ਮਾਣ ਵਿੱਚ ਮਕਦੂਨ ਵਿਜੇਤਾ ਯੂਨਾਨੀ ਸੰਸਕ੍ਰਿਤੀ ਦਾ ਪੈਰੋਕਾਰ ਹੈ। ਉਹਦੇ ਗੁਰੂ ਅਰਸਤੂ ਨੇ ਉਹਨੂੰ ਪਿੰਡਰ ਬਾਰੇ ਦੱਸਿਆ ਸੀ ਕਿ ਉਹ ਭਾਵੇਂ ਜਗੀਰਦਾਰਾਂ ਦੇ ਹੁਕਮ ਅਨੁਸਾਰ ਕਵਿਤਾ ਰਚਦਾ ਸੀ ਤੇ ਇਹਦੇ ਲਈ ਉਹਨੂੰ ਧਨ ਮਿਲਦਾ ਸੀ ਪਰ ਕਵਿਤਾ ਕਿਵੇਂ ਲਿਖਣੀ ਹੈ, ਉਹਦਾ ਵਿਸ਼ਾ ਵਸਤੂ ਕੀ ਹੋਵੇ ਭਾਵ ਸੋਚ ਪੱਖੋਂ ਉਹ ਅਜ਼ਾਦ ਸੀ। ਕਾਵਿ ਰਚਨਾ ਨੂੰ ਉਹ ਈਸ਼ਵਰ ਦੀ ਦੇਣ ਮੰਨਦਾ ਸੀ ਤੇ ਕਿਹਾ ਕਰਦਾ ਸੀ ਕਿ ਇਹ ਕੋਈ ਸਿੱਖਣ ਦੀ ਚੀਜ਼ ਨਹੀਂ ਇਹ ਤਾਂ ਧੁਰੋਂ ਮਿਲਿਆ ਵਰਦਾਨ ਹੈ।



ਇੱਕੀ ਵਰ੍ਹਿਆਂ ਦੀ ਉਮਰ ਵਿੱਚ ਨੌਜਵਾਨ ਸਿਕੰਦਰ ਦੇ ਪ੍ਰਤਾਪ ਨਾਲ ਯੂਨਾਨ ਵਿੱਚ ਜੋਸ਼ ਠਾਠਾਂ ਮਾਰਨ ਲੱਗ ਪਿਆ। ਸਾਰੇ ਰਾਜ ਨਗਰ ਸਮਝ ਗਏ ਕਿ ਸਿਕੰਦਰ ਵੈਰੀ ਨੂੰ ਸੰਭਲਣ ਦਾ ਮੌਕਾ ਨਹੀਂ ਦਿੰਦਾ। ਅਚਾਨਕ ਹਮਲਾ ਕਰਨਾ ਉਹਦੀ ਯੁੱਧ ਨੀਤੀ ਦਾ ਹਿੱਸਾ ਹੈ। ਕੋਰਿੰਥ ਵਿੱਚ ਯੂਨਾਨੀ ਜਾਤੀਆਂ ਦਾ ਮਹਾਂ ਸੰਮੇਲਨ ਹੋਇਆ। ਇਸ ਵਿੱਚ ਸਿਕੰਦਰ ਨੂੰ ਯੂਨਾਨੀ ਫੌਜਾਂ ਦਾ ਮਹਾਂ ਨਾਇਕ (ਹੇਗੇਮੋਨ) ਨਿਯੁਕਤ ਕੀਤਾ ਗਿਆ।

ਇਸੇ ਸਮੇਂ ਕੋਰਿੰਥ ਵਿੱਚ ਇੱਕ ਦਰਵੇਸ਼ ਦਾਰਸ਼ਨਿਕ ਡਾਇਓਜੀਨੀਅਸ ਰਹਿੰਦਾ ਸੀ। ਅਰਸਤੂ ਨੇ ਇਸ ਬਾਰੇ ਸਿਕੰਦਰ ਨੂੰ ਦੱਸਿਆ ਸੀ ਕਿ ਉਹ ਦੇਸ਼ ਦਾ ਵੱਡਾ ਚਿੰਤਕ ਤੇ ਗੁਣੀ ਗਿਆਨੀ ਹੈ। ਉਹ ਸਿਨਿਕ ਸੰਪਰਦਾਏ ਦਾ ਮੋਢੀ ਸੀ। ਇਸ ਸੰਪਰਦਾਏ ਦੇ ਲੋਕ ਅੱਜ ਕੱਲ੍ਹ ਦੇ ਨਾਂਗੇ ਸਾਧੂਆਂ ਵਾਂਗ ਪ੍ਰਕਿਰਤਕ ਸਥਿਤੀ ਵਿੱਚ ਰਹਿਣਾ ਪਸੰਦ ਕਰਦੇ ਸਨ। ਦਿਗੰਬਰ ਜੈਨ ਮੁਨੀਆਂ ਵਾਂਗ ਇਹ ਵੀ ਨਗਨ ਅਵਸਥਾ ਵਿੱਚ ਰਹਿੰਦੇ ਸਨ। ਸਿਕੰਦਰ ਉਸ ਨੂੰ ਮਿਲਣ ਗਿਆ ਤੇ ਕਹਿਣ ਲੱਗਾ ਮੈਂ ਤੁਹਾਡੀ ਕਿਹੜੀ ਇੱਛਾ ਪੂਰੀ ਕਰ ਸਕਦਾਂ ਹਾਂ? ਮੈਂ ਯੂਨਾਨ ਦਾ ਬਾਦਸ਼ਾਹ ਸਿਕੰਦਰ ਹਾਂ। ਉਹਨੇ ਸਾਹਮਣੇ ਖੜ੍ਹੇ ਸਿਕੰਦਰ ਵੱਲ ਘੂਰਦੇ ਹੋਏ ਕਿਹਾ - ਪਿੱਛੇ ਹਟ, ਧੁੱਪ ਆਉਣ ਦੇ, ਮੈਨੂੰ ਨਹੀਂ ਕੁਝ ਚਾਹੀਦਾ‘ ਸਿਕੰਦਰ ਦੇ ਸਾਥੀਆਂ ਨੇ ਬਾਦਸ਼ਾਹ ਦਾ ਅਪਮਾਨ ਦੇਖ ਕੇ ਕਿਹਾ ਕਿ ਇਹ ਸਾਲਾ ਮੂਰਖ ਹੈ, ਪਰ ਸਿਕੰਦਰ ਕਹਿਣ ਲੱਗਾ– ਨਹੀਂ ਜੇ ਮੈਂ ਸਿਕੰਦਰ ਨਾ ਹੁੰਦਾ ਤਾਂ ਮੈਂ ਡਾਇਓਜੀਨੀਅਸ ਬਣਨ ਦੀ ਕੋਸ਼ਿਸ਼ ਕਰਦਾ।‘

334 ਈ.ਪੂ. ਦੇ ਪਤਝੜ ਵਿੱਚ ਮਕਦੂਨੀਆ ਪਰਤ ਕੇ ਸਿਕੰਦਰ ਨੇ ਪਰਸ਼ੀਆ ‘ਤੇ ਧਾਵਾ ਬੋਲਣ ਦੀ ਤਿਆਰੀ ਸ਼ੁਰੂ ਕੀਤੀ। ਏਸ਼ੀਆ ਵਲ ਨਿਕਲਣ ਤੋਂ ਪਹਿਲਾਂ ਸਿਕੰਦਰ ਨੇ ਆਪਣੀ ਨਿੱਜੀ ਜਾਇਦਾਦ ਮਿੱਤਰਾਂ ਵਿੱਚ ਵੰਡ ਦਿੱਤੀ। ਉਹਦੇ ਮਿੱਤਰਾਂ ਵਿੱਚੋਂ ਇੱਕ ਪਰਡੀਕਾਸ ਨੇ ਜਦੋਂ ਇਸ ਬਾਰੇ ਪੁੱਛਿਆ ਤਾਂ ਸਿਕੰਦਰ ਨੇ ਕਿਹਾ ਕਿ “ਮਹਾਨ ਬਣਨ ਲਈ ਛੋਟੀਆਂ ਚੀਜ਼ਾਂ ਦਾ ਤਿਆਗ ਜ਼ਰੂਰੀ ਹੈ।” ਅੱਗੋਂ ਉਹ ਕਹਿਣ ਲੱਗਾ ਕਿ “ਤੁਸਾਂ ਆਪਣੇ ਲਈ ਫਿਰ ਕੀ ਰੱਖਿਆ” ਤਾਂ ਸਿਕੰਦਰ ਦਾ ਜਵਾਬ ਸੀ - “ਆਸ, ਇੱਛਾ, ਸੁਪਨਿਆਂ ਨੂੰ ਪੂਰਿਆਂ ਕਰਨ ਲਈ ਸੁਨਹਿਰੀ ਕਿਰਨ ਦੀ ਆਸ ਜੋ ਦੂਰ ਅਕਾਸ਼ਾਂ ਵਿੱਚ ਚਮਕ ਰਹੀ ਹੈ।” ਮਕਦੂਨੀਆ ਦੀ ਦੇਖ ਭਾਲ ਲਈ ਉਹਨੇ ਫਿਲਿਪ ਦੇ ਅਨੁਭਵੀ ਸੈਨਾਪਤੀ ਅੰਤੀਪਾਤਿਰ ਨੂੰ ਵਾਗਡੋਰ ਸੌਂਪ ਦਿੱਤੀ ਤੇ ਉਹਦੀ ਸਹਾਇਤਾ ਲਈ 12 ਹਜ਼ਾਰ ਫੌਜੀ ਤੇ ਸਾਜ਼ੋ ਸਾਮਾਨ ਦਾ ਪ੍ਰਬੰਧ ਕਰ ਦਿੱਤਾ।

338 ਈ.ਪੂ. ਦੀ ਬਸੰਤ ਰੁੱਤੇ ਸਿਕੰਦਰ ਏਸ਼ੀਆ ਵੱਲ ਚੱਲ ਪਿਆ। ਉਹਦੇ ਨਾਲ 48 ਹਜ਼ਾਰ ਪੈਦਲ ਫੌਜੀ, 6 ਹਜ਼ਾਰ ਘੋੜ ਸਵਾਰ, 120 ਬੇੜੀਆਂ ਦਾ ਬੇੜਾ ਤੇ 34 ਹਜ਼ਾਰ ਮਲਾਹ ਸਨ। ਇਹ ਸਾਰਾ ਲਾਮ ਲਸ਼ਕਰ ਉਹਨੇ ਯੂਨਾਨ ਦੇ ਵੱਖ ਵੱਖ ਹਿੱਸਿਆਂ ਵਿੱਚੋਂ ਇਕੱਠਾ ਕੀਤਾ ਸੀ। ਅਨੇਕਾਂ ਗੱਡਿਆਂ ‘ਤੇ ਉਹਨੇ ਫੌਜ ਲਈ ਰਸਦ ਦਾ ਸਮਾਨ ਰੱਖਿਆ। ਪਰਸ਼ੀਆਂ ਨਾਲ ਯੁੱਧ ਕਰਨ ਲਈ ਮਹਾਨ ਨਾਇਕ ਨੇ ਹੇਲੀਸਪੋਂਟ ਪਾਰ ਕੀਤਾ। ਇਹ ਦਾਨਿਆਲ ਦੱਰਾ ਸੀ। ਹੱਥ ਵਿੱਚ ਭਾਲਾ ਲੈ ਕੇ ਸਿਕੰਦਰ ਨੇ ਕਿਹਾ– ਡੇਢ ਸ਼ਤਾਬਦੀ ਪਹਿਲਾਂ ਇਸਨੂੰ ਪਰਸ਼ੀਆ ਦੇ ਸਮਰਾਟ ਜਰਕਸੀਸ ਨੇ ਉਲਟੀ ਦਿਸ਼ਾ ਵਲੋਂ ਪਾਰ ਕਰਕੇ ਮਾਈਨਰ ਏਸ਼ੀਆ ਦੀਆਂ ਯੂਨਾਨੀ ਬਸਤੀਆਂ ਨੂੰ ਤਬਾਹ ਕੀਤਾ ਸੀ। “ਅੱਜ ਮੈਂ ਪਰਸ਼ੀਆ ਵਿੱਚ ਹਾਂ ਤੇ ਇਸ ਧਰਤ ਨੂੰ ਜਿੱਤਣ ਲਈ ਸੰਕਲਪ ਲੈਂਦਾ ਹਾਂ। ਪਾਰਸ਼ਿਕ ਸਮਰਾਟ ਨੂੰ ਕੰਨ ਖੋਲ੍ਹ ਕੇ ਸੁਣ ਲੈਣਾ ਚਾਹੀਦਾ ਹੈ ਜਿਵੇਂ ਅਕਾਸ਼ ਵਿੱਚ ਦੋ ਸੂਰਜ ਨਹੀਂ ਹੋ ਸਕਦੇ ਇਵੇਂ ਹੀ ਧਰਤ ‘ਤੇ ਦੋ ਸਮਰਾਟ ਨਹੀਂ ਹੋ ਸਕਦੇ। ਭਾਲਾ ਜ਼ਮੀਨ ਵਿੱਚੋਂ ਉਖਾੜਦਿਆਂ ਉਹਨੇ ਕਿਹਾ ਕਿ ਮਕਦੂਨੀਆ ਦੇ ਇਸੇ ਹਥਿਆਰ ਨਾਲ ਉਹ ਪੂਰਾ ਏਸ਼ੀਆ ਜਿਤੇਗਾ।”

ਗਰਾਨੀਕਸ ਦੇ ਛੋਟੇ ਦਰਿਆ ਨੂੰ ਪਾਰ ਕਰਕੇ ਸਿਕੰਦਰ ਦੀ 40 ਹਜ਼ਾਰ ਤੇ ਪਰਸ਼ੀਆ ਦੀ 20 ਹਜ਼ਾਰ ਫੌਜ ਵਿੱਚ ਗਹਿ ਗੱਚ ਲੜਾਈ ਹੋਈ। ਇਸ ਵਿੱਚ ਸਿਕੰਦਰ ਨੇ ਕਈ ਕੁਝ ਲੁਟਿਆ ਵੀ। ਨੇੜੇ ਦੇ ਰਾਜ ਏਥਨਜ਼ ਨੂੰ ਉਹਨੇ ਦਰਿਆ ਰਾਹੀਂ 300 ਪੇਟੀਆਂ ਜ਼ਰਾ ਬਖਤਰਾਂ ਦੀਆਂ ਭੇਜੀਆਂ। ਅੱਗੇ ਸਿਕੰਦਰ ਦੇ ਨਾਇਕ ਅਕਲੀਜ਼ ਦੀ ਕਰਮਭੂਮੀ ਟਰਾਏ ਸੀ। ਸਿਕੰਦਰ ਨੇ ਅਕਲੀਜ਼ ਦੀ ਸਮਾਧ ‘ਤੇ ਜਾ ਕੇ ਸ਼ਰਧਾਂਜਲੀ ਭੇਂਟ ਕੀਤੀ। ਟਰਾਏ ਦੇ ਇਸ ਸਥਾਨ ‘ਤੇ ਪ੍ਰਾਚੀਨ ਯੋਧਿਆਂ ਦੇ ਅਸਤਰ ਸ਼ਸਤਰ ਰੱਖੇ ਹੋਏ ਸਨ। ਸਿਕੰਦਰ ਨੇ ਸਤਿਕਾਰ ਵਜੋਂ ਆਪਣਾ ਇੱਕ ਸ਼ਸਤਰ ਉੱਥੇ ਰੱਖ ਦਿੱਤਾ ਤੇ ਸੁਗਾਤ ਵਜੋਂ ਕੁਝ ਪ੍ਰਾਚੀਨ ਸ਼ਸਤਰ ਲੈ ਲਏ। ਉਹਦੇ ਸਾਥੀ ਸਮਝਦੇ ਸਨ ਕਿ ਪ੍ਰਾਚੀਨ ਯੋਧਿਆਂ ਵਾਂਗ ਸਿਕੰਦਰ ਅਜਿੱਤ ਹੈ ਤੇ ਟਰਾਏ ਦੇ ਸਵਰਗਵਾਸੀ ਯੋਧੇ ਇਸ ਸਤਿਕਾਰ ਕਰਕੇ ਯੁੱਧ ਵਿੱਚ ਉਹਦੀ ਰੱਖਿਆ ਕਰਨਗੇ।

ਸਿਕੰਦਰ ਦੇ ਯੁੱਧ ਜਾਰੀ ਸਨ। ਪਾਰਸ਼ਿਕ ਸ਼ਾਹ ਦਾਰਾ ਆਪਣੇ ਆਪ ਨੂੰ ਵੱਡਾ ਸਮਰਾਟ ਮੰਨਦਾ ਸੀ। ਦਾਰੇ ਨਾਲ ਸਿਕੰਦਰ ਦਾ ਵੱਡਾ ਭੇੜ ਹੋਇਆ। ਇਸ ਬਾਰੇ ਪ੍ਰਸਿੱਧ ਕਵੀ ਫਿਰਦੌਸੀ ਆਪਣੇ ਸ਼ਾਹਨਾਮੇ ਵਿੱਚ ਲਿਖਦਾ ਹੈ– ਦਾਰੇ ਨੇ ਹਵਾ ਵਰਗੀ ਤੇਜ਼ ਗਤੀ ਨਾਲ ਦੌੜਣ ਵਾਲੇ ਇੱਕ ਊਠ ਸਵਾਰ ਨੂੰ ਭਾਰਤ ਦੇ ਉੱਤਰ–ਪੱਛਮੀ ਰਾਜੇ ਪੁਰੂ (ਪੋਰਸ) ਕੋਲ ਪੈਗਾਮ ਦੇ ਕੇ ਭੇਜਿਆ ਕਿ ਉਹ ਉਹਦੀ ਮਦਦ ਕਰੇ। ਪਰ ਉਹਨੂੰ ਕੋਈ ਮਦਦ ਨਾ ਮਿਲੀ ਤੇ ਦਾਰਾ ਨਿਰਾਸ਼ ਹੋ ਗਿਆ। ਸਿਕੰਦਰ ਨੇ ਉਹਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਉਹ ਸੀਰੀਆ ਭੱਜ ਗਿਆ। ਇਸ ਤੋਂ ਅੱਗੇ ਸਿਕੰਦਰ ਨੇ ਤਾਇਰ ਤੇ ਸਿਦੋਨ ਦੀਆਂ ਬੰਦਰਗਾਹਾਂ ‘ਤੇ ਕਬਜ਼ਾ ਕਰ ਲਿਆ। ਤਾਇਰ ਵਾਲਿਆਂ ਨੇ ਡਟ ਕੇ ਵਿਰੋਧ ਕੀਤਾ ਪਰ ਅੰਤ ਉਹ ਹਾਰ ਗਏ।

ਤਾਇਰ ‘ਤੇ ਕਬਜ਼ਾ ਕਰਨ ਤੋਂ ਬਾਅਦ ਸਿਕੰਦਰ ਨੇ ਮਿਸਰ ਵਲ ਰੁਖ ਕੀਤਾ। ਯੇਰੂਸ਼ਲਮ ਨੇ ਸਮਰਪਣ ਕਰਦੇ ਹੋਏ ਨਗਰ ਦੇ ਗੇਟ ਸਿਕੰਦਰ ਲਈ ਖੋਲ੍ਹ ਦਿੱਤੇ। ਸਿਕੰਦਰ ਦੇ ਪਹੁੰਚਣ ‘ਤੇ ‘ਡੇਨੀਅਲ ਦੀ ਭਵਿੱਖਬਾਣੀ‘ ਨਾਂ ਦੀ ਕਿਤਾਬ ਦਾ ਅੱਠਵਾਂ ਅਧਿਆਏ ਖੋਲ੍ਹ ਕੇ ਉਹਨੂੰ ਦਿਖਾਇਆ ਗਿਆ ਜਿਸ ਵਿੱਚ ਲਿਖਿਆ ਹੋਇਆ ਸੀ ਕਿ ਇੱਕ ਸ਼ਕਤੀਸ਼ਾਲੀ ਯੂਨਾਨੀ ਸਮਰਾਟ ਆਏਗਾ ਜੋ ਪਰਸ਼ੀਆ ਨੂੰ ਜਿਤੇਗਾ। ਸਿਕੰਦਰ ਨੇ ਖ਼ੁਸ਼ ਹੁੰਦਿਆ ਯੇਰੂਸ਼ਲਮ ਨੂੰ ਬਖਸ਼ ਦਿੱਤਾ।

332 ਈ.ਪੂ. ਦੇ ਅੰਤ ਵਿੱਚ ਸਿਕੰਦਰ ਮਿਸਰ ਪਹੁੰਚਿਆ। ਸਿਕੰਦਰ ਦਾ ਆਗਮਨ ਮਿਸਰਵਾਸੀਆਂ ਲਈ ਸਿਰਫ ਰਾਜ ਪਰਿਵਰਤਨ ਸੀ ਕਿਉਂਕਿ ਉਹ ਦੋ ਸਦੀਆਂ ਤੋਂ ਪਰਸ਼ੀਆ ਦੀ ਗੁਲਾਮੀ ਝੱਲ ਰਹੇ ਸਨ। ਸਿਕੰਦਰ ਨੇ ਉੱਥੇ ਐਲਾਨ ਕੀਤਾ ਕਿ ਸਮਰਾਟ ਕੋਂਬੀਸਿਸ ਵਾਂਗ ਨਾ ਤਾਂ ਮੇਰਾ ਪਿਰਾਮਿਡਾਂ ਤੋਂ ਕੁਝ ਲੈਣਾ ਦੇਣਾ ਹੈ ਤੇ ਨਾ ਫਰਾਓਨਾਂ ਦੀਆਂ ਸਮਾਧੀਆਂ ਤੋਂ। ਮਿਸਰ ਦੇ ਦੱਖਣ–ਪੱਛਮੀ ਹਿੱਸੇ ਵਿੱਚ ਸਥਿਤ ਲੀਬੀਆ ਦੇ ਮਾਰੂਥਲ ਵਿੱਚ ਸਿਬਾਹ ਨਖਲਿਸਤਾਨ ਵਿੱਚ ਬਣੇ ਸੂਰਜ–ਦੇਵਤੇ ਏਮਨ–ਰੇ ਦੇ ਮੰਦਿਰ ਵਿੱਚ ਉਹ ਗਿਆ ਤੇ ਅੰਦਰਲੇ ਹਿੱਸੇ ਵਿੱਚ ਪੁਜਾਰੀ ਨਾਲ ਇਕੱਲਾ ਗਿਆ। ਉੱਥੇ ਕੀ ਹੋਇਆ ਕੋਈ ਨਹੀਂ ਜਾਣਦਾ ਪਰ ਇਹ ਸਪਸ਼ਟ ਹੈ ਕਿ ਉਹਨੇ ਅਨੁਭਵ ਕੀਤਾ ਕਿ ਰੱਬ ਨਾਲ ਉਹਦਾ ਕੋਈ ਵਿਸ਼ੇਸ਼ ਸੰਬੰਧ ਹੈ ਤੇ ਸੰਸਾਰ ਵਿੱਚ ਏਕਤਾ ਸਥਾਪਤ ਕਰਨਾ ਉਹਦਾ ਰੱਬੀ ਫਰਜ਼ ਹੈ। ਪੁਜਾਰੀ ਨੇ ਦੱਸਿਆ ਕਿ ਮੰਦਿਰ ਦੀ ਦੇਵਬਾਣੀ ਨੇ ਸਿਕੰਦਰ ਨੂੰ ਦਿਓਤਾ ਐਲਾਨਿਆ ਹੈ। ਲੋਕਾਂ ਨੇ ਉਸ ਨੂੰ ਬ੍ਰਹਿਮੰਡ ਦੇ ਸੁਆਮੀ ਦੀ ਉਪਾਧੀ ਦਿੱਤੀ। ਮਿਸਰ ਵਿੱਚ ਸਿਕੰਦਰ ਨੇ ਨੀਲ ਨਦੀ ਦੇ ਮੁਹਾਨੇ ‘ਤੇ ਸਿਕੰਦਰੀਆ ਨਗਰ ਤੇ ਤਾਇਰ ਦੇ ਉੱਤਰ ਵਿੱਚ ਇਸਸ ਦੇ ਨੇੜੇ ਅਲੈਗਜਦਿਤਾ ਨਾਂ ਦੀ ਬੰਦਰਗਾਹ ਬਣਾਈ। ਇਹ ਦੋਵੇਂ ਯਾਦਗਾਰਾਂ ਅੱਜ ਵੀ ਕਾਇਮ ਹਨ।

ਈ.ਪੂ. 331 ਵਿੱਚ ਜੁਲਾਈ ਮਹੀਨੇ ਸਿਕੰਦਰ ਨੇ ਮੈਸੋਪੋਟਮੀਆ (ਉਤਰੀ ਇਰਾਕ) ਵਿੱਚ ਪ੍ਰਵੇਸ਼ ਕੀਤਾ। ਇਸ ਤੋਂ ਬਾਅਦ ਉਹ ਬੇਬੀਲੋਨੀਆ ਨੂੰ ਜਿੱਤਣ, ਲੁੱਟਣ ਤੇ ਸਾੜਨ ਦੇ ਮਕਸਦ ਨਾਲ ਪਹੁੰਚਿਆ। ਪਰਸੀਪੋਲਿਸ ਪਹੁੰਚ ਕੇ ਉਹਦੀਆਂ ਫੌਜਾਂ ਕਈ ਦਿਨ ਲੁੱਟ ਮਾਰ ਕਰਦੀਆਂ ਰਹੀਆਂ। ਉਹ ਹਮੇਸ਼ਾ ਕਿਹਾ ਕਰਦਾ ਸੀ - “ਮਿੱਤਰੋ, ਗਿਣਤੀ ਜਾਂ ਸਾਧਨ ਨਹੀਂ ਜਿੱਤਦੇ, ਮਨੁੱਖ ਜਿੱਤਦਾ ਹੈ। ਮਨੁੱਖ ਦਾ ਸਾਰਾ ਵਜੂਦ ਲੜਦਾ ਹੈ ਤੇ ਉਹੀ ਜਿੱਤਦਾ ਹੈ। ਆਪਣੇ ਡਰ ਨੂੰ ਜਿਤੋ। ਮੇਰਾ ਵਾਅਦਾ ਹੈ ਕਿ ਤੁਸੀਂ ਦੁਸ਼ਮਣ ਨੂੰ ਜਿੱਤ ਲਓਗੇ।”

ਕਿਹਾ ਜਾਂਦਾ ਹੈ ਕਿ ਯੁੱਧ ਤੋਂ ਵਿਹਲਾ ਹੋ ਕਿ ਇੱਕ ਵਾਰ ਸਿਕੰਦਰ ਅਰਾਮ ਕਰ ਰਿਹਾ ਸੀ ਤੇ ਉਹਦੇ ਮਿੱਤਰ ਹਾਸਾ ਠੱਠਾ ਕਰ ਰਹੇ ਸਨ। ਉਸ ਸਮੇਂ ਐਰੀਜਿਅਸ ਅੰਦਰ ਆਇਆ। ਉਹਦੇ ਨਾਲ ਆਏ ਸਿਪਾਹੀਆਂ ਨੇ ਰਤਨਾਂ, ਹੀਰਿਆਂ ਜਵਾਹਰਾਂ ਨਾਲ ਜੜਿਆ ਇੱਕ ਸੰਦੂਕ ਉਹਦੇ ਸਾਹਮਣੇ ਲਿਆ ਰੱਖਿਆ ਜੋ ਸੜਨ ਤੋਂ ਬਚ ਗਿਆ ਸੀ। ਸਿਕੰਦਰ ਨੇ ਕੁਝ ਸੋਚਦਿਆਂ ਵਾਰੀ ਵਾਰੀ ਆਪਣੇ ਮਿੱਤਰਾਂ ਨੂੰ ਪੁੱਛਿਆ ਕਿ ਤੁਸੀਂ ਇਸ ਵਿੱਚ ਕੀ ਰੱਖੋਗੇ, ਐਰੀਜਿਅਸ ਨੇ ਕਿਹਾ ਕਿ ਉਹ ਇਸ ਵਿੱਚ ਕੀਮਤੀ ਸ਼ਰਾਬ ਰੱਖੇਗਾ। ਨੇਆਖਰੋਸ ਕਹਿਣ ਲੱਗਾ ਮੈਂ ਇਸ ਵਿੱਚ ਕੀਮਤੀ ਸਮੁੰਦਰੀ ਨਕਸ਼ੇ ਰੱਖਾਂਗਾ। ਟਾਲਮੀ ਕਹਿਣ ਲੱਗਾ ਮੈਂ ਇਸ ਵਿੱਚ ਤਲਵਾਰ ਰੱਖਾਂਗਾ। ਹਰਪਾਲਸ ਕਹਿਣ ਲੱਗਾ ਮੈਂ ਇਸ ਵਿੱਚ ਧਨ ਦੌਲਤ ਰੱਖਾਂਗਾ। ਸਿਕੰਦਰ ਚੁੱਪ ਕਰ ਗਿਆ। ਉਹਦੇ ਸਾਥੀਆਂ ਨੂੰ ਲੱਗਿਆ ਕਿ ਸਿਕੰਦਰ ਉਨ੍ਹਾਂ ਦੇ ਉੱਤਰਾਂ ਤੋਂ ਖ਼ੁਸ਼ ਨਹੀਂ। ਸਿਕੰਦਰ ਦੇ ਇੱਕ ਗੂੜ੍ਹੇ ਮਿੱਤਰ ਨੇ ਚੁੱਪ ਤੋੜਦਿਆਂ ਸਿਕੰਦਰ ਨੂੰ ਪੁੱਛਿਆ ਕਿ ਤੂੰ ਇਸ ਵਿੱਚ ਕੀ ਰੱਖੇਂਗਾ ਤਾਂ ਉਹ ਕਹਿਣ ਲੱਗਾ ਮੈਂ ਇਸ ਵਿੱਚ ਹੋਮਰ ਦੀ ਇਲਿਆਦ ਰੱਖਾਂਗਾ ਤੇ ਬਾਅਦ ਵਿੱਚ ਹਮੇਸ਼ਾ ਸਿਕੰਦਰ ਨੇ ਇਲਿਆਦ ਵਾਲਾ ਉਹ ਸੰਦੂਕ ਆਪਣੇ ਨਾਲ ਰੱਖਿਆ।

ਸਿਕੰਦਰ ਨੇ ਸੋਗਿਦਿਆਨਾ ਅਤੇ ਬੈਕਟੀਰੀਆ ਨੂੰ ਜਿੱਤ ਕੇ ਸੀਥੀਅਨਾਂ ਨੂੰ ਉੱਤਰ ਵਲ ਖਦੇੜ ਦਿੱਤਾ। ਉਸ ਤੋਂ ਬਾਅਦ ਉਹਨੂੰ ਵਿਸ਼ਵਾਸ ਹੋ ਗਿਆ ਕਿ ਉਹ ਉੱਤਰ–ਪੂਰਬੀ ਏਸ਼ੀਆ ਦੀ ਸਰਹੱਦ ਨੇੜੇ ਪਹੁੰਚ ਗਿਆ ਹੈ ਤੇ ਅੱਗੇ ਸਿਰਫ ਭਾਰਤ ਹੈ। ਫੌਜੀਆਂ ਵਿੱਚ ਫੈਲ ਰਹੀ ਬੇਚੈਨੀ ਦੇ ਬਾਵਜੂਦ ਸਿਕੰਦਰ ਨੇ ਆਪਣੀ ਹਠੀ ਅਗਵਾਈ ਵਿੱਚ ਸਖਤੀ ਨਾਲ ਫੌਜ ਦੀ ਦ੍ਰਿੜ੍ਹਤਾ ਨੂੰ ਕਾਇਮ ਰੱਖਿਆ। 326 ਈ.ਪੂ. ਨੂੰ ਉਹਦੀ ਫੌਜ ਪੰਜਾਬ ਵਿੱਚ ਪੋਰਸ ਨਾਲ ਯੁੱਧ ਕਰਦੀ ਥੱਕ ਗਈ।

ਕਾਬੁਲ ਦਰਿਆ ਦੇ ਰਸਤੇ ‘ਤੇ ਸਿਕੰਦਰ ਨੇ ਆਪਣੀ ਫੌਜ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਇੱਕ ਹਿੱਸੇ ਨੂੰ ਹੇਫਾਸਿਤਓਨ ਅਤੇ ਪਡਰੀਕਾਸ ਦੀ ਅਗਵਾਈ ਵਿੱਚ ਕਾਬੁਲ ਦਰਿਆ ਦੇ ਨਾਲ ਨਾਲ ਚੱਲ ਕੇ ਖੈਬਰ ਦੱਰੇ ਰਾਹੀਂ ਸਿੰਧ ਦਰਿਆ ਤਕ ਪਹੁੰਚਣ ਦਾ ਹੁਕਮ ਦਿੱਤਾ। ਉਹ ਦੋਵੇਂ ਰਸਤਿਆਂ ਦੇ ਇਲਾਕਿਆਂ ‘ਤੇ ਕਬਜ਼ਾ ਕਰਕੇ ਸਿੰਧ ਦਰਿਆ ਕੋਲ ਜਾ ਪਹੁੰਚੇ। ਫੌਜ ਦੇ ਦੂਸਰੇ ਹਿੱਸੇ ਨੇ ਸਿਕੰਦਰ ਦੀ ਅਗਵਾਈ

ਬਾਕੀ ਸਫਾ 32 ’ਤੇ

## ਯੂ.ਏ.ਪੀ.ਏ. ਅਤੇ ਦੇਸ਼ ਧ੍ਰੋਹ ਕਨੂੰਨ...

੧੯੬੭ ਵਿੱਚ ਹੋਂਦ 'ਚ ਆਇਆ ਪਰ ੨੦੦੮ 'ਚ ਪੋਟਾ ਨੂੰ ਖ਼ਤਮ ਕਰਕੇ ਉਸ ਦੀਆਂ ਸਾਰੀਆਂ ਮਾਰੂ ਧਾਰਾਵਾਂ ਇਸ ਵਿੱਚ ਸ਼ਾਮਲ ਕਰ ਦਿੱਤੀਆਂ ਗਈਆਂ ਅਤੇ ੨੦੧੯ 'ਚ ਇਸ ਨੂੰ ਖ਼ੂੰਖਾਰ ਕਾਨੂੰਨ ਦਾ ਰੂਪ ਦੇ ਦਿੱਤਾ ਗਿਆ ਜਿਸ ਨਾਲ ਕਿਸੇ ਵੀ ਵਿਸ਼ੇਸ਼ ਵਿਅਕਤੀ ਨੂੰ ਅੱਤਵਾਦੀ ਘੋਸ਼ਿਤ ਕੀਤਾ ਜਾ ਸਕਦਾ ਹੈ ਤੇ ਉਸ ਦੀ ਲਿਖਣ ਬੋਲਣ ਦੀ ਅਜ਼ਾਦੀ ਨੂੰ ਵੀ ਖੋਹਿਆ ਜਾ ਸਕਦਾ ਹੈ। ਉਹਨਾਂ ਵਿਅੰਗਮਈ ਢੰਗ ਨਾਲ ਕਿਹਾ ਕਿ ਭਾਜਪਾ ਦੇ ਭਾਈਵਾਲ ਅਕਾਲੀ ਦਲ ਨੇ ਕੌਮ ਦੀ ਆਵਾਜ਼ ਨਹੀਂ ਬਣਨਾ ਅਤੇ ਨਾ ਹੀ ਸਾਨੂੰ ਉਹਨਾਂ ਤੋਂ ਕੋਈ ਕੌਮ ਦੇ ਭਲੇ ਦੀ ਆਸ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਕੇ.ਪੀ.ਐੱਸ. ਗਿੱਲ ਦੇ ਕਾਲ ਤੋਂ ਹੀ ਪੁਲਿਸ ਲੀਡਰਸ਼ਿਪ ਪੰਜਾਬ ਦੀ ਰਾਜਨੀਤਿਕ ਲੀਡਰਸ਼ਿਪ ਤੇ ਹਾਵੀ ਚਲਦੀ ਆ ਰਹੀ ਹੈ। ਉਹਨਾਂ ਦਾ ਬਾਰ-ਬਾਰ ਪੁਲਿਸ ਵਧੀਕੀਆਂ ਅੱਗੇ ਗੁੰਮ-ਸੁੰਮ ਹੋ ਜਾਣਾ ਸਿੱਧ ਕਰਦਾ ਹੈ ਕਿ ਪੰਜਾਬ ਹਾਲੇ ਵੀ ਪੁਲਿਸ ਸੂਬਾ ਹੈ।

ਉਹਨਾਂ ਕਿਹਾ ਕਿ ਭਾਰਤ ਅੰਦਰ ਜਮਹੂਰੀਅਤ ਇੱਕ ਢਕਵੰਜ ਬਣ ਕੇ ਰਹਿ ਗਿਆ ਹੈ ਤੇ ਲੋਕਤੰਤਰਤਾ ਕੇਵਲ ਦੁਨੀਆਂ ਨੂੰ ਭਰਮਾਉਣ ਵਾਸਤੇ ਹੈ। ਉਹਨਾਂ ਕਿਹਾ ਕਿ ਪਿਛਲੇ ਸਾਲ ਕਸ਼ਮੀਰਆਂ ਨੂੰ ਨਿਸ਼ਾਨਾ ਬਣਾਇਆ ਗਿਆ, ਫਿਰ ਕੇਂਦਰ ਦੇ ਨਿਸ਼ਾਨੇ 'ਤੇ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਦੇ ਭਾਰਤੀ ਮੁਸਲਮਾਨ ਅਤੇ ਹੁਣ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਤੇ ਇਹ ਅਜੇ ਨਵੰਬਰ ੨੦੨੦ ਤਕ ਚੱਲੇਗਾ।

ਉਹਨਾਂ ਪੰਜਾਬ ਦੇ ਮੁੱਖ ਮੰਤਰੀ ਤੇ ਪੁਲਿਸ ਨੂੰ ਨੌਜਵਾਨਾਂ ਨੂੰ ਜਲੀਲ, ਖੱਜਲ-ਖੁਆਰ ਕਰਨ ਤੋਂ ਵਰਜਦਿਆਂ ਕਿਹਾ ਕਿ ਨੌਜਵਾਨਾਂ ਦੇ ਸਵੈਮਾਣ ਦਾ ਆਦਰ ਕੀਤਾ ਜਾਵੇ। ਉਹਨਾਂ ਸੁਖਪਾਲ ਸਿੰਘ ਖਹਿਰਾ ਅਤੇ ਡਾ. ਧਰਮਵੀਰ ਗਾਂਧੀ ਤੇ ਕਰਨੈਲ ਸਿੰਘ ਪੰਜੋਲੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਤਿੰਨੇ ਆਵਾਜ਼ਾਂ ਪੁਲਿਸ ਜ਼ੁਲਮ ਖਿਲਾਫ਼ ਉੱਠੀਆਂ ਹਨ, ਅਜਿਹੇ ਲੋਕਾਂ ਦੀ ਗਿਆਨੀ ਹਰਪ੍ਰੀਤ ਸਿੰਘ ਨੂੰ ਸੇਵਾਂਵਾਂ ਲੈਣੀਆਂ ਚਾਹੀਦੀਆਂ ਹਨ।

ਪ੍ਰੈੱਸ ਕਾਨਫਰੰਸ ਮੌਕੇ ਫ਼ੈਡਰੇਸ਼ਨ ਦੇ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਅੰਗਰੇਜ ਸਿੰਘ ਵੀ ਸ਼ਾਮਲ ਸਨ ਜਿਨ੍ਹਾਂ ਨਾਲ ਪੁਲਿਸ ਨੇ ਓਵੇਂ ਹੀ ਦੁਰਵਿਵਹਾਰ ਅਤੇ ਥਾਣੇ ਬੁਲਾ ਕੇ ਖੱਜਲ-ਖੁਆਰੀ ਕੀਤੀ ਜਿਵੇਂ ਬਾਕੀ ਨੌਜਵਾਨਾਂ ਨਾਲ ਪੰਜਾਬ ਭਰ 'ਚ ਕੀਤਾ ਗਿਆ। ਉਹਨਾਂ ਦੋਵਾਂ ਨੇ ਪ੍ਰੈੱਸ ਨੂੰ ਆਪਣੀ ਹੱਡਬੀਤੀ ਵੀ ਦੱਸੀ।

-o-

## ਸੁਪਰੀਮ ਕੋਰਟ ਦੀ ਕੈਪਟਨ ਤੇ ਖੱਟਰ...



'ਚ ਬਿੱਲ ਪਾਸ ਕਰ ਕੇ ਸਾਰੇ ਪਾਣੀ ਸਮਝੌਤਿਆਂ ਨੂੰ ਰੱਦ ਕਰ ਦਿੱਤਾ ਗਿਆ।

-15 ਮਾਰਚ 2016 ਨੂੰ ਪੰਜਾਬ ਸਰਕਾਰ ਨੇ ਸਤਲੁਜ ਯਮੁਨਾ ਲਿੰਕ ਨਹਿਰ ਦੇ ਨਿਰਮਾਣ ਲਈ ਐਕਵਾਇਰ 3,928 ਏਕੜ ਜ਼ਮੀਨ ਨੂੰ ਉਨ੍ਹਾਂ ਦੇ ਅਸਲ ਮਾਲਿਕਾਂ ਨੂੰ ਸੌਂਪਣ ਸਬੰਧੀ ਬਿੱਲ ਪਾਸ ਕਰ ਦਿੱਤਾ। ਪੰਜਾਬ ਨੇ ਹਰਿਆਣਾ ਦਾ 191 ਕਰੋੜ ਰੁਪਏ ਦਾ ਚੈੱਕ ਵਾਪਸ ਭੇਜ ਦਿੱਤਾ। ਇਹ ਉਹ ਰਕਮ ਸੀ ਜਿਹੜੀ ਹਰਿਆਣਾ ਸਰਕਾਰ ਨੇ ਨਹਿਰ ਲਈ ਜ਼ਮੀਨ ਐਕਵਾਇਰ ਕਰਨ ਲਈ ਪੰਜਾਬ ਨੂੰ ਦਿੱਤੀ ਸੀ।

-10 ਨਵੰਬਰ 2016 ਨੂੰ ਸੁਪਰੀਮ ਕੋਰਟ ਨੇ ਇਕ ਇਤਿਹਾਸਕ ਫ਼ੈਸਲੇ 'ਚ ਕਿਹਾ ਕਿ ਤਿੰਨਾਂ ਸੂਬਿਆਂ 'ਚੋਂ ਕੋਈ ਵੀ ਇਕ ਸਰਕਾਰ ਇਕਪਾਸੜ ਸਮਝੌਤੇ ਤੋਂ ਪਿੱਛੇ ਨਹੀਂ ਹੱਟ ਸਕਦੀ।

## ਖਾਲਸਿਆਂ ਵਰਗਾ ਕਿਰਦਾਰ ਬਣਾਉ

ਨਾਂ 'ਗੁਰਬਾਣੀ' ਸੀ।ਹੁਣ 'ਅਰਦਾਸ' ਫਿਲਮ ਐਨੀ ਵਧੀਆ ਹੈ ਪਰ ਇਸ ਵਿਚ ਇਕ ਕੁੜੀ ਦਾ ਨਾਂ 'ਬਾਣੀ' ਹੈ।ਭਲਾ ਪੰਜਾਬ ਵਿਚ ਕਿੰਨੀਆਂ ਕੁ ਧੀਆਂ ਦੇ ਨਾਂ 'ਬਾਣੀ' ਹਨ ? ਕੀ 'ਅਰਦਾਸ' ਫਿਲਮ ਵਾਲਿਆ ਨੇ ਇਹ ਨਾਂ ਜਾਣਬੁਝਕੇ ਵਿਵਾਦ ਛੇੜਨ ਲਈ ਰੱਖਿਆ ?ਐਨੀ ਸ਼ਾਨਦਾਰ ਫਿਲਮ ਨੂੰ 'ਵਿਵਾਦ ਛੇੜਕੇ ਮਸ਼ਹੂਰੀ ਲੈਣ' ਵਾਲੇ ਵਰਤਾਰੇ ਦੀ ਕੋਈ ਲੋੜ ਤਾਂ ਨਹੀ ਦਿਸਦੀ। ਖੈਰ ਮੇਰਾ ਵਿਚਾਰ ਹੈ ਕਿ ਚਾਹੇ ਅਸਲ ਜਿੰਦਗੀ ਵਿਚ ,ਚਾਹੇ ਕਾਲਪਨਿਕ ਤੌਰ ਤੇ, ਸਾਨੂੰ ਇਸ ਗੱਲ ਦਾ ਖਿਆਲ ਰੱਖਣ ਦੀ, ਲੋੜ ਹੈ ਕਿ ਕਿਹੜੇ ਨਾਂ ਰੱਖਣੇ ਚਾਹੀਦੇ ਹਨ,ਕਿਹੜੇ ਨਹੀ।

.....ਕਈ ਦੁਕਾਨਾਂ ਦੇ ਨਾਂ ਹੁੰਦੇ ਨੇ 'ਖਾਲਸਾ ਜਨਰਲ ਸਟੋਰ, ਗੁਰੂ ਨਾਨਕ ਡੈਅਰੀ, ਗੁਰੂ ਗੋਬਿੰਦ ਸਿੰਘ ਬੁਕ ਸਟੋਰ, ਅਕਸਰ ਲੋਕ ਜਦ ਦੁਕਾਨਦਾਰ ਦੇ ਵਿਹਾਰ ਤੋਂ ਦੁਖੀ ਹੁੰਦੇ ਨੇ ਤਾਂ ਦੁਕਾਨ ਦਾ ਨਾਂ ਲੈਕੇ ਮਾੜਾ ਬੋਲਦੇ ਹਨ ਕਿ '...ਵਾਲਾ ਤਾਂ ਬਹੁਤ ਘਟੀਆ ਹੈ'। ਕਈ ਬੱਸਾਂ ਦੇ ਨਾਂ ਗੁਰੂਆਂ ਦੇ ਨਾਂ ਤੇ ਹੁੰਦੇ ਨੇ।ਲੋਕ ਗੱਲ ਕਰਨਗੇ, 'ਗੁਰੂ ਨਾਨਕ ਲੰਘ ਗਈ ਅੱਜ, ਫੇਰ ਰੋਡਵੇਜ ਤੇ ਆਉਣਾ ਪਿਆ'। ਦਰਬਾਰ ਸਾਹਿਬ ਦੇ ਕੋਲ ਭਾਈ ਗੁਰਦਾਸ ਜੀ ਦੇ ਨਾਂ ਤੇ ਬੜਾ ਸ਼ਾਨਦਾਰ ਹਾਲ ਉਸਾਰਿਆ ਹੋਇਆ ਹੈ ਪਰ ਕਈ ਲੋਕ ਅਧੂਰਾ ਨਾਂ ਲੈਣਗੇ ਤੇ 'ਭਾਈ' ਸ਼ਬਦ ਨਹੀਂ ਵਰਤਦੇ।ਸੋ ਸਾਨੂੰ ਸ਼ਬਦਾਂ ਦੀ ਚੋਣ ਸਹੀ ਕਰਨੀ ਚਾਹੀਦੀ ਹੈ। ਜੇ ਸਾਡਾ ਨਾਂ ਕਿਸੇ ਵੱਡੀ ਸਤਿਕਾਰਯੋਗ ਹਸਤੀ ਦੇ ਨਾਂ ਤੇ ਹੈ ਤਾਂ ਸਾਨੂੰ ਉਸ ਹਸਤੀ ਦਾ ਸਤਿਕਾਰ ਸਦਾ ਚੇਤੇ ਰੱਖਣਾ ਚਾਹੀਦਾ ਹੈ। ਜੇ ਅਸੀ 'ਖਾਲਸਾ ਜਨਰਲ ਸਟੋਰ' ਖੋਲਕੇ ਬੈਠੈ ਹਾਂ ਤਾਂ ਸਾਨੂੰ ਖਾਲਸਿਆਂ ਵਰਗਾ ਕਿਰਦਾਰ ਬਣਾਉਣਾ ਚਾਹੀਦਾ। ਮਤਲਬ ਕਿ ਜਾਂ ਤਾਂ ਨਾਂ ਬਦਲੀਏ ਜਾਂ ਨਾਂ ਦੇ ਹਾਣ ਦਾ ਕਿਰਦਾਰ ਕਰੀਏ।

-ਸਰਬਜੀਤ ਸਿੰਘ ਘੁਮਾਣ

## ਦੁਨੀਆ ਦਾ ਜੇਤੂ...

ਹੇਠ ਹਿੰਦੂਕੁਸ਼ ਦੇ ਦੱਖਣੀ ਪਾਦਗਿਰੀ ਵਿੱਚ ਅਲੀਸਾਂਗ ਅਤੇ ਕੁਨਾਰ ਦਰਿਆਵਾਂ ਦੀ ਘਾਟੀ ਵਿੱਚ ਬਜੌਰ 'ਤੇ ਕਬਜ਼ਾ ਕਰ ਲਿਆ ਤੇ ਇੱਥੇ ਭਿਅੰਕਰ ਲੜਾਈ ਹੋਈ।

326 ਈ.ਪੂ. ਵਿੱਚ ਸਿਕੰਦਰ ਦੀਆਂ ਫੌਜਾਂ ਜਿਹਲਮ ਦਰਿਆ ਦੇ ਤੱਟ ਕੋਲ ਆ ਕੇ ਅਟਕ ਗਈਆਂ। ਪੋਰਸ ਵਿਸ਼ਾਲ ਫੌਜ ਨਾਲ ਸਿਕੰਦਰ ਦਾ ਸਾਹਮਣਾ ਕਰਨ ਲਈ ਤਿਆਰ ਸੀ। ਪੋਰਸ ਦਾ ਖਿਆਲ ਸੀ ਕਿ ਉਹਦੀ ਹਾਥੀਆਂ ਦੀ ਫੌਜ ਦੇਖ ਕੇ ਸਿਕੰਦਰ ਦੇ ਘੋੜੇ ਡਰ ਜਾਣਗੇ ਤੇ ਪੈਦਲ ਫੌਜ ਤਾਂ ਐਨੇ ਵੱਡੇ ਜਾਨਵਰਾਂ ਦੇ ਨੇੜੇ ਨਹੀਂ ਆਏਗੀ। ਪਰ ਉਹਦੇ ਕਿਆਸ ਗਲਤ ਨਿਕਲੇ ਤੇ ਸਿਕੰਦਰ ਦੀ ਫੌਜ ਟੁੱਟ ਕੇ ਉਨ੍ਹਾਂ ਨੂੰ ਪੈ ਨਿਕਲੀ। ਪੋਰਸ ਨੂੰ ਹਾਰ ਕਰਕੇ ਪਿੱਛੇ ਪਰਤਣਾ ਪਿਆ। ਸਿਕੰਦਰ ਨੇ ਅੰਭੀ ਰਾਹੀਂ ਉਹਨੂੰ ਆਤਮ ਸਮਰਪਣ ਦਾ ਪੈਗਾਮ ਭੇਜਿਆ। ਸਿਕੰਦਰ ਨੇ ਪੋਰਸ ਦੇ ਬੁਲੰਦ ਹੌਸਲੇ ਦੀ ਦਾਦ ਦਿੰਦਿਆਂ ਕਿਹਾ ਕਿ ਤੇਰੇ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ ? ਤਾਂ ਪੋਰਸ ਦਾ ਉੱਤਰ ਸੀ ਕਿ ਤੂੰ ਬਦੇਸ਼ੀ ਹੈ। ਮੈਂ ਨਹੀਂ ਜਾਣਦਾ ਕਿ ਤੂੰ ਕਿਸ ਧਰਮ ਦਾ ਪੈਰੋਕਾਰ ਹੈਂ। ਪਰ ਜੇ ਮੈਂ ਤੇਰੀ ਥਾਂ ਹੁੰਦਾ ਤਾਂ ਅਜਿਹਾ ਹੀ ਵਿਹਾਰ ਕਰਦਾ ਜੋ ਇੱਕ ਜਿਤਿਆ ਰਾਜਾ ਹਾਰੇ ਰਾਜੇ ਨਾਲ ਕਰਦਾ ਹੈ। ਇਸ ਉੱਤਰ ਨਾਲ ਸਿਕੰਦਰ ਖ਼ੁਸ਼ ਹੋ ਗਿਆ ਤੇ ਪੋਰਸ ਨੂੰ ਮਿੱਤਰ ਬਣਾ ਲਿਆ।

ਬਿਆਸ ਦਰਿਆ ਤਕ ਪਹੁੰਚਦਿਆਂ ਸਿਕੰਦਰ ਦਾ ਜਾਹੋ ਜਲਾਲ ਸਿਖਰ 'ਤੇ ਸੀ। ਪਰ ਇੱਥੇ ਪਹੁੰਚ ਕੇ ਉਹਦੀਆਂ ਫੌਜਾਂ ਥੱਕ ਗਈਆਂ। ਉਨ੍ਹਾਂ ਵਿੱਚ ਬੇਚੈਨੀ ਫੈਲ ਗਈ। ਉਨ੍ਹਾਂ ਨੇ ਅੱਗੇ ਵਧਣ ਤੋਂ ਆਨਾਕਾਨੀ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦਾ ਤਰਕ ਸੀ ਕਿ ਸਾਨੂੰ ਘਰੋਂ ਤੁਰਿਆਂ 14 ਸਾਲ ਹੋ ਗਏ ਹਨ ਅਤੇ ਸਾਡੇ ਪਿੱਛੇ ਪਰਿਵਾਰ ਸਾਡੀ ਉਡੀਕ ਕਰ ਰਹੇ ਹਨ। ਸਿਕੰਦਰ ਨੂੰ ਮਹਿਸੂਸ ਹੋਇਆ ਕਿ ਉਹਦੀਆਂ ਫੌਜਾਂ ਹੁਣ ਅੱਗੇ ਵਧਣ ਤੋਂ ਭੱਜ ਰਹੀਆਂ ਹਨ, ਜੇ ਜ਼ੋਰ ਜਬਰਦਸਤੀ ਕੀਤੀ ਤਾਂ ਇਹ ਬਾਗੀ ਹੋ ਜਾਣਗੀਆਂ। ਉਹਨੇ ਬਿਆਸ ਦੇ ਕੰਢੇ ਉਨ੍ਹਾਂ ਦਿਓਤਿਆਂ ਦੀਆਂ 12 ਵੇਦੀਆਂ ਬਣਵਾਈਆਂ ਜਿਨ੍ਹਾਂ ਦੀ ਮਿਹਰ ਸਦਕਾ ਉਹ ਸਦਾ ਜੇਤੂ ਰਿਹਾ ਸੀ। ਉਨ੍ਹਾਂ ਦੀ ਵਿਧੀਵਤ ਪੂਜਾ ਕੀਤੀ ਤੇ ਧਾਰਮਕ ਅਨੁਸ਼ਠਾਨਾਂ ਨਾਲ ਬਲੀ ਦਿੱਤੀ। ਇਸ ਤੋਂ ਬਾਅਦ ਉਹ ਪਿੱਛੇ ਮੁੜ ਪਿਆ।

ਚਨਾਬ ਪਾਰ ਕਰਕੇ ਉਹ ਜੇਹਲਮ ਕੋਲ ਜਾ ਪਹੁੰਚਿਆ। ਆਪਣੀ ਜਿੱਤ ਦੇ ਅੰਤਿਮ ਦੌਰ ਵਿੱਚ ਉਹਨੇ ਪੰਜਾਬ ਦੇ ਦਰਿਆਵਾਂ ਦੇ ਸੰਗਮ ਹੇਠਾਂ ਸੋਗਡੋਈ ਅਤੇ ਮੁਸ਼ਕ ਇਲਾਕੇ ਜਿੱਤੇ। ਭਾਰਤ ਵਿੱਚ ਉਹਦਾ ਆਖਰੀ ਪੜਾਅ ਪਾਤਲਿਨੀ ਸੀ ਜਿੱਥੇ ਉਹ 325 ਈ.ਪੂ. ਦੇ ਅੰਤ 'ਤੇ ਪਹੁੰਚਿਆ। ਸਿੰਧ ਦਰਿਆ ਨੇ ਇੱਥੇ ਡੈਲਟਾ ਬਣਾ ਕੇ ਧਰਤੀ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਇਹਦੀ ਰਾਜਧਾਨੀ ਪਾਤਲ ਸੀ ਜਿਸਦਾ ਸੰਸਕ੍ਰਿਤ ਵਿੱਚ ਅਰਥ ਪੋਤਲ ਜਾਂ ਬੰਦਰਗਾਹ ਹੈ।

ਵਾਪਸੀ ਵੇਲੇ ਸੂਸਾ ਵਿਖੇ ਉਹਦੀਆਂ ਦੋਵੇਂ ਫੌਜਾਂ ਇਕੱਠੀਆਂ ਹੋ ਗਈਆਂ। ਤਖਸ਼ਿਲਾ ਵਿੱਚ ਉਹਦਾ ਸਾਹਮਣਾ ਕੁਝ ਨਾਂਗੇ ਦੰਦਾਮੀਸ ਸਾਧੂਆਂ ਨਾਲ ਹੋਇਆ। ਉਨ੍ਹਾਂ ਸਿਕੰਦਰ ਨੂੰ ਮੱਤ ਦਿੱਤੀ ਕਿ ਕਿਸੇ ਚੀਜ਼ ਦੀ ਇੱਛਾ ਨਾ ਕਰ ਤਾਂ ਸਭ ਕੁਝ ਤੇਰਾ ਹੋ ਜਾਏਗਾ। ਚਾਹੁੰਦਿਆਂ ਹੋਇਆ ਵੀ ਉਹ ਅਜਿਹਾ ਨਾ ਕਰ ਸਕਿਆ ਕਿਉਂਕਿ ਉਹਦੇ ਨਾਲ ਵੱਡੀਆਂ ਫੌਜਾਂ ਸਨ।

ਰਾਹ ਵਿੱਚ ਸਿਕੰਦਰ ਬਿਮਾਰ ਹੋ ਗਿਆ। ਉਹਦੇ ਬਾਰੇ ਇੱਕ ਦੰਤਕਥਾ ਮਸ਼ਹੂਰ ਹੈ ਕਿ ਕਿਸੇ ਫਕੀਰ ਨੇ ਭਵਿੱਖ ਬਾਣੀ ਕੀਤੀ ਸੀ ਕਿ ਹੇ ਬਾਦਸ਼ਾਹ, ਜਦੋਂ ਤੂੰ ਮਰੇਂਗਾ ਤਾਂ ਤੇਰੇ ਥੱਲੇ ਤਪਦੀ ਧਰਤੀ ਤੇ ਉੱਪਰ ਤਪਦਾ ਸੂਰਜ ਹੋਵੇਗਾ। ਕਹਿੰਦੇ ਹਨ ਕਿ ਉਹ ਥਲ ਵਿੱਚ ਬਿਮਾਰ ਹੋਇਆ ਤਪਦੀ ਰੇਤ 'ਤੇ ਪਿਆ ਸੀ ਤੇ ਉੱਪਰ ਸੂਰਜ ਚਮਕ ਰਿਹਾ ਸੀ ਜਦੋਂ ਉਹਦੇ ਪ੍ਰਾਣ ਨਿਕਲੇ। ਵਿਸ਼ਵ ਏਕਤਾ ਦਾ ਸੁਪਨਾ ਲੈਣ ਵਾਲਾ ਮਕਦੂਨੀਆ ਦਾ ਇਹ ਸਿਕੰਦਰੀ ਸੂਰਜ ਈ.ਪੂ. 323 ਦੇ ਜੂਨ ਮਹੀਨੇ ਵਿੱਚ ਅਸਤ ਹੋ ਗਿਆ। ਸੰਸਾਰ ਦੇ ਵਿਸ਼ਾਲ ਅਕਾਸ਼ 'ਤੇ ਆਪਣੀ ਦ੍ਰਿੜ੍ਹ ਇੱਛਾ, ਗੌਰਵ ਤੇ ਆਤਮ ਬਲ ਨਾਲ ਉਹ 33 ਵਰ੍ਹੇ ਚਮਕਿਆ। ਉਹਨੇ 12 ਸਾਲ ਤੇ 8 ਮਹੀਨੇ ਰਾਜ ਕੀਤਾ ਜਦ ਕਿ ਬਾਕੀ ਸਮਾਂ ਦੁਨੀਆ ਨੂੰ ਜਿੱਤਦਿਆਂ ਬਿਤਾਇਆ।

ਕਿਹਾ ਜਾਂਦਾ ਹੈ ਕਿ ਉਹਦੇ ਅੰਦਰ ਦੁਨੀਆ ਨੂੰ ਜਿਤਣ ਦਾ ਸੁਪਨਾ ਉਹਦੇ ਗੁਰੂ ਅਰਸਤੂ ਨੇ ਬੀਜਿਆ ਸੀ। ਉਹਨੇ ਸਾਰੀ ਉਮਰ ਉਸ ਸੁਪਨੇ ਦੀ ਪੂਰਤੀ ਹਿਤ ਲਾ ਦਿੱਤੀ। ਉਹਦੇ ਵਿਅਕਤਿਤਵ ਦਾ ਵੱਡਾ ਗੁਣ ਨਿਆਂ ਸੀ। ਜਦੋਂ ਉਹਨੂੰ ਪਤਾ ਲੱਗਾ ਕਿ ਉਹਦੀ ਫੌਜ ਦੇ ਕੁਝ ਅਫਸਰਾਂ ਨੇ ਲੁੱਟ ਮਾਰ ਕਰਕੇ ਭ੍ਰਸ਼ਟ ਤਰੀਕਿਆਂ ਨਾਲ ਲੋਕਾਂ ਨੂੰ ਦੁੱਖ ਦਿੱਤਾ ਹੈ ਤਾਂ ਉਹਨੇ ਆਪ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ। ਮੁਆਫ ਕਰ ਦੇਣ ਦਾ ਉਸ ਵਿੱਚ ਵੱਡਾ ਗੁਣ ਸੀ। ਉਹ ਮਹਾਨ ਇਸ ਕਰਕੇ ਸੀ ਕਿ ਉਹਦਾ ਗੁਰੂ ਮਹਾਨ ਸੀ ਤੇ ਉਹਨੇ ਉਹਨੂੰ ਵਿਸ਼ਵ ਜੇਤੂ ਹੋਣ ਦਾ ਅਸ਼ੀਰਵਾਦ ਦਿੱਤਾ ਸੀ। ਉਨ੍ਹਾਂ ਸਮਿਆਂ ਵਿੱਚ ਦੁਨੀਆ ਨੂੰ ਜਿਤਣ ਦਾ ਸੁਪਨਾ ਇੱਕ ਅੱਲੋਕਾਰੀ ਚਮਤਕਾਰ ਸੀ ਤੇ ਮਨੁੱਖੀ ਇਤਿਹਾਸ ਵਿੱਚ ਅਜਿਹੀ ਸੋਚ ਨੇ ਹੀ ਸਿਕੰਦਰ ਨੂੰ ਮਹਾਨ ਤੇ ਸ਼ਾਹ ਆਲਮ ਬਣਾਇਆ।

-o-

## ਪੂੰਜੀਵਾਦ ਮਨੁੱਖ ਨੂੰ...

ਬਾਰੇ ਸਿਰਦਾਰ ਕਪੂਰ ਸਿੰਘ ਦਾ ਇਹ ਕਥਨ ਨਾ ਸਿਰਫ ਸਚਾਈ ਦੇ ਬਹੁਤ ਨੇੜੇ ਹੈ ਸਗੋਂ ਠੋਸ ਹਕੀਕਤ ਇਹ ਹੈ ਕਿ ਜ਼ਿੰਦਗੀ ਦੇ ਹਰ ਪੱਖ (ਆਰਥਿਕ, ਰਾਜਸੀ, ਸਭਿਆਚਾਰਕ, ਸਮਾਜੀ) ਵਿਚ ਭਾਰੂ ਅਮਰੀਕੀ ਖਪਤਕਾਰੀ ਸੋਚ ਨੇ ਮਨੁੱਖ ਜਾਤੀ ਨੂੰ ਕੁਦਰਤ ਨਾਲ ਸਿੱਧੇ ਟਕਰਾਅ ਵਿਚ ਲੈ ਆਂਦਾ ਹੈ। ਨਿਰੀ ਭਟਕਣਾ ਵਿਚ ਜੀਅ ਰਿਹਾ ਇਸ ਜੀਵਨ ਜਾਂਚ ਦਾ ਸ਼ਿਕਾਰ ਮਨੁੱਖ ਪਸ਼ੂਆਂ ਨਾਲੋਂ ਵੀ ਵਧ ਕੇ ਨਿੱਜੀ ਹੋਂਦ ਦਾ ਗੁਲਾਮ ਬਣ ਗਿਆ ਹੈ। ਇਹ ਵਰਤਾਰਾ ਹੁਣ ਤਕ ਦੇ ਹੋਏ ਸਾਰੇ ਸਮਾਜੀ ਤੇ ਸਭਿਆਚਾਰਕ ਵਿਕਾਸ ਨੂੰ ਨਕਾਰ ਰਿਹਾ ਹੈ।

ਆਧੁਨਿਕ ਕਹੇ ਜਾਂਦੇ ਯੁਗ ਦੀ ਸ਼ੁਰੂਆਤ 1789 ਵਿਚ ਵਾਪਰੇ ਫਰਾਂਸੀਸੀ ਇਨਕਲਾਬ ਨਾਲ ਹੋਈ ਸੀ। ਇਸ ਇਨਕਲਾਬ ਵਿਚ ਸੰਘਰਸ ਕਰ ਰਹੇ ਲੋਕਾਂ ਵਲੋਂ ਮਨੁੱਖੀ ਅਜ਼ਾਦੀ, ਬਰਾਬਰੀ ਤੇ ਭਾਈਚਾਰੇ ਦਾ ਨਾਹਰਾ ਲਾਇਆ ਗਿਆ। ਨਵੀਂ ਉਭਰ ਰਹੀ ਪੂੰਜੀਪਤੀ ਜਮਾਤ ਨੇ ਮਰ ਰਹੀ ਜਗੀਰਦਾਰੀ ਜਮਾਤ ਨਾਲ ਆਪਣੇ ਟਕਰਾਅ ਕਾਰਨ ਇਸ ਨਾਹਰੇ ਨੂੰ ਬੁਲੰਦ ਕੀਤਾ। ਪੂੰਜੀਵਾਦੀ ਲੇਖਕਾਂ ਤੇ ਪੱਤਰਕਾਰਾਂ ਨੇ ਇਸ ਨਿਸ਼ਾਨੇ ਨੂੰ ਪੂੰਜੀਵਾਦੀ ਰਾਜਪ੍ਰਬੰਧ ਦੀ ਇਕ ਬੜੀ ਵੱਡੀ ਪ੍ਰਾਪਤੀ ਦੱਸਿਆ। ਪਰ ਜਿਵੇਂ ਜਿਵੇਂ ਪੂੰਜੀਵਾਦ ਸਾਮਰਾਜੀ ਰੂਪ ਧਾਰਦਾ ਗਿਆ, ਤਿਵੇਂ ਤਿਵੇਂ ਇਹ ਨਿਸ਼ਾਨੇ ਸਿਰਫ ਕਾਗਜ਼ਾਂ ਦਾ ਸ਼ਿੰਗਾਰ ਬਣਦੇ ਗਏ। ਅਸਲ ਵਿਚ ਇਸਦੇ ਉਲਟ ਵਾਪਰਦਾ ਗਿਆ। ਪੂੰਜੀਵਾਦ ਦੇ ਚੜ੍ਹਤ ਦੇ ਦੌਰ ਵਿਚ ਜਿਹੜੀਆਂ ਕੁਝ ਕੁ ਚੰਗੀਆਂ ਮਨੁੱਖੀ ਕਦਰਾਂ ਕੀਮਤਾਂ ਵਧੀਆਂ ਫੁਲੀਆਂ ਸਨ, ਸਾਮਰਾਜੀ ਦੌਰ ਵਿਚ ਆ ਕੇ ਉਹ ਵੀ ਪਿਛੇ ਮੋੜਾ ਕੱਟਣ ਲਗੀਆ। ਮਨੁੱਖੀ ਅਜ਼ਾਦੀ ਵੋਟ ਪਾਉਣ ਦੀ ਅਜ਼ਾਦੀ ਤਕ ਸਿਮਟ ਗਈ। ਮਨੁੱਖ ਦੀ ਸਰਬਪੱਖੀ ਅਜ਼ਾਦੀ ਜਾਂ ਮਨੁੱਖੀ ਰੂਹ (ਜ਼ਮੀਰ) ਦੀ, ਚੇਤੰਨ ਹੋਏ ਮਨੁੱਖ ਦੀ ਅਜ਼ਾਦੀ ਦਾ ਸੰਕਲਪ ਧੁੰਦਲਾ ਪੈਂਦਾ ਗਿਆ। ਸਾਮਰਾਜੀ ਦੌਰ ਅੰਦਰ ਸਾਮਰਾਜੀ ਦੇਸਾਂ ਤੇ ਗਰੀਬ ਦੇਸਾਂ ਵਿਚਕਾਰ ਤੇ ਦੇਸਾਂ ਅੰਦਰ ਧਨਾਢਾਂ ਤੇ ਗਰੀਬਾਂ ਵਿਚਕਾਰ ਵਧੇ ਬੇਹਿਸਾਬੇ ਆਰਥਿਕ ਪਾੜੇ ਨੇ ਸਮਾਜੀ ਅਤੇ ਸਿਆਸੀ ਬਰਾਬਰੀ ਉਂਝ ਹੀ ਬੇਮਾਇਨਾ ਕਰ ਦਿਤੀ। ਭਾਈਚਾਰਾ ਬਣਨ ਦੀ ਬਜਾਇ ਟੁੱਟਦਾ ਟੁੱਟਦਾ ਉਕਾ ਹੀ ਟੁੱਟ ਗਿਆ ਤੇ ਹੁਣ ਹਾਲਤ ਇਹ ਬਣ ਗਈ ਹੈ ਕਿ ਵਸਦੀ ਰਸਦੀ ਕਰੋੜਾਂ ਦੀ ਦੁਨੀਆ ਵਿਚ ਹਰ ਮਨੁੱਖ ਇੱਕਲਾ ਹੀ ਹੈ।

ਇਸ ਸਰਬਵਿਆਪੀ ਇਕਲਾਪੇ ਦਾ ਕਾਰਨ ਦਸਦਿਆਂ ਮਾਰਕਸ ਨੇ ਡੇਢ ਸੌ ਸਾਲ ਪਹਿਲਾਂ ਲਿਖੇ ਕਮਿਊਨਿਸਟ ਮੈਨੀਫੈਸਟੋ ਵਿਚ ਕਿਹਾ ਸੀ ਕਿ ਪੂੰਜੀਵਾਦੀ ਪ੍ਰਬੰਧ ਨੇ ਹਜ਼ਾਰਾਂ ਸਾਲਾਂ ਵਿਚ ਵਿਕਸਿਤ ਹੋਏ ਪਰਿਵਾਰਕ ਰਿਸ਼ਤਿਆਂ ਸਮੇਤ ਸਾਰੇ ਮਨੁਖੀ ਰਿਸ਼ਤਿਆਂ ਵਿਚੋਂ ਪ੍ਰਗਟ ਹੁੰਦੀ ਮਨੁਖੀ ਜਜ਼ਬਿਆਂ ਦੀ ਖੂਬਸੂਰਤੀ ਨੂੰ ਖਤਮ ਕਰ ਕੇ ਇਨ੍ਹਾਂ ਰਿਸ਼ਤਿਆਂ ਨੂੰ ਸਿਰਫ ਤੇ ਸਿਰਫ ਮਾਇਕ ਰਿਸ਼ਤਿਆਂ ਤਕ ਸੀਮਤ ਕਰ ਦਿਤਾ ਹੈ। ਕਮਿਊਨਿਸਟ ਮੈਨੀਫੈਸਟੋ ਤੋਂ ਕਰੀਬ ਡੇਢ ਸੌ ਸਾਲ ਬਾਅਦ ਅਜੋਕੇ ਸਾਮਰਾਜੀ ਵਿਕਾਸ ਨੇ ਨਾ ਸਿਰਫ ਮਨੁੱਖੀ ਰਿਸ਼ਤਿਆਂ ਨੂੰ ਤਬਾਹ ਕੀਤਾ ਹੈ, ਸਗੋਂ ਮਨੁੱਖ ਨੂੰ ਪਸ਼ੂਆਂ ਨਾਲੋਂ ਵੀ ਸੁਆਰਥੀ ਬਣਾ ਦਿਤਾ ਹੈ। ਆਮ ਤੌਰ ਤੇ ਮਰੀਜਾਂ ਨੂੰ 'ਉਪਰੇਸ਼ਨ ਥੀਏਟਰਾਂ' ਵਿਚ ਲਿਜਾ ਕੇ ਡਾਕਟਰਾਂ ਦਾ ਉਨ੍ਹਾਂ ਤੋਂ ਪੈਸੇ ਚੂੰਡਣੇ, ਨਕਲੀ ਦਵਾਈਆਂ ਦਾ ਵੱਡੀ ਪੱਧਰ ਉਤੇ ਵਿਕਣਾ, ਖਾਣ-ਪੀਣ ਦੀਆਂ ਵਸਤੂਆਂ ਵਿਚ ਮਿਲਾਵਟ, ਮਸ਼ਹੂਰੀ ਦੇ ਸਿਰ ਉਤੇ ਮਨੁੱਖ-ਘਾਤੀ ਵਸਤੂਆਂ ਦੀ ਖਪਤਕਾਰੀ ਤੇ ਔਰਤਾਂ ਦੀ ਵੇਸਵਾਗਿਰੀ ਨੂੰ ਇਸੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਆਪਣੇ ਬੱਚਿਆਂ ਦੀ ਸਿਹਤ ਦੀ ਕੀਮਤ ਉੱਤੇ ਪਰਾਲੀ ਸਾੜਣ ਦੀ ਜਿੱਦ ਅਤੇ ਫਸਲਾਂ ਉਤੇ ਅੰਨ੍ਹੇਵਾਹ ਜਹਿਰੀ ਦਵਾਈਆਂ ਦਾ ਛਿੜਕਾਅ, ਇਸੇ ਵਰਤਾਰੇ ਦਾ ਅੰਗ ਹਨ। ਮਨੁੱਖੀ ਜੀਵਨ ਦੇ ਕੁਦਰਤੀ ਸੋਮੇ ਧਰਤੀ, ਪਾਣੀ ਤੇ ਹਵਾ ਦਾ ਲਗਾਤਾਰ ਜ਼ਹਿਰੀ ਹੁੰਦੇ ਜਾਣਾ ਹੋਰ ਕੀ ਹੈ ?

ਇਹ ਸਾਰਾ ਕੁਝ ਮਨੁੱਖੀ ਵਿਕਾਸ ਨਹੀਂ ਸਗੋਂ ਮਨੁੱਖੀ ਵਿਨਾਸ਼ ਹੈ। ਮਾਰਕਸ ਨੇ ਕਿਹਾ ਸੀ ਕਿ ਪੂੰਜੀਵਾਦ ਨੂੰ ਮਨੁੱਖੀ ਜਜ਼ਬੇ ਨਹੀਂ ਚਲਾਉਂਦੇ, ਸਗੋਂ ਪੂੰਜੀ ਚਲਾਉਂਦੀ ਹੈ। ਉਸਨੂੰ ਜਿਥੇ ਵੀ ਮੁਨਾਫਾ ਦਿਸਦਾ ਹੈ ਉਹ ਓਧਰ ਹੀ ਭੱਜਦਾ ਹੈ। ਜੇ ਉਸ ਨੂੰ ਮੁਨਾਫਾ ਵੇਸਵਾਗਿਰੀ ਵਿਚੋਂ ਦਿਸਦਾ ਹੈ ਤਾਂ ਉਸ ਨੇ ਨਾ ਸਿਰਫ ਵੇਸਵਾਗਿਰੀ ਨੂੰ ਕਾਨੂੰਨੀ ਰੂਪ ਦੇ ਦਿੱਤਾ ਹੈ, ਸਗੋਂ ਉਸ ਵਲੋਂ ਪ੍ਰਚਾਰਿਆ ਜਾਂਦਾ ਸਭਿਆਚਾਰ ਦਿਨ ਰਾਤ ਇਸ ਨੂੰ ਉਤਸ਼ਾਹਿਤ ਕਰਦਾ ਹੈ। ਇੰਟਰਨੈਟ ਕੰਪਨੀਆਂ ਇਸ ਧੰਦੇ ਵਿਚੋਂ ਬੇਬਹਾ ਪੈਸਾ ਕਮਾਉਂਦੀਆ ਹਨ। ਜੇ ਉਸਨੂੰ ਜੂਆ ਘਰਾਂ ਵਿਚੋਂ ਮੁਨਾਫਾ ਮਿਲਦਾ ਹੈ ਤਾਂ ਉਸ ਨੇ ਜੂਆ ਘਰਾਂ ਨੂੰ ਸਭਿਆਚਾਰਕ ਮਨਪ੍ਰਚਾਵੇ ਦਾ ਕਨੂੰਨੀ ਰੂਪ ਦੇ ਦਿੱਤਾ ਹੈ। ਭਾਵ ਮਾਇਆਧਾਰੀਆਂ ਦਾ ਕੋਈ ਸਦਾਚਾਰ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਨੇ ਇਸ ਤੋਂ ਵੀ ਬਹੁਤ ਪਹਿਲਾਂ ਕਿਹਾ ਸੀ 'ਮਾਇਆਧਾਰੀ ਅਤਿ ਅੰਨਾ ਬੋਲਾ।। ਸਬਦੁ ਨ ਸੁਣਈ ਬਹੁ ਰੋਲ ਘਚੋਲਾ।।' ਭਾਵ ਮਾਇਆਧਾਰੀ ਮਨੁੱਖ ਨੂੰ ਨਾ ਕਿਸੇ ਦੇ ਦੁੱਖ ਦਿਸਦੇ ਹਨ ਅਤੇ ਨਾ ਉਹ ਕਿਸੇ ਦੁਖੀ ਮਨੁੱਖ ਦੀ ਪੁਕਾਰ ਸੁਣ ਸਕਦਾ ਹੈ। ਮਾਇਆ ਧਾਰੀ ਬੰਦਾ ਗਿਆਨ ਦੀ ਕੋਈ ਗੱਲ ਨਹੀਂ ਸੁਣਦਾ ਅਤੇ ਉਹ ਆਪਣੀ ਮਾਇਆ ਦੀ ਹਵਸ ਪੂਰੀ ਕਰਨ ਲਈ ਜਿੰਦਗੀ ਵਿਚ ਦੂਜਿਆ ਵਾਸਤੇ ਦੁੱਖ ਪੈਦਾ ਕਰੀ ਜਾਂਦਾ ਹੈ। ਐਨ ਇਹੀ ਕੁਝ ਅੱਜਕਲ੍ਹ ਇੰਡੀਆ ਵਿਚ ਮੋਦੀ ਸਰਕਾਰ ਕਰ ਰਹੀ ਹੈ।

ਫਿਰ ਸੁਆਲ ਪੈਦਾ ਹੁੰਦਾ ਹੈ ਕਿ ਇਸ ਹਾਲਤ ਵਿਚ ਮਨੁੱਖੀ ਵਿਕਾਸ ਦਾ ਪੈਮਾਨਾ ਕੀ ਹੋਵੇ ? ਮਨੁੱਖੀ ਵਿਕਾਸ ਪਦਾਰਥਕ ਸਹੂਲਤਾਂ ਦਾ ਵਧਦੇ ਜਾਣਾ ਨਹੀਂ ਭਾਵ ਕਾਰਾਂ, ਕੋਠੀਆਂ ਤੇ ਹੋਰਨਾਂ ਖਪਤਕਾਰੀ ਵਸਤੂਆਂ ਦੀ ਬਹੁਤਾਤ ਨਹੀਂ, ਸਗੋਂ ਆਪਣੀਆ ਕੁਦਰਤੀ ਲੋੜਾਂ ਦੀ ਪੂਰਤੀ ਕਰਦਿਆਂ ਹੋਇਆਂ — ਮਨੁੱਖੀ, ਪਰਿਵਾਰਕ ਅਤੇ ਸਮਾਜੀ ਰਿਸ਼ਤਿਆਂ ਦਾ ਹੋਰ ਅਮੀਰ ਹੁੰਦੇ ਜਾਣਾ ਹੈ। ਭਾਵ ਇਨ੍ਹਾਂ ਰਿਸ਼ਤਿਆਂ ਦੀ ਗਹਿਰਾਈ ਦਾ ਵਧਦੇ ਜਾਣਾ ਹੈ। ਅਨੰਦ ਸਹੂਲਤਾਂ ਮਾਨਣ ਵਿਚ ਨਹੀਂ, ਸਗੋਂ ਰਿਸ਼ਤਿਆਂ ਦੀ ਖੂਬਸੂਰਤੀ ਮਾਨਣ ਵਿਚ ਹੈ। ਹੁਣ ਤੱਕ ਦੁਨੀਆ ਭਰ ਵਿਚ ਰਚਿਆ ਗਿਆ ਸਾਰਾ ਚੰਗਾ ਸਾਹਿਤ ਮਨੁੱਖੀ ਜਜਬਿਆਂ ਤੇ ਰਿਸ਼ਤਿਆਂ ਦੀ ਪੇਸ਼ਕਾਰੀ ਹੈ। ਪਰ ਅਜੋਕਾ ਸਾਮਰਾਜੀ ਵਿਕਾਸ ਹਜ਼ਾਰਾਂ ਸਾਲਾਂ ਵਿਚ ਵਿਕਸਿਤ ਹੋਏ ਇਨ੍ਹਾਂ ਰਿਸ਼ਤਿਆਂ ਨੂੰ ਖਤਮ ਕਰਕੇ ਮਨੁੱਖ ਨੂੰ ਨਿੱਜਵਾਦ ਦੀ ਦਲਦਲ ਵਿਚ ਧੱਕਦਾ ਜਾ ਰਿਹਾ ਹੈ। ਹੌਲੀ ਹੌਲੀ ਸਮੁੱਚੀ ਜ਼ਿੰਦਗੀ ਵਿਚ ਪਸਰੀ ਪੈਸੇ ਦੀ ਚੌਧਰ ਨੇ ਸਾਰੇ ਰਿਸ਼ਤੇ ਪੈਸੇ ਦੁਆਲੇ ਤੇ ਔਰਤ-ਮਰਦ ਦੇ ਰਿਸ਼ਤੇ ਸਰੀਰਾਂ ਦੁਆਲੇ ਕੇਂਦਰਿਤ ਕਰ ਦਿਤੇ ਹਨ। ਬਾਹਰੀ ਤੌਰ ਉਤੇ ਪੈਸੇ ਅਤੇ ਅੰਦਰੂਨੀ ਮਾਨਸਿਕ ਤੌਰ ਉੱਤੇ ਆਪਣੀਆਂ ਪਸ਼ੂ ਬਿਰਤੀਆਂ ਦਾ ਗੁਲਾਮ ਮਨੁੱਖ, ਅਜ਼ਾਦ ਕਿਵੇਂ ਹੋ ਸਕਦਾ ਹੈ ? ਮਨੁੱਖੀ ਵਿਕਾਸ ਦਾ ਇਕੋ ਇਕ ਪੈਮਾਨਾ ਮਨੁੱਖ ਦਾ ਸਭਿਆਚਾਰਕ ਵਿਕਾਸ ਹੈ।

ਸਭਿਆਚਾਰ ਕੀ ਹੈ ? ਸਭਿਆਚਾਰ — ਸਮਾਜੀਕਰਨ ਦੀ ਭਾਵਨਾ ਭਾਵ ਭਾਈਚਾਰਕ ਰਿਸ਼ਤਿਆਂ ਦਾ ਵਿਕਾਸ ਹੈ। ਭਾਵ ਸਰਬ ਸਾਂਝੀਵਾਲਤਾ ਤੇ ਸਰਬਤ ਦਾ ਭਲਾ । ਮਨੁੱਖੀ ਸਭਿਆਚਾਰਕ ਵਿਕਾਸ ਦੀ ਸਿਖਰ ਉੱਤੇ ਬੈਠ ਕੇ ਹੀ ਕੋਈ ਭਗਤ ਕਬੀਰ ਵਰਗਾ ਮਹਾਂਪੁਰਖ ਇਹ ਕਹਿ ਸਕਦਾ ਹੈ— ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।। ਜਾਂ ਗੁਰੂ ਨਾਨਕ ਸਾਹਿਬ ਵਰਗਾ ਮਹਾਂਪੁਰਖ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।' ਉਚਾਰ ਸਕਦਾ ਹੈ ਅਤੇ ਸਿੱਖ ਪੰਥ ਨੂੰ ਨਿਤ ਇਹ ਯਾਦ ਰੱਖਣ ਦੀ ਪ੍ਰੇਰਨਾ ਕਰ ਸਕਦਾ ਹੈ — ਨਾਨਕ ਨਾਮ ਚੜ੍ਹਦੀਕਲਾ। ਤੇਰੇ ਭਾਣੇ ਸਰਬੱਤ ਦਾ ਭਲਾ। ਭਾਵ ਕਿਸੇ ਵੀ ਮਨੁੱਖ ਦੀ ਚੜ੍ਹਦੀਕਲਾ ਸਰਬੱਤ ਦੇ ਭਲੇ ਵਿਚ ਹੀ ਸੰਭਵ ਹੈ।

-o-


First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND
PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

***Additional Services with our Fuel Card***

**National Tire Program**

**PM & Light Mechanical**

**24 Hour Dedicated Repair Service**

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
Happy Rakhri
SHER
BESAN
CHANA FLOUR
SUPER FINE
बेसन · ਵੇਸਣ · ચણાનો લોટ · بیسن ·
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
YEHI TO PURE HAI
www.sherbrarmills.com